Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੇਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Ad space available
Please call
Ph: 847-359-0746

Eighteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 22, June 3, 2017
20451 N Plum Grove Rd., Palatine, IL 60074
Ph:847-359-0746, Fax:847-705-9388

# ਰਾਣੇ ਨੇ ਮਹਾਰਾਜੇ ਨੂੰ ਕਸੂਤਾ ਫਸਾਇਆ

## ਕੈਪਟਨ ਸਰਕਾਰ ਵੀ ਬੇਨੇਮੀਆਂ ਦੇ ਵਹਿਣ ਵਿਚ ਰੁੜ੍ਹੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਰੇਤ ਦੀਆਂ ਖੱਡਾਂ ਦੀ ਬੋਲੀ ਵਿਚ ਸਾਹਮਣੇ ਆਏ ਘਪਲਿਆਂ ਨੇ ਸਾਫ-ਸੁਥਰੇ ਪ੍ਰਸ਼ਾਸਨ ਦੇ ਦਾਅਵੇ ਨਾਲ ਸੱਤਾ ਵਿਚ ਆਈ ਕੈਪਟਨ ਅਮਰਿੰਦਰ ਸਿੰਘ ਸਰਕਾਰ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਗੋਰਖਧੰਦੇ ਵਿਚ ਸਰਕਾਰ ਦੇ ਮੰਤਰੀਆਂ ਦੀ ਸ਼ਮੂਲੀਅਤ ਕੈਪਟਨ ਸਰਕਾਰ ਲਈ ਨਮੋਸ਼ੀ ਵਾਲੀ ਗੱਲ ਬਣ ਗਈ ਹੈ। ਕੈਪਟਨ ਨੇ ਭਾਵੇਂ ਬਹੁ-ਕਰੋੜੀ ਰੇਤਾ ਖਣਨ ਨਿਲਾਮੀ ਵਿਚ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਖਿਲਾਫ਼ ਦੋਸ਼ਾਂ ਦੀ ਜਾਂਚ ਲਈ ਇਕ ਮੈਂਬਰੀ ਜੁਡੀਸ਼ੀਅਲ ਕਮਿਸ਼ਨ ਕਾਇਮ ਕਰਨ ਦੇ ਹੁਕਮ ਦਿੱਤੇ ਹਨ, ਪਰ ਵਿਰੋਧੀ ਧਿਰ ਸਮੇਤ ਆਮ ਜਨਤਾ ਸਵਾਲ ਪੁੱਛ ਰਹੀ ਹੈ ਕਿ ਮੰਤਰੀ ਦੇ ਨੌਕਰ ਦੇ ਖਾਤੇ ਵਿਚ ਸਿਰਫ 4 ਹਜ਼ਾਰ ਰੁਪਏ ਹਨ, ਉਹ ਈ-ਨਿਲਾਮੀ ਰਾਹੀਂ 26 ਕਰੋੜ ਰੁਪਏ ਦੀ ਬੋਲੀ ਦੇ ਕੇ ਰੇਤ ਦੀ ਖੱਡ ਕਿਵੇਂ ਹਾਸਲ ਕਰ ਗਿਆ?

ਰਾਣਾ ਗੁਰਜੀਤ ਸਿੰਘ ਦੇ ਇਸ 'ਕਰੋੜਪਤੀ' ਨੌਕਰ ਅਮਿਤ ਬਹਾਦੁਰ ਵੱਲੋਂ ਪਿਛਲੇ ਸਾਲ ਦੀ ਦਾਖਲ ਆਮਦਨ ਕਰ ਰਿਟਰਨ ਤੋਂ ਪਤਾ ਲਗਦਾ ਹੈ ਕਿ ਉਸ ਦੀ ਸਾਲਾਨਾ ਆਮਦਨ ਤਕਰੀਬਨ



90 ਹਜ਼ਾਰ ਰੁਪਏ ਹੈ ਅਤੇ ਉਸ ਦੇ ਖਾਤੇ ਵਿਚ ਚਾਰ ਹਜ਼ਾਰ ਰੁਪਏ ਬਕਾਇਆ ਹਨ। ਇਹ ਵੀ ਪਤਾ ਲੱਗਾ ਹੈ ਕਿ ਈ-ਬੋਲੀ ਰਾਹੀਂ ਘੱਟੋ ਘੱਟ ਚਾਰ ਖੱਡਾਂ ਦੇ ਠੇਕੇ ਇਸ ਮੰਤਰੀ ਦੀ ਕੰਪਨੀ ਦੇ ਮੁਲਾਜ਼ਮਾਂ ਨੇ ਹਾਸਲ ਕੀਤੇ ਹਨ। ਅਮਿਤ ਬਹਾਦੁਰ ਨੇ 26.51 ਕਰੋੜ ਰੁਪਏ ਵਿਚ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਵਿਚ ਪਿੰਡ ਸੈਦਪੁਰ

(ਬਾਕੀ ਸਫਾ 6 'ਤੇ)

## ਸਰਕਾਰ ਨੂੰ ਪਿਆ ਚੁਫੇਰਿਉਂ ਘੇਰਾ

**ਚੰਡੀਗੜ੍ਹ:** ਰੇਤ ਦੀਆਂ ਖੱਡਾਂ ਦੀ ਨਿਲਾਮੀ ਵਿਚ ਹੋਈ ਘਪਲੇਬਾਜ਼ੀ ਦੇ ਮੁੱਦੇ 'ਤੇ ਕੈਪਟਨ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਹੈ। ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ) ਰਾਣਾ ਗੁਰਜੀਤ ਦੇ ਅਸਤੀਫੇ 'ਤੇ ਅੜ ਗਏ ਹਨ। ਆਪ ਆਗੂ ਭਾਵੇਂ ਅਮਰਿੰਦਰ ਸਿੰਘ ਦੀ ਕੋਠੀ ਘੇਰਨ ਵਿਚ ਨਾਕਾਮ ਰਹੇ, ਪਰ ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਰੋਸ ਵਿਖਾਵਾ ਕਰਨ ਵਿਚ ਸਫਲ ਹੋ ਗਏ। ਵੱਡੀ ਗੱਲ ਇਹ ਹੈ ਕਿ ਇਸ ਰੋਸ ਵਿਖਾਵੇ ਵਿਚ ਸਮੂਹ ਆਪ ਆਗੂਆਂ ਨੇ ਇਕਜੁਟ ਹੋ ਕੇ ਹਿੱਸਾ ਲਿਆ। ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਤੇ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਕਿ ਪੁਲਿਸ ਨੇ ਭਾਵੇਂ ਤਾਕਤ ਨਾਲ ਉਨ੍ਹਾਂ ਦਾ ਰਾਹ ਰੋਕ ਲਿਆ, ਪਰ ਉਹ ਬੇਨੇਮੀਆਂ ਤੋਂ ਪਰਦਾ ਚੁੱਕਣ ਲਈ ਸੰਘਰਸ਼ ਜਾਰੀ ਰੱਖਣਗੇ।

# ਮੋਦੀ ਦੀਆਂ ਫਿਰਕੂ ਨੀਤੀਆਂ ਖਿਲਾਫ ਆਵਾਜ਼ ਬੁਲੰਦ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਵੱਲੋਂ ਕੱਟੜ ਹਿੰਦੂ ਜਥੇਬੰਦੀਆਂ ਨੂੰ ਖੁਸ਼ ਕਰਨ ਲਈ ਇਕ ਤੋਂ ਬਾਅਦ ਇਕ ਕੀਤੇ ਜਾ ਰਹੇ ਫੈਸਲਿਆਂ ਖਿਲਾਫ ਦੇਸ਼ ਵਿਚ ਰੋਹ ਭਖ ਰਿਹਾ ਹੈ। ਮੰਡੀਆਂ ਵਿਚ ਪਸ਼ੂ ਵੇਚਣ ਅਤੇ ਖਰੀਦਣ 'ਤੇ ਪਾਬੰਦੀ ਪਿੱਛੋਂ ਆਮ ਲੋਕਾਂ ਨੇ ਨਾਲ-ਨਾਲ ਕੁਝ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਖੁੱਲ੍ਹ ਕੇ ਅਲੋਚਨਾ ਕੀਤੀ ਹੈ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਕੇਰਲਾ ਦੇ ਮੁੱਖ ਮੰਤਰੀ ਪੀਨਾਰਾਈ ਵਿਜਿਅਨ ਨੇ ਇਸ ਪਾਬੰਦੀ ਨੂੰ ਸੂਬਾਈ ਸਰਕਾਰਾਂ ਦੇ ਹੱਕਾਂ ਉਤੇ ਛਾਪਾ ਦੱਸਿਆ ਹੈ। ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੇ ਇਹ ਹੁਕਮ ਮੰਨਣ ਤੋਂ ਸਾਫ ਨਾਂਹ ਕਰ ਦਿੱਤੀ ਹੈ। ਕੇਰਲ ਤੇ ਤਾਮਿਲਨਾਡੂ ਵਿਚ ਇਸ ਦਾ ਇੰਨਾ ਸਖਤ ਵਿਰੋਧ ਹੋਇਆ ਹੈ ਕਿ ਕੁਝ ਲੋਕਾਂ ਨੇ ਸ਼ਰੇਆਮ ਮਾਸ ਪਾਰਟੀਆਂ ਦਿੱਤੀਆਂ ਹਨ। ਇਸ ਤੋਂ ਇਲਾਵਾ ਮੇਘਾਲਿਆ ਦੇ ਕੁਝ ਭਾਜਪਾ ਆਗੂਆਂ ਨੇ ਵੀ ਕੇਂਦਰ ਸਰਕਾਰ ਦੇ ਹੁਕਮਾਂ ਨੂੰ ਬੇਲੋੜਾ ਦੱਸਦਿਆਂ ਪਸ਼ੂ ਮੰਡੀਆਂ ਜਾਰੀ ਰੱਖੇ ਜਾਣ ਦਾ ਸੱਦਾ ਦਿੱਤਾ ਹੈ।

ਉਧਰ, ਪਸ਼ੂਆਂ ਦੀ ਖਰੀਦ-ਵਿਕਰੀ 'ਤੇ ਲਾਈ ਰੋਕ ਦੇ ਫੈਸਲੇ ਨੂੰ ਮਦਰਾਸ ਹਾਈ ਕੋਰਟ ਨੇ ਝਟਕਾ ਦੇ ਦਿੱਤਾ ਹੈ। ਇਸ ਮੁੱਦੇ ਉਤੇ ਹਾਈ ਕੋਰਟ ਨੇ ਕੇਂਦਰ ਤੇ ਸੂਬਾ ਸਰਕਾਰ ਤੋਂ ਚਾਰ ਹਫਤਿਆਂ 'ਚ ਜਵਾਬ ਮੰਗਿਆ ਹੈ। ਹਾਈ ਕੋਰਟ ਵਿਚ ਦਾਇਰ ਪਟੀਸ਼ਨ ਵਿਚ ਆਖਿਆ ਗਿਆ ਹੈ ਕਿ ਕਿਸ ਨੇ ਕੀ ਖਾਣਾ ਹੈ, ਇਹ ਤੈਅ ਕਰਨਾ ਹਰ ਸ਼ਖਸ ਦਾ ਅਧਿਕਾਰ ਹੈ। ਇਸ ਨੂੰ ਕੋਈ ਦੂਜਾ ਬੰਦਾ ਤੈਅ ਨਹੀਂ ਕਰ ਸਕਦਾ। ਯਾਦ ਰਹੇ ਕਿ ਭਾਰਤ ਵਿਚ ਮੀਟ ਸਨਅਤ ਦਾ ਇਕ ਲੱਖ ਕਰੋੜ ਰੁਪਏ ਦਾ ਕਾਰੋਬਾਰ ਹੈ। ਮੀਟ ਦੀ ਬਰਾਮਦ, ਖਾਸ ਤੌਰ 'ਤੇ ਮੱਝਾਂ ਅਤੇ ਕੱਟਿਆਂ ਦੇ ਮਾਸ ਦੀ ਸਾਲਾਨਾ ਬਰਾਮਦ ਹੀ ਅਠਾਈ ਹਜ਼ਾਰ ਕਰੋੜ ਰੁਪਏ ਦੇ ਆਸ-ਪਾਸ ਦੱਸੀ ਜਾਂਦੀ ਹੈ। ਅਸਲ ਵਿਚ, ਜਦੋਂ ਤੋਂ ਕੇਂਦਰ ਵਿਚ ਨਰੇਂਦਰ


(ਬਾਕੀ ਸਫਾ 6 'ਤੇ)

## ਮਾਸ ਦੇ ਬਹਾਨੇ ਪਾੜ੍ਹੇ ਦੀ ਕੁੱਟਮਾਰ

**ਚੇਨਈ:** ਇਥੇ ਆਈ.ਆਈ.ਟੀ. ਵਿਚ 'ਗਾਂ ਮਾਸ ਮੇਲਾ' ਲਾਉਣ ਦੀ ਮੁਖ਼ਾਲਫ਼ਤ ਕਰ ਰਹੇ ਵਿਦਿਆਰਥੀਆਂ ਨੇ ਪੀਐਚ.ਡੀ. ਵਿਦਿਆਰਥੀ ਸੂਰਜ ਦੀ ਕੁੱਟਮਾਰ ਕੀਤੀ। ਸੰਸਥਾ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ। ਜਿਸ ਵਿਦਿਆਰਥੀ ਦੀ ਕੁੱਟਮਾਰ ਕੀਤੀ ਗਈ, ਉਹ ਅੰਬੇਦਕਰ ਪੇਰੀਆਰ ਸਟੱਡੀ ਸਰਕਲ ਨਾਲ ਸਬੰਧਤ ਹੈ ਅਤੇ ਉਸ ਉਤੇ ਹਮਲਾ ਆਰ.ਐਸ.ਐਸ. ਨਾਲ ਜੁੜੇ ਵਿਦਿਆਰਥੀਆਂ ਨੇ ਕੀਤਾ। ਸੂਰਜ ਦੇ ਸਾਥੀਆਂ ਮੁਤਾਬਕ, ਉਸ ਉਤੇ ਹਮਲਾ ਉਸ ਵਕਤ ਕੀਤਾ ਗਿਆ ਜਦੋਂ ਉਹ ਮੈੱਸ ਵਿਚ ਖਾਣਾ ਖਾ ਰਿਹਾ ਸੀ। ਉਸ ਦੀ ਅੱਖ ਉਤੇ ਗਹਿਰੀ ਸੱਟ ਲੱਗੀ ਹੈ। ਯਾਦ ਰਹੇ ਕਿ ਸੰਸਥਾ ਦੇ ਕੁਝ ਵਿਦਿਆਰਥੀਆਂ ਨੇ ਕੇਂਦਰ ਸਰਕਾਰ ਵੱਲੋਂ ਮਾਸ ਲਈ ਪਸ਼ੂਆਂ ਦੀ ਵਿਕਰੀ ਖ਼ਿਲਾਫ਼ ਕੀਤੇ ਫੈਸਲੇ ਵਿਰੁਧ ਕੁਝ ਦਿਨ ਪਹਿਲਾਂ 'ਗਾਂ ਮਾਸ ਮੇਲਾ' ਲਾਇਆ ਸੀ।


We Do Real Estate in
Bay Area & Central Valley
We do loans anywhere
in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING
Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


LET THE
OBSESSION BEGIN
ICC
CHAMPIONS
TROPHY
ENGLAND & WALES 2017
WILLOW
OFFICIAL PARTNER
1-888-554-6754 SLING.COM/CRICKET
WORLD
CRICKET
$10
A MONTH
EASY TO USE ON THE GO
sling
TELEVISION
Promotional Offers: Available to new customers upon account activation. One per customer and cannot be combined. Must provide email address and credit card. Billing: Monthly Pack - Your credit card will be charged monthly for applicable subscription until you cancel your service. 6 Months Pack - You will be charged once for the 6 months period of your service. After the expiration of your 6 months period, you will be moved to the respective month-to-month service for your 6 months package. Annual Pack: You will be charged once for the 12 month period of your service. After the expiration of your 12 month period, you will be moved to the respective month-to-month service for your annual package. Cancellation: Cancel by calling 1(877) 811-4788. Programming fees are charged monthly in advance and no credits or refunds will be issued for partial or prepaid months after cancellation. Equipment Requirements: Requires Internet-connected compatible device. Compatible devices include: PC or Mac, Roku, iOS 7.0and higher, Android 4.0.3, Amazon Fire TV, Amazon Fire Stick and Google Nexus and Xbox One. Miscellaneous: Access on one device (1 stream) is included in the monthly programming package price (except HBO, which includes 3 streams). 2 additional International streams available for $5/mo. Limit 3 International and 1 Domestic streams per account. Certain programs may be unavailable due to programmer restrictions or blackouts. Only available within the United States. State and local taxes will apply. All prices, packages, programming and offers subject to change without notice. Other restrictions may apply. See sling.com website for details. Offer ends 12/31/2017. © 2017 Sling TV L.L.C. All rights reserved.

# ਸਿੱਖ ਸ਼ਹੀਦਾਂ ਦੀ ਯਾਦ ਵਿਚ ਨਗਰ ਕੀਰਤਨ 11 ਜੂਨ ਨੂੰ

**ਸੈਨ ਫਰਾਂਸਿਸਕੋ (ਬਿਊਰੋ):** ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਅਤੇ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ ਚੌਥਾ ਨਗਰ ਕੀਰਤਨ 11 ਜੂਨ ਨੂੰ ਇਥੇ ਡਾਊਨ ਟਾਊਨ ਵਿਚ ਸਜਾਇਆ ਜਾ ਰਿਹਾ ਹੈ। ਨਗਰ ਕੀਰਤਨ 50 ਸੈਕੰਡ ਸਟਰੀਟ ਤੋਂ ਅਰੰਭ ਹੋਵੇਗਾ ਅਤੇ ਸਿਵਿਕ ਸੈਂਟਰ 'ਤੇ ਜਾ ਕੇ ਸਮਾਪਤ ਹੋਵੇਗਾ ਜਿਥੇ ਵਿਸ਼ੇਸ਼ ਦੀਵਾਨ ਸਜਾਇਆ ਜਾਵੇਗਾ। ਦੀਵਾਨ ਵਿਚ ਕੀਰਤਨੀ ਅਤੇ ਕਵੀਸ਼ਰੀ ਜਥਿਆਂ ਤੋਂ ਇਲਾਵਾ ਪੰਥਕ ਬੁਲਾਰੇ ਸੰਗਤਾਂ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਜੂਨ 1984 ਵਿਚ ਭਾਰਤੀ ਹਾਕਮਾਂ ਵਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਕੀਤੇ ਗਏ ਹਮਲੇ ਦੌਰਾਨ ਸ਼ਹੀਦ ਹੋਏ ਸਿੰਘ-ਸਿੰਘਣੀਆਂ ਨੂੰ ਸਜਦਾ ਕਰਨਗੇ। ਜ਼ਿਕਰਯੋਗ ਹੈ ਕਿ ਇਸ ਨਗਰ ਕੀਰਤਨ ਵਿਚ ਹਰ ਵਾਰ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੁੰਦੀਆਂ ਹਨ। ਨਗਰ ਕੀਰਤਨ ਦੇ ਪ੍ਰਬੰਧਕਾਂ ਨੇ ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ। ਨਗਰ ਕੀਰਤਨ ਕੈਲੀਫੋਰਨੀਆ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।



ਪਿਛਲੇ ਸਾਲ ਸਜਾਏ ਗਏ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ

ਪ੍ਰਬੰਧਕਾਂ ਅਨੁਸਾਰ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਵੱਖ ਵੱਖ ਗੁਰੂ ਘਰਾਂ ਤੋਂ ਵਿਸ਼ੇਸ਼ ਬੱਸਾਂ ਚੱਲਣਗੀਆਂ। ਇਸ ਤੋਂ ਇਲਾਵਾ 'ਵਾਟ' ਰਾਹੀਂ ਵੀ ਪਹੁੰਚਿਆ ਜਾ ਸਕਦਾ ਹੈ। 'ਵਾਟ' ਰਾਹੀਂ ਪਹੁੰਚਣ ਲਈ ਮਿੰਟਗੁਮਰੀ 'ਵਾਟ' ਸਟੇਸ਼ਨ ਤੋਂ ਉਤਰ ਕੇ 50 ਸੈਕੰਡ ਸਟਰੀਟ 'ਤੇ ਪਹੁੰਚਿਆ ਜਾ ਸਕਦਾ ਹੈ। ਵਾਪਸੀ ਲਈ ਗੱਡੀ ਸਿਵਿਕ ਸੈਂਟਰ 'ਵਾਟ' ਸਟੇਸ਼ਨ ਤੋਂ ਲਈ ਜਾ ਸਕਦੀ ਹੈ। ਗੁਰੂ ਕੀਆਂ ਸੰਗਤਾਂ ਲਈ ਚਾਹ-ਪਾਣੀ ਅਤੇ ਲੰਗਰ ਦੇ ਉਚੇਚੇ ਪ੍ਰਬੰਧ ਕੀਤੇ ਗਏ ਹਨ। ਪ੍ਰਬੰਧਕਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਨਗਰ ਕੀਰਤਨ ਦੌਰਾਨ ਸਫਾਈ ਅਤੇ ਜ਼ਾਬਤੇ ਦਾ ਪੂਰਾ ਖਿਆਲ ਰੱਖਿਆ ਜਾਵੇ।

# 'ਆਪ' ਵਾਲੰਟੀਅਰ ਅਸ਼ਪ੍ਰੀਤ ਸਿੰਘ ਦੀ ਯਾਦ 'ਚ ਗੇਟ ਬਣੇਗਾ

**ਫਰੀਮਾਂਟ (ਬਿਊਰੋ):** ਹਲਕਾ ਨਿਹਾਲ ਸਿੰਘ ਵਾਲਾ (ਜਿਲ੍ਹਾ ਮੋਗਾ) ਦੇ ਪਿੰਡ ਚੋਗਾਵਾਂ ਤੋਂ ਆਮ ਆਦਮੀ ਪਾਰਟੀ (ਆਪ) ਦੇ ਸਰਗਰਮ ਵਰਕਰ ਅਤੇ ਭਾਈਚਾਰਕ ਸਾਂਝ ਦੇ ਮੁੱਦਈ ਸਵਰਗੀ ਅਸ਼ਪ੍ਰੀਤ ਸਿੰਘ ਚੋਗਾਵਾਂ ਦੀ ਯਾਦ ਵਿਚ ਪਿੰਡ ਚੋਗਾਵਾਂ ਵਿਚ ਇਕ ਯਾਦਗਾਰੀ ਗੇਟ ਬਣਾਇਆ ਜਾ ਰਿਹਾ ਹੈ ਜਿਸ ਲਈ ਸ. ਸੁਖਜਿੰਦਰ ਸਿੰਘ ਗਿੱਲ ਨੇ ਜ਼ਮੀਨ ਦਿੱਤੀ ਹੈ ਜਦੋਂਕਿ ਇਸ ਦੀ ਉਸਾਰੀ ਦੇ ਖਰਚੇ ਦੀ ਰਿਐਲਟਰ ਸ. ਜਸਵਿੰਦਰ ਸਿੰਘ (ਜੱਸੀ) ਗਿੱਲ ਨੇ ਚਾਰ ਲੱਖ ਰੁਪਏ ਦੀ ਮਦਦ ਕੀਤੀ ਹੈ। ਗੇਟ ਦੀ ਉਸਾਰੀ ਅਗਲੇ ਹਫਤੇ ਅਰੰਭ ਹੋ ਜਾਵੇਗੀ।

ਜ਼ਿਕਰਯੋਗ ਹੈ ਕਿ ਅਸ਼ਪ੍ਰੀਤ ਸਿੰਘ ਚੋਗਾਵਾਂ ਕੁਝ ਸਮਾਂ ਬਿਮਾਰ ਰਹਿਣ ਪਿਛੋਂ ਭਰ ਜਵਾਨੀ ਵਿਚ 3 ਫਰਵਰੀ 2017 ਨੂੰ ਚਲਾਣਾ ਕਰ ਗਿਆ ਸੀ। ਆਮ ਆਦਮੀ ਪਾਰਟੀ ਨੂੰ ਉਸ ਦੇ ਜਾਣ ਨਾਲ ਵੱਡਾ ਘਾਟਾ ਪਿਆ ਸੀ ਕਿਉਂਕਿ ਉਹ ਹੁਕਮਰਾਨ ਅਕਾਲੀ ਦਲ ਅਤੇ ਵਿਰੋਧੀ ਸਿਆਸੀ ਪਾਰਟੀ ਕਾਂਗਰਸ ਵਿਰੁਧ ਬੜੀ ਹਿੰਮਤ ਨਾਲ ਡਟਿਆ ਸੀ।

ਪਰਿਵਾਰਕ ਸੂਤਰਾਂ ਅਨੁਸਾਰ ਅਸ਼ਪ੍ਰੀਤ ਸਿੰਘ ਦੇ ਜਨਮ ਦਿਨ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ 16 ਜੂਨ ਨੂੰ ਪਿੰਡ ਚੋਗਾਵਾਂ ਵਿਚ ਪਵੇਗਾ। ਪਰਿਵਾਰ ਨੇ ਇਲਾਕਾ ਨਿਵਾਸੀਆਂ, ਆਮ ਆਦਮੀ ਪਾਰਟੀ ਦੇ ਵਾਲੰਟੀਅਰਾਂ ਅਤੇ ਲੀਡਰਸ਼ਿਪ ਨੂੰ ਇਸ ਮੌਕੇ ਪਹੁੰਚਣ ਲਈ ਸੱਦਾ ਦਿੱਤਾ ਹੈ।



ਫਾਈਲ ਫੋਟੋ: ਰਿਐਲਟਰ ਜਸਵਿੰਦਰ ਸਿੰਘ (ਜੱਸੀ) ਗਿੱਲ ਨਾਲ ਅਸ਼ਪ੍ਰੀਤ ਸਿੰਘ



ਅਸ਼ਪ੍ਰੀਤ ਸਿੰਘ ਦੀ ਯਾਦ ਵਿਚ ਬਣ ਰਹੇ ਗੇਟ ਦਾ ਨਮੂਨਾ


ਰਵੀ ਬਾਠ


ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ

ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626

rvbaat@gmail.com



*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
5887A Lone Tree Way
Antioch, CA 94531

Better Homes | MASON-McDUFFIE



ਸੰਜਨਾ ਪ੍ਰਭਾਕਰ

ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ (ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)
- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

*email: sanjana4loans@gmail.com*



Arcus LENDING America's Premier Mortgage Experts

Arcus NMLS # 1035734

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ



PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਭਾਰਤ ਤੇ ਪਾਕਿਸਤਾਨ ਨੇ ਖਿੱਚੀਆਂ ਜੰਗ ਦੀਆਂ ਤਿਆਰੀਆਂ

**ਨਵੀਂ ਦਿੱਲੀ:** ਭਾਰਤ ਤੇ ਪਾਕਿਸਤਾਨ ਵਿਚ ਟਕਰਾਅ ਲਗਾਤਾਰ ਵਧਦਾ ਜਾ ਰਿਹਾ ਹੈ। ਦੋਵਾਂ ਦੇਸ਼ਾਂ ਵੱਲੋਂ ਇਕ ਦੂਜੇ ਦੀਆਂ ਸਰਹੱਦੀ ਚੌਕੀਆਂ ਤਬਾਹ ਕਰਨ ਦੇ ਦਾਅਵੇ ਕੀਤਾ ਜਾ ਰਹੀ ਹੈ। ਭਾਰਤ ਨੇ ਦਾਅਵਾ ਕੀਤਾ ਕਿ ਉਸ ਨੇ ਕੰਟਰੋਲ ਰੇਖਾ ਦੇ ਪਾਕਿਸਤਾਨੀ ਪਾਸੇ ਜਮ੍ਹਾ ਹੋਏ ਦਹਿਸ਼ਤਗਰਦਾਂ ਦੇ ਮਨਸੂਬੇ ਨਾਕਾਮ ਬਣਾਉਣ ਲਈ ਪਾਕਿਸਤਾਨੀ ਫੌਜੀ ਚੌਕੀਆਂ ਉਤੇ ਜ਼ੋਰਦਾਰ ਗੋਲਾਬਾਰੀ ਕੀਤੀ ਅਤੇ ਕਈ ਚੌਕੀਆਂ ਤਬਾਹ ਕਰ ਦਿੱਤੀਆਂ। ਇਸ ਦੇ ਚੌਵੀ ਘੰਟਿਆਂ ਬਾਅਦ ਹੀ ਪਾਕਿਸਤਾਨ ਫੌਜ ਦੇ ਲੜਾਕੂ ਜਹਾਜ਼ਾਂ ਨੇ ਸਿਆਚਿਨ ਤੱਕ ਉਡਾਰੀ ਭਰੀ ਤੇ ਭਾਰਤ ਨੂੰ ਸਬਕ ਸਿਖਾਉਣ ਦੀ ਗੱਲ ਆਖੀ।

ਦੋਵਾਂ ਦੇਸ਼ਾਂ ਨੇ ਇਕ-ਦੂਜੇ ਦੀਆਂ ਚੌਕੀਆਂ 'ਤੇ ਹਮਲਿਆਂ ਦੀਆਂ ਸਬੂਤ ਵਜੋਂ ਵੀਡੀਓ ਵੀ ਜਾਰੀ ਕੀਤੀਆਂ। ਇਹ ਵੀਡੀਓ ਨੌਸ਼ਹਿਰਾ ਸੈਕਟਰ ਦੇ ਸਾਹਮਣੇ ਪੈਂਦੇ ਖੇਤਰ ਵਿਚ ਇਕ ਪਾਕਿਸਤਾਨੀ ਚੌਕੀ ਦੀ ਤਬਾਹੀ ਦਾ ਮੰਜ਼ਰ ਪੇਸ਼ ਕਰਦੀ ਹੈ। ਇਸ ਕਾਰਵਾਈ ਵਿਚ ਟੈਂਕ-ਭੇਦਕ ਮਿਸਾਈਲਾਂ ਤੇ ਰਾਕੇਟ ਲਾਂਚਰਾਂ ਦੀ ਵਰਤੋਂ ਕੀਤੀ ਗਈ।

ਪਾਕਿਸਤਾਨ ਦੇ ਹਾਈ ਕਮਿਸ਼ਨਰ ਅਬਦੁਲ ਬਾਸਿਤ ਅਨੁਸਾਰ ਜੇ ਭਾਰਤੀ ਫੌਜ ਨੇ ਸਚਮੁੱਚ ਹੀ ਟੈਂਕ-ਭੇਦਕ ਮਿਸਾਈਲਾਂ ਦੀ ਵਰਤੋਂ ਕੀਤੀ ਤਾਂ ਇਹ ਆਪਣੇ ਆਪ ਵਿਚ 2003 ਦੇ ਗੋਲੀਬੰਦੀ ਸਮਝੌਤੇ ਦੀ ਸਿੱਧੀ ਉਲੰਘਣਾ ਹੈ ਅਤੇ ਪਾਕਿਸਤਾਨ ਨੂੰ ਅਜਿਹਾ ਮਾਮਲਾ ਸੰਯੁਕਤ ਰਾਸ਼ਟਰ ਵਿਚ ਉਠਾਉਣ ਦਾ ਹੱਕ ਹਾਸਲ ਹੈ। ਭਾਰਤੀ ਦਾਅਵੇ ਦੇ ਅਗਲੇ ਦਿਨ ਪਾਕਿਸਤਾਨੀ ਹਵਾਈ ਸੈਨਾ ਦੇ ਮਿਰਾਜ ਜਹਾਜ਼ਾਂ ਵੱਲੋਂ ਸਿਆਚਿਨ ਨੇੜੇ ਉਡਾਣਾਂ ਭਰਨ ਦਾ ਜਵਾਬੀ ਦਾਅਵਾ ਸਾਹਮਣੇ ਆ ਗਿਆ। ਸਾਲ 2011 ਤੋਂ ਦੋਵਾਂ ਦੇਸ਼ਾਂ ਦਰਮਿਆਨ ਕੰਟਰੋਲ ਰੇਖਾ ਦੇ ਆਰ-ਪਾਰ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੁੰਦਾ ਆ ਰਿਹਾ ਹੈ। ਫਰਕ ਇਹ ਹੈ ਕਿ ਜਦੋਂ ਤੋਂ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਬਣੇ ਹਨ, ਭਾਰਤੀ ਪਹੁੰਚ ਵੱਧ ਜਾਰਿਹਾਨਾ ਹੋ ਗਈ ਹੈ। ਪਹਿਲਾਂ ਗੋਲੀਬਾਰੀ ਦੀ ਹਰ ਘਟਨਾ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਮੁਕਾਮੀ ਕਮਾਂਡਰਾਂ ਦੀ ਮੀਟਿੰਗ ਸਿਰੇ ਚੜ੍ਹ ਜਾਂਦੀ ਸੀ ਅਤੇ ਸਬੰਧਤ ਸੈਕਟਰ ਕੁਝ ਦਿਨਾਂ ਲਈ ਸ਼ਾਂਤ ਹੋ ਜਾਂਦਾ ਸੀ। ਹੁਣ ਅਜਿਹਾ ਨਹੀਂ ਹੋ ਰਿਹਾ। ਜ਼ਾਹਿਰ ਹੈ ਕਿ ਸਰਕਾਰ ਨੇ ਮਾਮਲਾ ਛੇਤੀ ਨਾ ਮੁਕਾਉਣ ਦੀ ਖੁੱਲ੍ਹ, ਥਲ ਸੈਨਾ ਨੂੰ ਦੇ ਰੱਖੀ ਹੈ।



## ਸੰਯੁਕਤ ਰਾਸ਼ਟਰ ਵੱਲੋਂ ਭਾਰਤ-ਪਾਕਿ ਨੂੰ ਸਹਿਯੋਗ ਦੀ ਪੇਸ਼ਕਸ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਦੁਹਰਾਇਆ ਹੈ ਕਿ ਜੇਕਰ ਭਾਰਤ ਤੇ ਪਾਕਿਸਤਾਨ ਨੂੰ ਮਨਜ਼ੂਰ ਹੋਵੇ ਤਾਂ ਦੋਵਾਂ ਮੁਲਕਾਂ ਨੂੰ ਆਪਸੀ ਮਤਭੇਦ ਦੂਰ ਕਰਨ ਲਈ ਇਕੱਠਿਆਂ ਲਿਆਉਣ ਵਾਸਤੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਨਤਨੀਓ ਗੁਟੇਰੇਜ਼ ਵੱਲੋਂ ਸਹਿਯੋਗ ਦਿੱਤਾ ਜਾ ਸਕਦਾ ਹੈ। ਗੁਟੇਰੇਜ਼ ਦੇ ਬੁਲਾਰੇ ਫਰਹਾਨ ਹੱਕ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਵੱਲੋਂ ਦਿੱਤੇ ਜਾਂਦੇ ਸਹਿਯੋਗ ਬਾਰੇ ਸਭ ਨੂੰ ਪਤਾ ਹੈ। ਜੇਕਰ ਆਪਸੀ ਰਜ਼ਾਮੰਦੀ ਹੋਵੇ ਤਾਂ ਸਾਰੀਆਂ ਧਿਰਾਂ ਨੂੰ ਆਪਸੀ ਮਤਭੇਦ ਸੁਲਝਾਉਣ ਲਈ ਸਹਿਯੋਗ ਦਿੱਤਾ ਜਾ ਸਕਦਾ ਹੈ। ਇਸ ਮਾਮਲੇ 'ਚ ਸਥਿਤੀ ਵੀ ਹੋਰਨਾਂ ਮਾਮਲਿਆਂ ਵਾਲੀ ਹੈ।

## ਸਬਜ਼ਾਰ ਭੱਟ ਦੀ ਹੱਤਿਆ ਮਗਰੋਂ ਕਸ਼ਮੀਰ 'ਚ ਤਣਾਅ

**ਸ੍ਰੀਨਗਰ:** ਹਿਜ਼ਬੁਲ ਮੁਜਾਹਿਦੀਨ ਕਮਾਂਡਰ ਸਬਜ਼ਾਰ ਭੱਟ ਦੀ ਹੱਤਿਆ ਤੋਂ ਬਾਅਦ ਵਾਦੀ ਵਿਚ ਸਥਿਤੀ ਤਣਾਅਪੂਰਨ ਹੈ, ਪਰ ਅਧਿਕਾਰੀਆਂ ਵੱਲੋਂ ਜ਼ਿਆਦਾਤਰ ਹਿੱਸਿਆਂ ਵਿਚ ਕਰਫਿਊ ਵਰਗੀਆਂ ਪਾਬੰਦੀਆਂ ਲਾਗੂ ਕਰਨ ਨਾਲ ਹਾਲਾਤ ਕਾਬੂ ਹੇਠ ਹਨ। ਪੁਲਵਾਮਾ, ਕੁਲਗਾਮ, ਸ਼ੋਪੀਆਂ ਅਤੇ ਸੋਪੋਰ ਵਿਚ ਪਥਰਾਅ ਦੀਆਂ ਘਟਨਾਵਾਂ ਵਾਪਰੀਆਂ। ਸ੍ਰੀਨਗਰ ਦੇ ਸੱਤ ਥਾਣਾ ਖੇਤਰਾਂ ਖਨਿਆਰ, ਨੌਹੱਟਾ, ਸਫਕਦਲ, ਐਮ.ਆਰ. ਗੰਜ, ਰੈਨਾਵਾੜੀ, ਕਰਾਲਖੁੰਡ ਅਤੇ ਮੈਸੂਮਾ ਵਿਚ ਇਹਤਿਆਤ ਵਜੋਂ ਪਾਬੰਦੀਆਂ ਲਾਈਆਂ ਗਈਆਂ ਹਨ।



ਅਧਿਕਾਰੀਆਂ ਨੇ ਕਿਹਾ ਕਿ ਦੱਖਣੀ ਕਸ਼ਮੀਰ ਦੇ ਅਨੰਤਨਾਗ, ਪੁਲਵਾਮਾ ਤੇ ਸ਼ੋਪੀਆਂ ਜ਼ਿਲ੍ਹਿਆਂ ਅਤੇ ਸੋਪੋਰ ਸ਼ਹਿਰ ਵਿਚ ਵੀ ਮਨਾਹੀ ਦੇ ਹੁਕਮ ਲਾਗੂ ਕੀਤੇ ਗਏ ਹਨ। ਕੇਂਦਰੀ ਕਸ਼ਮੀਰ ਦੇ ਬੜਗਾਮ ਤੇ ਗੰਦਰਬਲ ਜ਼ਿਲ੍ਹਿਆਂ ਵਿਚ ਫੌਜਦਾਰੀ ਜ਼ਾਬਤੇ ਦੀ ਧਾਰਾ 144 ਅਧੀਨ ਚਾਰ ਜਾਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਉਤੇ ਪਾਬੰਦੀ ਲਾ ਦਿੱਤੀ ਹੈ। ਇਸ ਦੌਰਾਨ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਪਥਰਾਅ ਦੀਆਂ ਘਟਨਾਵਾਂ ਰੁਕਣ ਤੱਕ ਕਸ਼ਮੀਰ ਮਸਲੇ ਬਾਰੇ ਗੱਲਬਾਤ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਇਕ ਵਾਰ ਹਿੰਸਾ ਖਤਮ ਹੋਣ ਮਗਰੋਂ ਸਰਕਾਰ ਹਰੇਕ ਨਾਲ ਗੱਲਬਾਤ ਕਰੇਗੀ। ਦੂਜੇ ਪਾਸੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਕਸ਼ਮੀਰ ਵਿਚ ਫੌਰੀ ਰਾਜਪਾਲ ਰਾਜ ਲਾਉਣ ਦਾ ਸੱਦਾ ਦਿੱਤਾ।

## ਪਾਕਿ ਨੂੰ ਸਬਕ ਸਿਖਾਉਣ ਦੀ ਤਿਆਰੀ 'ਚ ਭਾਰਤ: ਅਮਰੀਕਾ

**ਵਾਸ਼ਿੰਗਟਨ:** ਇਕ ਸੀਨੀਅਰ ਅਮਰੀਕੀ ਅਧਿਕਾਰੀ ਦਾ ਕਹਿਣਾ ਹੈ ਕਿ ਭਾਰਤ ਰਾਜਨੀਤਕ ਤੌਰ 'ਤੇ ਪਾਕਿਸਤਾਨ ਨੂੰ ਅਲੱਗ-ਥਲੱਗ ਕਰਨ ਦੇ ਨਾਲ-ਨਾਲ ਸਰਹੱਦ ਪਾਰੋਂ ਉਸ ਵੱਲੋਂ ਅਤਿਵਾਦ ਨੂੰ ਦਿੱਤੇ ਜਾ ਰਹੇ ਸਮਰਥਨ ਲਈ ਉਸ ਨੂੰ ਸਬਕ ਸਿਖਾਉਣ ਲਈ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਅਮਰੀਕੀ ਉਚ ਅਧਿਕਾਰੀ ਤੇ ਰੱਖਿਆ ਖੁਫੀਆ ਏਜੰਸੀ ਦੇ ਨਿਰਦੇਸ਼ਕ ਲੈਫ.ਜਨਰਲ ਵਿੰਸੇਂਟ ਸਟੀਵਰਾਟ ਨੇ ਸੈਨੇਟ ਦੀ ਸ਼ਕਤੀਸ਼ਾਲੀ ਹਥਿਆਰਾਂ ਵਾਲੀ ਕਮੇਟੀ ਨੂੰ ਵਿਸ਼ਵ-ਵਿਆਪੀ ਖਤਰਿਆਂ 'ਤੇ ਹੋਈ ਸੁਣਵਾਈ ਦੌਰਾਨ ਦੱਸਿਆ ਕਿ ਭਾਰਤ ਹਿੰਦ ਮਹਾਂਸਾਗਰ ਖੇਤਰ 'ਚ ਆਪਣੇ ਹਿੱਤਾਂ ਦੀ ਰੱਖਿਆ ਲਈ ਖੁਦ ਨੂੰ ਬੇਹਤਰ ਸਥਿਤੀ 'ਚ ਰੱਖਣ ਲਈ ਆਪਣੀ ਸੈਨਾ ਦਾ ਆਧੁਨਿਕੀਕਰਨ ਕਰਨ ਵਿਚ ਲੱਗਾ ਹੋਇਆ ਹੈ ਤੇ ਆਪਣੀ ਰਾਜਨੀਤਕ ਤੇ ਆਰਥਿਕ ਪਹੁੰਚ ਨੂੰ ਮਜ਼ਬੂਤ ਬਣਾ ਰਿਹਾ ਹੈ।

# ਅਮਰੀਕੀ ਸੰਸਦ 'ਚ ਐਚ-1 ਬੀ. ਵੀਜ਼ੇ ਦੇ ਹੱਕ ਵਿਚ ਆਵਾਜ਼

**ਵਾਸ਼ਿੰਗਟਨ:** ਅਮਰੀਕਾ ਤੋਂ ਪੀ.ਐਚ.ਡੀ. ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਐਚ-1.ਬੀ ਵੀਜ਼ਾ ਨਿਯਮਾਂ ਤੋਂ ਛੋਟ ਦਿੱਤੇ ਜਾਣ ਦੀ ਵਕਾਲਤ ਕਰਨ ਵਾਲੇ ਇਕ ਬਿੱਲ ਨੂੰ ਪ੍ਰਤੀਨਿਧੀ ਸਭਾ 'ਚ ਫਿਰ ਤੋਂ ਪੇਸ਼ ਕੀਤਾ ਗਿਆ ਹੈ। ਮੰਨਿਆਂ ਜਾ ਰਿਹਾ ਹੈ ਕਿ ਇਸ ਨਾਲ ਸਭ ਤੋਂ ਵੱਧ ਲਾਭ ਭਾਰਤੀਆਂ ਨੂੰ ਹੋਵੇਗਾ। ਇਸ ਬਿੱਲ ਮੁਤਾਬਕ ਵਿਗਿਆਨ, ਟੈਕਨਾਲੋਜੀ, ਇੰਜੀਨੀਅਰਿੰਗ ਜਾਂ ਗਣਿਤ ਸ਼ਾਸਤਰ 'ਚ ਅਮਰੀਕੀ ਪੀ.ਐਚ.ਡੀ. ਧਾਰਕ ਵਿਦੇਸ਼ੀ ਮੂਲ ਦੇ ਨਾਗਰਿਕਾਂ 'ਤੇ ਅਮਰੀਕਾ ਵਿਚ ਰੋਜ਼ਗਾਰ ਅਧਾਰਿਤ ਗ੍ਰੀਨ ਕਾਰਡ ਅਤੇ ਐਚ-1.ਬੀ ਵੀਜ਼ਾ ਸਬੰਧੀ ਸ਼ਰਤਾਂ ਲਾਗੂ ਨਹੀਂ ਹੋਣੀਆਂ ਚਾਹੀਦੀਆਂ। ਇਹ ਵੀਜ਼ਾ ਸਾਲਾਨਾ ਅਧਾਰ 'ਤੇ ਜਾਰੀ ਕੀਤੇ ਜਾਣੇ ਚਾਹੀਦੇ ਹਨ।

ਸੰਸਦ ਮੈਂਬਰ ਏਰਿਕ ਪਾਲਸਨ ਤੇ ਮਾਈਕ ਕਿਉਗਲੇ ਵੱਲੋਂ ਪੇਸ਼ ਇਹ ਬਿਲ ਭਾਰਤੀਆਂ ਲਈ ਲਾਭਦਾਇਕ ਹੋ ਸਕਦਾ ਹੈ ਕਿਉਂਕਿ ਅਮਰੀਕਾ 'ਚ ਪੀ.ਐਚ.ਡੀ. ਕਰਨ ਵਾਲੇ ਵਿਦਿਆਰਥੀਆਂ 'ਚ ਭਾਰਤੀਆਂ ਦੀ ਗਿਣਤੀ ਕਾਫੀ ਜ਼ਿਆਦਾ ਹੁੰਦੀ ਹੈ। ਜ਼ਿਕਰਯੋਗ ਹੈ ਕਿ ਕਾਂਗਰਸ 'ਚ ਇਸ ਹਫਤੇ ਹੋਈ ਚਰਚਾ ਦੌਰਾਨ ਸੰਸਦ ਮੈਂਬਰ ਓਨਿਰ ਹੈਚ ਨੇ ਕਿਹਾ ਸੀ ਕਿ ਐਚ-1.ਬੀ ਵੀਜ਼ਾ ਦੇ ਉਦੇਸ਼ ਅਤੇ ਪ੍ਰਭਾਵ ਬਾਰੇ ਲੋਕਾਂ 'ਚ ਬਹੁਤ ਸਾਰੀਆਂ ਗਲਤਫਹਿਮੀਆਂ ਹਨ, ਪਰ ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਇਸ ਸਾਰੀ ਵੀਜ਼ਾ ਪ੍ਰਣਾਲੀ ਨੇ ਸਾਡੇ ਦੇਸ਼ ਲਈ ਬਹੁਤ ਕੁਝ ਵਧੀਆ ਕੀਤਾ ਹੈ। ਸਾਨੂੰ ਬਸ ਇਹ ਨਿਸ਼ਚਿਤ ਕਰਨ ਦੀ ਜ਼ਰੂਰਤ ਹੈ ਕਿ ਇਸ ਪ੍ਰਣਾਲੀ ਦੀ ਵਰਤੋਂ ਸਹੀ ਢੰਗ ਨਾਲ ਹੋ ਰਹੀ ਹੈ ਜਾਂ ਨਹੀਂ।

## ਐਵਰੈਸਟ ਤੋਂ 3 ਭਾਰਤੀਆਂ ਦੀਆਂ ਲਾਸ਼ਾਂ ਮਿਲੀਆਂ

**ਕਾਠਮੰਡੂ:** ਮਾਊਂਟ ਐਵਰੈਸਟ ਦੀ ਚੋਟੀ 'ਤੇ ਤਿੰਨ ਪਰਬਤਾਰੋਹੀਆਂ ਪਰੇਸ਼ ਚੰਦਰ ਨਾਥ (58), ਗੌਤਮ ਘੋਸ਼ (50) ਅਤੇ ਰਵੀ ਕੁਮਾਰ (27) ਦੀਆਂ ਲਾਸ਼ਾਂ ਮਿਲੀਆਂ ਹਨ। ਪਰੇਸ਼ ਅਤੇ ਗੌਤਮ 7 ਅਪਰੈਲ ਤੋਂ ਲਾਪਤਾ ਸਨ। ਰਵੀ ਕੁਮਾਰ ਦੀ ਪਿਛਲੇ ਹਫਤੇ ਚੋਟੀ ਸਰ ਕਰਨ ਤੋਂ ਬਾਅਦ ਡਿੱਗਣ ਕਰ ਕੇ ਮੌਤ ਹੋਈ ਸੀ।

## ਸਾਕਾ ਨੀਲਾ ਤਾਰਾ ਬਾਰੇ ਫਿਲਮ ਬਣਾਉਣ ਤੋਂ ਤੌਬਾ

**ਮੁੰਬਈ:** ਫਿਲਮ ਨਿਰਮਾਤਾ ਨਿਖਿਲ ਅਡਵਾਨੀ ਹੁਣ 'ਸਾਕਾ ਨੀਲਾ ਤਾਰਾ' ਉਤੇ ਫਿਲਮ ਨਹੀਂ ਬਣਾਉਣਗੇ ਕਿਉਂਕਿ ਉਹ ਸੋਚਦੇ ਹਨ ਕਿ ਇਹ ਵਿਸ਼ਾ ਕਾਫੀ ਵਿਵਾਦਮਈ ਹੋ ਸਕਦਾ ਹੈ। ਅਡਵਾਨੀ ਨੇ ਦੱਸਿਆ ਕਿ ਇਸ ਵਿਸ਼ੇ 'ਤੇ ਜਿੰਨੇ ਵੀ ਪੰਜਾਬੀ ਜਾਣਕਾਰਾਂ ਨਾਲ ਉਸ ਨੇ ਗੱਲ ਕੀਤੀ ਹੈ, ਹਰੇਕ ਨੇ ਕਿਹਾ ਕਿ ਤੁਸੀਂ ਇਸ ਵਿਸ਼ੇ 'ਤੇ ਫਿਲਮ ਨਹੀਂ ਬਣਾ ਸਕਦੇ ਤੇ ਨਾ ਹੀ ਤੁਹਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਉਸ ਨੇ ਗਿੱਪੀ ਗਰੇਵਾਲ ਨਾਲ ਗੱਲ ਕੀਤੀ ਤਾਂ ਉਹ ਇੰਨਾ ਡਰ ਜਿਹਾ ਗਿਆ ਕਿ ਇਸ ਬਾਰੇ ਗੱਲ ਸੁਣਨ ਨੂੰ ਤਿਆਰ ਨਹੀਂ ਸੀ।

ਅਡਵਾਨੀ ਨੇ ਕਿਹਾ ਕਿ ਉਹ ਬਟਲਾ ਹਾਊਸ ਪੁਲਿਸ ਮੁਕਾਬਲੇ 'ਤੇ ਫਿਲਮ ਬਣਾਉਣਗੇ ਤੇ ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ ਕਰਨਗੇ ਕਿ ਕੀ ਬਿਲਡਿੰਗ ਵਿਚ ਪੰਜੇ ਲੜਕੇ ਅਤਿਵਾਦੀ ਸਨ ਜਾਂ ਵਿਦਿਆਰਥੀ ਤੇ ਕੀ ਮੁਕਾਬਲਾ ਅਸਲੀ ਜਾਂ ਝੂਠਾ?

# 84 ਦੇ ਪੀੜਤਾਂ ਨੂੰ ਕੇਜਰੀਵਾਲ ਦਾ ਤੋਹਫਾ

**ਨਵੀਂ ਦਿੱਲੀ:** ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਪੀੜਤਾਂ ਦੇ ਬਿਜਲੀ ਦੇ ਬਕਾਇਆ ਬਿੱਲ ਇਕਮੁਸ਼ਤ ਮੁਆਫ ਕਰਨ ਦਾ ਐਲਾਨ ਕਰਦਿਆਂ ਪੀੜਤਾਂ ਨੂੰ 400 ਯੂਨਿਟ ਤੱਕ ਘਰੇਲੂ ਬਿਜਲੀ ਦੀ ਖਪਤ ਉਤੇ 50 ਫੀਸਦੀ ਸਬਸਿਡੀ ਵੀ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ '84 ਕਤਲੇਆਮ ਦੇ ਅਸਲ ਪੀੜਤਾਂ ਨੂੰ ਹੀ ਇਸ ਸਕੀਮ ਦਾ ਫਾਇਦਾ ਮਿਲੇਗਾ। ਇਸ ਲਈ ਪੀੜਤਾਂ ਨੂੰ ਮਾਲੀਆ ਮਹਿਕਮੇ ਤੋਂ ਇਹ ਤਸਦੀਕ ਕਰਵਾ ਕੇ ਪ੍ਰਮਾਣ ਪੱਤਰ ਲਿਆਉਣਾ ਹੋਵੇਗਾ ਕਿ ਉਹ ਹੀ ਅਸਲ ਪੀੜਤ ਹਨ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਦਿੱਲੀ ਕੈਬਨਿਟ ਦੀ ਮੀਟਿੰਗ ਵਿਚ ਪੀੜਤ ਪਰਵਾਰਾਂ ਨੂੰ ਬਿਜਲੀ ਸਕੀਮ ਹੇਠ ਛੋਟ ਦੇਣ ਦਾ ਫੈਸਲਾ ਲਿਆ ਗਿਆ। ਪਿਛਲੇ ਸਾਲ ਹੀ ਦਿੱਲੀ ਸਰਕਾਰ ਨੇ ਕਤਲੇਆਮ ਪੀੜਤਾਂ ਲਈ ਦੋ ਹਜ਼ਾਰ ਫਲੈਟਾਂ ਦੀ ਮੁਰੰਮਤ ਕਰਵਾਉਣ ਲਈ 10 ਕਰੋੜ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦਿੱਤੀ ਸੀ। ਇਸੇ ਸਾਲ ਮਾਰਚ ਤੋਂ ਇਹ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ।

ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦੱਸਿਆ ਕਿ ਸਰਕਾਰ ਵੱਲੋਂ ਪੀੜਤਾਂ ਦੇ ਹੱਕ ਵਿਚ ਕੁੱਲ 13.5 ਕਰੋੜ ਦੇ ਬਿੱਲ ਮੁਆਫ ਕੀਤੇ ਜਾਣਗੇ। ਸਿਸੋਦੀਆ ਨੇ ਦੱਸਿਆ ਕਿ ਬਹੁਤ ਸਾਰੇ ਬਜ਼ੁਰਗ, ਵਿਧਵਾ ਔਰਤਾਂ ਤੇ ਅਪਾਹਜ ਪੀੜਤਾਂ (ਜਿਨ੍ਹਾਂ ਦੀ ਕਮਾਈ ਦਾ ਕੋਈ ਹੋਰ ਸਾਧਨ ਨਹੀਂ) ਵੱਲੋਂ ਬਿਜਲੀ ਦੇ ਬਿੱਲ ਮੁਆਫ ਕਰਨ ਦੀ ਮੰਗ ਤੋਂ ਬਾਅਦ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਪੁਰਾਣੇ ਰਿਕਾਰਡ ਮੁਤਾਬਕ ਸਰਕਾਰ ਕੋਲ 2500 ਅਜਿਹੇ ਪਰਿਵਾਰਾਂ ਦੇ ਨਾਂ ਹਨ, ਜੋ ਕਤਲੇਆਮ ਪੀੜਤ ਹਨ।

# ਦਸਵੀਂ 'ਚੋਂ ਫੇਲ੍ਹ ਪੰਜ ਵਿਦਿਆਰਥੀਆਂ ਵੱਲੋਂ ਖੁਦਕੁਸ਼ੀ

**ਚੰਡੀਗੜ੍ਹ:** ਇਸ ਵਾਰ ਪੰਜਾਬ ਵਿਚ ਦਸਵੀਂ ਦੇ ਨਤੀਜੇ ਵਿਦਿਆਰਥੀਆਂ ਲਈ ਆਫਤ ਬਣ ਕੇ ਆਏ ਹਨ। ਜਦੋਂ ਦੇ ਨਤੀਜੇ ਆਏ ਹਨ ਨਿੱਤ ਕੋਈ ਨਾ ਕੋਈ ਵਿਦਿਆਰਥੀ ਖੁਦਕੁਸ਼ੀ ਕਰ ਰਿਹਾ ਹੈ। ਪੰਜਾਬ ਵਿਚ ਵੱਖ-ਵੱਖ ਥਾਂਵਾਂ 'ਤੇ ਪੰਜ ਵਿਦਿਆਰਥੀਆਂ ਨੇ ਖੁਦਕੁਸ਼ੀ ਕਰ ਲਈ ਹੈ। ਅਨੌਲੀ ਖੇਤਰ ਵਿਚ ਦੋ ਵਿਦਿਆਰਥਣਾਂ ਨੇ ਖੁਦਕੁਸ਼ੀ ਕੀਤੀ ਹੈ। ਮਹਿਕਪ੍ਰੀਤ ਕੌਰ ਪੁੱਤਰੀ ਦਰਸ਼ਨ ਸਿੰਘ ਅਤੇ ਰਜਨੀ ਪੁੱਤਰੀ ਜਸਪਾਲ ਸਿੰਘ ਨੇ ਦਸਵੀਂ ਕਲਾਸ ਦੇ ਨਤੀਜੇ ਵਿਚ ਰੀਅਪੀਅਰਾਂ ਆਉਣ ਕਾਰਨ ਕੋਈ ਜ਼ਹਿਰੀਲੀ ਵਸਤੂ ਨਿਗਲ ਲਈ ਹੈ ਜਿਸ ਕਾਰਨ ਮਹਿਕਪ੍ਰੀਤ ਕੌਰ ਪੁੱਤਰੀ ਦਰਸ਼ਨ ਸਿੰਘ ਦੀ ਪੀ.ਜੀ.ਆਈ. ਚੰਡੀਗੜ੍ਹ ਵਿਖੇ ਮੌਤ ਹੋ ਗਈ ਜਦ ਕਿ ਰਜਨੀ ਪੁੱਤਰੀ ਜਸਪਾਲ ਸਿੰਘ ਪੀ.ਜੀ.ਆਈ. ਵਿਚ ਹੀ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੀ ਹੈ।

ਇਸ ਤਰ੍ਹਾਂ ਹੀ ਨਾਭਾ ਦੀ ਆਸ਼ਾ ਕਾਲੋਨੀ ਅਲਹੋਰਾਂ ਕਲ੍ਹਾਂ ਦੀ ਵਸਨੀਕ ਪੂਜਾ ਪੁੱਤਰੀ ਰਾਕੇਸ਼ ਕੁਮਾਰ, ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਦੀ ਵਿਦਿਆਰਥਣ ਸੀ, ਵੱਲੋਂ ਜ਼ਹਿਰੀਲੀ ਚੀਜ਼ ਖਾਣ ਉਪਰੰਤ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ ਹੈ। ਪੂਜਾ ਚਾਰ ਭਰਾਵਾਂ ਦੀ ਇਕੱਲੀ ਭੈਣ ਸੀ। ਜਿਸ ਨੇ 10ਵੀਂ ਵਿਚੋਂ ਫੇਲ੍ਹ ਹੋਣ ਉਪਰੰਤ ਕੋਈ ਜ਼ਹਿਰੀਲੀ ਚੀਜ਼ ਖਾ ਲਈ। ਪਿੰਡ ਕਮਾਲਪੁਰਾ (ਰਾਏਕੋਟ) ਦੇ ਵਾਸੀ ਨਗਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਰਣਜੀਤ ਸਿੰਘ (16) ਜੋ ਇਕ ਪਬਲਿਕ ਸਕੂਲ ਵਿਚ ਪੜ੍ਹਦਾ ਸੀ। ਜੋ ਪਿਛਲੇ ਦਿਨੀਂ ਆਏ 10ਵੀਂ ਜਮਾਤ ਦੇ ਨਤੀਜੇ 'ਚ ਸਾਇੰਸ ਅਤੇ ਮੈਥ ਵਿਚੋਂ ਪਾਸ ਨਾ ਹੋ ਸਕਿਆ ਤੇ ਉਸ ਨੇ ਘਰ 'ਚ ਛੱਤ ਵਾਲੇ ਪੱਖੇ ਨਾਲ ਫਾਹਾ ਲੈ ਕੇ ਆਤਮ-ਹੱਤਿਆ ਕਰ ਲਈ। ਰਣਜੀਤ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਤੇ ਦੋ ਭੈਣਾਂ ਦਾ ਭਰਾ ਸੀ।

ਖਰੜ ਖੇਤਰ ਵਿਚ ਦਸਵੀਂ ਦੀ ਪ੍ਰੀਖਿਆ ਵਿਚੋਂ ਦੂਜੀ ਵਾਰ ਫੇਲ੍ਹ ਹੋਣ ਕਾਰਨ ਇਕ ਵਿਦਿਆਰਥੀ ਨੇ ਖੁਦਕੁਸ਼ੀ ਕਰ ਲਈ ਹੈ।

# ਵਿਵਾਦਤ ਸਾਬਕਾ ਡੀ.ਜੀ.ਪੀ. ਗਿੱਲ ਦਾ ਦੇਹਾਂਤ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਡੀ.ਜੀ.ਪੀ. ਕੰਵਰਪਾਲ ਸਿੰਘ ਗਿੱਲ ਦਾ ਦਿਹਾਂਤ ਹੋ ਗਿਆ। 82 ਸਾਲਾ ਕੇ.ਪੀ.ਐਸ. ਗਿੱਲ ਨੂੰ 18 ਮਈ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਡਾਕਟਰਾਂ ਮੁਤਾਬਕ ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ। ਦੱਸਣਯੋਗ ਹੈ ਕਿ ਗਿੱਲ ਦੇ ਦੋਵੇਂ ਗੁਰਦਿਆਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ ਅਤੇ ਉਹ ਕੁਝ ਸਮੇਂ ਤੋਂ ਡਾਇਲਿਸਿਸ 'ਤੇ ਸਨ।

ਪਦਮ ਸ੍ਰੀ ਨਾਲ ਸਨਮਾਨਤ ਗਿੱਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਵੀ ਕੰਮ ਕੀਤਾ ਸੀ। 2002 'ਚ ਉਸ ਵੇਲੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਗੋਧਰਾ ਕਾਂਡ ਤੋਂ ਬਾਅਦ ਰਾਜ ਦੇ ਲੋਕਾਂ ਦੇ ਪ੍ਰਸ਼ਾਸਨ 'ਚ ਉਠ ਚੁੱਕੇ ਭਰੋਸੇ ਨੂੰ ਮੁੜ ਬਹਾਲ ਕਰਨ ਲਈ ਗਿੱਲ ਨੂੰ ਆਪਣਾ ਸੁਰੱਖਿਆ ਸਲਾਹਕਾਰ ਵੀ ਬਣਾਇਆ ਸੀ। 1934 ਵਿਚ ਲੁਧਿਆਣਾ 'ਚ ਪੈਦਾ ਹੋਏ ਗਿੱਲ 1958 ਵਿਚ ਭਾਰਤੀ ਪੁਲਿਸ ਸੇਵਾਵਾਂ (ਆਈ.ਪੀ.ਐਸ.) 'ਚ ਸ਼ਾਮਲ ਹੋਏ। ਅਸਾਮ ਅਤੇ ਮੇਘਾਲਿਆ 'ਚ ਪੁਲਿਸ ਮੁਖੀ ਰਹਿ ਚੁੱਕੇ ਗਿੱਲ ਨੂੰ ਦੋ ਵਾਰ ਪੰਜਾਬ ਪੁਲਿਸ ਦਾ ਮੁਖੀ ਬਣਾਇਆ ਗਿਆ। 1988 ਤੋਂ 1990 ਤੱਕ ਪੰਜਾਬ ਵਿਚ ਪੁਲਿਸ ਮੁਖੀ ਵਜੋਂ ਆਪਣੀਆਂ ਸੇਵਾਵਾਂ ਦੇਣ ਤੋਂ ਬਾਅਦ ਉਨ੍ਹਾਂ ਨੂੰ 1991 ਤੋਂ 1995 'ਚ ਵੀ ਮੁੜ ਰਾਜ ਸੁਰੱਖਿਆ ਦਾ ਜ਼ਿੰਮਾ ਦਿੱਤਾ ਗਿਆ। ਕੇ.ਪੀ.ਐਸ. ਗਿੱਲ ਮਈ 1988 'ਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਖਾੜਕੂਆਂ ਨੂੰ ਬਾਹਰ ਕੱਢਣ ਲਈ ਕੀਤੀਆਂ ਕਾਰਵਾਈਆਂ, ਜਿਸ ਨੂੰ 'ਅਪ੍ਰੇਸ਼ਨ ਬਲੈਕ ਥੰਡਰ' ਦਾ ਨਾਂਅ ਦਿੱਤਾ ਗਿਆ ਸੀ, ਕਾਰਨ ਸੁਰਖੀਆਂ 'ਚ ਆਏ।



## ਗਿੱਲ ਦਾ ਵਿਵਾਦਾਂ ਨਾਲ ਰਿਹਾ ਨਾਤਾ

**ਨਵੀਂ ਦਿੱਲੀ:** ਕੇ.ਪੀ.ਐਸ. ਗਿੱਲ ਦਾ ਵਿਵਾਦਾਂ ਨਾਲ ਵੀ ਡੂੰਘਾ ਨਾਤਾ ਰਿਹਾ ਹੈ। ਮਨੁੱਖੀ ਹੱਕਾਂ ਬਾਰੇ ਸੰਸਥਾਵਾਂ ਵੱਲੋਂ ਲਗਾਤਾਰ ਉਨ੍ਹਾਂ ਦੇ ਕੰਮ ਕਰਨ ਦੇ ਤਰੀਕਿਆਂ 'ਤੇ ਸਵਾਲ ਉਠਾਏ ਜਾਂਦੇ ਰਹੇ ਹਨ। ਗਿੱਲ ਨੂੰ ਫਰਜ਼ੀ ਮੁਕਾਬਲਿਆਂ ਦਾ ਮਾਹਿਰ ਵੀ ਕਰਾਰ ਦਿੱਤਾ ਜਾਂਦਾ ਰਿਹਾ ਹੈ। ਗਿੱਲ 'ਤੇ 1988 ਵਿਚ ਇਕ ਪਾਰਟੀ ਦੌਰਾਨ ਇਕ ਮਹਿਲਾ ਅਧਿਕਾਰੀ ਨੂੰ ਜਿਨਸੀ ਤੌਰ ਉਤੇ ਪ੍ਰੇਸ਼ਾਨ ਕਾਰਨ ਦੇ ਦੋਸ਼ ਲੱਗੇ ਸਨ ਜਿਸ ਲਈ 1996 'ਚ ਉਨ੍ਹਾਂ ਨੂੰ ਸਜ਼ਾ ਵੀ ਹੋਈ ਸੀ।

# ਯੋਗੀ ਸਰਕਾਰ ਦੀਆਂ ਫਿਰਕੂ ਨੀਤੀਆਂ ਨੇ ਦਿੱਤੀ ਬਦਅਮਨੀ ਨੂੰ ਹਵਾ

**ਸਹਾਰਨਪੁਰ:** ਉਤਰ ਪ੍ਰਦੇਸ਼ ਵਿਚ ਯੋਗੀ ਆਦਿਤਿਆਨਾਥ ਸਰਕਾਰ ਆਉਣ ਪਿੱਛੋਂ ਅਮਨ-ਕਾਨੂੰਨ ਦੀ ਹਾਲਤ ਲਗਾਤਾਰ ਪਤਲੀ ਹੁੰਦੀ ਜਾ ਰਹੀ ਹੈ। ਸਹਾਰਨਪੁਰ ਜ਼ਿਲ੍ਹੇ ਵਿਚ ਠਾਕੁਰਾਂ ਵੱਲੋਂ ਦਲਿਤ ਉਤੇ ਢਾਹੇ ਕਹਿਰ ਮਗਰੋਂ ਦੁਵੱਲੀ ਹਿੰਸਾ ਦੀਆਂ ਘਟਨਾਵਾਂ ਰੁਕ ਨਹੀਂ ਰਹੀਆਂ। ਦੂਜੇ ਪਾਸੇ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਤੇ ਵਹਿਸ਼ੀਆਨਾ ਅਪਰਾਧਾਂ ਵਿਚ ਵੱਖਰੇ ਤੌਰ 'ਤੇ ਵਾਧਾ ਹੋਇਆ ਹੈ। ਯਮੁਨਾ ਐਕਸਪ੍ਰੈਸਵੇਅ ਉਤੇ ਬੁਲੰਦ ਸ਼ਹਿਰ ਨੇੜੇ ਇਕ ਕਾਰ ਨੂੰ ਰੋਕ ਕੇ ਚਾਰ ਔਰਤਾਂ ਨਾਲ ਸਮੂਹਿਕ ਬਲਾਤਕਾਰ ਅਤੇ ਇਸ ਦਾ ਵਿਰੋਧ ਕਰਨ ਵਾਲੇ ਪੁਰਸ਼ ਦੀ ਹੱਤਿਆ ਵਾਲਾ ਹੈ।



ਯੋਗੀ ਆਦਿਤਿਆਨਾਥ ਨੇ ਸੱਤਾਸ਼ੀਲ ਹੁੰਦਿਆਂ ਹੀ ਲੜਕੀਆਂ ਦੀ ਛੇੜਛਾੜ ਰੋਕਣ ਲਈ ਐਂਟੀ-ਰੋਮੀਓ ਸਕੁਐਡ ਬਣਾਏ ਸਨ। ਇਹ ਸਕੁਐਡ ਹੀ ਪਹਿਲੇ ਹਫਤੇ ਆਮ ਜੋੜਿਆਂ ਨੂੰ ਪ੍ਰੇਸ਼ਾਨ ਕਰਨ ਦਾ ਵਸੀਲਾ ਬਣ ਗਏ। ਲਿਹਾਜ਼ਾ, ਇਨ੍ਹਾਂ ਦੀ ਸਰਗਰਮੀ ਘਟਾਉਣੀ ਪਈ। ਇਹ ਸਹੀ ਹੈ ਕਿ ਲੜਕੀਆਂ ਦੇ ਸਕੂਲਾਂ-ਕਾਲਜਾਂ ਨੇੜੇ ਆਵਾਰਾ ਨੌਜਵਾਨਾਂ ਦੇ ਟੋਲੇ ਹੁਣ ਪੁਲਿਸ ਦੀ ਸਖਤੀ ਕਾਰਨ ਪਹਿਲਾਂ ਵਾਂਗ ਨਜ਼ਰ ਨਹੀਂ ਆਉਂਦੇ, ਪਰ ਅਮਨ ਕਾਨੂੰਨ ਦੀ ਵਿਵਸਥਾ ਬਰਕਰਾਰ ਰੱਖਣ ਨਾਲ ਹੋਰ ਵੀ ਬਹੁਤ ਸਾਰੇ ਪੱਖ ਜੁੜੇ ਹੋਏ ਹਨ। ਯੋਗੀ ਦੀ ਆਪਣੀ ਹਿੰਦੂ ਯੁਵਾ ਵਾਹਿਨੀ ਦੀਆਂ ਪੂਰਬੀ ਉਤਰ ਪ੍ਰਦੇਸ਼ ਵਿਚਲੀਆਂ ਸਰਗਰਮੀਆਂ ਬਦਅਮਨੀ ਪੈਦਾ ਕਰਨ ਵਾਲੀਆਂ ਹਨ ਜਦੋਂਕਿ ਪੱਛਮੀ ਉਤਰ ਪ੍ਰਦੇਸ਼ ਵਿਚ ਉਚ ਜਾਤੀਆਂ, ਖਾਸ ਕਰ ਕੇ ਠਾਕੁਰਾਂ ਤੇ ਦਲਿਤਾਂ ਦੀ ਕਲਹਿ ਮਹਿਜ਼ ਸਹਾਰਨਪੁਰ ਜ਼ਿਲ੍ਹੇ ਤੱਕ ਸੀਮਤ ਨਾ ਰਹਿ ਕੇ ਆਸ-ਪਾਸ ਦੇ ਜ਼ਿਲ੍ਹਿਆਂ ਵਿਚ ਫੈਲਦੀ ਜਾ ਰਹੀ ਹੈ। ਪੁਲਿਸ ਨੂੰ ਅਜਿਹੀਆਂ ਕਾਰਵਾਈਆਂ ਰੋਕਣ ਵਿਚ ਰੁੱਝਿਆਂ ਦੇਖ ਕੇ ਅਪਰਾਧੀ ਤੇ ਗੁੰਡਾ ਅਨਸਰ ਸਥਿਤੀ ਦਾ ਪੂਰਾ ਲਾਭ ਲੈ ਰਹੇ ਹਨ।

ਪਿਛਲੇ ਇਕ ਸਾਲ ਦੌਰਾਨ ਇਸ ਐਕਸਪ੍ਰੈਸਵੇਅ ਉਪਰ ਇਸ ਕਿਸਮ ਦਾ ਇਹ ਤੀਜਾ ਕਾਰਾ ਹੈ। ਯਮੁਨਾ ਐਕਸਪ੍ਰੈਸਵੇਅ ਵਰਗੇ ਅਤਿਆਧੁਨਿਕ ਸ਼ਾਹਰਾਹਾਂ ਉਤੇ ਸੁਰੱਖਿਆ ਦੇ ਇੰਤਜ਼ਾਮ ਨਦਾਰਦ ਹੋਣਾ ਪੁਲਿਸ ਪ੍ਰਬੰਧਾਂ ਵਿਚ ਸਖਤ ਅਵੇਸਲੇਪਣ ਦੀ ਨਿਸ਼ਾਨੀ ਹੈ।

ਯਮੁਨਾ ਐਕਸਪ੍ਰੈਸਵੇਅ 'ਤੇ ਹੀ ਨੋਇਡਾ ਨੇੜੇ ਪਿਛਲੇ ਸਾਲ ਅਗਸਤ ਮਹੀਨੇ ਹੋਏ ਮਾਂ-ਬੇਟੀ ਨੇ ਸਮੂਹਿਕ ਬਲਾਤਕਾਰ ਕਾਂਡ ਤੋਂ ਬਾਅਦ ਤਤਕਾਲੀ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ 24 ਘੰਟੇ ਪੁਲਿਸ ਗਸ਼ਤ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਸਿਰਫ ਪੰਦਰਾਂ ਦਿਨ ਹੀ ਨਿਭਿਆ। ਉਸ ਤੋਂ ਬਾਅਦ ਗਸ਼ਤ ਨਜ਼ਰ ਆਉਣੀ ਬੰਦ ਹੋ ਗਈ।

ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਅਖਿਲੇਸ਼ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ ਸਰਕਾਰ ਉਪਰ ਗੁੰਡਿਆਂ ਦੀ ਪੁਸ਼ਤਪਨਾਹੀ ਕਰਨ ਤੇ ਅਪਰਾਧ ਰੋਕਣ ਵਿਚ ਨਾਕਾਮ ਰਹਿਣ ਦਾ ਦੋਸ਼ ਲਾਇਆ ਸੀ। ਹੁਣ ਅਖਿਲੇਸ਼ ਨੂੰ ਯੋਗੀ ਸਰਕਾਰ ਉਪਰ ਅਜਿਹੇ ਹੀ ਦੋਸ਼ ਲਾਉਣ ਦਾ ਮੌਕਾ ਮਿਲ ਗਿਆ ਹੈ।

## ਬਡੂੰਗਰ ਦੀ ਯੋਗੀ ਸਰਕਾਰ ਨੂੰ ਅਪੀਲ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਮਿਲਣ ਲਈ ਪਹੁੰਚੇ ਇਕ ਸਿੱਖ ਨੂੰ ਸੁਰੱਖਿਆ ਮੁਲਾਜ਼ਮਾਂ ਵੱਲੋਂ ਕਿਰਪਾਨ ਉਤਾਰਨ ਲਈ ਮਜਬੂਰ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਸਿੱਖ ਤੇਜਪਾਲ ਸਿੰਘ ਨੂੰ ਮੁੱਖ ਮੰਤਰੀ ਨਾਲ ਮਿਲਣ ਤੋਂ ਪਹਿਲਾਂ ਕਿਰਪਾਨ ਉਤਾਰਨ ਲਈ ਮਜਬੂਰ ਕਰਨ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਅਪੀਲ ਕੀਤੀ ਕਿ ਸਿੱਖਾਂ ਨੂੰ ਧਾਰਮਿਕ ਚਿੰਨ੍ਹ ਪਹਿਨਣ ਦੀ ਆਜ਼ਾਦੀ ਸਬੰਧੀ ਅਮਲੇ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾਣ।

## ਨਸ਼ਾ ਤਸਕਰੀ ਕਰਦਾ ਕਬੂਤਰ ਗ੍ਰਿਫਤਾਰ

**ਕੁਵੈਤ:** ਕਬੂਤਰਾਂ ਵੱਲੋਂ ਚਿੱਠੀ ਪਹੁੰਚਾਉਣ ਬਾਰੇ ਤਾਂ ਤੁਸੀਂ ਸੁਣਿਆ ਹੋਣੈ, ਪਰ ਹੁਣ ਕਬੂਤਰਾਂ ਦਾ ਇਸਤੇਮਾਲ ਨਸ਼ਾ ਪਹੁੰਚਾਉਣ ਲਈ ਵੀ ਕੀਤਾ ਜਾਣ ਲੱਗਾ ਹੈ। ਮਾਮਲਾ ਕੁਵੈਤ ਦਾ ਹੈ ਜਿਥੇ ਪੁਲਿਸ ਨੇ ਕੁਝ ਅਜਿਹੇ ਕਬੂਤਰ ਫੜੇ ਹਨ ਜੋ ਡਰੱਗ ਤਸਕਰੀ ਕਰਦੇ ਸਨ। ਤਸਕਰਾਂ ਨੇ ਕਬੂਤਰਾਂ ਦੇ ਪੈਰਾਂ 'ਚ ਛੋਟੀਆਂ ਥੈਲੀਆਂ ਬੰਨੀਆਂ ਹੋਈਆਂ ਸਨ। ਖੋਲ੍ਹਣ 'ਤੇ ਇਨ੍ਹਾਂ ਵਿਚੋਂ ਡਰੱਗ ਮਿਲੀ। ਕਬੂਤਰਾਂ ਨੂੰ ਉਸ ਸਮੇਂ ਫੜਿਆ ਗਿਆ ਜਦੋਂ ਉਹ ਇਰਾਕ ਤੋਂ ਹੋ ਕੇ ਕੁਵੈਤ ਜਾ ਰਹੇ ਸਨ। ਇਸ ਤੋਂ ਪਹਿਲਾਂ ਵੀ ਦੁਨੀਆਂ ਦੇ ਕਈ ਦੇਸ਼ਾਂ ਵਿਚ ਕਬੂਤਰਾਂ ਨੂੰ ਡਰੱਗਜ਼ ਦੀ ਸਪਲਾਈ ਕਰਦੇ ਹੋਏ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਸਾਲ 2016 ਵਿਚ ਅਮਰੀਕਾ ਦੇ ਕੋਸਟਾ ਰਿਕਾ ਦੀ ਜੇਲ੍ਹ ਵਿਚ ਡਰੱਗਜ਼ ਸਪਲਾਈ ਦੌਰਾਨ ਇਕ ਕਬੂਤਰ ਫੜਿਆ ਗਿਆ ਸੀ।




ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ

ਪਾਲੋ ਆਲਟੋ (ਬੇਏਰੀਏ) ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ।

ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ

ਫੋਨ: 408-836-8757

20-23

Satwant Singh Insurance Services

We serve all over California

Auto, Home, Life, Business, Workers Comp.

See how much you can save. Get free quote for Auto, Home, Life and Business.

Compare Auto, Home quotes online at our website: www.satwantins.com

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
(CA Lic # 0H11256)

Now we have 3 locations:

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

Call today for your FREE, no-obligation quote:

1-408-771-2438

satwant@satwantins.com

Allied Insurance
a Nationwide Insurance® company

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਮਦੇਵ ਦੇ 32 ਉਤਪਾਦ ਮਿਆਰ ਟੈਸਟ ਵਿਚ ਫੇਲ੍ਹ




**ਨਵੀਂ ਦਿੱਲੀ:** ਸਵਦੇਸ਼ੀ ਅਤੇ ਵਧੀਆ ਉਤਪਾਦਾਂ ਦਾ ਦਾਅਵਾ ਕਰਨ ਵਾਲੇ ਯੋਗ ਗੁਰੂ ਰਾਮਦੇਵ ਨੂੰ ਉਸ ਵੇਲੇ ਵੱਡਾ ਝਟਕਾ ਜਦੋਂ ਪਤੰਜਲੀ ਦੇ ਕਰੀਬ 40 ਫੀਸਦੀ ਉਤਪਾਦ ਕੁਆਲਿਟੀ ਟੈਸਟ ਵਿਚ ਫੇਲ੍ਹ ਹੋ ਗਏ। ਆਰ.ਟੀ.ਆਈ. ਰਾਹੀਂ ਮਿਲੀ ਜਾਣਕਾਰੀ ਅਨੁਸਾਰ, ਹਰਿਦੁਆਰ ਦੇ ਆਯੁਰਵੇਦ ਅਤੇ ਯੂਨਾਨੀ ਦਫ਼ਤਰ ਨੇ ਜਾਂਚ ਦੇ ਬਾਅਦ ਇਹ ਰਿਪੋਰਟ ਦਿੱਤੀ ਹੈ। ਜਾਂਚ ਲਈ 2013 ਤੋਂ 2016 ਦਰਮਿਆਨ ਪਤੰਜਲੀ ਦੇ 82 ਉਤਪਾਦਾਂ ਦੇ ਨਮੂਨੇ ਲਏ ਗਏ ਸਨ ਜਿਨ੍ਹਾਂ ਵਿਚੋਂ 32 ਨਮੂਨੇ ਕੁਆਲਿਟੀ ਟੈਸਟ ਵਿਚ ਫੇਲ੍ਹ ਹੋ ਗਏ ਹਨ। ਜੋ ਉਤਪਾਦ ਫੇਲ੍ਹ ਹੋਏ ਹਨ, ਉਨ੍ਹਾਂ ਵਿਚ ਪਤੰਜਲੀ ਦਾ ਅਉਲਾ ਜੂਸ ਵੀ ਸ਼ਾਮਿਲ ਹੈ।

ਰਿਪੋਰਟ ਅਨੁਸਾਰ ਇਨ੍ਹਾਂ ਉਤਪਾਦਾਂ ਵਿਚ ਤੈਅ ਮਾਪਦੰਡਾਂ ਅਨੁਸਾਰ ਪੀ.ਐਚ. ਵੈਲਿਊ ਬਹੁਤ ਘੱਟ ਹੈ। ਪੀ.ਐਚ. ਵੈਲਿਊ 7 ਤੋਂ ਘੱਟ ਹੋਣ 'ਤੇ ਤੇਜ਼ਾਬੀ ਮਾਦਾ ਅਤੇ ਹੋਰ ਮੈਡੀਕਲ ਪ੍ਰੇਸ਼ਾਨੀਆਂ ਹੋ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਫੌਜ ਦੀਆਂ ਕੰਟੀਨਾਂ ਨੇ ਵੀ ਪਤੰਜਲੀ ਦੇ ਅਉਲਾ ਜੂਸ 'ਤੇ ਪਾਬੰਦੀ ਲਗਾ ਦਿੱਤੀ ਸੀ, ਕਿਉਂਕਿ ਇਹ ਪੱਛਮੀ ਬੰਗਾਲ ਦੀ ਲੈਬਾਰਟਰੀ ਵਿਚ ਫੇਲ੍ਹ ਹੋ ਗਿਆ ਸੀ। ਰਾਮਦੇਵ ਦੇ ਸਹਿਯੋਗੀ ਅਤੇ ਪਤੰਜਲੀ ਦੇ ਸੀ.ਈ.ਓ. ਅਚਾਰਿਆ ਬਾਲਕ੍ਰਿਸ਼ਨ ਨੇ ਲੈਬਾਰਟਰੀ ਦੀ ਰਿਪੋਰਟ ਨੂੰ ਗਲਤ ਦੱਸਿਆ ਹੈ ਅਤੇ ਕਿਹਾ ਹੈ ਕਿ ਇਹ ਪਤੰਜਲੀ ਬ੍ਰਾਂਡ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਹੈ।

## ਪਾਕਿ ਵਿਚ ਕਸ਼ਮੀਰ ਬਾਰੇ ਮਤਾ ਪਾਸ

**ਲਾਹੌਰ:** ਪਾਕਿਸਤਾਨੀ ਪੰਜਾਬ ਵਿਧਾਨ ਸਭਾ ਵਿਚ ਕਸ਼ਮੀਰ ਸਬੰਧੀ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ, ਜਿਸ 'ਚ ਫੈਡਰਲ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਕਸ਼ਮੀਰ 'ਚ ਹਿੰਸਾ ਦਾ ਮੁੱਦਾ ਤੁਰਤ ਸੰਯੁਕਤ ਰਾਸ਼ਟਰ (ਯੂ.ਐਨ.) ਕੋਲ ਉਠਾਇਆ ਜਾਵੇ ਅਤੇ ਵਿਸ਼ਵ ਸੰਗਠਨ ਨੂੰ ਇਸ ਮਾਮਲੇ 'ਚ ਦਖਲ ਦੇਣ ਦੀ ਬੇਨਤੀ ਕੀਤੀ ਜਾਵੇ। ਪੰਜਾਬ ਵਿਧਾਨ 'ਚ ਵਿਰੋਧੀ ਧਿਰ ਦੇ ਨੇਤਾ ਮੀਆ ਮਹਿਮੂਦ ਰਾਸ਼ਿਦ ਨੇ ਇਹ ਮਤਾ ਪੇਸ਼ ਕੀਤਾ। ਮਤੇ ਵਿਚ ਹਿਜ਼ਬੁਲ ਮੁਜਾਹਿਦੀਨ ਦੇ ਕਮਾਂਡਰ ਸਬਜ਼ਾਰ ਭੱਟ ਅਤੇ ਹੋਰਨਾਂ ਅਤਿਵਾਦੀਆਂ ਦੀ ਹੱਤਿਆ 'ਤੇ ਦੁੱਖ ਪ੍ਰਗਟ ਕੀਤਾ ਗਿਆ। ਯਾਦ ਰਹੇ ਕਿ ਪਾਕਿਸਤਾਨ ਕਸ਼ਮੀਰ ਮਸਲਾ ਪਹਿਲਾਂ ਵੀ ਕੌਮਾਂਤਰੀ ਪੱਧਰ 'ਤੇ ਉਠਾਉਂਦਾ ਰਿਹਾ ਹੈ, ਜਦਕਿ ਭਾਰਤ ਸਰਕਾਰ ਦਾ ਹਰ ਵਾਰ ਇਹੀ ਦਾਅਵਾ ਹੁਦਾ ਹੈ ਕਿ ਇਹ ਇਸ ਦਾ ਅੰਦਰੂਨੀ ਮਾਮਲਾ ਹੈ।

## ਹੀਥਰੋ ਅੱਡੇ ਤੋਂ ਉਡਾਣਾਂ ਮੁੜ ਸ਼ੁਰੂ

**ਲੰਡਨ:** ਬ੍ਰਿਟਿਸ਼ ਏਅਰਵੇਜ਼ ਨੇ ਆਪਣੇ ਦੋ ਅਹਿਮ ਹਵਾਈ ਅੱਡਿਆਂ ਹੀਥਰੋ ਤੇ ਗੈਟਵਿਕ ਤੋਂ ਪਹਿਲਾਂ ਵਾਂਗ ਨਿਯਮਤ ਹਵਾਈ ਉਡਾਣਾਂ ਸ਼ੁਰੂ ਕਰ ਦਿੱਤੀਆਂ ਹਨ। ਯਾਦ ਰਹੇ ਕਿ ਤਕਨੀਕੀ ਨੁਕਸ ਕਰ ਕੇ ਕੁਝ ਦਿਨਾਂ ਤੋਂ ਇਨ੍ਹਾਂ ਹਵਾਈ ਅੱਡਿਆਂ ਤੋਂ ਪੂਰੀਆਂ ਉਡਾਣਾਂ ਨਾ ਚੱਲਣ ਕਰ ਕੇ 75 ਹਜ਼ਾਰ ਦੇ ਕਰੀਬ ਮੁਸਾਫ਼ਰਾਂ ਨੂੰ ਖੱਜਲ ਖੁਆਰ ਹੋਣਾ ਪਿਆ ਸੀ। ਬ੍ਰਿਟਿਸ਼ ਏਅਰਵੇਜ਼ ਜੀ.ਐਮ.ਬੀ. ਯੂਨੀਅਨ ਨੇ ਆਈ.ਟੀ. ਸਿਸਟਮ ਵਿਚ ਪਏ ਤਕਨੀਕੀ ਨੁਕਸ ਲਈ ਭਾਰਤ ਤੋਂ ਆਊਟਸੋਰਸਿੰਗ ਕਰ ਕੇ ਲਿਆਂਦੇ ਭਾਰਤੀ ਸਟਾਫ਼ ਸਿਰ ਭਾਂਡਾ ਭੰਨ੍ਹਿਆ ਹੈ।

ਬ੍ਰਿਟਿਸ਼ ਏਅਰਵੇਜ਼ ਨੇ ਕਿਹਾ ਹੈ- "ਸਾਡੇ ਆਈ.ਟੀ. ਸਿਸਟਮ ਦਾ ਬੈਕਅੱਪ ਹੁਣ ਬਿਲਕੁਲ ਕੰਮ ਕਰ ਰਿਹਾ ਹੈ ਅਤੇ ਅਸੀਂ ਹੀਥਰੋ ਤੇ ਗੈਟਵਿਕ ਤੋਂ ਫੁਲ ਫਲਾਈਟ ਸ਼ਡਿਊਲ ਚਲਾ ਰਹੇ ਹਾਂ।" ਉਡਾਣਾਂ ਬੰਦ ਹੋਣ ਕਰ ਕੇ ਪ੍ਰੇਸ਼ਾਨੀ ਵਿਚ ਘਿਰੇ ਬ੍ਰਿਟਿਸ਼ ਏਅਰਵੇਜ਼ ਦੇ ਮੁੱਖ ਕਾਰਜਕਾਰੀ ਐਲਕਸ ਕਰੱਜ਼ ਨੇ ਉਡਾਣਾਂ ਵਿਚ ਦੇਰੀ ਲਈ ਬਿਜਲੀ ਦੇ ਝਟਕੇ ਸਿਰ ਭਾਂਡਾ ਭੰਨ੍ਹਿਆ। ਉਨ੍ਹਾਂ ਉਡਾਣਾਂ ਵਿਚ ਦੇਰੀ ਲਈ ਅਸਤੀਫ਼ਾ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਕੰਪਿਊਟਰਾਂ ਵਿਚ ਪਏ ਨੁਕਸ ਦਾ ਭਾਰਤ ਤੋਂ ਆਈ.ਟੀ. ਸੇਵਾਵਾਂ ਦੀ ਆਊਟਸੋਰਸਿੰਗ ਜਾਂ ਲਾਗਤ ਖਰਚੇ ਘਟਾਉਣ ਨਾਲ ਕੋਈ ਲਾਗਾ ਦੇਗਾ ਨਹੀਂ। ਕਰੱਜ਼ ਨੇ ਕਿਹਾ ਕਿ ਬਿਜਲੀ ਦਾ ਝਟਕਾ ਭਾਵੇਂ ਕੁਝ ਮਿੰਟਾਂ ਦਾ ਸੀ, ਪਰ ਏਅਰਲਾਈਨ ਦੇ ਬੈਕਅੱਪ ਸਿਸਟਮ ਨੇ ਠੀਕ ਢੰਗ ਨਾਲ ਕੰਮ ਨਹੀਂ ਕੀਤਾ।

ਉਧਰ, ਜੀ.ਐਮ.ਬੀ. ਯੂਨੀਅਨ ਨੇ ਕਿਹਾ ਕਿ ਆਈ.ਟੀ. ਨੌਕਰੀਆਂ ਭਾਰਤ ਤੋਂ ਆਊਟਸੋਰਸ ਕੀਤੇ ਜਾਣ ਨੇ ਹਾਲਾਤ ਬਦ ਤੋਂ ਬਦਤਰ ਬਣਾ ਦਿੱਤੇ ਹਨ। ਯੂਨੀਅਨ ਦੇ ਬੁਲਾਰੇ ਨੇ ਕਿਹਾ ਕਿ ਉਡਾਣਾਂ ਵਿਚ ਦੇਰੀ ਨੂੰ ਟਾਲਿਆ ਜਾ ਸਕਦਾ ਸੀ, ਬਸ਼ਰਤੇ ਸਾਲ 2016 ਵਿਚ ਹਜ਼ਾਰਾਂ ਸਮਰਪਿਤ ਤੇ ਭਰੋਸੇਮੰਦ ਵਰਕਰਾਂ ਨੂੰ ਸਸਤੇ ਭਾਰਤੀ ਸਟਾਫ਼ ਨਾਲ ਤਬਦੀਲ ਨਾ ਕੀਤਾ ਜਾਂਦਾ। ਇਸ ਦੌਰਾਨ

## ਮੁੱਖ ਮੰਤਰੀ ਦੇ ਪੁੱਤਰ ਨੂੰ 5 ਸਾਲ ਦੀ ਸਜ਼ਾ

**ਨਵੀਂ ਦਿੱਲੀ:** ਮਨੀਪੁਰ ਦੀ ਇਕ ਹੇਠਲੀ ਅਦਾਲਤ ਨੇ ਮੁੱਖ ਮੰਤਰੀ ਬੀਰੇਨ ਸਿੰਘ ਦੇ ਬੇਟੇ ਅਜੇ ਮਿਤਾਈ ਨੂੰ 5 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਅਜੇ ਮਿਤਾਈ ਨੂੰ ਰੋਡਰੇਜ਼ ਦੇ 6 ਸਾਲ ਪੁਰਾਣੇ ਇਕ ਮਾਮਲੇ 'ਚ ਇਹ ਸਜ਼ਾ ਸੁਣਾਈ ਹੈ। ਰੋਡਰੇਜ਼ ਦੇ 20 ਮਈ 2011 ਨੂੰ ਹੋਏ ਇਸ ਮਾਮਲੇ 'ਚ ਸੜਕ 'ਤੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ। ਇਸ ਮਾਮਲੇ 'ਚ ਹੱਤਿਆ ਦਾ ਦੋਸ਼ ਮੁੱਖ ਮੰਤਰੀ ਦੇ ਬੇਟੇ ਅਜੇ ਮਿਤਾਈ ਉਤੇ ਲੱਗਾ ਸੀ।

## ਨੇਪਾਲ ਦੇ ਪ੍ਰਧਾਨ ਮੰਤਰੀ ਪ੍ਰਚੰਡ ਵੱਲੋਂ ਅਸਤੀਫਾ

**ਕਠਮੰਡੂ:** ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਾਹਲ ਉਰਫ ਪ੍ਰਚੰਡ ਨੇ ਆਪਣੀ ਪਾਰਟੀ ਅਤੇ ਨੇਪਾਲੀ ਕਾਂਗਰਸ ਦਰਮਿਆਨ ਸੱਤਾ ਸਾਂਝੇਦਾਰੀ ਨੂੰ ਲੈ ਕੇ ਬਣੀ ਸਹਿਮਤੀ ਦਾ ਸਨਮਾਨ ਕਰਦਿਆਂ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਹ 9 ਮਹੀਨਿਆਂ ਤੋਂ ਇਸ ਅਹੁਦੇ 'ਤੇ ਸਨ। ਪ੍ਰਚੰਡ (62) ਨੇ ਦੇਸ਼ ਦੇ ਨਾਂ ਸੰਬੋਧਨ ਦੌਰਾਨ ਆਪਣੇ ਅਸਤੀਫੇ ਦਾ ਐਲਾਨ ਕੀਤਾ।

# ਰਾਣੇ ਨੇ ਮਹਾਰਾਜੇ ਨੂੰ ਕਸੂਤਾ ਫਸਾਇਆ

*(ਸਫਾ ਇਕ ਦੀ ਬਾਕੀ)*

ਖੁਰਦ ਦੀ ਖੱਡ ਹਾਸਲ ਕੀਤੀ। ਨੇਪਾਲੀ ਮੂਲ ਦਾ ਅਮਿਤ ਬਹਾਦੁਰ ਰਾਣਾ ਸ਼ੂਗਰਜ਼ ਵਿਚ ਖਾਨਸਾਮੇ ਵਜੋਂ ਕੰਮ ਕਰਦਾ ਹੈ। ਉਸ ਦੀ ਵਫਾਦਾਰੀ ਕਾਰਨ ਉਸ ਨੂੰ ਨਿੱਜੀ ਸਹਾਇਕ ਬਣਾਇਆ ਗਿਆ ਸੀ। ਰਾਣਾ ਸ਼ੂਗਰਜ਼ ਦੇ ਇਕ ਹੋਰ ਮੁਲਾਜ਼ਮ ਕੁਲਵਿੰਦਰ ਪਾਲ ਸਿੰਘ ਨੇ ਨਵਾਂਸ਼ਹਿਰ ਦੀ ਮਹਿਦੀਪੁਰ ਖੱਡ 9.21 ਕਰੋੜ ਰੁਪਏ ਵਿਚ ਖਰੀਦੀ। ਇਸੇ ਕੰਪਨੀ ਦੇ ਮੁਲਾਜ਼ਮ ਬਲਰਾਜ ਸਿੰਘ ਨੂੰ 10.58 ਕਰੋੜ ਰੁਪਏ ਵਿਚ ਪਿੰਡ ਬੈਰਸਾਲ ਦੀ ਖੱਡ ਮਿਲੀ ਹੈ। ਇਹੀ ਨਹੀਂ, ਪੰਜਾਬ ਵਿਚ ਟਰਾਂਸਪੋਰਟ ਦੇ ਕਾਰੋਬਾਰ ਵਿਚ ਸਿਆਸੀ ਅਜਾਰੇਦਾਰੀ ਤੋੜਨਾ ਵੀ ਸਰਕਾਰ ਲਈ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਅਕਾਲੀ ਅਤੇ ਕਾਂਗਰਸੀ, ਕੈਪਟਨ ਸਰਕਾਰ 'ਤੇ ਲਗਭਗ ਪੰਜ ਹਜ਼ਾਰ ਗੈਰਕਾਨੂੰਨੀ ਰੂਟ ਜਾਰੀ ਰੱਖਣ ਲਈ ਦਬਾਅ ਪਾ ਰਹੇ ਹਨ।

ਕਾਂਗਰਸ ਸਰਕਾਰ ਰੇਤ-ਬਜਰੀ ਦੀ ਨਿਕਾਸੀ ਤੋਂ ਸਿਆਸੀ ਅਜਾਰੇਦਾਰੀ ਤੋੜਨ, ਪੰਜਾਬ ਨੂੰ ਇਕ ਮਹੀਨੇ ਵਿਚ ਨਸ਼ਾ ਮੁਕਤ ਕਰਨ, ਕਿਸਾਨ ਦੀ ਕਰਜ਼ ਮੁਆਫੀ ਤੇ ਬੇਰੁਜ਼ਗਾਰੀ ਖਤਮ ਕਰਨ ਦੇ ਵਾਅਦਿਆਂ ਨਾਲ ਸੱਤਾ ਦੀ ਪੌੜੀ ਚੜ੍ਹੀ ਸੀ। ਨਵੀਂ ਬਣੀ ਸਰਕਾਰ ਦੇ ਮੰਤਰੀ ਮੰਡਲ ਦੀ ਪਲੇਠੀ ਮੀਟਿੰਗ ਵਿਚ ਹੀ ਕੁਝ ਅਹਿਮ ਫੈਸਲੇ ਲੈ ਕੇ ਲੋਕਾਂ ਨੂੰ ਜਚਾ ਦਿੱਤਾ ਸੀ ਕਿ ਉਨ੍ਹਾਂ ਨੇ ਕੈਪਟਨ ਸਰਕਾਰ ਚੁਣ ਕੇ ਕੋਈ ਗਲਤੀ ਨਹੀਂ ਕੀਤੀ, ਪਰ ਹੌਲੀ-ਹੌਲੀ ਕਾਂਗਰਸ ਦੇ ਆਪਣੇ ਹੀ ਸੀਨੀਅਰ ਆਗੂ ਲੋਕਾਂ ਭਲਾਈ ਦੇ ਇਨ੍ਹਾਂ ਕੰਮਾਂ ਅੱਗੇ ਅੜਿੱਕਾ ਡਾਹੁਣ ਲੱਗੇ। ਕੈਪਟਨ ਸਰਕਾਰ ਨੇ ਜ਼ਿਲ੍ਹਾ ਜਥੇਦਾਰੀ ਪ੍ਰਥਾ ਦਾ ਖਾਤਮਾ ਤੇ ਵੀ.ਵੀ.ਆਈ. ਸਭਿਆਚਾਰ ਖਤਮ ਕਰਨ ਨੂੰ ਆਪਣੇ ਮੁੱਖ ਏਜੰਡੇ 'ਤੇ ਰੱਖਿਆ, ਪਰ ਕਾਂਗਰਸ ਆਗੂ ਹੱਥ ਆਈ ਸੱਤਾ ਦਾ ਸੁੱਖ ਭੋਗਣ ਵਿਚ ਇੰਨੇ ਮਸਤ ਹੋਏ ਕਿ ਇਨ੍ਹਾਂ ਨੇ ਆਪਣੀ ਹੀ ਸਰਕਾਰ ਦੇ ਫੈਸਲਿਆਂ ਨੂੰ ਅਣਗੌਲਿਆਂ ਕਰ ਦਿੱਤਾ। ਕਾਂਗਰਸੀ ਆਗੂਆਂ ਨੇ ਅਕਾਲੀ ਸਰਪੰਚਾਂ ਸਮੇਤ ਤਕਰੀਬਨ ਅੱਧੀ ਦਰਜਨ ਅਕਾਲੀਆਂ ਨੂੰ ਸ਼ਰੇਆਮ ਮੌਤ ਦੇ ਘਾਟ ਉਤਾਰ ਦਿੱਤਾ। ਇਸ ਪਿੱਛੋਂ ਪੰਜਾਬ ਵਿਚ ਕਾਨੂੰਨ ਵਿਵਸਥਾ 'ਤੇ ਵੀ ਕੈਪਟਨ ਸਰਕਾਰ ਵਿਰੋਧੀ ਧਿਰ ਤੇ ਆਮ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣ ਲੱਗੀ।

ਰੇਤ ਦੀਆਂ 50 ਖੱਡਾਂ ਦੀ ਦੋ-ਦਿਨਾ ਨਿਲਾਮੀ ਦੌਰਾਨ ਸਰਕਾਰ ਕੋਲ ਪਹਿਲਾਂ ਹੀ 300 ਕਰੋੜ ਰੁਪਏ ਮਾਲੀਆ ਇਕੱਤਰ ਹੋ ਚੁੱਕਾ ਹੈ। ਇਹ ਸਰਕਾਰ ਦੀ ਖਣਨ ਸੈਕਟਰ ਤੋਂ ਹੁਣ ਤੱਕ ਦੀ ਸਭ ਤੋਂ ਵੱਧ ਕਮਾਈ ਹੈ। ਸਰਕਾਰ ਵੱਲੋਂ 56 ਹੋਰ ਖੱਡਾਂ ਦੀ ਨਿਲਾਮੀ 11 ਜੂਨ ਨੂੰ ਕੀਤੀ ਜਾਵੇਗੀ ਜਿਸ ਤੋਂ 300 ਕਰੋੜ ਰੁਪਏ ਹੋਰ ਕਮਾਈ ਦੀ ਆਸ ਹੈ। ਪਿਛਲੇ ਸਾਲ ਰੇਤ ਦੀ ਨਿਲਾਮੀ ਤੋਂ ਅਕਾਲੀ ਸਰਕਾਰ ਨੂੰ 40 ਕਰੋੜ ਰੁਪਏ ਹੀ ਹਾਸਲ ਹੋਏ ਸਨ। ਸਰਕਾਰ ਨੇ ਭਾਵੇਂ ਚੋਖੇ ਪੈਸੇ ਵੱਟ ਲਏ ਹਨ, ਪਰ ਦੋ ਮਹੀਨਿਆਂ ਵਿਚ ਰੇਤ ਦੀਆਂ ਕੀਮਤਾਂ ਨਾ ਸਿਰਫ ਦੁੱਗਣੀਆਂ ਹੋਈਆਂ ਹਨ, ਸਗੋਂ ਕਾਲਾਬਾਜ਼ਾਰੀ ਵੀ ਵਧੀ ਹੈ। ਰੇਤ-ਬਜਰੀ ਦੀ ਖੁਦਾਈ ਦੇ ਮੁੱਦੇ 'ਤੇ ਪਿਛਲੀ ਸਰਕਾਰ ਦੇ ਸਮੇਂ ਵੀ ਰਾਜਨੀਤਕ-ਤੰਤਰ ਅਧੀਨ ਰੇਤ ਮਾਫੀਆ ਦੇ ਸਰਗਰਮ ਹੋਣ ਦੇ ਦੋਸ਼ ਲਗਦੇ ਰਹੇ ਹਨ। ਮੌਜੂਦਾ ਸਮੇਂ ਵਿਚ ਵੀ ਰੇਤ-ਬਜਰੀ ਦੀਆਂ ਖੱਡਾਂ ਦੀ ਨਿਲਾਮੀ ਤੋਂ ਬਾਅਦ ਅਜਿਹੇ ਹੀ ਦੋਸ਼ ਲੱਗੇ ਹਨ। ਦੋ ਮਹੀਨੇ ਪਹਿਲਾਂ 10-12 ਹਜ਼ਾਰ ਰੁਪਏ ਵਾਲੇ ਰੇਤ ਦੇ ਟਰੱਕ ਦੀ ਕੀਮਤ ਅੱਜ ਕਾਲਾ ਬਾਜ਼ਾਰ ਵਿਚ 40 ਹਜ਼ਾਰ ਰੁਪਏ ਤੋਂ ਉਪਰ ਚਲੀ ਗਈ ਹੈ। ਇਸ ਤੋਂ ਪਹਿਲਾਂ ਜਨਵਰੀ-ਫਰਵਰੀ ਵਿਚ ਇੰਨੀ ਹੀ ਰੇਤ ਦੇ ਇਕ ਟਰੱਕ ਦੀ ਕੀਮਤ ਲਗਭਗ 7-8 ਹਜ਼ਾਰ ਰੁਪਏ ਹੁੰਦੀ ਸੀ ਅਤੇ ਰੇਤ ਬਾਜ਼ਾਰ ਵਿਚੋਂ ਮਿਲ ਵੀ ਸੌਖਿਆਂ ਜਾਂਦੀ ਸੀ, ਪਰ ਅੱਜ ਰੇਤ-ਬਜਰੀ ਦਾ ਬਾਜ਼ਾਰ ਵਿਚ ਇਕ ਗੈਰ-ਕੁਦਰਤੀ ਸੰਕਟ ਪੈਦਾ ਹੋ ਗਿਆ ਭਾਸਦਾ ਹੈ।

## ਮੋਦੀ ਦੀਆਂ ਫਿਰਕੂ ਨੀਤੀਆਂ ਖਿਲਾਫ ਆਵਾਜ਼ ਬੁਲੰਦ

*(ਸਫਾ ਇਕ ਦੀ ਬਾਕੀ)*

ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਸਰਕਾਰ ਬਣੀ ਹੈ, ਉਦੋਂ ਤੋਂ ਕੁਝ ਮੂਲਵਾਦੀ ਜਥੇਬੰਦੀਆਂ ਆਪਣੇ ਏਜੰਡੇ ਲਾਗੂ ਕਰਨ ਲਈ ਤਤਪਰ ਹੋਈਆਂ ਵਿਖਾਈ ਦੇ ਰਹੀਆਂ ਹਨ।

ਉਤਰ ਪ੍ਰਦੇਸ਼ ਵਿਚ ਯੋਗੀ ਆਦਿਤਿਆਨਾਥ ਨੂੰ ਮੁੱਖ ਮੰਤਰੀ ਬਣਾਉਣਾ ਵੀ ਇਸੇ ਏਜੰਡੇ ਨੂੰ ਅੱਗੇ ਤੋਰਨ ਦੀ ਕੜੀ ਕਿਹਾ ਜਾ ਸਕਦਾ ਹੈ। ਆਪਣੇ ਢੰਗ-ਤਰੀਕੇ ਨਾਲ ਆਦਿਤਿਆਨਾਥ ਇਸ ਮਕਸਦ ਲਈ ਯਤਨਸ਼ੀਲ ਵੀ ਜਾਪਦੇ ਹਨ। ਉਤਰ ਪ੍ਰਦੇਸ਼ ਵਿਚ ਇਸ ਦਾ ਵੱਡਾ ਵਿਰੋਧ ਵੀ ਹੋਣਾ ਸ਼ੁਰੂ ਹੋ ਗਿਆ ਹੈ। ਪਿਛਲੇ ਕੁਝ ਸਾਲਾਂ ਤੋਂ ਗਊ ਰੱਖਿਅਕਾਂ ਦੇ ਨਾਂ ਹੇਠ ਜਿਸ ਤਰ੍ਹਾਂ ਸਮਾਜ ਵਿਚ ਗੁੰਡਾ ਅਨਸਰਾਂ ਨੇ ਆਪਣੀਆਂ ਚੰਮ ਦੀਆਂ ਚਲਾਈਆਂ ਹਨ, ਉਸ ਨੂੰ ਵੇਖ ਕੇ ਲੱਗਦਾ ਹੈ ਕਿ ਸਰਕਾਰੀ ਸ਼ਹਿ ਪ੍ਰਾਪਤ ਇਹ ਅਨਸਰ ਸਮਾਜ ਨੂੰ ਬੁਰੀ ਤਰ੍ਹਾਂ ਤੋੜਨ ਲੱਗੇ ਹੋਏ ਹਨ। ਇਨ੍ਹਾਂ ਗੈਰ ਜ਼ਿੰਮੇਵਾਰ ਅਤੇ ਆਪੇ ਬਣੇ ਸੰਗਠਨਾਂ ਨੇ ਕਿਸਾਨਾਂ ਦੇ ਨੱਕ ਵਿਚ ਦਮ ਕਰ ਦਿੱਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪੰਜਾਬੀ ਕਵਿਤਾ ਦੇ ਖੇਤਰ ਵਿਚ ਨਾਰੀਆਂ ਦੀ ਚੜ੍ਹਤ: ਡਾ. ਤਿਆਗੀ

**ਹੇਵਰਡ (ਬਿਊਰੋ):** "ਅਜੋਕੇ ਦੌਰ ਵਿਚ ਔਰਤਾਂ ਦੀ ਸ਼ਾਇਰੀ ਮਰਦਾਂ ਦੀ ਸ਼ਾਇਰੀ ਨਾਲੋਂ ਗੁਣਤਾਮਕ ਪੱਖੋਂ ਬਹੁਤ ਅੱਗੇ ਨਿਕਲ ਗਈ ਹੈ। ਔਰਤਾਂ ਦੀ ਸ਼ਾਇਰੀ ਵਿਚ ਵਿਸ਼ਾ-ਵਿਸ਼ਾਲਤਾ ਉਭਰ ਕੇ ਸਾਹਮਣੇ ਆਈ ਹੈ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਮੋਹਨ ਤਿਆਗੀ ਨੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਬੇ ਏਰੀਆ ਵਲੋਂ ਬੀਤੇ ਦਿਨੀਂ ਇਥੇ ਫੇਵਰਟ ਇੰਡੀਆ ਰੈਸਟੋਰੈਂਟ ਵਿਚ ਰਚਾਏ ਗਏ ਸੰਵਾਦ ਨੂੰ ਸੰਬੋਧਨ ਕਰਦਿਆਂ ਕੀਤਾ।



ਡਾ. ਤਿਆਗੀ ਨੇ ਆਪਣੇ ਇਸ ਕਥਨ ਦੀ ਪ੍ਰੋੜਤਾ ਕਰਦਿਆਂ ਹਾਲ ਵਿਚ ਹੀ ਪ੍ਰਕਾਸ਼ਿਤ ਹੋਏ ਪੰਜ ਕਾਵਿ ਸੰਗ੍ਰਿਹਾਂ 'ਰੂਹ ਦੀ ਪਰਵਾਜ਼' (ਸੰਦੀਪ), 'ਸ਼ਬਦਾਂ ਦੀ ਨਾਟ ਮੰਡਲੀ' (ਸਰਬਜੀਤ ਕੌਰ), 'ਯੁੱਗ ਚੇਤਨਾ' (ਸਿੰਮੀ ਪ੍ਰੀਤ ਕੌਰ), 'ਗਗਨ ਦਮਾਮੇ ਦੀ ਭਾਲ' (ਕਰਮਜੀਤ ਕੌਰ ਕਿਸ਼ਾਂਵਲ) ਅਤੇ 'ਆਪਣੇ ਤੋਂ ਆਪਣੇ ਤੱਕ' (ਅਰਤਿੰਦਰ ਸੰਧੂ) ਦੇ ਹਵਾਲੇ ਨਾਲ ਕਿਹਾ ਕਿ ਇਹ ਸਾਰੇ ਕਾਵਿ ਸੰਗ੍ਰਿਹ ਨਿਵੇਕਲੇ ਤੇ ਚੇਤਨਾ ਦੇ ਰੰਗ ਵਿਚ ਰੰਗੇ ਹੋਏ ਹਨ। ਉਨ੍ਹਾਂ ਖਿਆਲ ਜ਼ਾਹਰ ਕੀਤਾ ਕਿ ਇਸ ਦੇ ਮੁਕਾਬਲੇ ਮਰਦਾਂ ਦੀ ਸ਼ਾਇਰੀ ਨਾਂ-ਮਾਤਰ ਰਹਿ ਗਈ ਹੈ। ਉਂਜ ਉਨ੍ਹਾਂ ਵਾਹਿਦ ਦੇ ਗਜ਼ਲ ਸੰਗ੍ਰਿਹ 'ਪ੍ਰਿਜ਼ਮ 'ਚੋਂ ਲੰਘਦਾ ਸ਼ਹਿਰ' ਦਾ ਜ਼ਿਕਰ ਹਾਂਪੱਖੀ ਨਜ਼ਰੀਏ ਨਾਲ ਕੀਤਾ।

ਇਸ ਸੰਵਾਦ ਨੂੰ ਅੱਗੇ ਤੋਰਨ ਤੋਂ ਪਹਿਲਾਂ ਵਿਪਸਾਅ ਦੇ ਜਨਰਲ ਸਕੱਤਰ ਕੁਲਵਿੰਦਰ ਨੇ ਡਾ. ਮੋਹਨ ਤਿਆਗੀ, ਸੁਰਿੰਦਰ ਸਿੰਘ ਸੀਰਤ ਅਤੇ ਸੁਰਿੰਦਰ ਸਿੰਘ ਧਨੋਆ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਕਰਦਿਆਂ ਡਾ. ਤਿਆਗੀ ਦੀ ਜਾਣ-ਪਛਾਣ ਕਰਵਾਈ ਕਿ ਡਾ. ਤਿਆਗੀ ਦਾ ਵਣਜਾਰਿਆਂ ਦੀਆਂ ਝੁੱਗੀਆਂ ਵਿਚੋਂ ਉਠ ਕੇ ਯੂਨੀਵਰਸਿਟੀ ਤੱਕ ਪਹੁੰਚਣਾ ਵਿਸ਼ੇਸ਼ ਅਰਥ ਰਖਦਾ ਹੈ। ਕੁਲਵਿੰਦਰ ਨੇ ਦੱਸਿਆ ਕਿ ਡਾ. ਤਿਆਗੀ ਨੇ ਪਰਵਾਸੀ ਕਹਾਣੀਆਂ ਦੀ ਚੇਤਨਾ 'ਤੇ ਪੀਐਚ.ਡੀ ਕੀਤੀ ਹੈ। ਇਸ ਤੋਂ ਇਲਾਵਾ ਇਕ ਸ਼ਾਇਰ ਵੀ ਹਨ। ਉਨ੍ਹਾਂ ਵਾਰਤਕ ਅਤੇ ਆਲੋਚਨਾ ਦੀਆਂ ਪੁਸਤਕਾਂ ਦੇ ਨਾਲ ਨਾਲ ਬਹੁਤ ਸਾਰੇ ਖੋਜ ਪੱਤਰ ਲਿਖੇ ਹਨ। ਖਾਨਾਬਦੋਸ਼ ਕਬੀਲਿਆਂ ਦੇ ਸਭਿਆਚਾਰ 'ਤੇ ਪੁਸਤਕ ਲਿਖ ਕੇ ਨਾਮਣਾ ਖੱਟਿਆ ਹੈ। ਸੰਤ ਰਾਮ ਉਦਾਸੀ ਅਤੇ ਪ੍ਰੋ. ਪ੍ਰੀਤਮ ਸਿੰਘ ਰਾਹੀ ਪੁਰਸਕਾਰ ਨਾਲ ਸਨਮਾਨਿਤ ਡਾ. ਤਿਆਗੀ ਨੇ ਇਹ ਮੁਕਾਮ ਸੰਘਰਸ਼ ਨਾਲ ਪ੍ਰਾਪਤ ਕੀਤਾ ਹੈ। ਇਸ ਦੀ ਪੁਸ਼ਟੀ ਡਾ. ਤਿਆਗੀ ਦੀ ਨਜ਼ਮ 'ਆਰਤੀ' ਹੈ:

ਹੇ ਪ੍ਰਭੂ! ਹੇ ਖ਼ੁਦਾ !!
ਇਹ ਸਭ ਰੰਗ
ਮੇਰੇ ਹਨ
ਇਹ ਸਾਰੇ ਰੰਗ ਮੈਂ,
ਆਪਣੇ ਲਹੂ 'ਚੋਂ
ਕਸ਼ੀਦ ਕੀਤੇ ਨੇ
ਇਨ੍ਹਾਂ ਰੰਗਾਂ 'ਚ
ਤੇਰੀ ਆਰਤੀ ਸ਼ਾਮਿਲ ਨਹੀਂ।

ਸੰਵਾਦ ਨੂੰ ਅੱਗੇ ਤੋਰਦਿਆਂ ਡਾ. ਤਿਆਗੀ ਨੇ ਕਿਹਾ ਕਿ ਉਹ ਦੀਪਕ ਜੈਤੋਈ ਰਚਨਾ ਪ੍ਰਾਜੈਕਟ ਪੂਰਾ ਕਰਨ ਤੋਂ ਬਾਅਦ ਹੁਣ 'ਡਾ. ਜਗਤਾਰ ਜੀਵਨ ਤੇ ਰਚਨਾ' ਪ੍ਰਾਜੈਕਟ 'ਤੇ ਕੰਮ ਕਰ ਰਹੇ ਹਨ। ਡਾ. ਜਗਤਾਰ ਦੀ ਕਵਿਤਾ ਮੁਰਦਿਆਂ ਵਿਚ ਰੂਹ ਫੂਕਣ ਦੇ ਸਮਰੱਥ ਹੈ। ਹਾਜ਼ਰ ਵਿਪਸਾਅ ਮੈਂਬਰਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਚ ਡਾ. ਤਿਆਗੀ ਨੇ ਕਿਹਾ ਕਿ ਮੈਂ ਜਾਤੀ ਅਤੇ ਧਰਮ ਤੋਂ ਉਪਰ ਉਠ ਕੇ ਕੰਮ ਕਰਦਾ ਹਾਂ। ਪਰਵਾਸੀ ਸਾਹਿਤ ਦੀ ਧਾਰਾ ਦੀ ਗੱਲ ਕਰਾਂ ਤਾਂ ਇਹ ਧਾਰਾ ਇੰਗਲੈਂਡ ਵਿਚ ਵਧੀ-ਫੁਲੀ, ਪਰਵਾਸ ਵਿਚ ਲਿਖੀ ਕਹਾਣੀ ਗਲੋਬਲ ਪੱਧਰ 'ਤੇ ਆਪਣੀ ਨਿਵੇਕਲੀ ਪਛਾਣ ਬਣਾ ਚੁਕੀ ਹੈ।

ਕੁਲਵਿੰਦਰ ਦਾ ਸਵਾਲ ਸੀ ਕਿ ਪੰਜਾਬੀ ਆਲੋਚਕ ਜਿਨ੍ਹਾਂ ਗਰੁਪਾਂ ਵਿਚ ਵੰਡੇ ਹੋਏ ਹਨ, ਉਨ੍ਹਾਂ ਦੀ ਹੀ ਗੱਲ ਕਰਦੇ ਹਨ, ਬਹੁਤ ਸਾਰੇ ਚੰਗੇ ਲੇਖਕ ਰਹਿ ਜਾਂਦੇ ਹਨ? ਉਸ ਦੇ ਜਵਾਬ ਵਿਚ ਡਾ. ਤਿਆਗੀ ਨੇ ਕਿਹਾ ਕਿ ਹਰ ਲੇਖਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਆਪਣੀ ਪੁਸਤਕ ਆਲੋਚਕ ਤੱਕ ਅੱਪੜਦੀ ਕਰੇ। ਜੇ ਇਸ ਦੇ ਬਾਵਜੂਦ ਆਲੋਚਕ ਅਜਿਹਾ ਕਰਦਾ ਹੈ ਤਾਂ ਇਹ ਖਤਰਨਾਕ ਹੈ। ਜਿਵੇਂ ਸੁਰਿੰਦਰ ਸਿੰਘ ਸੀਰਤ ਜੰਮੂ-ਕਸ਼ਮੀਰ ਤੋਂ ਹੈ ਅਤੇ ਗਜ਼ਲ 'ਤੇ ਨਿੱਠ ਕੇ ਕੰਮ ਕਰ ਰਿਹਾ ਹੈ। ਜੇ ਅਲੋਚਕ ਆਪਣੇ ਪੇਪਰ ਵਿਚ ਸੀਰਤ ਦੀ ਗਜ਼ਲ ਅਣਗੌਲੇ ਕਰਦਾ ਹੈ ਤਾਂ ਇਹ ਉਸ ਲਈ ਵੀ ਘਾਤਕ ਹੈ। ਬਾਕੀ ਕੁਝ ਆਲੋਚਕ ਵਡੇਰੇ ਹੋ ਚੁਕੇ ਹਨ, ਉਨ੍ਹਾਂ ਦੇ ਚੇਤਿਆਂ ਵਿਚ ਉਨ੍ਹਾਂ ਦੇ ਹਾਣ ਦੇ ਲੇਖਕ ਹੀ ਹਨ ਅਤੇ ਉਹ ਉਨ੍ਹਾਂ ਦਾ ਜ਼ਿਕਰ ਹੀ ਕਰੀ ਜਾ ਰਹੇ ਹਨ। ਇਸ ਲਈ ਮੈਂ ਇਸ ਗੱਲ ਨਾਲ ਸਹਿਮਤ ਹਾਂ ਤੇ ਆਪਣੇ ਬਾਰੇ ਕਹਿ ਸਕਦਾ ਹਾਂ ਕਿ ਮੈਂ ਜ਼ਮੀਰ ਨਾਲ ਕੰਮ ਕਰਦਾ ਹਾਂ। ਬਾਕੀ ਇਹ ਵੀ ਸੱਚ ਹੈ ਕਿ ਕੁਝ ਲੇਖਕਾਂ ਦਾ ਉਦੇਸ਼ ਪੰਜਾਬ ਜਾ ਕੇ ਥਾਂ-ਥਾਂ ਸਨਮਾਨ ਕਰਵਾਉਣਾ ਹੀ ਹੈ। ਉਨ੍ਹਾਂ ਦੀ ਤ੍ਰਿਪਤੀ ਇੰਨੇ ਨਾਲ ਹੀ ਹੋ ਜਾਂਦੀ ਹੈ। ਸਿਰਫ ਕੁਝ ਕੁ ਲੇਖਕ ਹੀ ਹਨ ਜੋ ਸਾਹਿਤ ਪ੍ਰਤੀ ਸੁਹਿਰਦ ਹਨ।

ਵਿਸ਼ਵ ਕਾਨਫਰੰਸਾਂ ਦੇ ਉਦੇਸ਼ ਬਾਰੇ ਪੁੱਛੇ ਜਾਣ 'ਤੇ ਡਾ. ਤਿਆਗੀ ਨੇ ਕਿਹਾ ਕਿ ਇਨ੍ਹਾਂ ਕਾਨਫਰੰਸਾਂ ਵਿਚ ਲੇਖਕ ਨਹੀਂ ਲੋਕ ਆ ਰਹੇ ਹਨ ਅਤੇ ਉਨ੍ਹਾਂ ਵਿਚ ਵੀ ਬਹੁਤੀਆਂ ਔਰਤਾਂ ਹੁੰਦੀਆਂ ਹਨ। ਬਾਕੀ ਮੈਂ ਆਪਣੇ ਕੰਮ ਲਈ ਜ਼ਿੰਮੇਵਾਰ ਹਾਂ।

ਅਖੀਰ ਵਿਚ ਸੁਖਦੇਵ ਸਾਹਿਲ ਨੇ ਆਪਣੀ ਮਧੁਰ ਆਵਾਜ਼ ਨਾਲ ਮਾਹੌਲ ਨੂੰ ਲੈਅਬੱਧ ਕਰ ਦਿੱਤਾ। ਇਸ ਮੌਕੇ ਵਿਪਸਾਅ ਮੈਂਬਰਾਂ ਵਲੋਂ ਡਾ. ਤਿਆਗੀ ਦਾ ਸਨਮਾਨ ਕੀਤਾ ਗਿਆ।

ਇਸ ਸੰਵਾਦ ਵਿਚ ਗੁਲਸ਼ਨ ਦਿਆਲ, ਰੇਸ਼ਮ, ਪ੍ਰੋ. ਬਲਜਿੰਦਰ, ਤਾਰਾ ਸਾਗਰ, ਜਸਵਿੰਦਰ ਧਨੋਆ, ਜਸਵੰਤ ਸਿੰਘ ਸਰਾਂ, ਦਿਲਰਾਜ ਅਤੇ ਨੀਲਮ ਸੈਣੀ ਸ਼ਾਮਿਲ ਸਨ।

ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ
ਇੰਡੀਅਨ ਰੈਸਟੋਰੈਂਟ
'ਹਵੇਲੀ' ਲਈ ਅਨੁਭਵੀ
ਤੰਦੂਰੀਏ ਤੇ ਕਿਚਨ ਹੈਲਪਰ
ਦੀ ਲੋੜ ਹੈ
ਸੰਪਰਕ ਕਰੋ
ਫੋਨ: 262-391-7666
22-24

ਹਲਵਾਈ, ਡੋਸਾ ਮੇਕਰ ਅਤੇ
ਕਿਚਨ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ
ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
11-

Reliable and Experienced
Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse
ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ
ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ
ਹੋਵੇ ਤਾਂ ਜ਼ਰੂਰ ਸੰਪਰਕ ਕਰੋ
ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ
ਕਰ ਸਕਦੇ ਹਾਂ
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR®



Gurbans Singh Gill
Realtor
BRE#01227109
18 Years Experiance
in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ
ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
7021 Village Park Way, Dublin, CA 94568
Email:
Homeomedicine@yahoo.com

# ਚੋਣ ਵਾਅਦੇ ਪੁਗਾਉਣ ਬਾਰੇ ਸਰਕਾਰ ਦੀ ਨਾ ਨੀਤੀ ਤੇ ਨਾ ਹੀ ਨੀਅਤ



**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਜਨਤਾ ਨਾਲ ਵਾਅਦੇ ਤਾਂ ਵੱਡੇ-ਵੱਡੇ ਕਰ ਲਏ ਹਨ, ਪਰ ਇਨ੍ਹਾਂ ਨੂੰ ਪੂਰੇ ਕਰਨ ਲਈ ਕੋਈ ਪੁਖਤਾ ਯੋਜਨਾ ਨਹੀਂ ਹੈ। ਇਸ ਲਈ ਕੈਪਟਨ ਉਤੇ ਭਰੋਸਾ ਪ੍ਰਗਟਾਉਣ ਵਾਲੇ ਵੀ ਹੁਣ ਸਰਕਾਰ ਵੱਲ ਸ਼ੱਕ ਦੀ ਨਿਗ੍ਹਾ ਨਾਲ ਵੇਖਣ ਲੱਗੇ ਹਨ। ਪਹਿਲਾਂ ਮਸਲਾ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਬਾਰੇ ਹੈ। ਕੈਪਟਨ ਨੇ ਚੋਣਾਂ ਤੋਂ ਪਹਿਲਾਂ ਕਿਸਾਨਾਂ ਦਾ ਪੂਰਾ ਕਰਜ਼ ਮੁਆਫ ਕਰਨ ਦਾ ਐਲਾਨ ਕੀਤਾ ਸੀ, ਪਰ ਹੁਣ ਸਰਕਾਰ ਨੇ ਯੂ-ਟਰਨ ਲੈਂਦਿਆਂ ਕਰਜ਼ ਮੁਆਫੀ ਲਈ ਕਈ ਸ਼ਰਤਾਂ ਜੋੜਨ ਦੀ ਤਿਆਰੀ ਕਰ ਲਈ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੇ ਕਰਜ਼ੇ ਦਾ ਬੋਝ ਘਟਾਏਗੀ ਤੇ ਕਿਸੇ ਕਿਸਾਨ ਦੀ ਜ਼ਮੀਨ ਕਰਜ਼ੇ ਕਾਰਨ ਕੁਰਕ ਨਹੀਂ ਹੋਣ ਦੇਵੇਗੀ। ਉਨ੍ਹਾਂ ਦੇ ਕਰਜ਼ੇ ਬਾਰੇ ਬਿਆਨ ਤੋਂ ਸਪੱਸ਼ਟ ਹੈ ਕਿ ਰਾਜ ਸਰਕਾਰ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫੀ ਲਈ ਉਚ ਪੱਧਰੀ ਕਮੇਟੀ ਸਥਾਪਤ ਕਰ ਦਿੱਤੀ ਗਈ ਹੈ ਜੋ ਇਸ ਕੰਮ ਵਿਚ ਲੱਗੀ ਹੋਈ ਹੈ।

ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਪਿਛਲੇ 10 ਸਾਲ ਵਿਰੋਧੀ ਧਿਰ ਰਹੀ ਕਾਂਗਰਸ ਨੂੰ ਕਿਸਾਨਾਂ ਦੇ ਕਰਜ਼ਿਆਂ ਬਾਰੇ ਪਤਾ ਹੀ ਨਹੀਂ। ਹੁਣ ਕਮੇਟੀ ਬਣਾ ਕੇ ਜਾਇਜ਼ੇ ਲਏ ਜਾ ਰਹੇ ਹਨ ਜਦੋਂਕਿ ਇਹ ਕੰਮ ਪਹਿਲਾਂ ਹੀ ਕਰ ਕੇ ਪੁਖਤਾ ਯੋਜਨਾ ਬਣਾਉਣੀ ਚਾਹੀਦੀ ਸੀ। ਇਸੇ ਤਰ੍ਹਾਂ ਦੂਜਾ ਵਾਅਦਾ ਰੇਤ-ਬਜਰੀ ਮਾਫੀਆ ਨੂੰ ਨੱਥ ਪਾਉਣ ਦਾ ਕੀਤਾ ਗਿਆ ਸੀ। ਇਸ ਬਾਰੇ ਵੀ ਸਰਕਾਰ ਕੋਲ ਕੋਈ ਪੁਖਤਾ ਨੀਤੀ ਨਹੀਂ। ਹੋਰ ਤਾਂ ਹੋਰ ਸਰਕਾਰ ਵੱਲੋਂ ਮਾਈਨਿੰਗ ਦੀਆਂ 89 ਖੱਡਾਂ ਦੀ 1026 ਕਰੋੜ ਰੁਪਏ ਦੀ ਅੱਜ ਤੱਕ ਦੀ ਸਭ ਤੋਂ ਵੱਡੀ ਬੋਲੀ ਲਾਉਣ ਦੀ ਫੂਕ ਵੀ ਨਿਕਲ ਗਈ ਹੈ। ਨਿਲਾਮ ਹੋਈਆਂ 89 ਖੱਡਾਂ ਵਿਚੋਂ 46 ਦੇ ਬੋਲੀਕਾਰਾਂ ਨੇ ਸਕਿਓਰਟੀ ਦੀ ਰਾਸ਼ੀ ਜਮ੍ਹਾਂ ਨਹੀਂ ਕਰਵਾਈ। ਭਾਵ ਇਨ੍ਹਾਂ ਖੱਡਾਂ ਵਿਚ ਕਿਸੇ ਦਿਲਚਸਪੀ ਨਹੀਂ ਵਿਖਾਈ।

ਸੂਤਰਾਂ ਮੁਤਾਬਕ ਸਰਕਾਰ ਨੂੰ ਕੁੱਲ 89 ਖੱਡਾਂ ਦੀ ਹੋਈ ਰਿਕਾਰਡ ਬੋਲੀ ਨਾਲ ਜਿਥੇ ਸਰਕਾਰੀ ਖਜ਼ਾਨਾ ਭਰਨ ਦੀਆਂ ਵੱਡੀਆਂ ਆਸਾਂ ਸਨ, ਉਥੇ ਮਾਰਕੀਟ ਵਿਚ ਰੇਤਾ ਤੇ ਬਜਰੀ ਦੀ ਕਿੱਲਤ ਵੀ ਦੂਰ ਹੋਣ ਦੀ ਆਸ ਸੀ। ਹੁਣ 46 ਦੇ ਕਰੀਬ ਬੋਲੀਕਾਰਾਂ ਦੇ ਭੱਜਣ ਕਾਰਨ ਸਰਕਾਰ ਦੇ ਸੁਪਨੇ ਚਕਨਾਚੂਰ ਹੋ ਗਏ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰ ਕੋਲ ਯੋਜਨਾ ਦੀ ਘਾਟ ਕਾਰਨ ਇਹ ਸਮੱਸਿਆਵਾਂ ਆ ਰਹੀਆਂ ਹਨ।

ਦੂਜੇ ਪਾਸੇ ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਘੱਟ ਰੇਟ 'ਤੇ ਰੇਤਾ ਬਜਰੀ ਵੇਚਣ ਲਈ ਤੇ ਆਪਣਾ ਮੁਨਾਫਾ ਕਮਾਉਣ ਲਈ ਇਸ ਪਾਲਿਸੀ ਅਨੁਸਾਰ ਠੇਕਦਾਰ ਵੱਲੋਂ ਵੱਧ ਤੋਂ ਵੱਧ ਨਾਜਾਇਜ਼ ਮਾਇਨਿੰਗ ਕਰਵਾਉਣੀ ਸੁਭਾਵਕ ਹੈ। ਉਹ ਬੋਲੀ ਵਾਲੇ ਰਕਬੇ ਤੋਂ ਇਲਾਵਾ ਹੋਰ ਵਾਧੂ ਰਕਬੇ ਵਿਚੋਂ ਮਾਇਨਿੰਗ ਕਰਵਾ ਕੇ ਆਪਣੇ ਇਸ ਕੰਮ ਵਿਚੋਂ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਚਾਹੁਣਗੇ। ਉਹ ਕਾਨੂੰਨ ਅਨੁਸਾਰ ਮਾਇਨਿੰਗ ਕਰ ਕੇ ਠੇਕੇਦਾਰ 40 ਹਜ਼ਾਰ ਰੁਪਏ ਪ੍ਰਤੀ ਟਰੱਕ ਬਜਰੀ ਨੂੰ ਆਪਣੇ ਪੱਲਿਓਂ ਪੈਸੇ ਪਾ ਕੇ ਇਸ ਤੋਂ ਘੱਟ ਰੇਟ 'ਤੇ ਕਿਵੇਂ ਵੇਚ ਸਕਣਗੇ। ਇਸ ਨੀਤੀ ਅਨੁਸਾਰ ਜਿਥੇ ਇਕ ਪਾਸੇ ਲੋਕਾਂ ਨੂੰ ਰੇਤਾ ਬਜਰੀ ਮਹਿੰਗਾ ਮਿਲੇਗਾ, ਉਥੇ ਨਾਲ ਹੀ ਗੈਰ ਵਿਗਿਆਨਕ ਤਰੀਕੇ ਨਾਲ ਨਾਜਾਇਜ਼ ਮਾਇਨਿੰਗ ਹੋ ਕੇ ਕੁਦਰਤੀ ਸਰੋਤਾਂ ਦੀ ਤਬਾਹੀ ਹੋਵੇਗੀ ਤੇ ਮਾਇਨਿੰਗ ਖੇਤਰਾਂ ਦੇ ਨੇੜਲੇ ਵਸਨੀਕਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

## ਕੈਪਟਨ ਸਰਕਾਰ ਵੱਲੋਂ ਕਿਸਾਨਾਂ ਨੂੰ ਧਰਵਾਸ

**ਚੰਡੀਗੜ੍ਹ:** ਕਿਸਾਨਾਂ ਦਾ ਕਰਜ਼ਾ ਛੇਤੀ ਤੋਂ ਛੇਤੀ ਮੁਆਫ ਕਰਨ ਦਾ ਵਾਅਦਾ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦੀ ਸਰਕਾਰ ਕਰਜ਼ਾ ਮੁਆਫੀ ਕਰਨ ਦੇ ਆਪਣੇ ਵਾਅਦੇ ਤੋਂ ਪਿੱਛੇ ਨਹੀਂ ਹਟੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਨਾ ਕਰਨ ਦੀ ਅਪੀਲ ਕੀਤੀ ਹੈ ਕਿਉਂਕਿ ਕਰਜ਼ਾ ਮੁਆਫ ਕਰਨ ਲਈ ਰੂਪ ਰੇਖਾ ਤਿਆਰ ਕਰਨ ਵਾਸਤੇ ਉਚ ਪੱਧਰੀ ਕਮੇਟੀ ਪਹਿਲਾਂ ਹੀ ਬਣੀ ਹੋਈ ਹੈ ਜੋ ਜ਼ੋਰ-ਸ਼ੋਰ ਨਾਲ ਇਸ ਕਾਰਜ ਵਿਚ ਲੱਗੀ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨਾਲ ਕੀਤੇ ਗਏ ਕਿਸੇ ਵੀ ਵਾਅਦੇ ਤੋਂ ਪਿੱਛੇ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

## ਲਗਜ਼ਰੀ ਬੱਸਾਂ ਨੂੰ ਖੂੰਜੇ ਲਾਉਣਗੀਆਂ ਸਰਕਾਰੀ ਲਾਰੀਆਂ

**ਚੰਡੀਗੜ੍ਹ:** ਪ੍ਰਾਈਵੇਟ ਟਰਾਂਸਪੋਟਰਾਂ ਦੀਆਂ ਲਗਜ਼ਰੀ ਬੱਸਾਂ ਨੂੰ ਟੱਕਰ ਦੇਣ ਲਈ ਸਰਕਾਰ ਵੱਲੋਂ 50 ਲਗਜ਼ਰੀ ਬੱਸਾਂ ਲਿਆਂਦੀਆਂ ਜਾ ਰਹੀਆਂ ਹਨ। ਪੰਜਾਬ ਵਿਚ ਸਭ ਤੋਂ ਜ਼ਿਆਦਾ ਲਗਜ਼ਰੀ ਬੱਸਾਂ ਬਾਦਲ ਪਰਿਵਾਰ ਦੀਆਂ ਹੀ ਹਨ। ਸਰਕਾਰੀ ਅਧਿਕਾਰੀ ਮੁਤਾਬਕ ਪੰਜਾਬ ਦੀਆਂ ਸੜਕਾਂ 'ਤੇ ਛੇਤੀ 600 ਨਵੀਆਂ ਬੱਸਾਂ ਆਉਣਗੀਆਂ। ਇਨ੍ਹਾਂ ਵਿਚੋਂ 50 ਦੇ ਕਰੀਬ ਲਗਜ਼ਰੀ ਬੱਸਾਂ ਹੋਣਗੀਆਂ। ਇਹ ਬੱਸਾਂ ਦਿੱਲੀ ਸਮੇਤ ਪੰਜਾਬ ਦੇ ਸਾਰੇ ਅਹਿਮ ਰੂਟਾਂ 'ਤੇ ਚੱਲਣਗੀਆਂ। ਇਨ੍ਹਾਂ ਦਾ ਕਿਰਾਇਆ ਪ੍ਰਾਈਵੇਟ ਬੱਸਾਂ ਨਾਲੋਂ ਬੇਹੱਦ ਘੱਟ ਹੋਵੇਗਾ। ਕਾਬਲੇਗੌਰ ਹੈ ਕਿ ਪ੍ਰਾਈਵੇਟ ਲਗਜ਼ਰੀ ਬੱਸਾਂ ਹਮੇਸ਼ਾਂ ਵਿਵਾਦਾਂ ਵਿਚ ਰਹੀਆਂ ਹਨ। ਇਹ ਮਨਮਾਨੀ ਨਾਲ ਕਰਾਇਆ ਵਸੂਲਦੀਆਂ ਹਨ। ਇਨ੍ਹਾਂ ਦਾ ਸਮਾਂ ਵੀ ਕੋਈ ਪੱਕਾ ਨਹੀਂ। ਕਈ ਬੱਸਾਂ ਤਾਂ ਅੱਡਿਆਂ ਤੋਂ ਚੱਲਣ ਦੀ ਬਜਾਏ ਆਪਣੇ ਟਿਕਾਣਿਆਂ ਤੋਂ ਹੀ ਚੱਲਦੀਆਂ ਹਨ। ਸਿਆਸੀ ਲੀਡਰਾਂ ਦੀਆਂ ਬੱਸਾਂ ਹੋਣ ਕਾਰਨ ਅਫਸਰ ਵੀ ਇਨ੍ਹਾਂ ਨੂੰ ਹੱਥ ਪਾਉਣ ਦੀ ਜੁਰਅਤ ਨਹੀਂ ਕਰਦੇ।

# ਵਿਜੀਲੈਂਸ ਦੇ ਦਾਬੇ ਪਿੱਛੋਂ ਲਾਂਭੇ ਹੋਇਆ ਬਲਬੀਰ ਸਿੰਘ ਢੋਲ

**ਮੁਹਾਲੀ:** ਸੀਨੀਅਰ ਪੀ.ਸੀ.ਐਸ. ਅਧਿਕਾਰੀ ਬਲਬੀਰ ਸਿੰਘ ਢੋਲ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਚੇਅਰਮੈਨੀ ਤੋਂ ਅਸਤੀਫਾ ਦੇ ਦਿੱਤਾ। ਉਂਜ ਇਸ ਮਾਮਲੇ ਨੂੰ ਵਿਜੀਲੈਂਸ ਦੀ ਕਾਰਵਾਈ ਨਾਲ ਜੋੜਿਆ ਜਾ ਰਿਹਾ ਹੈ, ਪਰ ਸ੍ਰੀ ਢੋਲ ਦਾ ਕਹਿਣਾ ਹੈ ਕਿ ਉਨ੍ਹਾਂ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦਿੱਤਾ ਹੈ।



ਜਾਣਕਾਰੀ ਅਨੁਸਾਰ ਐਸ.ਪੀ. ਰੈਂਕ ਦੇ ਅਧਿਕਾਰੀ ਦੀ ਅਗਵਾਈ ਹੇਠ ਵਿਜੀਲੈਂਸ ਬਿਊਰੋ ਦੀ ਟੀਮ ਨੇ ਸਿੱਖਿਆ ਬੋਰਡ ਦੇ ਸਕੱਤਰ ਅਤੇ ਅਮਲਾ ਸ਼ਾਖਾ ਤੋਂ ਲੰਮੀ ਪੁੱਛ-ਗਿੱਛ ਕੀਤੀ। ਉਨ੍ਹਾਂ ਚੇਅਰਮੈਨ ਦੀ ਨਿਯੁਕਤੀ ਸਬੰਧੀ ਕੁਝ ਜ਼ਰੂਰੀ ਦਸਤਾਵੇਜ਼ ਵੀ ਕਬਜ਼ੇ ਵਿਚ ਲਏ। ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਸ੍ਰੀ ਢੋਲ ਨੂੰ ਤਲਬ ਕਰ ਕੇ ਅਹੁਦੇ ਤੋਂ ਅਸਤੀਫਾ ਦੇਣ ਲਈ ਦਬਾਅ ਪਾਇਆ ਸੀ, ਪਰ ਉਨ੍ਹਾਂ ਅਸਤੀਫਾ ਨਹੀਂ ਦਿੱਤਾ ਸੀ। ਇਸ ਮਗਰੋਂ ਉਨ੍ਹਾਂ ਦੇ ਘਰ 'ਚ ਵਿਜੀਲੈਂਸ ਟੀਮ ਨੇ ਫਰੋਲਾ-ਫਰਾਲੀ ਵੀ ਕੀਤੀ। ਅਕਾਲੀ-ਭਾਜਪਾ ਸਰਕਾਰ ਨੇ ਚੋਣ ਜ਼ਾਬਤਾ ਲੱਗਣ ਤੋਂ ਐਨ ਪਹਿਲਾਂ ਪਿਛਲੇ ਸਾਲ ਦਸੰਬਰ ਦੇ ਅਖੀਰਲੇ ਹਫਤੇ 'ਚ ਸ੍ਰੀ ਢੋਲ ਨੂੰ ਬੋਰਡ ਮੁਖੀ ਦੀ ਜ਼ਿੰਮੇਵਾਰੀ ਸੌਂਪੀ ਸੀ। ਉਧਰ, ਸ੍ਰੀ ਢੋਲ ਦੀ ਨਿਯੁਕਤੀ ਸਬੰਧੀ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਕੇਸ ਚਲ ਰਿਹਾ ਹੈ ਜਿਸ ਦੀ ਸੁਣਵਾਈ 30 ਮਈ ਨੂੰ ਹੋਣੀ ਸੀ। ਸੂਤਰਾਂ ਦਾ ਕਹਿਣਾ ਹੈ ਕਿ ਬਲਬੀਰ ਸਿੰਘ ਢੋਲ ਦੇ ਡੀ.ਪੀ.ਆਈ. ਕਾਰਜਕਾਲ ਦੌਰਾਨ ਅਧਿਆਪਕਾਂ ਦੀ ਭਰਤੀ ਅਤੇ ਪਦਉਨਤੀਆਂ 'ਤੇ ਵੀ ਸਵਾਲ ਉਠਣੇ ਸ਼ੁਰੂ ਹੋ ਗਏ ਹਨ।

# ਵੋਟ ਹੱਕ ਲਈ ਸਹਿਜਧਾਰੀਆਂ ਵੱਲੋਂ ਮੁੜ ਕਾਨੂੰਨੀ ਚਾਰਾਜੋਈ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਹੱਕ ਤੋਂ ਵਾਂਝਾ ਕਰਨ ਲਈ ਪਿਛਲੇ ਸਾਲ ਸੰਸਦ ਵੱਲੋਂ ਸਿੱਖ ਗੁਰਦੁਆਰਾ ਐਕਟ ਵਿਚ ਕੀਤੀ ਗਈ ਸੋਧ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ। ਸਹਿਜਧਾਰੀ ਸਿੱਖ ਪਾਰਟੀ ਦੇ ਪ੍ਰਧਾਨ ਡਾਕਟਰ ਪਰਮਜੀਤ ਸਿੰਘ ਰਾਣੂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਾਈ ਪਟੀਸ਼ਨ ਵਿਚ ਵੋਟ ਹੱਕ ਖੋਹਣ ਦੇ ਫੈਸਲੇ ਨੂੰ ਰੱਦ ਕਰ ਕੇ ਸਹਿਜਧਾਰੀ ਸਿੱਖਾਂ ਦਾ ਵੋਟਿੰਗ ਹੱਕ ਬਹਾਲ ਕੀਤੇ ਜਾਣ। ਪਟੀਸ਼ਨ ਵਿਚ ਕਿਹਾ ਗਿਆ ਹੈ ਸਹਿਜਧਾਰੀਆਂ ਨੂੰ ਵੋਟਿੰਗ ਹੱਕ ਤੋਂ ਵਾਂਝਾ ਕਰਨ ਦਾ ਕੋਈ ਠੋਸ ਕਾਰਨ ਨਹੀਂ ਹੈ ਤੇ ਨਾ ਹੀ ਇਨ੍ਹਾਂ ਨੂੰ ਵਾਂਝਾ ਕਰਨ ਪਿੱਛੇ ਕੋਈ ਮੰਤਵ ਸੀ। ਪਟੀਸ਼ਨ ਵਿਚ ਹਵਾਲਾ ਦਿੱਤਾ ਗਿਆ ਹੈ ਕਿ ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਸੀ ਕਿ ਸਹਿਜਧਾਰੀਆਂ ਦਾ ਵੋਟਿੰਗ ਹੱਕ ਖੋਹਣ ਲਈ 2003 ਵਿਚ ਨੋਟੀਫਿਕੇਸ਼ਨ ਜਾਰੀ ਕਰਨ ਵੇਲੇ ਦਿਮਾਗ ਦਾ ਇਸਤੇਮਾਲ ਨਹੀਂ ਕੀਤਾ ਗਿਆ।

ਪਟੀਸ਼ਨ 'ਤੇ ਕਾਰਵਾਈ ਕਰਦਿਆਂ ਹਾਈ ਕੋਰਟ ਨੇ ਨੋਟਿਸ ਜਾਰੀ ਕਰ ਕੇ ਸੂਬਾ ਤੇ ਕੇਂਦਰ ਸਰਕਾਰ ਤੋਂ 10 ਅਗਸਤ ਤੱਕ ਜਵਾਬ ਤਲਬ ਕੀਤਾ ਹੈ। ਯਾਦ ਰਹੇ, ਸੰਸਦ ਦੇ ਤਰਕ 'ਤੇ ਸੁਣਾਏ ਫੈਸਲੇ ਵਿਚ ਸੁਪਰੀਮ ਕੋਰਟ ਨੇ ਸਹਿਜਧਾਰੀ ਸਿੱਖਾਂ ਦਾ ਵੋਟਿੰਗ ਹੱਕ ਭਾਵੇਂ ਰੱਦ ਕਰ ਦਿੱਤਾ ਸੀ ਪਰ ਉਨ੍ਹਾਂ ਨੂੰ ਇਸ ਫੈਸਲੇ ਨੂੰ ਚੁਣੌਤੀ ਦੇਣ ਦਾ ਹੱਕ ਦਿੱਤਾ ਗਿਆ ਸੀ।

ਇਸ ਤਹਿਤ ਸਹਿਜਧਾਰੀ ਸਿੱਖਾਂ ਨੇ ਉਸ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਇਸ ਬਿੱਲ ਨੂੰ ਬਿਨਾਂ ਬਹਿਸ ਦੇ ਹੀ ਰਾਜ ਸਭਾ ਵਿਚ ਪਾਸ ਕਰ ਦਿੱਤਾ ਗਿਆ ਸੀ, ਜਦ ਕਿ ਸਹਿਜਧਾਰੀ ਸਿੱਖਾਂ ਨੂੰ 1944 ਦੀ ਪਾਰਲੀਮੈਂਟ ਨੇ ਬਾਕਾਇਦਾ ਉਚੇਚੇ ਕਾਰਨਾਂ ਕਰ ਕੇ ਹੀ ਸੋਚ ਸਮਝ ਕੇ ਇਹ ਹੱਕ ਦਿੱਤਾ ਸੀ, ਜੋ ਪਿਛਲੇ 59 ਸਾਲ ਬਿਨਾਂ ਕਿਸੇ ਸਮੱਸਿਆ ਦੇ ਸਮੇਂ ਦੀ ਕਸਵੱਟੀ 'ਤੇ ਖਰਾ ਉਤਰਿਆ ਸੀ।

## ਹਾਈ ਕੋਰਟ ਵੱਲੋਂ 10 ਅਗਸਤ ਤੱਕ ਜਵਾਬ ਤਲਬ




# ਪੰਜਾਬ ਦੀਆਂ ਕੈਦੀਆਂ ਨਾਲ ਤੁੰਨੀਆਂ ਜੇਲ੍ਹਾਂ ਨੂੰ ਹੁਣ ਆਵੇਗਾ ਸਾਹ

**ਚੰਡੀਗੜ੍ਹ:** ਪੰਜਾਬ ਦੀਆਂ ਕੈਦੀਆਂ ਨਾਲ ਨੱਕੋ ਨੱਕ ਭਰੀਆਂ ਜੇਲ੍ਹਾਂ ਨੂੰ ਹੁਣ ਛੇਤੀ ਹੀ ਸਾਹ ਆਵੇਗਾ। ਕਾਨੂੰਨ ਕਮਿਸ਼ਨ ਨੇ ਇਸ ਸਮੱਸਿਆ ਨੂੰ ਹੱਲ ਕਰਨ ਅਤੇ ਹਵਾਲਾਤੀਆਂ ਨੂੰ ਬੇਲੋੜੇ ਤੌਰ 'ਤੇ ਜੇਲ੍ਹਾਂ ਵਿਚ ਡੱਕੀ ਰੱਖਣ ਦੀ ਪ੍ਰਥਾ ਸਬੰਧੀ ਆਪਣੀਆਂ ਸਿਫਾਰਸ਼ਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਇਨ੍ਹਾਂ ਸਿਫਾਰਸ਼ਾਂ ਰਾਹੀਂ ਘੱਟ ਸੰਗੀਨ ਅਪਰਾਧਾਂ ਲਈ ਜ਼ਮਾਨਤ ਦੀਆਂ ਧਾਰਾਵਾਂ ਨੂੰ ਨਰਮ ਬਣਾਉਣ ਦੀ ਵਕਾਲਤ ਕੀਤੀ ਗਈ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਕਮਿਸ਼ਨ ਦੀ ਇਕ ਅਹਿਮ ਸਿਫਾਰਸ਼ ਹੈ ਕਿ ਜਿਹੜਾ ਹਵਾਲਾਤੀ ਆਪਣੇ ਜੁਰਮ ਲਈ ਵੱਧ ਤੋਂ ਵੱਧ ਤਜਵੀਜ਼ਤ ਸਜ਼ਾ ਦਾ ਇਕ ਤਿਹਾਈ ਸਮਾਂ ਜੇਲ੍ਹ ਵਿਚ ਬਿਤਾ ਚੁੱਕਾ ਹੈ, ਉਸ ਨੂੰ ਬਿਨਾਂ ਸਖਤ ਸ਼ਰਤਾਂ ਤੋਂ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਜਾਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਜਿਥੇ ਜੇਲ੍ਹਾਂ ਵਿਚ ਭੀੜ-ਭੜੱਕਾ ਘਟ ਜਾਵੇਗਾ, ਉਥੇ ਇਹ ਕਦਮ ਇਨਸਾਨੀ ਕਦਰਾਂ-ਕੀਮਤਾਂ ਦੇ ਵੀ ਅਨੁਕੂਲ ਹੋਵੇਗਾ।

ਸਰਕਾਰੀ ਅੰਕੜਿਆਂ ਅਨੁਸਾਰ ਭਾਰਤੀ ਜੇਲ੍ਹਾਂ ਵਿਚ ਜੂਨ 2016 ਵਿਚ 2.94 ਲੱਖ ਹਵਾਲਾਤੀ ਸਨ। ਹਵਾਲਾਤੀ ਉਹ ਬੰਦੀ ਹੁੰਦਾ ਹੈ ਜਿਸ ਖਿਲਾਫ਼ ਮੁਕੱਦਮਾ ਅਦਾਲਤੀ ਸੁਣਵਾਈ-ਅਧੀਨ ਹੋਵੇ, ਪਰ ਉਸ ਦੀ ਜ਼ਮਾਨਤ ਨਾ ਹੋਈ ਹੋਵੇ। ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਨੇ ਪਿਛਲੇ ਸਾਲ ਸਤੰਬਰ ਮਹੀਨੇ ਲੋਕ ਸਭਾ ਵਿਚ ਇਕ ਸਵਾਲ ਦੇ ਜਵਾਬ 'ਚ ਤਸਲੀਮ ਕੀਤਾ ਸੀ ਕਿ ਜੇਲ੍ਹਾਂ ਵਿਚਲੇ ਹਵਾਲਾਤੀਆਂ ਵਿਚੋਂ ਅੱਧੇ 30 ਸਾਲ ਤੋਂ ਘੱਟ ਉਮਰ ਵਾਲੇ ਹਨ। ਉਨ੍ਹਾਂ ਨੇ ਇਹ ਵੀ ਮੰਨਿਆ ਸੀ ਕਿ ਬਹੁਤੇ ਹਵਾਲਾਤੀ ਅੰਡਰ-ਮੈਟ੍ਰਿਕ ਹਨ। ਅਜਿਹੇ ਮੁਲਜ਼ਮਾਂ ਨੂੰ ਖਤਰਨਾਕ ਅਪਰਾਧੀਆਂ ਦੇ ਨਾਲ ਜੇਲ੍ਹਾਂ ਵਿਚ ਰੱਖਣਾ ਜਿਥੇ ਇਨਸਾਨੀ ਹੱਕਾਂ ਦੀ ਅਵੱਗਿਆ ਹੈ, ਉਥੇ ਇਨ੍ਹਾਂ ਨੂੰ ਵੀ ਖਤਰਨਾਕ ਮੁਜਰਮ ਬਣਾਉਣ ਦੇ ਰਾਹ ਪਾ ਸਕਦਾ ਹੈ।

## ਬੱਬਰ ਖਾਲਸਾ ਦੇ ਚਾਰ ਕਾਰਕੁਨ ਫੜਨ ਦਾ ਦਾਅਵਾ

**ਮੁਹਾਲੀ:** ਪੁਲਿਸ ਨੇ ਬੱਬਰ ਖਾਲਸਾ ਨਾਲ ਸਬੰਧਤ ਇਕ ਔਰਤ ਸਮੇਤ 4 ਵਿਅਕਤੀਆਂ ਨੂੰ ਅਸਲੇ ਸਮੇਤ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਹਰਵਰਿੰਦਰ ਸਿੰਘ, ਅਮ੍ਰਿਤਪਾਲ ਕੌਰ, ਰਣਦੀਪ ਸਿੰਘ ਅਤੇ ਜਰਨੈਲ ਸਿੰਘ ਵਜੋਂ ਹੋਈ ਹੈ। ਪੁਲਿਸ ਨੇ ਉਕਤ ਮੁਲਜ਼ਮਾਂ ਕੋਲੋਂ 32 ਬੋਰ ਦੇ ਦੋ ਪਿਸਟਲ ਅਤੇ ਕਾਰਤੂਸ ਵੀ ਬਰਾਮਦ ਕੀਤੇ ਹਨ। ਪੁਲਿਸ ਨੇ ਹਰਵਰਿੰਦਰ ਸਿੰਘ ਅਤੇ ਅਮ੍ਰਿਤਪਾਲ ਕੌਰ ਨੂੰ ਮੁਹਾਲੀ ਫੇਜ਼-6 ਤੋਂ ਗੁਪਤ ਸੂਚਨਾ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਸੀ ਅਤੇ ਉਨ੍ਹਾਂ ਕੋਲੋਂ ਪਿਸਟਲ ਅਤੇ ਕਾਰਤੂਸ ਬਰਾਮਦ ਹੋਏ ਸਨ।

ਉਕਤ ਦੋਵਾਂ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ ਰਣਦੀਪ ਸਿੰਘ ਅਤੇ ਜਰਨੈਲ ਸਿੰਘ ਨੂੰ ਲੁਧਿਆਣਾ ਤੋਂ ਗ੍ਰਿਫਤਾਰ ਕੀਤਾ ਸੀ। ਪੁਲਿਸ ਮੁਤਾਬਕ ਉਕਤ ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਨ੍ਹਾਂ ਨੇ 26 ਮਾਰਚ ਨੂੰ ਅੰਮ੍ਰਿਤਸਰ ਵਿਖੇ ਇਕ ਮੀਟਿੰਗ ਕੀਤੀ ਸੀ। ਮੀਟਿੰਗ 'ਚ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਬਦਲਾ ਲੈਣ ਦਾ ਪ੍ਰਣ ਕੀਤਾ ਸੀ ਅਤੇ ਅੰਮ੍ਰਿਤਸਰ ਦੇ ਇਕ ਸ਼ਿਵ ਸੈਨਾ ਆਗੂ ਨੂੰ ਮਾਰਨ ਦੀ ਸਾਜ਼ਿਸ਼ ਵੀ ਰਚੀ ਸੀ। ਇਸ ਤੋਂ ਇਲਾਵਾ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਤੋਂ ਬਦਲਾ ਲੈਣ ਦੀ ਵੀ ਯੋਜਨਾ ਬਣਾਈ ਸੀ।

## ਪੰਜਾਬ ਪੁਲਿਸ ਦਾ ਮਿਸ਼ਨ 'ਗੈਂਗਸਟਰ'

**ਪਟਿਆਲਾ:** ਜੇਲ੍ਹਾਂ ਦੇ ਅੰਦਰ ਅਤੇ ਬਾਹਰ ਗੈਂਗਸਟਰਾਂ ਦੀਆਂ ਵਧਦੀਆਂ ਗਤੀਵਿਧੀਆਂ ਤੋਂ ਅੱਕੀ ਸੂਬਾ ਸਰਕਾਰ ਇਨ੍ਹਾਂ ਖਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ ਵਿਚ ਹੈ। ਸਰਕਾਰ ਵੱਲੋਂ ਜਿਥੇ 'ਪੰਜਾਬ ਕੰਟਰੋਲ ਆਫ ਆਰਗੇਨਾਈਜ਼ਡ ਐਕਟ' (ਪਕੋਕਾ) ਲਾਗੂ ਕਰਨ ਦੀਆਂ ਵਿਉਂਤਾਂ ਗੁੰਦੀਆਂ ਜਾ ਰਹੀਆਂ ਹਨ, ਉਥੇ ਗੈਂਗਸਟਰਾਂ ਦੇ ਕੇਸਾਂ ਦੀ ਸੁਣਵਾਈ ਲਈ ਪੰਜਾਬ ਦੀਆਂ ਕੁਝ ਜੇਲ੍ਹਾਂ ਵਿਚ ਹੀ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਦੀ ਤਜਵੀਜ਼ ਹੈ, ਜਿਸ ਤਹਿਤ ਪਟਿਆਲਾ ਜੇਲ੍ਹ 'ਚ ਬਣਾਈ ਜਾਣ ਵਾਲੀ ਅਜਿਹੀ ਤਜਵੀਜ਼ਸ਼ੁਦਾ ਜੇਲ੍ਹ ਸਬੰਧੀ ਨਕਸ਼ਾ ਤੇ ਐਸਟੀਮੇਟ ਰਿਪੋਰਟ ਸਮੇਤ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ।

ਸੂਤਰਾਂ ਅਨੁਸਾਰ ਪਟਿਆਲਾ ਜੇਲ੍ਹ ਵਿਚ ਤਜਵੀਜ਼ ਕੋਰਟ ਦੀ ਸਥਾਪਨਾ ਸਬੰਧੀ ਹਾਲ ਹੀ ਵਿਚ ਪਟਿਆਲਾ ਦੇ ਡੀ.ਆਈ.ਜੀ. ਡਾ. ਸੁਖਚੈਨ ਸਿੰਘ ਗਿੱਲ ਤੇ ਹੋਰ ਅਧਿਕਾਰੀਆਂ ਨੇ ਜੇਲ੍ਹ ਦਾ ਦੌਰਾ ਕੀਤਾ, ਜਿਸ ਦੌਰਾਨ ਆਰਕੀਟੈਕਟ ਰਾਹੀਂ ਨਕਸ਼ਾ ਤੇ ਐਸਟੀਮੇਟ ਤਿਆਰ ਕਰਵਾਇਆ ਗਿਆ। ਜਾਣਕਾਰੀ ਅਨੁਸਾਰ ਅਜਿਹੀਆਂ ਅਦਾਲਤਾਂ ਉਨ੍ਹਾਂ ਅੱਧੀ ਦਰਜਨ ਤੋਂ ਵੱਧ ਜੇਲ੍ਹਾਂ ਵਿਚ ਸਥਾਪਤ ਕਰਨ ਦੀ ਤਜਵੀਜ਼ ਹੈ, ਜਿਥੇ ਗੈਂਗਸਟਰਾਂ ਕਾਰਨ ਹਾਈ ਸਕਿਉਰਿਟੀ ਜ਼ੋਨ ਬਣਾਏ ਗਏ ਹਨ। ਅਜਿਹੀ ਹਰੇਕ ਅਦਾਲਤ ਲਈ ਇਕ-ਇਕ ਜੱਜ ਦੀ ਵਿਸ਼ੇਸ਼ ਤੌਰ 'ਤੇ ਨਿਯੁਕਤੀ ਕੀਤੀ ਜਾਵੇਗੀ ਜਿਸ ਦੌਰਾਨ ਸਿਰਫ ਗੈਂਗਸਟਰਾਂ ਦੇ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ। ਇਸ ਸਮੇਂ ਪੰਜਾਬ ਵਿਚ ਗੈਂਗਸਟਰਾਂ ਛੇ ਦਰਜਨ ਗਰੁਪਾਂ ਨਾਲ ਕੋਈ ਚਾਰ ਸੌ ਗੈਂਗਸਟਰ ਸਰਗਰਮ ਹਨ। ਪੁਲਿਸ ਨੇ 35 ਖਤਰਨਾਕ ਗੈਂਗਸਟਰਾਂ ਦੀ ਸੂਚੀ ਵੀ ਜਾਰੀ ਕੀਤੀ ਹੈ। ਦਰਜਨਾਂ ਹੀ ਗੈਂਗਸਟਰ ਜੇਲ੍ਹਾਂ ਵਿਚ ਵੀ ਬੰਦ ਹਨ ਜਿਨ੍ਹਾਂ ਨੂੰ ਅਦਾਲਤਾਂ ਤੱਕ ਲੈ ਕੇ ਜਾਣਾ ਪੁਲਿਸ ਲਈ ਸਿਰਦਰਦੀ ਬਣਦਾ ਜਾ ਰਿਹਾ ਹੈ। ਭਾਰੀ ਪੁਲਿਸ ਫੋਰਸ ਦੀ ਤਾਇਨਾਤੀ ਸਮੇਤ ਗੱਡੀਆਂ ਦੇ ਪ੍ਰਬੰਧ 'ਤੇ ਕਾਫੀ ਖਰਚਾ ਆਉਂਦਾ ਹੈ।

## Matrimonial

### ਵਰ ਦੀ ਲੋੜ

Wanted suitable U.S. citizen boy in SF Bay Area for Software Engineer U.S. citizen Jatt Sikh girl, 27, 5'-2". Computer Science/ Computer Engineering background preferred. Contact: bsinghs408@gmail.com 21-24

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 15-

### ਲੜਕੀ ਦੀ ਲੋੜ

Well settled Kamboj Sikh family looking for a suitable US citizen or Green Card holder match for their son 31, 5'-7", architect on work visa. Pl. E-mail details & photo: nyrbik26@gmail.com 19-22

# ਮਾਂ ਬੋਲੀ ਪੰਜਾਬੀ ਦਾ ਵਲੈਤ ਵੱਸੇ ਸਿੱਖਾਂ ਨਾਲ ਡਾਢਾ ਗਿਲਾ

**ਚੰਡੀਗੜ੍ਹ:** ਵਿਦੇਸ਼ਾਂ ਵਿਚ ਵਸਦੇ ਪੰਜਾਬੀ ਸਿੱਖ ਮੁੱਦਿਆਂ ਉਤੇ ਸ਼ਾਇਦ ਪੰਜਾਬ ਨਾਲੋਂ ਵੱਧ ਸੰਵੇਦਨਸ਼ੀਲ ਹੋਣ। ਉਹ ਕਿਹੜਾ ਅਦਾਰਾ ਨਹੀਂ ਜਿਥੇ ਪੰਜਾਬੀ ਨੇ ਆਪਣੀ ਛਾਪ ਨਾ ਛੱਡੀ ਹੋਵੇ, ਪਰ ਜਾਣ ਕੇ ਹੈਰਾਨੀ ਹੋਵੇਗੀ ਕਿ ਉਨ੍ਹਾਂ ਪੰਜਾਬੀਆਂ ਦਾ ਆਪਣੀ ਮਾਂ ਬੋਲੀ ਪ੍ਰਤੀ ਲਗਾਓ ਘੱਟ ਹੈ। ਇਸ ਗੱਲ ਦਾ ਪ੍ਰਗਟਾਵਾ 'ਪੰਜਾਬੀ ਵਿਕਾਸ ਮੰਚ' ਵੱਲੋਂ ਆਨਲਾਈਨ ਪਾਈ ਪਟੀਸ਼ਨ ਤੋਂ ਹੁੰਦਾ ਹੈ।

ਇਸ ਸੰਸਥਾ ਵੱਲੋਂ ਬਰਤਾਨੀਆ ਭਰ ਵਿਚ, ਸੂਚਨਾ ਪ੍ਰਸਾਰ ਤੇ ਗਿਆਨ ਦੇ ਖੇਤਰ ਵਿਚ ਸੰਸਾਰ ਦੀ ਉਚਤਮ ਸੰਸਥਾ, ਬੀ.ਬੀ.ਸੀ. ਦੀ ਵੈੱਬਸਾਈਟ 'ਤੇ ਪੰਜਾਬੀ ਸ਼ਾਮਲ ਕਰਨ ਲਈ ਵਿਸ਼ਵ ਵਿਆਪੀ ਮੁਹਿੰਮ ਸ਼ੁਰੂ ਕੀਤੀ ਗਈ ਸੀ। ਇਸ ਮੁਹਿੰਮ ਤਹਿਤ ਇਕ ਹਸਤਾਖਰ ਮੁਹਿੰਮ ਚਲਾਈ ਗਈ, ਪਰ ਜਾਣ ਕੇ ਹੈਰਾਨੀ ਹੋਵੇਗੀ ਕਿ ਅੱਠ ਲੱਖ ਘਰਾਂ ਵਾਲੇ ਪੰਜਾਬੀਆਂ ਵਿਚੋਂ ਸਿਰਫ 50 ਹਜ਼ਾਰ ਦੇ ਕਰੀਬ ਲੋਕਾਂ ਨੇ ਇਸ ਪਟੀਸ਼ਨ 'ਤੇ ਹਸਤਾਖਰ ਕੀਤੇ। ਪੰਜਾਬੀ ਵਿਕਾਸ ਮੰਚ ਵੱਲੋਂ ਪਿਛਲੇ 10 ਸਾਲਾਂ ਤੋਂ ਬੀ.ਬੀ.ਸੀ. ਉਤੇ ਪੰਜਾਬੀ ਨੂੰ ਸ਼ਾਮਲ ਕਰਾਉਣ ਲਈ ਲੰਮੀ ਲੜਾਈ ਕੀਤੀ ਹੈ।

ਮੀਡੀਆ ਵਿਚ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਅਣਥੱਕ ਮਿਹਨਤ ਕੀਤੀ ਗਈ, ਪਰ ਦੁੱਖ ਦੀ ਗੱਲ ਹੈ ਕਿ ਪੰਜਾਬੀਆਂ ਨੇ ਆਪਣੀ ਮਾਤ ਭਾਸ਼ਾ ਪ੍ਰਤੀ ਉਤਸ਼ਾਹ ਘੱਟ ਦਿਖਾਇਆ। ਮੰਚ ਦੇ ਪ੍ਰਧਾਨ ਡਾ. ਬਲਦੇਵ ਸਿੰਘ ਕੰਦੋਲਾ ਨੇ ਕਿਹਾ ਕਿ ਪੰਜਾਬੀਆਂ ਅੰਦਰ ਆਪਣੀ ਬੋਲੀ, ਖਾਸ ਕਰ ਲਿਖਤੀ ਭਾਸ਼ਾ ਪ੍ਰਤੀ ਉਹ ਕਸ਼ਿਸ਼ ਨਹੀਂ ਜੋ



ਜਰਮਨਾਂ ਤੇ ਫਰਾਂਸੀਸੀ ਲੋਕਾਂ ਵਿਚ ਹੈ ਜਾਂ ਬਰਤਾਨਵੀ ਗੋਰਿਆਂ ਵਿਚ ਹੈ।

ਇਹ ਮੰਚ ਇਸ ਮੁਹਿੰਮ ਨੂੰ ਲੈ ਕੇ ਕਾਫੀ ਉਤਸ਼ਾਹੀ ਸੀ ਕਿ ਜਦੋਂ ਪੰਜਾਬੀਆਂ ਨੂੰ ਪਤਾ ਲੱਗੇਗਾ ਤਾਂ ਉਹ ਜੋਸ਼ ਨਾਲ ਭਰ ਜਾਣਗੇ, ਪਰ ਪੰਜਾਬੀਆਂ ਦੀ ਉਦਾਸੀਨਤਾ ਨਾਲ ਉਨ੍ਹਾਂ ਨੂੰ ਧੱਕਾ ਲੱਗਾ। ਪਿਛਲੇ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਬੀ.ਬੀ.ਸੀ. ਦੀ ਵੈੱਬਸਾਈਟ 'ਤੇ ਹਿੰਦੀ, ਬੰਗਾਲੀ, ਫਾਰਸੀ (ਉਰਦੂ) ਦੇ ਨਾਲ-ਨਾਲ ਨਿਪਾਲੀ, ਬਰਮੀ ਤੇ ਪਸ਼ਤੋ ਭਾਸ਼ਾਵਾਂ ਸੁਸ਼ੋਭਿਤ ਹਨ, ਪਰ ਦੁਨੀਆਂ ਦੇ 9 ਕਰੋੜ ਪੰਜਾਬੀਆਂ ਦੀ ਮਾਣਮੱਤੀ ਪੰਜਾਬੀ ਦਾ ਉਥੇ ਨਾਮੋ-ਨਿਸ਼ਾਨ ਵੀ ਨਹੀਂ, ਪਰ ਪੰਜਾਬੀਆਂ ਨੂੰ ਕੋਈ ਪਰਵਾਹ ਹੀ ਨਹੀਂ। ਦਸ ਕੁ ਸਾਲ ਪਹਿਲਾਂ ਵੀ ਬੀ.ਬੀ.ਸੀ. ਨੂੰ ਇਸ ਕਾਰਜ ਬਾਰੇ ਪੁਰਜ਼ੋਰ ਬੇਨਤੀਆਂ ਕੀਤੀਆਂ ਸਨ। ਬੀ.ਬੀ.ਸੀ. ਦਾ ਟਕੇ ਵਰਗਾ ਜਵਾਬ ਸੀ,"ਪੰਜਾਬੀ ਭਾਸ਼ਾ ਦੀ ਮੰਗ ਨਹੀਂ ਹੈ!" ਤੇ ਇਸ ਬਾਰੇ ਦੋ ਰਾਵਾਂ ਨਹੀਂ ਹਨ-ਉਨ੍ਹਾਂ ਦਾ ਜਵਾਬ ਸੌ ਪ੍ਰਤੀਸ਼ਤ ਸਹੀ ਸੀ ਪਰ ਇਥੇ ਇਸ ਸੰਸਥਾ ਦੀ ਸ਼ਲਾਘਾ ਦਾ ਜ਼ਿਕਰ ਕਰਨਾ ਵੀ ਉਚਿਤ ਹੋਵੇਗਾ ਕਿ ਇਹ ਸੰਸਥਾ ਹਰ ਲਿਖਤੀ ਬੇਨਤੀ ਦਾ ਤਸੱਲੀਬਖਸ਼ ਜਵਾਬ ਦੇਣ ਵਿਚ ਕਦੇ ਵੀ ਉਕਾਈ ਨਹੀਂ ਕਰਦੀ। ਮੁੱਖ ਸਕੱਤਰ ਸ਼ਿੰਦਰ ਮਾਹਲ ਸਿੰਘ ਮੁਤਾਬਕ ਪੰਜਾਬੀਆਂ ਦੀ ਬੇਰੁਖੀ ਤੋਂ ਅਜਿਹਾ ਪ੍ਰਭਾਵ ਵੀ ਪ੍ਰਤੀਤ ਹੋਇਆ ਕਿ ਪੰਜਾਬੀ ਭਾਸ਼ਾ ਦੀ ਮੁਹਿੰਮ ਨਾਲ ਉਨ੍ਹਾਂ ਦਾ ਕੋਈ ਸਬੰਧ ਹੀ ਨਾ ਹੋਵੇ। ਸ਼ਾਇਦ ਉਨ੍ਹਾਂ ਨੂੰ ਸਮਝ ਹੀ ਨਹੀਂ ਲੱਗੀ ਜਾਂ ਉਨ੍ਹਾਂ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਤੇ ਉਹ ਲੱਗੇ ਹੀ ਰਹੇ ਆਪਣੇ ਆਹਰ ਵਿਚ, ਖੁਦ ਨਾਲ ਮਸਰੂਫ। ਆਗੂ ਰਾਜਨੀਤੀ ਵਿਚ, ਕਵੀ ਕਵਿਤਾ ਵਿਚ, ਲੇਖਕ ਲੇਖ ਤੇ ਕਹਾਣੀਕਾਰ ਕਹਾਣੀਆਂ ਲਿਖਣ ਵਿਚ ਰੁਝੇ ਰਹੇ।

# ਕੈਪਟਨ ਨੇ ਖਾਲਿਸਤਾਨੀਆਂ ਨਾਲ ਲਾਇਆ ਆਢਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁਫੀਆ ਰਿਪੋਰਟਾਂ ਤੇ ਸ਼ਰੇਆਮ ਧਮਕੀਆਂ ਦੇ ਮੱਦੇਨਜ਼ਰ ਸੁਰੱਖਿਆ ਵਧਾਉਣ ਦੀ ਮੰਗ ਤੋਂ ਸਾਫ ਨਾਂਹ ਕਰ ਦਿੱਤੀ ਹੈ। ਉਨ੍ਹਾਂ ਨੇ ਖਾਲਿਸਤਾਨੀ ਪੱਖੀ ਕੈਨੇਡੀਅਨਾਂ ਨੂੰ ਪੰਜਾਬ ਆਉਣ ਤੇ ਸਰਕਾਰ ਦਾ ਸਾਹਮਣਾ ਕਰਨ ਦੀ ਚੁਣੌਤੀ ਦਿੱਤੀ ਹੈ। ਖਾਲਿਸਤਾਨੀਆਂ ਵੱਲੋਂ ਉਨ੍ਹਾਂ ਨੂੰ ਤੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਨੂੰ ਦਿੱਤੀਆਂ ਧਮਕੀਆਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਅਜਿਹੀਆਂ ਕਾਰਵਾਈਆਂ ਤੋਂ ਡਰਨ ਵਾਲੇ ਨਹੀਂ। ਸੂਬੇ ਦੇ ਲੋਕਾਂ ਦੀ ਰੱਖਿਆ ਲਈ ਉਹ ਅਜਿਹੀਆਂ ਸ਼ਕਤੀਆਂ ਨਾਲ ਪੂਰੀ ਤਰ੍ਹਾਂ ਟਾਕਰਾ ਕਰਨ ਲਈ ਤਿਆਰ ਬਰ ਤਿਆਰ ਹਨ।

ਕੈਪਟਨ ਨੇ ਕਿਹਾ ਕਿ ਇਹ ਤੱਤ ਪੰਜਾਬ ਵਿਚ ਸਖਤ ਜਦੋ-ਜਹਿਦ ਨਾਲ ਪੈਦਾ ਕੀਤੀ ਸ਼ਾਂਤੀ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਦੇ ਘਿਨਾਉਣੇ ਕਾਰਿਆਂ ਨੂੰ ਅਸਫਲ ਕਰਨ ਲਈ ਉਹ ਹਰ ਕਦਮ ਚੁੱਕਣਗੇ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਵਿਚ ਜੁਰਅਤ ਹੈ ਤਾਂ ਉਹ ਪੰਜਾਬ ਆਉਣ ਤੇ ਮੇਰੀ ਸਰਕਾਰ ਇਹ ਯਕੀਨੀ ਬਣਾਉਣ ਲਈ ਢੁਕਵਾਂ ਕਦਮ ਚੁੱਕੇਗੀ ਕਿ ਆਪਣੀਆਂ ਬੁਜ਼ਦਿਲੀ ਵਾਲੀਆਂ ਧਮਕੀਆਂ ਦੇਣ ਤੇ ਸੂਬੇ ਵਿਚ ਅਤਿਵਾਦ ਨੂੰ ਸੁਰਜੀਤ ਕਰਨ ਦੇ ਨਾਪਾਕ ਇਰਾਦੇ ਰੱਖਣ ਵਾਲਿਆਂ ਨੂੰ ਮੂੰਹ ਤੋੜਵਾਂ ਜੁਆਬ ਦਿੱਤਾ ਜਾਵੇ।

ਮੁੱਖ ਮੰਤਰੀ ਨੇ ਆਪਣੇ ਤੇ ਬਿੱਟੂ ਵਾਸਤੇ ਕੇਂਦਰ ਤੋਂ ਜ਼ੈੱਡ ਪਲੱਸ ਸੁਰੱਖਿਆ ਮੰਗੇ ਜਾਣ ਦੀਆਂ ਰਿਪੋਰਟਾਂ ਨੂੰ ਰੱਦ ਕਰਦੇ ਹੋਏ ਕਿਹਾ ਹੈ ਕਿ ਸੂਬਾ ਪੁਲਿਸ ਕਾਂਗਰਸੀ ਆਗੂਆਂ ਸਣੇ ਸੂਬੇ ਦੇ ਲੋਕਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਸਮਰੱਥ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਵਧਾਉਣ ਸਬੰਧੀ ਕੇਂਦਰ ਕੋਲ ਪਹੁੰਚ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਪੁਲਿਸ ਦੀ ਯੋਗਤਾ 'ਤੇ ਪੂਰਾ ਵਿਸ਼ਵਾਸ ਹੈ। ਉਹ ਖੁਦ ਤੇ ਉਨ੍ਹਾਂ ਦੀ ਸਰਕਾਰ ਅਜਿਹੇ ਡਰਪੋਕ ਲੋਕਾਂ ਦੀਆਂ ਗਿੱਦੜ ਭੱਬਕੀਆਂ ਤੋਂ ਡਰਨ ਵਾਲੀ ਨਹੀਂ ਜਿਨ੍ਹਾਂ ਦੀ ਪੰਜਾਬ ਆ ਕੇ ਉਨ੍ਹਾਂ ਦਾ ਸਾਹਮਣਾ ਕਰਨ ਦੀ ਵੀ ਜੁਰਅਤ ਨਹੀਂ।

DHOL RADIO WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)
Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਜੁਮਲੇਬਾਜ਼ੀਆਂ ਵਿਚ ਹੀ ਨਿਕਲ ਗਏ ਮੋਦੀ ਸਰਕਾਰ ਦੇ ਤਿੰਨ ਵਰ੍ਹੇ

**ਨਵੀਂ ਦਿੱਲੀ:** ਕੇਂਦਰ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਪੰਜ ਸਾਲਾਂ ਵਿਚੋਂ ਤਿੰਨ ਸਾਲ ਪੂਰੇ ਕਰ ਲਏ ਹਨ। ਇਸ ਬਾਰੇ ਭਰਵੀਂ ਚਰਚਾ ਹੋ ਰਹੀ ਹੈ ਕਿ ਸਰਕਾਰ ਨੇ ਤਿੰਨ ਸਾਲਾਂ ਵਿਚ ਕੀ ਪ੍ਰਾਪਤੀਆਂ ਕੀਤੀਆਂ ਅਤੇ ਕਿਥੇ-ਕਿਥੇ ਨਾਕਾਮ ਰਹੀ ਹੈ। ਦੂਜੇ ਪਾਸੇ ਮੋਦੀ ਸਰਕਾਰ ਵੱਲੋਂ ਆਪਣੀਆਂ ਤਿੰਨ ਸਾਲਾਂ ਦੀਆਂ ਪ੍ਰਾਪਤੀਆਂ ਗਿਣਵਾਉਣ ਲਈ ਇਸ਼ਤਿਹਾਰਬਾਜ਼ੀ 'ਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ। ਮਾਹਿਰਾਂ ਵੱਲੋਂ ਵੀ ਮੋਦੀ ਸਰਕਾਰ ਦੇ ਤਿੰਨ ਸਾਲਾਂ ਦੀ ਪੜਚੋਲ ਕੀਤੀ ਜਾ ਰਹੀ ਹੈ।

ਬੇਰੁਜ਼ਗਾਰੀ, ਸਮਾਜਿਕ ਤਣਾਅ ਤੇ ਅਰਾਜਕਤਾ ਵਰਗੇ ਮੁੱਦਿਆਂ ਨੂੰ ਅੱਗੇ ਰੱਖ ਕੇ ਮੋਦੀ ਸਰਕਾਰ ਦੀ ਰੱਜ ਕੇ ਅਲੋਚਨਾ ਵੀ ਹੋ ਰਹੀ ਹੈ। ਜੰਮੂ-ਕਸ਼ਮੀਰ, ਉਤਰ-ਪੂਰਬ ਅਤੇ ਮਾਓਵਾਦੀਆਂ ਦੇ ਵਿਦਰੋਹ ਵਾਲੇ ਖੇਤਰਾਂ ਵਿਚ ਹਾਲਾਤ ਹੋਰ ਵਿਗੜੇ ਹਨ। ਜਾਤੀਵਾਦੀ ਤਣਾਅ ਵਧਿਆ ਹੈ। ਲੇਬਰ ਬਿਊਰੋ ਦੀ ਰਿਪੋਰਟ ਅਨੁਸਾਰ ਨਰੇਂਦਰ ਮੋਦੀ ਦੀ ਸਰਕਾਰ ਨੇ ਸਾਲ 2015 ਵਿਚ ਸਿਰਫ 1.35 ਲੱਖ ਹੀ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ, ਜਿਤਨੇ ਕਿ ਇਸ ਤੋਂ ਪਹਿਲੀ ਯੂ.ਪੀ.ਏ. ਸਰਕਾਰ ਦੇ ਮੁਕਾਬਲੇ ਬਹੁਤ ਘੱਟ ਹਨ। ਇਹੀ ਸਾਲ 2016 ਦੀ ਸਚਾਈ ਹੈ।

ਦੇਸ਼ ਦੇ ਸੱਠ ਫੀਸਦੀ ਲੋਕਾਂ ਦੀ ਰੋਜ਼ੀ ਰੋਟੀ ਦਾ ਜੁਗਾੜ ਕਰਦੇ ਖੇਤੀਬਾੜੀ ਖੇਤਰ ਉਪਰ ਝਾਤ ਮਾਰੀਏ ਤਾਂ ਸਭ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਮੋਦੀ ਸਰਕਾਰ ਵੇਲੇ ਹੋਈਆਂ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਖੇਤੀ ਖੇਤਰ ਨੂੰ ਚੋਣ ਮੈਨੀਫੈਸਟੋ ਵਿਚ ਅਹਿਮ ਜਗ੍ਹਾ ਦਿੱਤੀ ਗਈ। ਮੋਦੀ ਨੇ ਇਸ ਨੂੰ ਆਪਣੇ ਭਾਸ਼ਣਾਂ ਦਾ ਅਹਿਮ ਹਿੱਸਾ ਬਣਾਇਆ। ਭਾਜਪਾ ਨੇ ਚੋਣ ਮੈਨੀਫੈਸਟੋ 'ਚ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਖੇਤੀਬਾੜੀ ਖੇਤਰ ਦੇ ਵਿਕਾਸ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਪੇਂਡੂ ਵਿਕਾਸ ਲਈ ਅਹਿਮ ਯਤਨ ਕੀਤੇ ਜਾਣਗੇ। ਉਨ੍ਹਾਂ ਦੀ ਸਰਕਾਰ ਕਰਜ਼ਿਆਂ ਦੀ ਵਿਆਜ ਦਰ ਅਤੇ ਖੇਤੀ ਲਾਗਤ ਘਟਾ ਕੇ ਖੇਤੀ ਉਤਪਾਦਨ ਉਪਰ 50 ਫੀਸਦੀ ਮੁਨਾਫਾ ਯਕੀਨੀ ਬਣਾਏਗੀ, ਨਵੀਂ ਤਕਨੀਕ ਤੇ ਵਧੀਆ ਬੀਜ ਮੁਹੱਈਆ ਕਰਾਏਗੀ ਅਤੇ ਇਸ ਖੇਤਰ ਨੂੰ ਮਗਨਰੇਗਾ ਨਾਲ ਜੋੜੇਗੀ। ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਵਾਅਦਾ ਵੀ ਵਾਰ-ਵਾਰ ਦੁਹਰਾਇਆ ਗਿਆ। ਇਸ ਨੇ ਸਿਰਫ ਫਸਲ ਬੀਮਾ ਉਪਰ ਜ਼ੋਰ ਦਿੱਤਾ ਅਤੇ ਹਰਿਆਣਾ ਦੀ ਤਰ੍ਹਾਂ ਫਸਲੀ ਨੁਕਸਾਨ ਦੇ ਚਿੱਤਰ ਉਪਗ੍ਰਹਿ ਰਾਹੀਂ ਹਾਸਲ ਕਰ ਕੇ ਤੁਰਤ ਰਾਹਤ ਅਤੇ ਫੈਸਲੇ ਲੈਣ ਵਿਚ ਤੇਜ਼ੀ ਵਾਅਦੇ ਅਜੇ ਵੀ ਮਹਿਜ਼ ਕਾਗਜ਼ਾਂ ਦੇ ਸ਼ਿੰਗਾਰ ਬਣੇ ਹੋਏ ਹਨ।

ਕੁੱਲ ਮਿਲਾ ਕੇ ਖੇਤੀ ਖੇਤਰ ਦੀ ਵਿਕਾਸ ਦਰ ਮੋਦੀ ਸਰਕਾਰ ਦੇ ਤਿੰਨ ਸਾਲਾਂ ਵਿਚ ਔਸਤਨ 1.7 ਫੀਸਦੀ ਨੇੜੇ ਟਿਕੀ ਹੋਈ ਹੈ, ਹਾਲਾਂਕਿ ਮੌਨਸੂਨ ਵਧੀਆ ਰਹਿਣ ਕਾਰਨ ਫਸਲ ਵੀ ਭਰਪੂਰ ਹੋਈ ਹੈ। ਕਿਸਾਨ ਅਜੇ ਵੀ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ, ਪੰਜਾਬ ਵਿਚ ਸਿਰਫ 45 ਦਿਨਾਂ ਦੌਰਾਨ 27 ਕਿਸਾਨਾਂ ਨੇ ਆਤਮ-ਹੱਤਿਆਵਾਂ ਕੀਤੀਆਂ ਹਨ। ਦੇਸ਼ ਪੱਧਰ 'ਤੇ ਪਿਛਲੇ ਦਸ ਸਾਲਾਂ ਦੌਰਾਨ ਤਿੰਨ ਲੱਖ ਤੋਂ ਵੱਧ ਕਿਸਾਨਾਂ ਨੇ ਕਰਜ਼ਿਆਂ ਦੇ ਭਾਰ ਹੇਠ ਦੱਬੇ ਹੋਣ ਕਾਰਨ ਆਪਣੀਆਂ ਜ਼ਿੰਦਗੀਆਂ ਖ਼ਤਮ ਕਰਨ ਦਾ ਰਾਹ ਚੁਣਿਆ। ਤਕਰੀਬਨ 90 ਲੱਖ ਕਿਸਾਨ 2001-11 ਦੌਰਾਨ ਖੇਤੀ ਕਰਨੀ ਛੱਡ ਗਏ। ਹੁਣ ਸਾਨੂੰ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਨਾਅਰਾ ਸੁਣਨ ਨੂੰ ਮਿਲ ਰਿਹਾ ਹੈ।

ਪਿਛਲੇ ਦੋ ਸਾਲਾਂ, 2015 ਅਤੇ 2016 ਵਿਚ ਔਸਤਨ ਹਰੇਕ ਸਾਲ ਦੋ ਲੱਖ ਤੋਂ ਵੀ ਘੱਟ ਨੌਕਰੀਆਂ ਦੇ ਮੌਕੇ ਪੈਦਾ ਹੋਏ ਹਨ। ਇਹ ਦਰ 2011 ਤੋਂ ਪਹਿਲਾਂ ਵਾਲੀ ਦਰ ਦਾ 25 ਫੀਸਦੀ ਵੀ ਨਹੀਂ ਹੈ। ਹਰੇਕ ਸਾਲ ਨੌਕਰੀਆਂ ਦੇ ਚਾਹਵਾਨ ਇਕ ਕਰੋੜ ਤੋਂ ਵੱਧ ਥਲ ਸੈਨਾ ਵਿਚ ਭਰਤੀ ਹੋ ਗਏ ਹਨ। ਸਰਕਾਰ ਦੀ ਕਾਰਗੁਜ਼ਾਰੀ ਨਾਲੋਂ ਵਧੇਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਚਰਚਾ ਵਿਚ ਰਹੇ ਹਨ। ਉਨ੍ਹਾਂ ਨੇ ਦੇਸ਼-ਵਿਦੇਸ਼ ਦੇ ਅਨੇਕਾਂ ਦੌਰੇ ਕੀਤੇ ਹਨ। ਵਿਦੇਸ਼ਾਂ ਵਿਚ ਵੀ ਉਨ੍ਹਾਂ ਦੀਆਂ ਯਾਤਰਾਵਾਂ ਦੀ ਚਰਚਾ ਬਣੀ ਰਹੀ ਹੈ। ਪਿਛਲੇ ਸਮੇਂ ਵਿਚ ਉਨ੍ਹਾਂ ਵੱਲੋਂ 'ਮਨ ਕੀ ਬਾਤ' ਪ੍ਰੋਗਰਾਮ ਅਧੀਨ ਆਕਾਸ਼ਵਾਣੀ ਤੋਂ ਲੋਕਾਂ ਨੂੰ ਕੀਤੇ ਜਾਂਦੇ ਸੰਬੋਧਨਾਂ ਦੀ ਚਰਚਾ ਹੁੰਦੀ ਰਹੀ ਹੈ।

ਲੋਕਾਂ ਨੂੰ ਉਮੀਦ ਸੀ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਕੀਮਤਾਂ ਨੂੰ ਕਾਬੂ ਰੱਖਣ ਵਿਚ ਕਾਮਯਾਬ ਹੋ ਜਾਵੇਗੀ ਪਰ ਧਰਾਤਲ 'ਤੇ ਅਜਿਹਾ ਹੁੰਦਾ ਦਿਖਾਈ ਨਹੀਂ ਦਿੱਤਾ। ਸਰਕਾਰ ਆਮ ਵਸਤਾਂ ਦੀਆਂ ਵਧਦੀਆਂ ਕੀਮਤਾਂ ਨੂੰ ਕਾਬੂ ਵਿਚ ਰੱਖਣ 'ਚ ਅਸਮਰੱਥ ਰਹੀ ਹੈ। ਪਿਛਲੇ ਦਿਨੀਂ ਨੋਟਬੰਦੀ ਦੀ ਚਰਚਾ ਬਣੀ ਰਹੀ। ਆਮ ਲੋਕ ਬੇਹੱਦ ਮੁਸ਼ਕਿਲ ਭਰੇ ਸਮੇਂ 'ਚੋਂ ਗੁਜ਼ਰੇ ਹਨ।




### ਭਾਜਪਾ ਦੇ ਚੋਣ ਵਾਅਦਿਆਂ 'ਤੇ ਝਾਤ

**ਨਵੀਂ ਦਿੱਲੀ:** ਭਾਜਪਾ ਦੇ ਘੋਸ਼ਣਾ ਪੱਤਰ ਵਿਚ ਜੋ ਵਾਅਦੇ ਕੀਤੇ ਗਏ ਸਨ, ਉਨ੍ਹਾਂ ਵਿਚ ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ, ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਮਰਥਨ ਮੁੱਲ ਲਾਗਤ ਨਾਲੋਂ ਦੁੱਗਣਾ, ਕਰ ਨੀਤੀ ਵਿਚ ਜਨਤਾ ਨੂੰ ਰਾਹਤ ਦੇਣ ਵਾਲੇ ਸੁਧਾਰ, ਵਿਦੇਸ਼ਾਂ ਵਿਚ ਜਮ੍ਹਾਂ ਕਾਲੇ ਧਨ ਦੀ ਸੌ ਦਿਨਾਂ ਦੇ ਅੰਦਰ ਵਾਪਸੀ, ਭ੍ਰਿਸ਼ਟਾਚਾਰ ਦੇ ਦੋਸ਼ੀ ਸੰਸਦ ਮੈਂਬਰਾਂ, ਵਿਧਾਇਕਾਂ ਦੇ ਮੁਕੱਦਮਿਆਂ ਦਾ ਵਿਸ਼ੇਸ਼ ਅਦਾਲਤਾਂ ਰਾਹੀਂ ਇਕ ਸਾਲ ਵਿਚ ਨਿਪਟਾਰਾ, ਮਹਿੰਗਾਈ ਉਤੇ ਪ੍ਰਭਾਵੀ ਕੰਟਰੋਲ, ਗੰਗਾ ਅਤੇ ਹੋਰ ਨਦੀਆਂ ਦੀ ਸਫ਼ਾਈ, ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਵਿਚ ਬੁਲੇਟ-ਟ੍ਰੇਨ ਦੀ ਸ਼ੁਰੂਆਤ, ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਦਾ ਖ਼ਾਤਮਾ, ਕਸ਼ਮੀਰੀ ਪੰਡਿਤਾਂ ਦੀ ਘਾਟੀ ਵਿਚ ਵਾਪਸੀ, ਅਤਿਵਾਦ ਖਿਲਾਫ਼ ਜ਼ੀਰੋ ਟਾਲਰੈਂਸ ਦੀ ਨੀਤੀ, ਸੁਰੱਖਿਆ ਬਲਾਂ ਨੂੰ ਅਤਿਵਾਦੀ ਅਤੇ ਮਾਓਵਾਦੀ ਹਿੰਸਾ ਨਾਲ ਨਿਪਟਣ ਲਈ ਪੂਰੀ ਤਰ੍ਹਾਂ ਛੋਟ, ਫੌਜ ਦੇ ਕੰਮ ਕਰਨ ਦੀ ਸਥਿਤੀ ਵਿਚ ਸੁਧਾਰ, ਅਯੁੱਧਿਆ ਵਿਚ ਰਾਮ ਮੰਦਿਰ ਦੀ ਉਸਾਰੀ, ਬਰਾਬਰ ਨਾਗਰਿਕ ਵਿਹਾਰ, ਗੁਲਾਬੀ ਕ੍ਰਾਂਤੀ ਯਾਨੀ ਗਊਬੱਧ ਅਤੇ ਮਾਸ ਬਰਾਮਦ ਕਰਨ 'ਤੇ ਰੋਕ, ਦੇਸ਼ ਵਿਚ ਸੌ ਸ਼ਹਿਰਾਂ ਨੂੰ ਸਮਾਰਟ ਸਿਟੀ ਦੇ ਰੂਪ ਵਿਚ ਤਿਆਰ ਕਰਨਾ ਆਦਿ ਪ੍ਰਮੁੱਖ ਵਾਅਦੇ ਸਨ।

### ਭਾਜਪਾ ਸਰਕਾਰ ਵੇਲੇ ਫਿਰਕੂ ਸੋਚ ਨੂੰ ਹਵਾ

**ਨਵੀਂ ਦਿੱਲੀ:** ਮੋਦੀ ਸਰਕਾਰ ਸਭ ਤੋਂ ਵੱਧ ਦੇਸ਼ ਵਿਚ ਫਿਰਕੂ ਮਾਹੌਲ ਪੈਦਾ ਕਰਨ ਕਰ ਕੇ ਚਰਚਾ ਵਿਚ ਰਹੀ। ਦੇਸ਼ ਭਰ ਵਿਚ ਹਿੰਦੂ ਜਥੇਬੰਦੀਆਂ ਨੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ। ਗਊ ਰੱਖਿਆ ਦੇ ਨਾਂ 'ਤੇ ਲੋਕਾਂ ਨੂੰ ਸ਼ਰੇਆਮ ਕੁੱਟਿਆ ਮਾਰਿਆ ਗਿਆ। ਆਰ.ਐਸ.ਐਸ. ਦੇ ਅਜਿਹੇ ਕਾਰਿਆਂ ਵਿਰੁੱਧ ਲਿਖਣ ਵਾਲਿਆਂ ਦੇ ਕਤਲ ਕੀਤੇ ਗਏ। ਕਈ ਜਗ੍ਹਾ ਤਾਂ ਸਰਕਾਰੀ ਹਿਫਾਜ਼ਤ ਵਿਚ ਘੱਟ-ਗਿਣਤੀਆਂ, ਦਲਿਤਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ 'ਤੇ ਹਿੰਸਕ



ਹਮਲਿਆਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਹੈ। ਭਾਜਪਾ ਨੇ ਆਪਣੇ ਘੋਸ਼ਣਾ ਪੱਤਰ ਵਿਚ ਪ੍ਰਗਟਾਵੇ ਦੀ ਆਜ਼ਾਦੀ ਪ੍ਰਤੀ ਆਪਣੀ ਪ੍ਰਤੀਬੱਧਤਾ ਜਤਾਈ ਸੀ ਪਰ ਪਿਛਲੇ ਤਿੰਨ ਸਾਲਾਂ ਦੌਰਾਨ ਦੇਖਣ ਵਿਚ ਇਹ ਆਇਆ ਹੈ ਕਿ ਜੋ ਕੋਈ ਵਿਅਕਤੀ ਸਰਕਾਰ ਜਾਂ ਸੱਤਾਧਾਰੀ ਪਾਰਟੀ ਦੀ ਰੀਤੀ-ਨੀਤੀ ਨਾਲ ਅਸਹਿਮਤੀ ਜਤਾਉਂਦਾ ਹੈ ਤਾਂ ਉਸ ਨੂੰ ਝਟ ਦੇਸ਼-ਧ੍ਰੋਹੀ ਜਾਂ ਵਿਦੇਸ਼ੀ ਏਜੰਟ ਕਰਾਰ ਦੇ ਕੇ ਦੇਸ਼ ਛੱਡ ਕੇ ਚਲੇ ਜਾਣ ਦੀ ਸਲਾਹ ਦੇ ਦਿੱਤੀ ਜਾਂਦੀ ਹੈ। ਸੰਸਦ ਵਿਚ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨਣ ਦਾ ਮੁੱਦਾ ਜ਼ੋਰ ਸ਼ੋਰ ਨਾਲ ਚੁੱਕਿਆ ਗਿਆ।

# ਆਸਟਰੇਲੀਆ ਨੂੰ ਅਜੇ ਵੀ ਭਾਰਤੀ ਕਾਮਿਆਂ ਦੀ ਲੋੜ

**ਬ੍ਰਿਸਬੇਨ:** ਆਸਟਰੇਲੀਆ ਨੇ ਭਾਵੇਂ ਆਪਣੀ ਆਵਾਸ ਨੀਤੀ ਵਿਚ ਰੱਦੋ-ਬਦਲ ਕਰਦਿਆਂ ਸਖਤੀ ਕਰ ਦਿੱਤੀ ਹੈ ਪਰ ਇਸ ਦਾ ਭਾਰਤੀਆਂ ਉਤੇ ਬਹੁਤਾ ਅਸਰ ਨਹੀਂ ਹੋਵੇਗਾ। ਭਾਰਤ ਵਿਚ ਆਸਟਰੇਲੀਆ ਦੀ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਦਾ ਕਹਿਣਾ ਹੈ ਕਿ ਨੀਤੀਆਂ ਸਖਤ ਜ਼ਰੂਰ ਹੋਈਆਂ ਹਨ ਪਰ ਰਸਤੇ ਬਿਲਕੁਲ ਬੰਦ ਨਹੀਂ ਹੋਏ। ਉਨ੍ਹਾਂ ਕਿਹਾ ਕਿ ਵੀਜ਼ਾ ਪ੍ਰੋਗਰਾਮ ਰੱਦ ਕਰਨ ਤੋਂ ਬਾਅਦ ਵੀ ਆਸਟਰੇਲੀਆ ਦੇ ਸਕਿੱਲਡ ਵੀਜ਼ਾ ਪ੍ਰੋਗਰਾਮ ਵਿਚ ਤਬਦੀਲੀ ਦਾ ਭਾਰਤੀਆਂ ਉਤੇ ਜ਼ਿਆਦਾ ਅਸਰ ਨਹੀਂ ਪਵੇਗਾ।

ਬੀਬੀ ਸਿੱਧੂ ਨੇ ਕਿਹਾ ਕਿ ਆਸਟਰੇਲੀਆ ਨੂੰ ਭਾਰਤ ਤੋਂ ਆਉਣ ਵਾਲੇ ਹੁਨਰਮੰਦ ਕਾਮਿਆਂ



ਦੀ ਲੋੜ ਹਮੇਸ਼ਾ ਸੀ ਅਤੇ ਰਹੇਗੀ। ਕਾਨੂੰਨੀ ਮਾਹਿਰਾਂ ਮੁਤਾਬਕ ਇਨ੍ਹਾਂ ਵੀਜ਼ਿਆਂ ਅਧੀਨ ਪੈਂਦੇ 600 ਕੰਮਾਂ ਦੀ ਸੂਚੀ ਨੂੰ 400 ਕੰਮਾਂ ਤੱਕ ਸੀਮਤ ਕਰ ਦਿੱਤਾ ਗਿਆ ਹੈ। ਮੌਜੂਦਾ ਤਬਦੀਲੀਆਂ ਦੇ ਚਲਦੇ ਇਥੋਂ ਲੋਕ ਹੁਣ ਦੋ ਵੱਖਰੇ ਵੀਜ਼ਿਆਂ 'ਸ਼ਾਰਟ ਟਰਮ ਵੀਜ਼ਾ' ਅਤੇ 'ਲਾਂਗ ਟਰਮ ਵੀਜ਼ਾ' ਉਤੇ ਵਿਦੇਸ਼ੀ ਵਰਕਰਾਂ ਨੂੰ ਸਪਾਂਸਰ ਕਰ ਸਕਣਗੇ, ਜਿਸ ਅਧੀਨ ਕਾਮੇ ਦੇ ਪੱਕੇ ਹੋਣ ਦੀ ਗਰੰਟੀ ਅਜੇ ਨਹੀਂ ਹੈ।

# ਕੈਨੇਡੀਅਨਾਂ ਕੋਲ ਦਸ ਲੱਖ ਤੋਂ ਵੱਧ ਗੈਰਕਾਨੂੰਨੀ ਹਥਿਆਰ

**ਟੋਰਾਂਟੋ:** ਸਰਕਾਰਾਂ ਵੱਲੋਂ ਹਥਿਆਰਾਂ ਬਾਰੇ ਕਾਨੂੰਨ ਦੀ ਸਖਤੀ ਦੇ ਵਾਅਦਿਆਂ ਦੇ ਬਾਵਜੂਦ ਮੁਲਕ ਵਿਚ ਨਾਜਾਇਜ਼ ਹਥਿਆਰਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਕੈਨੇਡਾ ਦੀ ਕੌਮੀ ਪੁਲਿਸ (ਆਰ.ਸੀ.ਐਮ.ਪੀ.) ਵੱਲੋਂ ਜਾਰੀ ਸਾਲਾਨਾ ਰਿਪੋਰਟ ਮੁਤਾਬਕ ਮੁਲਕ ਵਿਚ 8,39,295 ਪਾਬੰਦੀਸ਼ੁਦਾ ਹਥਿਆਰ ਮੌਜੂਦ ਹਨ ਅਤੇ ਇਨ੍ਹਾਂ ਵਿਚ ਪਿਛਲੇ ਸਾਲ 5.5 ਫੀਸਦੀ ਦਾ ਵਾਧਾ ਹੋਇਆ ਹੈ। ਇਨ੍ਹਾਂ ਤੋਂ ਇਲਾਵਾ 1,83,33 ਮਨਾਹੀ ਵਾਲੇ ਹਥਿਆਰ ਆਟੋਮੈਟਿਕ ਗੰਨਾਂ ਆਦਿ ਹਨ। ਰਿਪੋਰਟ ਮੁਤਾਬਕ ਮੁਲਕ ਦੇ ਨਿਊਫਾਊਂਡਲੈਂਡ ਤੇ ਲੈਬਰਾਡੋਰ, ਸਸਕੈਚਵਨ, ਯੂਕੋਨ ਤੇ ਨੋਵਾ ਸਕੋਸ਼ੀਆ ਸੂਬਿਆਂ ਵਿਚ ਇਨ੍ਹਾਂ ਦੀ ਭਰਮਾਰ ਹੈ। ਓਂਟਾਰੀਓ ਅਤੇ ਕਿਊਬੈਕ ਸੂਬਿਆਂ ਵਿਚ ਅਜਿਹੇ ਲਾਇਸੈਂਸਾਂ ਵਿਚ ਗਿਰਾਵਟ ਆਈ ਹੈ। ਓਂਟਾਰੀਓ



ਵਿਚ 75,342 ਅਤੇ ਕਿਊਬੈਕ ਵਿਚ 28,135 ਹਥਿਆਰ ਹਨ। ਕੈਨੇਡੀਅਨ ਸ਼ੂਟਿੰਗ ਸਪੋਰਟਸ ਐਸੋਸੀਏਸ਼ਨ ਦੇ ਡਾਇਰੈਕਟਰ ਟੋਨੀ ਬਰਨਾਰਡੋ ਮੁਤਾਬਕ ਇਨ੍ਹਾਂ ਨਾਜਾਇਜ਼ ਹਥਿਆਰਾਂ ਦੀ ਭਰਮਾਰ ਦਾ ਕਾਰਨ ਲੋਕਾਂ ਵਿਚ 'ਨਿਸ਼ਾਨੇਬਾਜ਼ੀ' ਦਾ ਸ਼ੌਕ, ਫਿਲਮ ਸ਼ੂਟਿੰਗਾਂ ਵਿਚ ਵਰਤੋਂ ਤੋਂ ਇਲਾਵਾ ਪੁਲਿਸ ਅਤੇ ਫੌਜ ਹੈ। ਗੰਨ ਕੰਟਰੋਲ ਪੱਖੀ ਵੈਂਡੀ ਕੁਕੀਅਰ ਨੇ ਕਿਹਾ ਕਿ ਮੁਲਕ ਵਿਚ ਦਸ ਲੱਖ ਤੋਂ ਵੱਧ ਖਤਰਨਾਕ ਤੇ ਪਾਬੰਦੀਸ਼ੁਦਾ ਹਥਿਆਰ ਹੋਣ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਨੂੰ ਮੁਲਕ ਵਿਚ ਬੜੀ ਆਸਾਨੀ ਨਾਲ ਰੱਖਿਆ ਜਾ ਸਕਦਾ ਹੈ, ਜੋ ਚਿੰਤਾਜਨਕ ਵਰਤਾਰਾ ਹੈ।

# ਆਕਸਫੋਰਡ ਵਰਸਿਟੀ ਦੇ ਸਿਲੇਬਸ 'ਚ ਭਾਰਤੀ ਸੁਤੰਤਰਤਾ ਅੰਦੋਲਨ ਸ਼ਾਮਲ

**ਲੰਡਨ:** ਬਰਤਾਨੀਆ ਦੀ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਵਿਚ ਇਤਿਹਾਸ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਹੁਣ ਇਕ ਨਵੀਂ ਲਾਜ਼ਮੀ ਪ੍ਰੀਖਿਆ ਦੇਣੀ ਹੋਵੇਗੀ। ਇਸ ਲਈ ਉਨ੍ਹਾਂ ਨੂੰ ਭਾਰਤੀ, ਏਸ਼ਿਆਈ ਤੇ ਮੱਧ ਪੂਰਬ ਦੇ ਇਤਿਹਾਸ ਨੂੰ ਪੜ੍ਹਨਾ ਹੋਵੇਗਾ।

ਯੂਨੀਵਰਸਿਟੀ ਨੇ ਆਪਣੇ ਸਿਲੇਬਸ ਨੂੰ ਹੋਰ ਵਧੀਆ ਬਣਾਉਣ ਲਈ ਇਹ ਵੱਡਾ ਕਦਮ ਚੁੱਕਿਆ ਹੈ। ਇਸ ਸਿਲੇਬਸ 'ਚ ਭਾਰਤੀ ਸੁਤੰਤਰਤਾ ਅੰਦੋਲਨ ਤੇ 1960 ਦੇ ਦਹਾਕੇ ਦੇ ਮਨੁੱਖੀ ਅਧਿਕਾਰ ਅੰਦੋਲਨ ਸਮੇਤ ਮਹਾਤਮਾ ਗਾਂਧੀ ਤੇ ਮਾਰਟਿਨ ਲੂਥਰ ਕਿੰਗ ਵਰਗੀਆਂ ਹਸਤੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਖ਼ਬਰਾਂ ਮੁਤਾਬਕ ਬਰਤਾਨੀਆ ਦੇ ਇਤਿਹਾਸ 'ਤੇ ਦੋ ਲਾਜ਼ਮੀ ਪੇਪਰ ਹੋਣਗੇ।



ਹਾਲਾਂਕਿ ਇਸ ਸਾਲ ਦੇ ਆਟਮਨ ਸਮੈਸਟਰ ਨਾਲ ਯੂਨੀਵਰਸਿਟੀ ਦੇ ਇਤਿਹਾਸ ਦੇ ਗ੍ਰੈਜੂਏਸ਼ਨ ਵਿਦਿਆਰਥੀਆਂ ਨੂੰ ਇਕ ਇਸ ਤਰ੍ਹਾਂ ਦੇ ਪੇਪਰ ਦੀ ਪ੍ਰੀਖਿਆ ਦੇਣੀ ਹੋਵੇਗੀ ਜਿਸ 'ਚ ਬਰਤਾਨੀਆ ਤੇ ਯੂਰਪੀ ਇਤਿਹਾਸ ਦੇ ਬਾਹਰ ਦੇ ਵਿਸ਼ੇ ਸ਼ਾਮਲ ਹੋਣਗੇ। ਆਕਸਫੋਰਡ ਨੇ ਇਹ ਕਦਮ ਇਸ ਸਮੇਂ ਚੁੱਕਿਆ ਹੈ ਜਦ ਪੂਰੇ ਦੇਸ਼ ਦੀ ਯੂਨੀਵਰਸਿਟੀ 'ਚ 'ਮੇਰਾ ਸਿਲੇਬਸ ਮਾਰਕ ਕਿਉਂ ਹੈ' ਨਾਲ ਵਿਰੋਧ ਪ੍ਰਦਰਸ਼ਨ ਚੱਲ ਰਿਹਾ ਹੈ ਤੇ ਇਸ ਤਰ੍ਹਾਂ ਦੇ ਸਿਲੇਬਸ ਨੂੰ ਬਾਹਰ ਕੱਢਣ ਦੀ ਮੰਗ ਕੀਤੀ ਜਾ ਰਹੀ ਹੈ। ਆਕਸਫੋਰਡ ਦੇ ਫੈਕਲਟੀ ਮੁਖੀ ਮਾਰਟਿਨ ਕੋਨਵੇ ਨੇ ਕਿਹਾ ਕਿ ਵਿਦਿਆਰਥੀਆਂ ਨਾਲ ਵਿਚਾਰ ਵਟਾਂਦਰਾ ਮਗਰੋਂ ਇਤਿਹਾਸ ਦੀ ਪੜ੍ਹਾਈ ਦੇ ਸੰਦਰਭ 'ਚ ਵੱਖਰੇਵਾਂ ਲਿਆਉਣ ਲਈ ਬਦਲਾਅ ਕੀਤੇ ਜਾ ਰਹੇ ਹਨ।

### ਬਰਤਾਨੀਆ ਦੀਆਂ ਸਿਆਸੀ ਧਿਰਾਂ ਦਾ ਹਿੰਦੀ ਪ੍ਰੇਮ

**ਲੰਡਨ:** ਬਰਤਾਨੀਆ ਦੀ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੇ ਦੇਸ਼ ਵਿਚ ਰਹਿੰਦੇ ਤਕਰੀਬਨ 16 ਲੱਖ ਭਾਰਤੀਆਂ ਨੂੰ ਪਤਿਆਉਣ ਲਈ ਹਿੰਦੀ ਵਿਚ ਪ੍ਰਚਾਰ ਗੀਤ ਜਾਰੀ ਕੀਤਾ। ਅੱਠ ਜੂਨ ਨੂੰ ਹੋ ਰਹੀ ਆਮ ਚੋਣ ਲਈ 'ਟੈਰੇਜ਼ਾ ਕੇ ਸਾਥ' ਗੀਤ ਦਾ ਨਿਰਮਾਣ 'ਕੰਜ਼ਰਵੇਟਿਵ ਫਰੈਂਡਜ਼ ਇੰਡੀਆ' (ਸੀ.ਐਫ.ਆਈ.) ਦੇ ਸਹਿ ਚੇਅਰਮੈਨ ਅਤੇ ਬਰਤਾਨੀਆ ਆਧਾਰਤ ਭਾਰਤੀ ਵਪਾਰੀ ਰਣਜੀਤ ਐਸ. ਬਖ਼ਸ਼ੀ ਨੇ ਕੀਤਾ ਹੈ। ਇਸ ਵਿਚ ਭਾਰਤੀ ਮੂਲ ਦੇ ਵੋਟਰਾਂ ਨੂੰ ਟੈਰੇਜ਼ਾ ਮੇਅ ਦਾ ਸਾਥ ਦੇਣ ਦਾ ਸੱਦਾ ਦਿੱਤਾ ਗਿਆ। ਇਸ ਗੀਤ ਪਿਛਲੀ ਟੀਮ ਨੇ ਬਿਆਨ ਵਿਚ ਕਿਹਾ, ''ਇਹ ਹਿੰਦੀ ਗੀਤ ਖਾਸ ਤੌਰ ਉਤੇ 16 ਲੱਖ ਬਰਤਾਨਵੀ ਭਾਰਤੀਆਂ ਨੂੰ ਆਮ ਚੋਣਾਂ 2017 ਵਿਚ ਟੈਰੇਜ਼ਾ ਮੇਅ ਨਾਲ ਜੋੜਨ ਲਈ ਬਣਾਇਆ ਗਿਆ ਹੈ, ਜਿਹੜੇ ਬਰਤਾਨਵੀ ਅਰਥਚਾਰੇ ਨੂੰ ਤਰੱਕੀ ਦੀ ਲੀਹ ਉਤੇ ਪਾਉਣ ਅਤੇ ਮੁਲਕ ਨੂੰ ਮਜ਼ਬੂਤ ਤੇ ਸਥਾਈ ਲੀਡਰਸ਼ਿਪ ਮੁਹੱਈਆ ਕਰਨਗੇ।'' ਇਸ ਦੇ ਗੀਤਕਾਰ ਪੰਡਿਤ ਦਿਨੇਸ਼ ਹਨ, ਜਦੋਂ ਕਿ ਇਸ ਵਿਚ ਨਵੀਨ ਕੁੰਦਰਾ, ਰੁਬੀਆਯਾਤ ਜਹਾਂ, ਉਰਮੀ ਚੱਕਰਬਰਤੀ, ਰਾਜਾ ਕਸਾਫ ਅਤੇ ਕੇਤਨ ਕੰਸਰਾ ਵਰਗੇ ਬਰਤਾਨਵੀ ਭਾਰਤੀ ਕਲਾਕਾਰਾਂ ਨੇ ਆਵਾਜ਼ ਦਿੱਤੀ ਹੈ।

# ਬਾਬਰੀ ਮਸਜਿਦ: ਅਡਵਾਨੀ, ਜੋਸ਼ੀ ਤੇ ਉਮਾ ਖਿਲਾਫ ਦੋਸ਼ ਆਇਦ

**ਲਖਨਊ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਸੀਨੀਅਰ ਭਾਜਪਾ ਆਗੂਆਂ ਐਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਉਮਾ ਭਾਰਤੀ ਵਿਰੁਧ 1992 ਵਿਚ ਬਾਬਰੀ ਮਸਜਿਦ ਢਾਹੁਣ ਦੇ ਮਾਮਲੇ ਵਿਚ ਸਾਜ਼ਿਸ਼ ਘੜਨ ਦੇ ਦੋਸ਼ ਆਇਦ ਕੀਤੇ ਹਨ। ਨਾਲ ਹੀ ਅਦਾਲਤ ਨੇ ਇਨ੍ਹਾਂ ਤਿੰਨਾਂ ਸਮੇਤ ਛੇ ਜਣਿਆਂ ਨੂੰ 50-50 ਹਜ਼ਾਰ ਦੇ ਨਿਜੀ ਮੁਚਲਕਿਆਂ 'ਤੇ ਜ਼ਮਾਨਤ ਦੇ ਦਿੱਤੀ।

ਇਸ ਤੋਂ ਪਹਿਲਾਂ ਅਦਾਲਤ ਨੇ ਇਨ੍ਹਾਂ ਦੀ ਡਿਸਚਾਰਜ ਅਰਜ਼ੀ ਖਾਰਜ ਕੀਤੀ ਅਤੇ ਮਗਰੋਂ ਉਪਰੋਕਤ ਆਗੂਆਂ ਤੋਂ ਇਲਾਵਾ ਤਿੰਨ ਹੋਰਨਾਂ ਖਿਲਾਫ਼ ਧਾਰਾ 120(ਬੀ) ਤਹਿਤ ਦੋਸ਼ ਆਇਦ ਕੀਤੇ। ਹੋਰਨਾਂ 3 ਆਗੂਆਂ ਵਿਚ ਵਿਨੈ ਕਟਿਯਾਰ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਹਰੀ ਡਾਲਮੀਆ ਅਤੇ ਸਾਧਵੀ ਰਿਤੰਭਰਾ ਸ਼ਾਮਲ ਹਨ। ਇਨ੍ਹਾਂ ਨੇ ਆਪਣੇ ਖਿਲਾਫ਼ ਦੋਸ਼ ਆਇਦ ਕਰਨ ਦਾ ਵਿਰੋਧ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਵਿਵਾਦਤ ਢਾਂਚਾ ਢਾਹੇ ਜਾਣ ਵਿਚ ਕੋਈ ਭੂਮਿਕਾ ਨਹੀਂ ਸੀ। ਉਹ ਤਾਂ ਅਜਿਹਾ ਕਰਨ ਵਾਲਿਆਂ ਨੂੰ ਰੋਕ ਰਹੇ ਸੀ ਪਰ ਜੱਜ ਨੇ ਉਨ੍ਹਾਂ ਦੀ ਦਲੀਲ ਨਾ ਮੰਨਦਿਆਂ ਡਿਸਚਾਰਜ ਪਟੀਸ਼ਨ ਰੱਦ ਕਰ ਦਿੱਤੀ। ਜ਼ਿਕਰਯੋਗ ਹੈ ਕਿ ਅਦਾਲਤ 16ਵੀ ਸਦੀ ਦੀ ਮਸਜਿਦ ਢਾਹੁਣ ਸਬੰਧੀ ਦੋ ਵੱਖ ਵੱਖ ਮਾਮਲਿਆਂ ਦੀ ਸੁਣਵਾਈ ਕਰ ਰਹੀ ਹੈ। ਦੂਜੇ ਮਾਮਲੇ ਦੇ ਦੋਸ਼ੀਆਂ ਵਿਚ ਰਾਮ ਵਿਲਾਸ ਵੇਦਾਂਤੀ, ਬੈਕੁੰਠ ਲਾਲ ਸ਼ਰਮਾ, ਚੰਪਤ ਰਾਇ ਬੰਸ, ਮਹੰਤ ਨ੍ਰਿਤਿਆ ਗੋਪਾਲ ਦਾਸ, ਧਰਮ ਦਾਸ ਅਤੇ ਸਤੀਸ਼ ਪ੍ਰਧਾਨ ਸ਼ਾਮਲ ਹਨ।

# ਕੇਜਰੀਵਾਲ ਨੇ ਹਾਰ ਦੀ ਜ਼ਿੰਮੇਵਾਰੀ 'ਉਪਰ ਵਾਲੇ' ਸਿਰ ਸੁੱਟੀ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਹਾਰ ਦੇ ਕਾਰਨ ਜਾਣਨ ਪੰਜਾਬ ਪਹੁੰਚੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਹਾਰ ਦੀ ਜ਼ਿੰਮੇਵਾਰੀ ਰੱਬ ਸਿਰ ਮੜ੍ਹ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਾਰਟੀ ਦੀ ਹਾਰ ਲਈ ਕਈ ਕਾਰਨ ਹੋ ਸਕਦੇ ਹਨ ਪਰ 'ਉਪਰ ਵਾਲਾ' ਇਹ ਚਾਹੁੰਦਾ ਸੀ ਕਿ ਪਾਰਟੀ ਵਿਰੋਧੀ ਧਿਰ ਵਿਚ ਬੈਠ ਕੇ ਪੰਜਾਬ ਦੇ ਲੋਕਾਂ ਦੀ ਸੇਵਾ ਕਰੇ। ਉਹ 'ਉਪਰ ਵਾਲੇ' ਦੀ ਸ਼ਕਤੀ ਵਿਚ ਉਹ ਵਿਸ਼ਵਾਸ ਰੱਖਦੇ ਹਨ ਤੇ ਜੋ ਵੀ ਹੋਇਆ ਉਸ ਦੀ ਮਰਜ਼ੀ ਨਾਲ ਹੀ ਹੋਇਆ।

ਉਨ੍ਹਾਂ ਕਿਹਾ ਪੰਜਾਬ ਦੇ ਨਤੀਜੇ ਪਾਰਟੀ ਦੀਆਂ ਉਮੀਦਾਂ ਦੇ ਖਿਲਾਫ ਨਹੀਂ ਸਗੋਂ ਪੰਜਾਬੀਆਂ ਦੀਆਂ ਉਮੀਦਾਂ ਦੇ ਖਿਲਾਫ ਆਏ ਹਨ। ਉਨ੍ਹਾਂ ਪਾਰਟੀ ਵਰਕਰਾਂ ਕੋਲੋਂ ਮੁਆਫੀ ਮੰਗੀ ਕਿ ਉਹ ਦਿੱਲੀ ਵਿਚ ਕੁਝ ਰੁਝੇਵੇਂ ਹੋਣ ਕਰ ਕੇ ਪੰਜਾਬ ਦੇ ਚੋਣ ਨਤੀਜਿਆਂ ਤੋਂ ਬਾਅਦ ਪੰਜਾਬ ਨਹੀਂ ਆ ਸਕੇ। ਏ.ਵੀ.ਐਮ. ਵਿਚ ਗੜਬੜ ਕੀਤੀ ਗਈ ਹੈ ਤੇ ਅਕਾਲੀ ਕਾਂਗਰਸ ਮਿਲੇ ਹੋਏ ਹਨ। ਚੋਣਾਂ ਵਿਚ ਪੈਸੇ ਵੀ ਬਹੁਤ ਵੰਡੇ ਗਏ ਤੇ ਕਿਤੇ ਨਾ ਕਿਤੇ ਸਾਡੇ ਵਿਚ ਵੀ ਕਈ ਕਮੀਆਂ ਸਨ ਪਰ ਜੋ ਕੁਝ ਵੀ ਹੋਇਆ, ਉਹ ਸਭ ਉਪਰ ਵਾਲੇ ਨੇ ਕਰਵਾਇਆ।

# ਬੇਅੰਤ ਸਿੰਘ ਦੇ ਪੋਤੇ ਨੂੰ ਡੀ.ਐਸ.ਪੀ. ਲਾਉਣ 'ਤੇ ਮੋਹਰ

**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਗੁਰਇਕਬਾਲ ਸਿੰਘ ਦੇ ਡੀ.ਐਸ.ਪੀ. ਬਣਨ 'ਤੇ ਮੋਹਰ ਲਾ ਦਿੱਤੀ ਹੈ। ਇਸ ਨਿਯੁਕਤੀ 'ਤੇ ਕਈ ਸਵਾਲ ਉਠ ਰਹੇ ਸੀ ਪਰ ਕੈਪਟਨ ਸਰਕਾਰ ਨੇ ਸਭ ਕੁਝ ਨੂੰ ਨਜ਼ਰ ਅੰਦਾਜ਼ ਕਰ ਕੇ ਹਰੀ ਝੰਡੀ ਦੇ ਦਿੱਤੀ ਹੈ। ਨਿਯੁਕਤੀ 'ਤੇ ਵਿੱਤ ਵਿਭਾਗ ਨੇ ਵੀ ਸਵਾਲ ਚੁੱਕੇ ਸੀ। ਇਸ ਤੋਂ ਇਲਾਵਾ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਕ ਵੀ ਇਹ ਨਿਯੁਕਤੀ ਸਹੀ ਨਹੀਂ ਕਹੀ ਜਾ ਸਕਦੀ।

ਸੁਪਰੀਮ ਕੋਰਟ ਅਨੁਸਾਰ ਸਰਦੇ-ਪੁੱਜਦੇ ਪਰਿਵਾਰ ਦੇ ਵਿਅਕਤੀਆਂ ਨੂੰ ਤਰਸ ਦੇ ਆਧਾਰ 'ਤੇ ਨੌਕਰੀ ਨਹੀਂ ਦਿੱਤੀ ਜਾ ਸਕਦੀ। ਪੰਜਾਬ ਦੇ ਵਿੱਤ ਵਿਭਾਗ ਵੱਲੋਂ ਹੀ ਇਤਰਾਜ਼ ਲਾਇਆ ਗਿਆ ਸੀ ਕਿ ਇਸ ਨਿਯੁਕਤੀ ਨੂੰ ਕਾਨੂੰਨੀ ਤੌਰ 'ਤੇ ਯੋਗ ਨਹੀਂ ਮੰਨਿਆ ਜਾ ਸਕਦਾ।

ਉਨ੍ਹਾਂ ਕਿਹਾ ਸੀ ਕਿ ਤਰਸ ਦੇ ਆਧਾਰ 'ਤੇ ਨੌਕਰੀ ਅਜਿਹੇ ਪਰਿਵਾਰ ਦੇ ਮੈਂਬਰ ਨੂੰ ਹੀ ਦਿੱਤੀ ਜਾ ਸਕਦੀ ਹੈ ਜਿਸ ਵਿਚ ਕਿਸੇ ਵਿਅਕਤੀ ਦੀ ਮੌਤ ਮਗਰੋਂ ਸਾਰੇ ਪਰਿਵਾਰ ਦਾ ਦਾਰੋਮਦਾਰ ਉਸੇ ਵਿਅਕਤੀ ਸਿਰ 'ਤੇ ਹੋਵੇ ਜਿਸ ਨੂੰ ਨੌਕਰੀ ਦਿੱਤੀ ਜਾਣੀ ਹੋਵੇ।

## ਹੁਣ ਨਹੀਂ ਹੋ ਸਕੇਗੀ ਕਿਸਾਨਾਂ ਦੀ ਜ਼ਮੀਨ ਕੁਰਕ

ਚੰਡੀਗੜ੍ਹ: ਪੰਜਾਬ ਮੰਤਰੀ ਮੰਡਲ ਨੇ ਕੁਰਕੀ ਖਤਮ ਕਰਨ ਬਾਰੇ ਕਾਨੂੰਨ ਨੂੰ ਰਸਮੀ ਸਹਿਮਤੀ ਦੇ ਦਿੱਤੀ ਹੈ। ਇਸ ਨਾਲ ਸੂਬੇ ਦੇ ਕਿਸਾਨਾਂ ਉਪਰ ਚੜ੍ਹੇ ਕਰਜ਼ੇ ਦੇ ਬੋਝ ਨੂੰ ਹੌਲਾ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਪੰਜਾਬ ਸਹਿਕਾਰੀ ਸਭਾਵਾਂ ਐਕਟ-1961 ਦੀ ਧਾਰਾ 67-ਏ ਜੋ ਕਿਸਾਨਾਂ ਦੀ ਜ਼ਮੀਨ ਦੇ ਮਾਲੀਏ ਦੇ ਬਕਾਏ ਦੇ ਰੂਪ ਵਿਚ ਕਰਜ਼ਿਆਂ ਦੀ ਵਸੂਲੀ ਲਈ 'ਕੁਰਕੀ' ਦਾ ਉਪਬੰਧ ਕਰਦੀ ਹੈ, ਨੂੰ ਖਤਮ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਮੌਜੂਦਾ ਨਾਮਜ਼ਦ ਮਾਰਕੀਟ ਕਮੇਟੀਆਂ ਨੂੰ ਭੰਗ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਮੰਤਰੀ ਮੰਡਲ ਦੇ ਫੈਸਲੇ ਮੁਤਾਬਕ ਇਨ੍ਹਾਂ ਮਾਰਕੀਟ ਕਮੇਟੀਆਂ ਨੂੰ ਭੰਗ ਕਰ ਕੇ ਪ੍ਰਸ਼ਾਸਕ ਲਾਉਣ ਦੇ ਉਪਬੰਧ ਲਈ ਪੰਜਾਬ ਖੇਤੀਬਾੜੀ ਉਤਪਾਦਨ ਮੰਡੀ ਐਕਟ-1961 ਦੀ ਧਾਰਾ 12 ਵਿਚ ਵੀ ਸੋਧ ਹੋਵੇਗੀ।


**Mann Insurance Brokers Inc.**

DBA Global Green Insurance Agency of the Bay Area
4 Union Square #E, Union City, CA 94587



*Gurdawar Singh*
*Lic.# OF34231*

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ

PROGRESSIVE · MERCURY INSURANCE GROUP · THE HARTFORD · Safeco Insurance A Liberty Mutual Company · TRAVELERS

**Ph: 510-487-1000**

mann@ggiausa.com



**Restaurant For Sale**

**Restaurant For Sale in the Portland, Oregon metropolitan area. Located around the corner from professional baseball btadium. Near 2 Intel campuses, Nike offices, VW offices, and many more. The area is expanding with more industry coming. The restaurant is 3362.28 sqft. in a newer complex. Nice interior with beautiful chandeliers and bar. Through out the restaurant there are 8 TVs, 3 of which are in the bar, security cameras, and a sound system. Kitchen has a walk in cooler, 20 ft. hood, 6 burner stove with oven, 2 fryers, 2 stock pot burners, tandoor and more. $175,000.**

***For More Info, Please Call:***

**Ph: 503-888-0489**



**ਰੈਸਟੋਰੈਂਟ ਸਟਾਫ ਦੀ ਲੋੜ ਹੈ**

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਵੇਟਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

**ਫੋਨ: 850-510-3046**

22-23



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

***National Truck Driving School***

**1816 Main Ave., Secramento CA, 95838**

**ਸੈਕਰਾਮੈਂਟੋ, ਕੈਲੀਫੋਰਨੀਆ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 3 ਜੂਨ 2017*

## ਪੰਜਾਬ ਦੀ ਸਿਆਸਤ ਤੇ ਮੁੱਦੇ

ਇਸ ਹਫਤੇ ਪੰਜਾਬ ਦੀ ਸਿਆਸਤ ਦਾ ਰੰਗ ਆਪਣੀ ਹੀ ਤਰ੍ਹਾਂ ਦਾ ਰਿਹਾ ਹੈ। ਇਕ ਪਾਸੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹੀਦੀ ਅਤੇ ਸ੍ਰੀ ਅਕਾਲ ਤਖਤ ਉਤੇ ਹਮਲੇ ਦੀ ਬਰਸੀ ਕਾਰਨ ਮਾਹੌਲ ਸੋਗੀ ਸੀ, ਦੂਜੇ ਬੰਨੇ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਦੀ ਮੌਤ ਨਾਲ ਲੋਕਾਂ ਦਾ ਵੱਖਰਾ ਪ੍ਰਤੀਕਰਮ ਸਾਹਵੇਂ ਆਇਆ। ਲੋਕਾਂ ਦਾ ਉਸ ਪੁਲਿਸ ਅਫਸਰ ਲਈ ਪ੍ਰਤੀਕਰਮ ਆਪ-ਮੁਹਾਰਾ ਹੀ ਸੀ ਜਿਸ ਉਤੇ ਕਾਲੇ ਦੌਰ ਦੌਰਾਨ ਨੌਜਵਾਨਾਂ ਨੂੰ ਲਾਪਤਾ ਕਰਨ ਅਤੇ ਮਾਰਨ ਦੇ ਦੋਸ਼ ਲਗਦੇ ਰਹੇ ਹਨ। ਇਸ ਪ੍ਰਤੀਕਰਮ ਵਿਚ ਨਿਆਂ-ਅਨਿਆਂ ਦਾ ਮੁੱਦਾ, ਉੜਕ ਉਭਰ ਕੇ ਸਾਹਮਣੇ ਆਇਆ। ਇਹ ਵੀ ਸਾਹਮਣੇ ਆਇਆ ਕਿ ਮੁਲਕ ਦੀ ਏਕਤਾ ਤੇ ਅਖੰਡਤਾ ਦੇ ਨਾਂ ਉਤੇ ਸਥਾਪਤੀ ਨੇ ਕਿਸ ਤਰ੍ਹਾਂ ਮਨੁੱਖੀ ਹੱਕਾਂ ਦਾ ਘਾਣ ਕੀਤਾ। ਇਸ ਘਾਣ ਨੂੰ ਅੱਜ ਦੇ ਕਸ਼ਮੀਰ ਦੇ ਹਾਲਾਤ ਨਾਲ ਜੋੜ ਕੇ ਵਾਚਿਆ ਜਾਵੇ ਤਾਂ ਅਸਲ ਹਾਲਾਤ ਦੀਆਂ ਪਰਤਾਂ ਉਧੜਨ ਲਗਦੀਆਂ ਹਨ। ਅੱਜ ਕਸ਼ਮੀਰ ਵਿਚ ਸੁਰੱਖਿਆ ਏਜੰਸੀਆਂ ਮਨ-ਆਈਆਂ ਕਰ ਰਹੀਆਂ ਹਨ ਅਤੇ ਸਥਾਪਤੀ ਇਸ ਕਾਰਜ ਨੂੰ ਹਿੱਕ ਠੋਕ ਕੇ ਸਹੀ ਕਰਾਰ ਦੇਣ ਦਾ ਯਤਨ ਵੀ ਕਰ ਰਹੀ ਹੈ; ਹਾਲਾਂਕਿ ਇਸ ਨੂੰ ਪੂਰਾ ਇਲਮ ਹੈ ਕਿ ਮਸਲਾ ਮਹਿਜ਼ ਕਾਨੂੰਨ-ਵਿਵਸਥਾ ਦਾ ਨਹੀਂ, ਇਹ ਮਸਲਾ ਦਰਅਸਲ ਸਿਆਸੀ ਹੈ ਜਿਸ ਦਾ ਹੱਲ ਸਿਆਸੀ ਸੰਵਾਦ ਰਾਹੀਂ ਹੀ ਸੰਭਵ ਹੈ। ਪੰਜਾਬ ਵਿਚ ਵੀ ਉਨ੍ਹਾਂ ਵਕਤਾਂ ਦੌਰਾਨ ਇਹੀ ਪ੍ਰਚਾਰ ਕੀਤਾ ਗਿਆ ਸੀ ਕਿ ਮਸਲਾ ਸਿਰਫ ਕਾਨੂੰਨ-ਵਿਵਸਥਾ ਦਾ ਹੀ ਹੈ। ਇਸ ਪਹੁੰਚ ਦਾ ਸਿੱਟਾ ਉਹੀ ਨਿਕਲਿਆ ਜਿਸ ਦੀ ਆਸ ਸੀ। ਹਜ਼ਾਰਾਂ ਜਾਨਾਂ ਕੁਰਬਾਨ ਹੋ ਗਈਆਂ ਅਤੇ ਅੱਜ ਢਾਈ-ਤਿੰਨ ਦਹਾਕਿਆਂ ਤੋਂ ਬਾਅਦ ਵੀ ਹਾਲਾਤ ਉਥੇ ਹੀ ਖੜ੍ਹੇ ਹਨ।

ਅਸਲ ਵਿਚ ਮਸਲਾ ਸਿਰਫ ਸਿਆਸੀ ਇੱਛਾ ਹੋਣ ਜਾਂ ਨਾ ਹੋਣ ਦਾ ਹੈ। ਇਸ ਦੀ ਤਸਦੀਕ ਹਾਲ ਹੀ ਸਾਹਮਣੇ ਆਏ ਰੇਤ ਵਾਲੇ ਘਪਲੇ ਨਾਲ ਹੋ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਸਾਫ-ਸੁਥਰੀ ਸਰਕਾਰ ਬਣਾਉਣ ਦੇ ਦਾਅਵੇ ਅਤੇ ਵਾਅਦੇ ਨਾਲ ਸੱਤਾ ਵਿਚ ਆਇਆ ਸੀ। ਇਨ੍ਹਾਂ ਦਾਅਵਿਆਂ ਦੀ ਫੂਕ ਤਾਂ ਉਸ ਵਕਤ ਹੀ ਨਿਕਲ ਗਈ ਜਾਪਦੀ ਸੀ, ਜਦੋਂ ਉਹੀ ਪੁਰਾਣਾ ਲਾਣਾ ਉਸ ਦੇ ਆਲੇ-ਦੁਆਲੇ ਜੁੜਨਾ ਸ਼ੁਰੂ ਹੋ ਗਿਆ ਸੀ, ਪਰ ਰੇਤ ਵਾਲੇ ਮਸਲੇ ਨੇ ਤਾਂ ਰਹਿੰਦੀ-ਖੂੰਹਦੀ ਕਸਰ ਵੀ ਕੱਢ ਦਿੱਤੀ ਹੈ। ਕਾਂਗਰਸ ਪੂਰੇ ਦਸ ਸਾਲ ਇਹ ਰੌਲਾ ਪਾਉਂਦੀ ਰਹੀ ਹੈ ਕਿ ਪੰਜਾਬ ਦੇ ਹਰ ਛੋਟੇ-ਵੱਡੇ ਕਾਰੋਬਾਰ ਉਤੇ ਬਾਦਲ ਪਰਿਵਾਰ ਜਾਂ ਇਨ੍ਹਾਂ ਦੇ ਨੇੜਲਿਆਂ ਦਾ ਕਬਜ਼ਾ ਹੋ ਰਿਹਾ ਹੈ। ਜੇ ਅਜਿਹੀ ਗੱਲ ਸੀ ਤਾਂ ਸੱਤਾ ਬਦਲਦਿਆਂ ਹੀ ਇਹ ਮੁੱਦਾ ਮੁੱਕ ਜਾਣਾ ਚਾਹੀਦਾ ਸੀ, ਪੂਰੀ ਪਾਰਦਰਸ਼ਤਾ ਨਾਲ ਸਭ ਕਾਰੋਬਾਰਾਂ ਬਾਰੇ ਅਗਾਂਹ ਗੱਲ ਤੁਰਨੀ ਚਾਹੀਦੀ ਸੀ, ਪਰ ਹੁਣ ਤੱਥ ਇਹ ਸਾਹਮਣੇ ਆ ਰਹੇ ਹਨ ਕਿ ਅਕਾਲੀ ਆਗੂਆਂ ਦੀ ਥਾਂ ਕਾਂਗਰਸ ਦੇ ਆਗੂ ਲੈ ਰਹੇ ਹਨ। ਰੇਤੇ-ਬਜਰੀ ਦਾ ਮੁੱਦਾ ਲਗਾਤਾਰ ਚਰਚਾ ਵਿਚ ਰਿਹਾ ਹੈ, ਕਿਉਂਕਿ ਇਹ ਲੋਕਾਂ ਨਾਲ ਸਿੱਧਾ ਜੁੜਿਆ ਹੋਇਆ ਹੈ। ਖੱਡਾਂ ਦੀ ਨਵੇਂ ਸਿਰਿਓਂ ਨਿਲਾਮੀ ਨਾਲ ਰੇਤਾ-ਬਜਰੀ ਦੇ ਭਾਅ ਟੁੱਟਣੇ ਤਾਂ ਦੂਰ ਦੀ ਗੱਲ, ਹੋਰ ਘਪਲੇ ਸਾਹਮਣੇ ਆਉਣੇ ਆਰੰਭ ਹੋ ਗਏ। ਇਸ ਨਾਲ ਨਿਸੱਤੇ ਹੋਏ ਪਏ ਸ਼੍ਰੋਮਣੀ ਅਕਾਲੀ ਦਲ ਜਿਸ ਨੂੰ ਆਪਣੇ ਕਾਰਨਾਮਿਆਂ ਕਾਰਨ ਐਤਕੀਂ ਵਿਧਾਨ ਸਭਾ ਚੋਣਾਂ ਅੰਦਰ ਲੱਕ ਤੋੜਵੀਂ ਹਾਰ ਹੋਈ ਸੀ, ਵਿਚ ਫਿਰ ਜਾਨ ਪੈਣੀ ਸ਼ੁਰੂ ਹੋ ਗਈ ਹੈ। ਕੈਪਟਨ ਨੇ ਅਕਾਲੀ ਦਲ ਅਤੇ ਇਸ ਦੇ ਕਰਤਾ-ਧਰਤਾ ਬਾਦਲ ਪਰਿਵਾਰ ਨੂੰ ਇਹ ਮੁੱਦਾ ਥਾਲੀ ਵਿਚ ਪਰੋਸ ਕੇ ਦੇ ਦਿੱਤਾ ਹੈ ਅਤੇ ਇਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੋੜ ਕੇ ਕਈ ਹੋਰ ਮਸਲੇ ਵੀ ਕੇਂਦਰ ਵਿਚ ਲੈ ਆਂਦੇ ਹਨ।

ਸਿਤਮਜ਼ਰੀਫੀ ਇਹ ਵੀ ਹੈ ਕਿ ਕੈਪਟਨ ਸਰਕਾਰ ਕਾਇਮੀ ਦੇ ਪਹਿਲੇ ਹੀ ਦਿਨ ਤੋਂ ਇਸ ਨੂੰ ਅਫਸਰਸ਼ਾਹੀ ਨਾਲ ਜੂਝਣਾ ਪੈ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੇ ਦਸ ਸਾਲਾਂ ਨੇ ਅਫਸਰਸ਼ਾਹੀ ਨੂੰ ਇਸ ਕਦਰ ਪੱਖਪਾਤੀ ਬਣਾ ਧਰਿਆ ਹੈ ਕਿ ਸੱਤਾ ਬਦਲਣ ਤੋਂ ਦੋ ਮਹੀਨਿਆਂ ਬਾਅਦ ਵੀ ਸਿਆਸੀ ਆਗੂਆਂ ਅਤੇ ਅਫਸਰਾਂ ਦਾ ਗਠਜੋੜ ਟੁੱਟਣ ਦਾ ਨਾਂ ਨਹੀਂ ਲੈ ਰਿਹਾ। ਇਸ ਤੋਂ ਅੱਜ ਦੀ ਸਿਆਸਤ ਦਾ ਖਾਸਾ ਵੀ ਸਮਝ ਆਉਂਦਾ ਹੈ ਜਿਹੜੀ ਆਮ ਲੋਕਾਂ ਦੀ ਬਜਾਏ ਆਗੂਆਂ ਤੇ ਅਫਸਰਾਂ ਦੀ ਸੇਵਾ ਵਿਚ ਲੱਗੀ ਹੋਈ ਹੈ। ਇਸ ਮਾਮਲੇ ਵਿਚ ਕਿਉਂਕਿ ਕਾਂਗਰਸ ਪਹਿਲੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਤੋਂ ਕਿਸੇ ਵੀ ਲਿਹਾਜ਼ ਵੱਖ ਨਹੀਂ, ਇਸ ਕਰ ਕੇ ਪਰਨਾਲਾ ਉਥੇ ਦਾ ਉਥੇ ਹੀ ਹੈ। ਪੰਜਾਬ ਦੇ ਲੋਕਾਂ ਨੇ ਤਬਦੀਲੀ ਦੀ ਆਸ, ਨਵੀਂ ਉਠੀ ਧਿਰ ਆਮ ਆਦਮੀ ਪਾਰਟੀ ਉਤੇ ਲਾਈ ਸੀ, ਪਰ ਇਸ ਧਿਰ ਦਾ ਜੋ ਹਸ਼ਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਹੋਇਆ, ਉਹ ਇਸ ਪਾਰਟੀ ਦੇ ਆਗੂਆਂ ਲਈ ਵੀ ਕਿਸੇ ਬੁਰੇ ਸੁਫਨੇ ਤੋਂ ਘੱਟ ਨਹੀਂ। ਜ਼ਾਹਰ ਹੈ ਕਿ ਵੱਖ ਵੱਖ ਸਮਿਆਂ 'ਤੇ ਸਥਾਪਤੀ ਦਾ ਪਲੜਾ ਹੀ ਭਾਰੀ ਰਿਹਾ ਹੈ। ਇਸੇ ਕਰ ਕੇ ਪੁਲਾਂ ਹੇਠੋਂ ਇੰਨਾ ਪਾਣੀ ਵਗਣ ਦੇ ਬਾਵਜੂਦ ਸੂਬੇ ਦੇ ਹਾਲਾਤ ਜਿਉਂ ਦੇ ਤਿਉਂ ਹਨ। ਮਸਲਾ ਕੋਈ ਵੀ ਹੋਵੇ, ਆਮ ਆਦਮੀ ਦੇ ਪੱਖ ਤੋਂ ਇਸ ਨਾਲ ਅਨਿਆਂ ਹੀ ਜੁੜਿਆ ਹੋਇਆ ਹੈ। ਇਹ ਅਨਿਆਂ ਪੰਜਾਬ ਦੇ ਹਰ ਜੀਅ ਨਾਲ ਹੋ ਰਿਹਾ ਹੈ, ਪਰ ਸਿਆਸਤ ਅਤੇ ਸਥਾਪਤੀ ਨੇ ਇਹ ਮਸਲੇ ਇਕੱਲੇ ਇਕੱਲੇ ਭਾਈਚਾਰੇ ਤੇ ਜਮਾਤ ਨਾਲ ਇਸ ਤਰ੍ਹਾਂ ਜੋੜ ਦਿੱਤੇ ਹਨ ਕਿ ਸਭ ਆਪੋ-ਆਪਣੀ ਥਾਂ ਉਤੇ ਆਪਣੇ ਨਾਲ ਹੋ ਰਹੇ ਅਨਿਆਂ ਦੀ ਗੱਲ ਕਰ ਰਹੇ ਹਨ। ਇਹੀ ਸਥਾਪਤੀ ਦਾ ਦਾਈਆ ਹੈ। ਰਤਾ ਗਹਿਰਾਈ ਨਾਲ ਵਿਚਾਰਿਆ ਜਾਵੇ ਤਾਂ ਆਮ ਆਦਮੀ ਪਾਰਟੀ ਦੀ ਹਾਰ ਦੀ ਸੰਗਲੀ ਵੀ ਇਸੇ ਨਾਲ ਜੁੜੀ ਹੋਈ ਲੱਭਦੀ ਹੈ। ਸੂਬੇ ਵਿਚ ਅਤਿਵਾਦ ਮੁੜ ਆਉਣ ਦਾ ਡਰਾਵਾ ਤਾਂ ਸਥਾਪਤੀ ਦਾ ਲੋਕਾਂ ਖਿਲਾਫ ਵਰਤਣ ਵਾਲਾ ਖਾਸ ਹਥਿਆਰ ਬਣ ਗਿਆ ਹੈ। ਕੁਝ ਧਿਰਾਂ ਇਸ ਬਾਰੇ ਸਥਾਪਤੀ ਨੂੰ ਮੌਕਾ ਵੀ ਮੁਹੱਈਆ ਕਰ ਰਹੀਆਂ ਹਨ। ਇਸ ਕਰ ਕੇ ਹੁਣ ਸਮੇਂ ਦੀ ਲੋੜ ਸੂਬੇ ਦੇ ਸਮੁੱਚੇ ਹਾਲਾਤ ਨੂੰ ਸਮਝ-ਵਿਚਾਰ ਕੇ ਨਵੇਂ ਸਿਰਿਓਂ ਘੋਲਾਂ ਲਈ ਪਿੜ ਤਿਆਰ ਕਰਨ ਦੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਰੇਤਾ ਬਨਾਮ ਖੰਡ!**

ਵੋਟਾਂ ਵੇਲੇ ਜੋ ਬੰਨੀ ਸੀ ਵਾਅਦਿਆਂ ਦੀ, ਲਾਹ ਕੇ ਸੁੱਟ'ਤੀ ਹਾਕਮਾਂ ਪੰਡ ਵਾਂਗੂੰ।
ਕਰਿਆ ਨਵੀਂ ਸਰਕਾਰ ਨੇ ਫੈਸਲਾ ਜੋ, ਲੋੜਵੰਦਾਂ ਦੇ ਵੱਜੂਗਾ ਚੰਡ ਵਾਂਗੂੰ।
ਕੋਠੇ ਪਾਉਣ ਲਈ ਕਰੂ ਜੋ ਕਮਰਕੱਸੇ, ਖਰਚਾ ਭਰਨਗੇ ਵਾਧੂ ਦੇ ਡੰਡ ਵਾਂਗੂੰ।
ਸੁਣ ਹੋਣਗੇ ਰੇਤ ਦਾ ਰੇਟ ਸੁਣ ਕੇ, ਹਾੜ੍ਹ-ਜੇਠ ਵਿਚ ਪੋਹ ਦੀ ਠੰਢ ਵਾਂਗੂੰ।
ਧਰਨੇ ਰੋਸ ਹੜਤਾਲਾਂ ਨੂੰ ਦੇਖ ਕੇ ਤੇ, 'ਵਿਹਲੇ ਲੋਕਾਂ' ਦੀ ਸਮਝਣਗੇ ਡੰਡ ਵਾਂਗੂੰ।
ਮਿੱਲਾਂ ਵਾਲੇ ਵਜ਼ੀਰਾਂ ਨੇ ਵੇਚਣਾ ਏ, ਰੇਤਾ ਖੱਡਾਂ ਦਾ ਦੇਖਿਓ ਖੰਡ ਵਾਂਗੂੰ!

# ਸੁਪਰ ਕਾਪ: ਭਾਰਤੀ ਸਟੇਟ ਦੀ ਅਣਸਰਦੀ ਜ਼ਰੂਰਤ

***ਪੰਜਾਬ ਤੋਂ ਬਾਹਰ 'ਮੁੱਖਧਾਰਾ' ਮੀਡੀਆ ਨੇ ਕੇ.ਪੀ.ਐਸ. ਦੀ ਦਲੇਰੀ ਦਾ ਜੋ ਨਕਲੀ ਅਕਸ ਸਿਰਜਿਆ ਹੋਇਆ ਹੈ, ਉਸ ਕੂੜ ਪ੍ਰਚਾਰ ਦੇ ਪ੍ਰਭਾਵ ਹੇਠ ਪੰਜਾਬ ਤੋਂ ਬਾਹਰਲੇ ਲੋਕਾਂ ਦਾ ਉਸ ਦੀ ਮੌਤ ਉਪਰ ਦੁਖ ਜ਼ਾਹਿਰ ਕਰਨਾ ਸੁਭਾਵਿਕ ਹੈ, ਕਿਉਂਕਿ ਉਦੋਂ ਦੇ ਹਾਲਾਤ ਨੂੰ ਉਹ ਉਸੇ ਨਜ਼ਰੀਏ ਨਾਲ ਦੇਖਦੇ ਹਨ ਜੋ ਨਜ਼ਰੀਆ ਸੱਤਾਧਾਰੀ ਜਮਾਤ ਵਲੋਂ ਆਪਣੇ ਸੌੜੇ ਸਵਾਰਥੀ ਹਿਤਾਂ ਲਈ ਗੁੰਮਰਾਹਕੁਨ ਜਾਣਕਾਰੀ ਫੈਲਾ ਕੇ ਬਣਾਇਆ ਹੋਇਆ ਹੈ। ਜ਼ਿਆਦਾਤਰ ਲੋਕ ਐਸੇ ਸਵਾਲਾਂ ਬਾਰੇ ਹੁਕਮਰਾਨਾਂ ਵਲੋਂ ਪੇਸ਼ ਕੀਤੀ ਵਿਆਖਿਆ ਨੂੰ ਹੀ ਸੱਚ ਮੰਨੀ ਬੈਠੇ ਹਨ ਅਤੇ ਉਹ 'ਮੁਲਕ ਦੀ ਏਕਤਾ-ਅਖੰਡਤਾ ਨੂੰ ਖ਼ਤਰਾ', 'ਦਹਿਸ਼ਤਵਾਦ ਅੰਦਰੂਨੀ ਸੁਰੱਖਿਆ ਲਈ ਖ਼ਤਰਾ' ਦੇ ਸਰਕਾਰੀ ਦਾਇਰੇ ਤੋਂ ਬਾਹਰ ਜਾ ਕੇ ਇਨ੍ਹਾਂ ਸਵਾਲਾਂ ਨੂੰ ਸਮਝਣ ਦੀ ਜਹਿਮਤ ਕਦੇ ਨਹੀਂ ਉਠਾਉਂਦੇ।***

ਸਾਬਕਾ ਪੁਲਿਸ ਮੁਖੀ ਕੇ.ਪੀ.ਐਸ.ਗਿੱਲ ਦੀ ਮੌਤ ਦੀ ਖ਼ਬਰ ਆਉਣ 'ਤੇ ਸੋਗ ਅਤੇ ਖ਼ੁਸ਼ੀ ਦਾ ਮਿਲਿਆ-ਜੁਲਿਆ ਪ੍ਰਤੀਕਰਮ ਦੇਖਣ ਵਿਚ ਆਇਆ। ਕੁਝ ਲਈ ਉਹ 'ਸੁਪਰਕਾਪ' ਸੀ ਅਤੇ ਕੁਝ ਲਈ 'ਸੁਪਰ ਜਲਾਦ'। 'ਸੁਪਰਕਾਪ' ਵਾਲਿਆਂ ਨੂੰ ਉਸ ਦੇ ਮਰਨ ਦਾ ਦੁਖ ਹੋਇਆ ਜਿਨ੍ਹਾਂ ਵਿਚੋਂ ਇਕ ਕੈਪਟਨ ਅਮਰਿੰਦਰ ਸਿੰਘ ਵੀ ਹੈ ਜੋ ਪਿੱਛੇ ਜਿਹੇ ਉਚੇਚੇ ਤੌਰ 'ਤੇ ਉਸ ਦੀ ਮਿਜ਼ਾਜ਼ਪੁਰਸ਼ੀ ਅਤੇ ਸ਼ੁਭ ਕਾਮਨਾਵਾਂ ਦੇਣ ਲਈ ਉਸ ਦੇ ਘਰ ਜਾ ਢੁੱਕਿਆ ਸੀ।

ਪੰਜਾਬ ਤੋਂ ਬਾਹਰ 'ਮੁੱਖਧਾਰਾ' ਮੀਡੀਆ ਨੇ ਕੇ.ਪੀ.ਐਸ. ਦੀ ਦਲੇਰੀ ਅਤੇ ਬਹਾਦਰੀ ਦਾ ਜੋ ਨਕਲੀ ਅਕਸ ਸਿਰਜਿਆ ਹੋਇਆ ਹੈ, ਉਸ ਕੂੜ ਪ੍ਰਚਾਰ ਦੇ ਪ੍ਰਭਾਵ ਹੇਠ ਪੰਜਾਬ ਤੋਂ ਬਾਹਰਲੇ ਲੋਕਾਂ ਦਾ ਉਸ ਦੀ ਮੌਤ ਉਪਰ ਦੁਖ ਜ਼ਾਹਿਰ ਕਰਨਾ


**ਬੂਟਾ ਸਿੰਘ**
**ਫੋਨ: +91-94634-74342**

ਸੁਭਾਵਿਕ ਹੈ, ਕਿਉਂਕਿ ਉਦੋਂ ਦੇ ਹਾਲਾਤ ਨੂੰ ਉਹ ਉਸੇ ਨਜ਼ਰੀਏ ਨਾਲ ਦੇਖਦੇ ਹਨ ਜੋ ਨਜ਼ਰੀਆ ਸੱਤਾਧਾਰੀ ਜਮਾਤ ਵਲੋਂ ਆਪਣੇ ਸੌੜੇ ਸਵਾਰਥੀ ਹਿਤਾਂ ਲਈ ਗੁੰਮਰਾਹਕੁਨ ਜਾਣਕਾਰੀ ਫੈਲਾ ਕੇ ਬਣਾਇਆ ਹੋਇਆ ਹੈ। ਜ਼ਿਆਦਾਤਰ ਲੋਕ ਐਸੇ ਸਵਾਲਾਂ ਬਾਰੇ ਹੁਕਮਰਾਨਾਂ ਵਲੋਂ ਪੇਸ਼ ਕੀਤੀ ਵਿਆਖਿਆ ਨੂੰ ਹੀ ਸੱਚ ਮੰਨੀ ਬੈਠੇ ਹਨ ਅਤੇ ਉਹ 'ਮੁਲਕ ਦੀ ਏਕਤਾ-ਅਖੰਡਤਾ ਨੂੰ ਖ਼ਤਰਾ', 'ਦਹਿਸ਼ਤਵਾਦ ਅੰਦਰੂਨੀ ਸੁਰੱਖਿਆ ਲਈ ਖ਼ਤਰਾ' ਦੇ ਸਰਕਾਰੀ ਦਾਇਰੇ ਤੋਂ ਬਾਹਰ ਜਾ ਕੇ ਇਨ੍ਹਾਂ ਸਵਾਲਾਂ ਨੂੰ ਸਮਝਣ ਦੀ ਜਹਿਮਤ ਕਦੇ ਨਹੀਂ ਉਠਾਉਂਦੇ। ਇਸ ਸੋਗ ਵਿਚ ਅਣਐਲਾਨੇ ਤੌਰ 'ਤੇ ਉਹ ਕਮਿਊਨਿਸਟ ਵੀ ਸ਼ਾਮਲ ਹਨ ਜੋ 'ਏਕਤਾ-ਅਖੰਡਤਾ' ਦਾ ਰਾਗ ਹੁਕਮਰਾਨਾਂ ਤੋਂ ਵੀ ਵਧ ਜ਼ੋਰ ਨਾਲ ਅਲਾਪਦੇ ਰਹੇ ਹਨ ਅਤੇ ਪੰਜਾਬ ਵਿਚ ਰਾਜਕੀ ਦਹਿਸ਼ਤਵਾਦ ਜ਼ਰੀਏ 'ਅਮਨ' ਬਹਾਲ ਕਰਨ ਦੇ ਜੋਸ਼ੀਲੇ ਵਕੀਲ ਰਹੇ ਹਨ।

ਇਸੇ ਵੰਨਗੀ ਦਾ ਇਕ ਚੋਟੀ ਦਾ ਆਗੂ ਹਰਕਿਸ਼ਨ ਸਿੰਘ ਸੁਰਜੀਤ ਸੀ ਜਿਸ ਨੂੰ ਕੇ.ਪੀ.ਐਸ ਗਿੱਲ ਨੇ ਉਸ ਜਸ਼ਨ ਸਮਾਗਮ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਸੱਦਿਆ ਸੀ ਜੋ 1990ਵਿਆਂ ਦੇ ਸ਼ੁਰੂ ਵਿਚ ਮਾਝੇ ਦੇ ਮੰਡ ਇਲਾਕੇ ਨੂੰ ਅਤਿਵਾਦੀਆਂ ਤੋਂ ਮੁਕਤ ਕਰਾਉਣ ਤੋਂ ਬਾਅਦ ਪੰਜਾਬ ਪੁਲਿਸ ਵਲੋਂ ਉਥੇ ਕਰਵਾਇਆ ਗਿਆ ਸੀ; ਪਰ ਪੰਜਾਬ ਦੇ ਜ਼ਿਆਦਾਤਰ ਲੋਕਾਂ, ਖਾਸ ਕਰ ਕੇ ਜਿਨ੍ਹਾਂ ਦਹਿ-ਹਜ਼ਾਰਾਂ ਪਰਿਵਾਰਾਂ ਨੇ ਕੇ.ਪੀ.ਐਸ. ਦੀ ਅਗਵਾਈ ਹੇਠ ਰਾਜਕੀ ਦਹਿਸ਼ਤਗਰਦੀ ਦਾ ਸੰਤਾਪ ਝੱਲਿਆ, ਉਨ੍ਹਾਂ ਨੇ ਖ਼ੁਸ਼ੀ ਦਾ ਇਜ਼ਹਾਰ ਕਰਦੇ ਹੋਏ ਆਪਣਾ ਗੁੱਭ-ਗੁਭਾਟ ਖੁੱਲ੍ਹ ਕੇ ਕੱਢਿਆ ਹੈ। ਜਿਨ੍ਹਾਂ ਜਮਹੂਰੀ ਤਾਕਤਾਂ ਦੀ ਸਟੇਟ ਦੇ ਤਾਨਾਸ਼ਾਹ ਸੁਭਾਅ ਬਾਰੇ ਸੋਚ ਸਪਸ਼ਟ ਹੈ, ਉਨ੍ਹਾਂ ਨੂੰ ਵੀ ਇਸ ਸ਼ਖਸ ਦੇ ਮਰਨ ਦਾ ਕੋਈ ਅਫ਼ਸੋਸ ਨਹੀਂ। ਇਸ ਦਰਮਿਆਨ ਸੋਸ਼ਲ ਮੀਡੀਆ ਵਿਚ ਕੁਝ 'ਸੂਝਵਾਨ' ਇਹ ਨੇਕ ਸਲਾਹਾਂ ਦਿੰਦੇ ਵੀ ਦੇਖੇ ਗਏ ਕਿ ਮਰਨ ਪਿੱਛੋਂ ਮ੍ਰਿਤਕ ਖਿਲਾਫ ਲਿਖਣਾ ਸਹੀ ਨਹੀਂ। ਇਸ ਤੋਂ ਉਨ੍ਹਾਂ ਦੀ 'ਸਮਾਜਿਕ ਸੂਝ' ਦਾ ਪਤਾ ਲੱਗਦਾ ਹੈ ਜਿਨ੍ਹਾਂ ਨੂੰ ਇਹ ਫ਼ਰਕ ਵੀ ਸਮਝ ਨਹੀਂ ਆਉਂਦਾ ਕਿ ਕੇ.ਪੀ.ਐਸ. ਦੇ ਕਾਰਿਆਂ ਨੂੰ ਆਮ ਬੰਦੇ ਵਲੋਂ ਆਪਣੀ ਜ਼ਿੰਦਗੀ ਵਿਚ ਕੀਤੀਆਂ ਗ਼ਲਤੀਆਂ ਦੇ ਬਰਾਬਰ ਰੱਖ ਕੇ ਨਹੀਂ ਦੇਖਿਆ ਜਾ ਸਕਦਾ।

ਉਂਜ, ਇਸ ਚਰਚਾ ਵਿਚ ਸਭ ਤੋਂ ਅਹਿਮ ਪੱਖ ਦੀ ਗੱਲ ਬਹੁਤ ਥੋੜ੍ਹੇ ਲੋਕਾਂ ਵਲੋਂ ਹੀ ਕੀਤੀ ਗਈ ਕਿ ਕੇ.ਪੀ.ਐਸ. ਤਾਂ ਮਹਿਜ਼ ਉਸ ਜਾਬਰ ਰਾਜ-ਮਸ਼ੀਨਰੀ ਦਾ ਪੁਰਜਾ ਸੀ ਜੋ ਅਵਾਮ ਨੂੰ ਦਬਾਉਣ ਅਤੇ ਦਰੜਨ ਲਈ ਹਿੰਦੁਸਤਾਨ ਦੀ ਸਰਜ਼ਮੀਨ ਉਪਰ ਲਗਾਤਾਰ ਹਰਕਤ ਵਿਚ ਹੈ। ਕੇ.ਪੀ.ਐਸ. ਦੇ ਤੁਰ ਜਾਣ ਨਾਲ ਜਾਬਰ ਸਟੇਟ ਨੂੰ ਕੋਈ ਫ਼ਰਕ ਨਹੀਂ ਪੈਂਦਾ, ਪੁਲਿਸ ਅਤੇ ਫ਼ੌਜ ਵਿਚ ਹੋਰ ਬਥੇਰੇ ਬੇਕਿਰਕ ਅਫ਼ਸਰ ਹਨ ਜੋ ਉਸੇ ਵਾਲੀ ਜ਼ਮੀਰਫਰੋਸ਼ ਭੂਮਿਕਾ ਨਿਭਾਉਣ ਲਈ ਨਾ ਕੇਵਲ ਤਿਆਰ ਹਨ, ਸਗੋਂ ਕਸ਼ਮੀਰ, ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਇਲਾਕਿਆਂ ਅਤੇ ਉਤਰ-ਪੂਰਬ ਵਿਚ ਵਸੀਹ ਪੈਮਾਨੇ 'ਤੇ ਕਤਲੇਆਮਾਂ ਨੂੰ ਲਗਾਤਾਰ ਅੰਜਾਮ ਦੇ ਰਹੇ ਹਨ, ਕਿਉਂਕਿ ਇਸ ਧੰਦੇ ਵਿਚਲੀ ਕਮਾਈ ਅਤੇ ਤਰੱਕੀਆਂ ਦੀ ਕੋਈ ਥਾਹ ਨਹੀਂ। ਹਿੰਦੁਸਤਾਨੀ ਸਟੇਟ ਨੇ ਅਫਸਪਾ, ਛੱਤੀਸਗੜ੍ਹ ਪਬਲਿਕ ਸਕਿਉਰਿਟੀ ਐਕਟ ਵਰਗੇ ਖ਼ਾਸ ਕਾਨੂੰਨਾਂ ਰਾਹੀਂ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਲਾਕਾਨੂੰਨੀਆਂ ਕਰਨ ਦੀ ਪੂਰੀ ਖੁੱਲ੍ਹ ਅਤੇ ਕਾਨੂੰਨੀ ਸੁਰੱਖਿਆ ਦਿੱਤੀ ਹੋਈ ਹੈ।

ਪੰਜਾਬ ਅੰਦਰ ਸੱਤਰਵਿਆਂ ਵਿਚ ਨਕਸਲੀ ਇਨਕਲਾਬੀਆਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਕਤਲ ਵਾਲੇ ਅਸ਼ਵਨੀ ਕੁਮਾਰ ਅਤੇ ਭਗਵਾਨ



ਸਿੰਘ ਦਾਨੇਵਾਲੀਆ ਵਰਗੇ ਬਦਨਾਮ ਪੁਲਿਸ ਅਧਿਕਾਰੀਆਂ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਇਆ, ਕਿਉਂਕਿ ਉਨ੍ਹਾਂ ਦੇ ਸਿਰ 'ਤੇ ਹੁਕਮਰਾਨ ਜਮਾਤ ਦਾ ਹੱਥ ਸੀ। ਪਿੱਛੇ ਜਿਹੇ ਛੱਤੀਸਗੜ੍ਹ ਵਿਚ ਆਦਿਵਾਸੀ ਕਾਰਕੁਨ ਸੋਨੀ ਸੋਰੀ ਨੂੰ ਪੁਲਿਸ ਹਿਰਾਸਤ ਵਿਚ ਜਿਨਸੀ ਤਸੀਹੇ ਦੇਣ ਵਾਲੇ ਐਸ.ਪੀ. ਅੰਕਿਤ ਗਰਗ ਨੂੰ ਰਾਸ਼ਟਰਪਤੀ ਵਲੋਂ ਵਿਸ਼ੇਸ਼ ਬਹਾਦਰੀ ਮੈਡਲ ਨਾਲ ਸਨਮਾਨਿਆ ਗਿਆ। ਝੂਠੇ ਮੁਕਾਬਲਿਆਂ ਤੋਂ ਲੈ ਕੇ ਪੱਤਰਕਾਰਾਂ, ਵਕੀਲਾਂ, ਜਮਹੂਰੀ ਕਾਰਕੁਨਾਂ ਨੂੰ ਧਮਕੀਆਂ ਦੇਣ ਅਤੇ ਝੂਠੇ ਕੇਸਾਂ ਵਿਚ ਫਸਾਉਣ ਲਈ ਬਦਨਾਮ ਬਸਤਰ ਦਾ ਆਈ.ਜੀ. ਕਲੂਰੀ ਸਟੇਟ ਦਾ ਚਹੇਤਾ ਪੁਲਿਸ ਅਧਿਕਾਰੀ ਹੈ।

ਹਾਲ ਹੀ ਵਿਚ ਕਸ਼ਮੀਰੀ ਨੌਜਵਾਨ ਫ਼ਾਰੂਕ ਅਹਿਮਦ ਡਾਰ ਨੂੰ ਮਨੁੱਖੀ ਢਾਲ ਦੇ ਤੌਰ 'ਤੇ ਫ਼ੌਜੀ ਵਾਹਨ ਅੱਗੇ ਬੰਨ੍ਹਣ ਵਾਲੇ ਫ਼ੌਜੀ ਮੇਜਰ ਲੀਤੁਲ ਗੋਗੋਈ ਨੂੰ ਫ਼ੌਜ ਮੁਖੀ ਵਲੋਂ ਉਚੇਚੇ ਤੌਰ 'ਤੇ ਸਨਮਾਨਿਆ ਗਿਆ ਹੈ। ਗੁਜਰਾਤ ਵਿਚ ਡੀ.ਜੀ. ਵਨਜਾਰਾ ਵਰਗੇ ਐਨਕਾਊਂਟਰ ਸਪੈਸ਼ਲਿਸਟਾਂ ਬਾਰੇ ਹਰ ਕੋਈ ਜਾਣਦਾ ਹੈ ਕਿ ਕਿਵੇਂ ਉਨ੍ਹਾਂ ਫਰਜ਼ੀ ਮੁਕਾਬਲਿਆਂ ਦੇ ਮੁਕੱਦਮਿਆਂ ਵਿਚੋਂ ਬਰੀ ਕਰਵਾ ਕੇ ਤਰੱਕੀਆਂ ਨਾਲ ਨਿਵਾਜਿਆ ਗਿਆ। ਇਹ ਤਾਂ ਮਹਿਜ਼ ਸਟੇਟ ਦੀ ਤਾਨਾਸ਼ਾਹੀ ਨੂੰ ਲਾਗੂ ਕਰਨ ਵਾਲੇ ਕਾਰਿੰਦੇ ਹਨ, ਐਸੇ ਜਲਾਦ ਅਧਿਕਾਰੀਆਂ ਨੂੰ ਪਾਲਣ ਵਾਲੇ ਅਤੇ ਇਨ੍ਹਾਂ ਨੂੰ ਆਪਣੇ ਸੌੜੇ ਸਿਆਸੀ ਏਜੰਡਿਆਂ ਅਤੇ ਖ਼ਾਸ ਕੁਲੀਨ ਜਮਾਤ ਦੇ ਹਿਤ ਲਈ ਇਸਤੇਮਾਲ ਕਰਨ ਵਾਲੇ ਮੁਖ ਮੁਜਰਿਮ ਹਾਕਮ ਜਮਾਤੀ ਸਿਆਸਤਦਾਨ ਹਨ ਜੋ ਦਹਿ ਹਜ਼ਾਰਾਂ ਲੋਕਾਂ ਨੂੰ ਕਤਲ ਕਰਵਾ ਕੇ ਸੱਤਾ ਦੇ ਗਲਿਆਰਿਆਂ ਵਿਚ ਮਹਿਫ਼ੂਜ਼ ਬੈਠੇ ਹਨ। ਇਨ੍ਹਾਂ ਨੂੰ ਕਿਤੇ ਵੀ ਜਵਾਬਦੇਹ ਨਹੀਂ ਹੋਣਾ ਪੈਂਦਾ। ਇਹ ਮੁਲਕ ਦੀ ਬਦਕਿਸਮਤੀ ਹੈ ਕਿ ਇਨਸਾਫਪਸੰਦ ਤਾਕਤਾਂ ਮਨਮਾਨੀਆਂ ਕਰਨ ਵਾਲੇ ਐਸੇ ਅਧਿਕਾਰੀਆਂ ਨੂੰ ਜੇਲ੍ਹ ਭਿਜਵਾਉਣ ਵਿਚ ਅਸਫਲ ਰਹਿ ਹਨ। ਜਿਨ੍ਹਾਂ ਨੂੰ ਆਪਣੀਆਂ ਮਨਮਾਨੀਆਂ ਲਈ ਜੇਲਾਂ ਵਿਚ ਸੜ ਕੇ ਮਰਨਾ ਚਾਹੀਦਾ ਸੀ/ਹੈ, ਉਹ ਰਿਟਾਇਰਮੈਂਟ ਪਿੱਛੋਂ ਵੀ ਬੇਖ਼ੌਫ਼ ਆਪਣੇ ਕੁਕਰਮਾਂ ਨੂੰ ਮਾਣ ਨਾਲ ਸਹੀ ਠਹਿਰਾਉਂਦੇ ਹਨ। ਆਈ.ਏ.ਐਸ. ਅਧਿਕਾਰੀ ਰੂਪਨ ਦਿਓਲ ਬਜਾਜ ਦਾ ਮਾਮਲਾ ਇਸ ਦੀ ਉਘੜਵੀਂ ਮਿਸਾਲ ਹੈ ਕਿ ਸਟੇਟ ਦੇ ਚਹੇਤੇ ਐਸੇ ਅਫ਼ਸਰਾਂ ਖਿਲਾਫ ਮਾਮੂਲੀ ਕਾਨੂੰਨੀ ਕਾਰਵਾਈ ਕਰਵਾਉਣੀ ਵੀ ਕਿੰਨੀ ਮੁਸ਼ਕਲ ਹੈ ਜਿਸ ਨਾਲ ਕੇ.ਪੀ.ਐਸ. ਨੇ ਇਕ ਸਮਾਗਮ ਅੰਦਰ ਤਾਕਤ ਦੇ ਗ਼ਰੂਰ ਵਿਚ ਸ਼ਰੇਆਮ ਜਿਨਸੀ ਛੇੜਛਾੜ ਕੀਤੀ ਸੀ।

ਕੇ.ਪੀ.ਐਸ. ਦੀ ਖ਼ਾਸ ਖ਼ੂਬੀ ਇਹ ਸੀ ਕਿ ਉਹ ਸਟੇਟ ਦਾ ਗ਼ਲਬਾ ਬਣਾਈ ਰੱਖਣ ਲਈ ਬੇਕਿਰਕੀ ਨਾਲ ਕਤਲੇਆਮ ਕਰਨ ਦੇ ਮੱਤ ਵਿਚ ਅਡੋਲ ਵਿਸ਼ਵਾਸ ਰੱਖਦਾ ਸੀ। ਹੁਕਮਰਾਨ ਜਮਾਤ ਦੀਆਂ ਮਨਮਾਨੀਆਂ, ਧੱਕੇਸ਼ਾਹੀਆਂ ਅਤੇ ਬੇਇਨਸਾਫ਼ੀਆਂ ਤੋਂ ਨਾਬਰੀ ਨੂੰ ਕੁਚਲਣਾ ਹੀ ਉਸ ਲਈ 'ਕਾਨੂੰਨ ਦਾ ਰਾਜ' ਸੀ, ਚਾਹੇ ਇਹ ਨਾਬਰੀ ਜਾਇਜ਼ ਹੀ ਕਿਉਂ ਨਾ ਹੋਵੇ। ਇਹ ਪੰਜਾਬ ਸੀ ਜਾਂ ਛੱਤੀਸਗੜ੍ਹ ਜਾਂ ਗੁਜਰਾਤ, ਉਹ ਲਾਸ਼ਾਂ ਦੇ ਢੇਰ ਲਾ ਕੇ 'ਸ਼ਾਂਤੀ' ਬਹਾਲ ਕਰਨ ਦੀ ਮੂੰਹਫਟ ਵਕਾਲਤ ਕਰਦਾ ਸੀ। ਕਾਂਗਰਸ, ਸ਼ਿਵ ਸੈਨਾ ਅਤੇ ਭਾਜਪਾ ਵਲੋਂ ਦਿੱਲੀ, ਮੁੰਬਈ ਅਤੇ ਗੁਜਰਾਤ ਵਿਚ ਹਜ਼ਾਰਾਂ ਸਿੱਖਾਂ ਅਤੇ ਮੁਸਲਮਾਨਾਂ ਦੇ ਕਤਲੇਆਮ ਅਤੇ ਹਿੰਦੁਤਵੀ ਗਰੋਹਾਂ ਵਲੋਂ ਬੰਬ-ਧਮਾਕਿਆਂ ਦਾ ਸਿਲਸਿਲਾ ਉਸ ਲਈ ਦਹਿਸ਼ਤਗਰਦੀ ਨਹੀਂ ਸੀ। ਉਹ ਐਨਾ ਹੰਕਾਰੀ ਸੀ ਕਿ ਆਪਣੀ ਮਰਜ਼ੀ ਅਤੇ ਸਲਾਹ ਵਿਚ ਸੱਤਾਧਾਰੀਆਂ ਦਾ ਭੋਰਾ ਦਖ਼ਲ ਵੀ ਉਸ ਨੂੰ ਮਨਜ਼ੂਰ ਨਹੀਂ ਸੀ। ਛੱਤੀਸਗੜ੍ਹ ਸਰਕਾਰ ਦੇ ਸਲਾਹਕਾਰ ਦੇ ਤੌਰ 'ਤੇ ਉਸ ਦਾ ਭਾਜਪਾ ਦੀ ਰਮਨ ਸਿੰਘ ਸਰਕਾਰ ਨਾਲ ਇਸੇ ਨੂੰ ਲੈ ਕੇ ਪੇਚਾ ਪੈ ਗਿਆ ਸੀ ਕਿ ਉਨ੍ਹਾਂ ਨੇ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਅਨੁਸਾਰ 'ਸੁਪਰਕਾਪ' ਦੇ ਨਕਸਲਵਾਦ ਨੂੰ ਖ਼ਤਮ ਕਰਨ ਦੇ ਮਸ਼ਵਰੇ ਹੂ-ਬ-ਹੂ ਲਾਗੂ ਕਰਨ ਤੋਂ ਨਾਂਹ ਕਰ ਦਿੱਤੀ ਸੀ। ਉਹ ਕੇਵਲ ਸਲਾਹ ਲੈਣਾ ਚਾਹੁੰਦੇ ਸਨ ਅਤੇ 'ਸੁਪਰਕਾਪ' ਉਨ੍ਹਾਂ ਉਪਰ ਹੁਕਮ ਚਲਾਉਣਾ ਚਾਹੁੰਦਾ ਸੀ।

ਪੰਜਾਬ ਮਸਲੇ ਨੂੰ ਪੈਦਾ ਕਰਨ ਅਤੇ ਧੁਖਦਾ ਤੇ ਅਣਸੁਲਝਿਆ ਰੱਖਣ ਲਈ ਜ਼ਿੰਮੇਵਾਰ ਕੇਂਦਰ ਸਰਕਾਰਾਂ ਅਤੇ ਪੰਜਾਬ ਦੇ ਅਕਾਲੀ ਤੇ ਕਾਂਗਰਸੀ ਆਗੂਆਂ ਦੀ ਲੋਕ ਦੁਸ਼ਮਣ ਅਤੇ ਪੰਜਾਬ ਦੁਸ਼ਮਣ ਭੂਮਿਕਾ ਕੇ.ਪੀ.ਐਸ. ਲਈ ਕੋਈ ਮੁੱਦਾ ਨਹੀਂ ਸੀ। ਸੱਤਾਧਾਰੀਆਂ ਨਾਲ ਉਸ ਦਾ ਵਿਰੋਧ ਕੇਵਲ ਇਸ ਨੂੰ ਲੈ ਕੇ ਸੀ ਕਿ ਉਹ ਦਹਿਸ਼ਤਗਰਦਾਂ ਦਾ ਬੇਕਿਰਕੀ ਨਾਲ ਸਫ਼ਾਇਆ ਕਰਨ ਲਈ ਹਮੇਸ਼ਾ ਉਸ ਵਰਗੀ ਦ੍ਰਿੜਤਾ ਕਿਉਂ ਨਹੀਂ ਦਿਖਾਉਂਦੇ ਅਤੇ ਐਸਾ ਕਰਦਿਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਕਿਉਂ ਪੈਂਦੇ ਹਨ। ਪੰਜਾਬ ਵਿਚ ਅਤਿਵਾਦ ਖਿਲਾਫ ਲੜਾਈ ਦੀ ਕਮਾਨ ਸੰਭਾਲ ਕੇ ਉਸ ਵਲੋਂ ਖ਼ਾਸ ਤੌਰ 'ਤੇ ਜ਼ਾਲਮ ਪੁਲਸੀਆਂ ਅਤੇ ਲਾਲਚ ਖ਼ਾਤਰ ਮੁਖ਼ਬਰੀ ਕਰਨ ਲਈ ਤਿਆਰ ਅਨਸਰਾਂ ਦਾ ਵੱਡਾ ਲਸ਼ਕਰ ਤਿਆਰ ਕੀਤਾ ਗਿਆ ਜਿਸ ਵਿਚ ਬੇਰਹਿਮ ਮੁਜਰਿਮ ਬਿਰਤੀ ਵਾਲਿਆਂ ਨੂੰ ਲਿਆ ਗਿਆ। ਗ਼ੈਰਕਾਨੂੰਨੀ ਕਾਤਲ ਗਰੋਹ ਬਣਾ ਕੇ ਨੌਜਵਾਨਾਂ ਨੂੰ ਅਗਵਾ ਕਰ ਕੇ ਖ਼ਪਾ ਦੇਣ ਜਾਂ ਫਰਜ਼ੀ ਮੁਕਾਬਲਿਆਂ ਵਿਚ ਕਤਲ ਕਰਨ ਦੀ ਵਿਆਪਕ ਮੁਹਿੰਮ ਚਲਾਈ ਗਈ। ਪੁਲਿਸ ਹਿਰਾਸਤ ਵਿਚ ਬੇਸ਼ੁਮਾਰ ਨੌਜਵਾਨਾਂ ਨੂੰ ਤਸੀਹੇ ਦੇ ਕੇ ਮਾਰਿਆ ਗਿਆ ਅਤੇ ਲਾਸ਼ਾਂ ਗ਼ਾਇਬ ਕਰ ਦਿੱਤੀਆਂ ਗਈਆਂ। ਉਸ ਨੇ ਪੁਲਿਸ ਨੂੰ ਲੁੱਟਮਾਰ, ਡਰਾ-ਧਮਕਾ ਕੇ ਫਿਰੌਤੀਆਂ ਵਸੂਲਣ, ਕਤਲ ਅਤੇ ਔਰਤਾਂ ਨਾਲ ਬਲਾਤਕਾਰ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। ਉਸ ਦੇ ਕਾਰਜਕਾਲ ਦੌਰਾਨ ਛਾਪੇਮਾਰੀ, ਸਰਚ ਅਪਰੇਸ਼ਨਾਂ ਅਤੇ ਪੁਲਿਸ ਹਿਰਾਸਤ ਵਿਚ ਸੈਂਕੜੇ ਔਰਤਾਂ ਨਾਲ

*(ਬਾਕੀ ਅਗਲੇ ਸਫੇ 'ਤੇ)*

# ਸਤਲੁਜ ਯਮੁਨਾ ਲਿੰਕ ਨਹਿਰ ਦਾ ਸਿਆਸੀ ਹੱਲ

ਪੰਜਾਬ ਅਤੇ ਹਰਿਆਣਾ ਨੇ ਚਿਰਾਂ ਤੋਂ ਲਟਕਦਾ ਦਰਿਆਈ ਪਾਣੀਆਂ ਦਾ ਵਿਵਾਦ ਹੱਲ ਕਰਨ ਦਾ ਇਤਿਹਾਸਕ ਮੌਕਾ ਖੁੰਝਾ ਲਿਆ ਹੈ। ਇਹ ਮੌਕਾ 12 ਮਈ ਨੂੰ ਆਇਆ ਸੀ, ਜਦੋਂ ਪੰਜਾਬ ਦੇ ਨਵੇਂ ਚੁਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਦੌਰਾਨ ਸਤਲੁਜ-ਯਮੁਨਾ ਲਿੰਕ ਨਹਿਰ ਦਾ ਵਿਵਾਦ ਗੱਲਬਾਤ ਰਾਹੀਂ ਹੱਲ ਕਰਨ ਦੀ ਪੇਸ਼ਕਸ਼ ਕੀਤੀ ਸੀ। ਹਰਿਆਣਾ ਸਰਕਾਰ ਨੂੰ ਇਸ ਪੇਸ਼ਕਸ਼ 'ਤੇ ਅਮਲ ਕਰਦਿਆਂ ਆਪਸੀ ਗੱਲਬਾਤ ਸ਼ੁਰੂ ਕਰ ਦੇਣੀ ਚਾਹੀਦੀ ਸੀ। ਮੰਦੇਭਾਗੀਂ, ਅਜਿਹਾ ਨਹੀਂ ਵਾਪਰ ਸਕਿਆ, ਸਗੋਂ ਇਸ ਦੀ ਥਾਂ ਦੋਵੇਂ

**ਯੋਗੇਂਦਰ ਯਾਦਵ**

ਸਰਕਾਰਾਂ ਮੁੜ ਆਪੋ-ਆਪਣੇ ਸਖ਼ਤ ਸਟੈਂਡ ਉਤੇ ਅੜ ਗਈਆਂ ਤੇ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਦੀ ਸੰਭਾਵਨਾ ਹੀ ਖ਼ਤਮ ਹੋ ਗਈ। ਜਿਵੇਂ ਹੁੰਦਾ ਹੀ ਹੈ, ਦੋਵਾਂ ਰਾਜਾਂ ਦੀਆਂ ਸਿਆਸੀ ਪਾਰਟੀਆਂ ਨੇ ਆਪੋ-ਆਪਣੀਆਂ ਸਰਕਾਰਾਂ ਦਾ ਹੀ ਸਮਰਥਨ ਕੀਤਾ ਹੈ। ਲਿਹਾਜ਼ਾ, ਅਸੀਂ ਹੁਣ ਮੁੜ ਉਥੇ ਹੀ ਆ ਖਲੋਤੇ ਹਾਂ, ਜਿਥੋਂ ਚੱਲੇ ਸਾਂ।

ਇਸ ਵੇਲੇ ਹਰਿਆਣਾ ਸਰਕਾਰ ਮਹਿਸੂਸ ਕਰਦੀ ਹੈ ਕਿ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਗੱਲਬਾਤ ਕਰਨ ਦੀ ਲੋੜ ਨਹੀਂ, ਕਿਉਂਕਿ ਕਾਨੂੰਨ ਉਸ ਦੇ ਹੱਕ ਵਿਚ ਹੈ। ਸਾਲ 2003 ਵਿਚ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਆਪਣਾ ਅੰਤਿਮ ਫ਼ੈਸਲਾ ਦਿੰਦਿਆਂ ਪੰਜਾਬ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਦਾ ਹੁਕਮ ਦਿੱਤਾ ਸੀ। ਫਿਰ 2004 ਵਿਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਸੀ ਕਿ ਜੇ ਪੰਜਾਬ ਇਸ ਮਾਮਲੇ ਵਿਚ ਆਪਣੀ ਜ਼ਿੰਮੇਵਾਰੀ ਪੂਰੀ ਨਹੀਂ ਕਰਦਾ ਤਾਂ ਕੇਂਦਰ ਸਰਕਾਰ ਦਖ਼ਲ ਦੇ ਕੇ ਇਹ ਜ਼ਿੰਮੇਵਾਰੀ ਪੂਰੀ ਕਰੇ। ਪੰਜਾਬ ਦੀ ਉਦੋਂ ਦੀ ਕਾਂਗਰਸ ਸਰਕਾਰ ਨੇ ਕਾਨੂੰਨ ਪਾਸ ਕਰ ਕੇ ਇਕਤਰਫ਼ਾ ਢੰਗ ਨਾਲ ਪਹਿਲਾਂ ਦੇ ਸਾਰੇ ਜਲ ਸਮਝੌਤੇ ਰੱਦ ਕਰ ਦਿੱਤੇ। ਉਹ ਕਾਨੂੰਨ ਤਦ ਸੁਪਰੀਮ ਕੋਰਟ ਕੋਲ ਪੁੱਜਾ ਸੀ ਤੇ 12 ਸਾਲਾਂ ਬਾਅਦ 2016 ਵਿਚ ਅਦਾਲਤ ਨੇ ਉਸ ਕਾਨੂੰਨ ਨੂੰ ਗ਼ੈਰਸੰਵਿਧਾਨਕ ਐਲਾਨ ਦਿੱਤਾ ਸੀ। ਇਸ ਤੋਂ ਬਾਅਦ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਮੁੜ ਉਸ ਜ਼ਮੀਨ ਨੂੰ ਡੀਨੋਟੀਫ਼ਾਈ ਕਰਨ ਦਾ ਯਤਨ ਕੀਤਾ ਸੀ ਜਿਹੜੀ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਦੇ ਮਕਸਦ ਲਈ ਐਕਵਾਇਰ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਇਸ ਕਾਰਵਾਈ 'ਤੇ ਨਾਖ਼ੁਸ਼ੀ ਪ੍ਰਗਟਾਈ ਸੀ।

ਹੁਣ ਹਰਿਆਣਾ ਸਰਕਾਰ ਨੇ ਤਾਮੀਲ-ਪਟੀਸ਼ਨ ਦਾਇਰ ਕਰ ਕੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਲਾਗੂ ਕਰਨ ਦਾ ਹੁਕਮ ਜਾਰੀ ਕਰਨ ਦੀ ਬੇਨਤੀ ਕੀਤੀ ਹੈ। ਬੇਸ਼ੱਕ, ਇਸ ਵੇਲੇ ਇਸ ਕਾਨੂੰਨੀ ਜੰਗ ਵਿਚ ਹਰਿਆਣਾ ਸਰਕਾਰ ਦਾ ਹੱਥ ਉਤੇ ਹੈ। ਇਹੋ ਕਾਰਨ ਹੈ ਕਿ ਹਰਿਆਣਾ ਦੇ ਸਿਆਸੀ ਆਗੂ ਹੁਣ ਪੰਜਾਬ ਸਰਕਾਰ ਨਾਲ ਕਿਸੇ ਤਰ੍ਹਾਂ ਦੀ ਕੋਈ ਗੱਲਬਾਤ ਨਹੀਂ ਕਰਨੀ ਚਾਹੁੰਦੇ।



ਇਹ ਸੌੜੀ ਦ੍ਰਿਸ਼ਟੀ ਵਾਲੀ ਸਥਿਤੀ ਹੈ। ਪੂਰੀ ਸੰਭਾਵਨਾ ਹੈ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਹਰਿਆਣਾ ਸਰਕਾਰ ਦੇ ਹੀ ਹੱਕ ਵਿਚ ਹੋਵੇਗਾ, ਪਰ ਉਹ ਫ਼ੈਸਲਾ ਲਾਗੂ ਕੀਤਾ ਜਾਣਾ ਹਾਲੇ ਵੀ ਦੂਰ ਦੀ ਗੱਲ ਹੈ। ਬਿਲਕੁਲ ਸਪਸ਼ਟ ਹੈ ਕਿ ਪੰਜਾਬ ਸਰਕਾਰ ਹਰ ਸੰਭਵ ਹੱਦ ਤਕ, ਇਸ ਮੁੱਦੇ 'ਤੇ ਸੂਬੇ ਦੀਆਂ ਸਾਰੀਆਂ ਪਾਰਟੀਆਂ ਦੀ ਹਮਾਇਤ ਨਾਲ, ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਤੇ ਹਰਿਆਣਾ ਨੂੰ ਪਾਣੀ ਦੇਣ ਵਿਚ ਦੇਰੀ ਤੇ ਇਨਕਾਰ ਕਰਨ ਵਾਲੇ ਕਾਨੂੰਨੀ ਕਦਮ ਚੁੱਕੇਗੀ। ਇਸ ਨਾਲ ਲੰਮੇਰੀ ਕਾਨੂੰਨੀ ਤੇ ਸਿਆਸੀ ਲੜਾਈ ਸ਼ੁਰੂ ਹੋ ਜਾਵੇਗੀ। ਦਰਿਆਈ ਪਾਣੀਆਂ ਦੀ ਵੰਡ ਬਾਰੇ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਪਹਿਲੇ ਫ਼ੈਸਲੇ ਨੂੰ ਪਹਿਲਾਂ ਹੀ 40 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਹਰਿਆਣਾ ਸਰਕਾਰ ਜਿਹੜਾ ਮੌਜੂਦਾ ਰਾਹ ਅਖ਼ਤਿਆਰ ਕਰ ਰਹੀ ਹੈ, ਉਸ ਨਾਲ ਹੋਰ ਵੀ ਕਈ ਸਾਲ ਲੰਘ ਸਕਦੇ ਹਨ। ਇਹ ਰਾਹ ਭਾਵੇਂ ਸਫ਼ਲ ਹੀ ਰਹੇ, ਪਰ ਇਸ ਨਾਲ ਅੰਤ ਨੂੰ ਪੰਜਾਬ ਤੇ ਹਰਿਆਣਾ ਦੀ ਜਨਤਾ ਵਿਚਾਲੇ ਅਜਿਹੀ ਦੁਸ਼ਮਣੀ ਪੈਦਾ ਹੋ ਜਾਵੇਗੀ ਜਿਸ ਨੂੰ ਟਾਲਿਆ ਜਾ ਸਕਦਾ ਹੈ।

ਮੈਂ ਵਾਰ ਵਾਰ ਇਹ ਦਲੀਲ ਦਿੱਤੀ ਹੈ ਕਿ ਪੰਜਾਬ ਤੇ ਹਰਿਆਣਾ ਵਿਚਾਲੇ ਦਰਿਆਈ ਪਾਣੀਆਂ ਦਾ ਵਿਵਾਦ ਬਹੁਤ ਸੀਮਤ ਵਿਵਾਦ ਹੈ; ਇਹ ਉਸ ਆਕਾਰ ਨਾਲੋਂ ਕਿਤੇ ਛੋਟਾ ਹੈ, ਜਿੰਨਾ ਦੋਵੇਂ ਸੂਬਾਈ ਸਰਕਾਰਾਂ ਤੇ ਉਨ੍ਹਾਂ ਦੇ ਵਕੀਲ ਸਾਨੂੰ ਦੱਸਦੇ ਹਨ। ਮੈਂ ਇਹ ਵੀ ਦਲੀਲ ਰੱਖੀ ਸੀ ਕਿ ਵਧੀਆ ਗੱਲ ਇਹੋ ਹੈ ਕਿ ਸਾਡੇ ਸੰਵਿਧਾਨਕ ਢਾਂਚੇ ਦੀ ਹੱਦ ਵਿਚ ਰਹਿ ਕੇ ਇਸ ਵਿਵਾਦ ਦਾ ਸਿਆਸੀ ਗੱਲਬਾਤ ਰਾਹੀਂ ਕੋਈ ਵਧੀਆ ਹੱਲ ਕੱਢਿਆ ਜਾਵੇ। ਅਜਿਹੀ ਕਿਸੇ ਤਜਵੀਜ਼ ਨੂੰ ਦੋਵੇਂ ਧਿਰਾਂ ਵੱਲੋਂ ਗ਼ਲਤ ਸਮਝਿਆ ਜਾ ਸਕਦਾ ਹੈ। ਅਜਿਹਾ ਵਿਚਾਰ ਪੰਜਾਬ-ਵਿਰੋਧੀ ਸਮਝਿਆ ਗਿਆ ਸੀ, ਜਦੋਂ ਮੈਂ 2016 ਵਿਚ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਪਹਿਲਾਂ ਅਜਿਹਾ ਪ੍ਰਸਤਾਵ ਰੱਖਿਆ ਸੀ। ਹੁਣ ਇਸ ਨੂੰ ਹਰਿਆਣਾ ਦੇ ਹਿਤਾਂ ਦੇ ਵਿਰੁੱਧ ਸਮਝਿਆ ਜਾ ਸਕਦਾ ਹੈ। ਫਿਰ ਵੀ, ਮੈਂ ਇਹ ਤਜਵੀਜ਼ ਸਾਕਾਰਾਤਮਕ ਰਾਸ਼ਟਰਵਾਦ ਦੀ ਭਾਵਨਾ ਵਿਚ ਦੁਹਰਾਉਣ ਦੀ ਆਗਿਆ ਲੈਂਦਾ ਹਾਂ।

ਇਸ ਪ੍ਰਸਤਾਵ ਦਾ ਤੱਤ-ਸਾਰ ਇਹ ਹੈ ਕਿ ਹਰਿਆਣਾ ਸਰਕਾਰ ਨੂੰ ਪਿਛਲੇ ਸਮਝੌਤਿਆਂ ਦੇ ਆਧਾਰ 'ਤੇ ਆਪਣੇ ਨਿਰਧਾਰਤ ਹਿੱਸੇ ਨਾਲੋਂ ਕੁਝ ਘੱਟ ਹਿੱਸਾ ਪਾਣੀ ਲੈਣ ਲਈ ਸਹਿਮਤ ਹੋ ਜਾਣਾ ਚਾਹੀਦਾ ਹੈ। ਪੰਜਾਬ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਸਮੇਤ ਨਵਾਂ ਸਮਝੌਤਾ ਤੇਜ਼ੀ ਨਾਲ ਲਾਗੂ ਕਰਨ ਲਈ ਸਹਿਮਤ ਹੋ ਜਾਣਾ ਚਾਹੀਦਾ ਹੈ।

ਆਓ ਆਪਾਂ ਉਸ ਸਥਿਤੀ ਨੂੰ ਚੇਤੇ ਕਰੀਏ ਕਿ ਸਤਲੁਜ ਦੇ ਪਾਣੀਆਂ ਨੂੰ ਲੈ ਕੇ ਕੋਈ ਵਿਵਾਦ ਹੈ ਹੀ ਨਹੀਂ। ਵਿਵਾਦ ਕੇਵਲ ਰਾਵੀ-ਬਿਆਸ ਦੇ ਪਾਣੀਆਂ ਨੂੰ ਲੈ ਕੇ ਹੈ। ਇਥੇ ਵੀ, ਇਸ ਗੱਲ ਉਤੇ ਸਹਿਮਤੀ ਹੈ ਕਿ ਪੰਜਾਬ ਵੱਲੋਂ 2.3 ਐਮ.ਏ.ਐਫ਼. ਤੇ ਰਾਜਸਥਾਨ ਵੱਲੋਂ 1.1 ਐਮ.ਏ.ਐਫ਼. ਦੀ ਪਹਿਲਾਂ ਤੋਂ ਹੀ ਵਰਤੋਂ ਕੀਤੀ ਜਾ ਰਹੀ ਹੈ, ਇਸ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਇਹ ਵਿਵਾਦ ਸਿਰਫ਼ ਰਾਵੀ ਤੇ ਬਿਆਸ ਵਿਚ ਉਪਲਬਧ ਵਾਧੂ ਪਾਣੀਆਂ ਨਾਲ ਸਬੰਧਤ ਦੋ ਮੁੱਦਿਆਂ ਬਾਰੇ ਹੈ। ਇਨ੍ਹਾਂ ਦੋਵੇਂ ਮੁੱਦਿਆਂ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਵਿਚਾਲੇ ਮਤਭੇਦ ਬਹੁਤ ਹੱਦ ਤਕ ਸੀਮਤ ਹੀ ਹਨ ਅਤੇ ਅਜਿਹਾ ਕੋਈ ਕਾਰਨ ਨਹੀਂ ਹੈ ਕਿ ਇਸ ਮੁੱਦੇ ਦੇ ਹੱਲ ਲਈ ਕੋਈ ਸੁਹਿਰਦ ਗੱਲਬਾਤ ਨਹੀਂ ਹੋ ਸਕਦੀ।

ਪਹਿਲੇ ਮੁੱਦੇ 'ਤੇ, ਪੰਜਾਬ ਨੇ ਦਾਅਵਾ ਕੀਤਾ ਹੈ ਕਿ ਵੰਡ ਲਈ ਉਸ ਕੋਲ ਉਪਲਬਧ ਪਾਣੀ ਉਸ ਤੋਂ ਬਹੁਤ ਘੱਟ ਹੈ, ਜਿੰਨਾ ਮੰਗਿਆ ਜਾ ਰਿਹਾ ਹੈ। ਸਭ ਤੋਂ ਪੁਰਾਣਾ ਅਨੁਮਾਨ ਸਾਲ 1955 ਵਿਚ ਹੋਏ ਸਮਝੌਤੇ ਦਾ ਹੈ, ਜਦੋਂ 15.9 ਐਮ.ਏ.ਐਫ਼. ਪਾਣੀ ਵੰਡਣ ਲਈ ਉਪਲਬਧ ਸੀ। ਫਿਰ 1987 ਵਿਚ ਇਰਾਡੀ ਟ੍ਰਿਬਿਊਨਲ ਦੀ ਰਿਪੋਰਟ ਵਿਚ ਇਹ ਸੋਧ ਕੇ 18.3 ਐਮ.ਏ.ਐਫ਼. ਕਰ ਦਿੱਤਾ ਗਿਆ ਸੀ। ਪੰਜਾਬ ਨੇ ਉਸ ਅਨੁਮਾਨ ਦਾ ਵਿਰੋਧ ਕੀਤਾ ਹੈ। ਹਰਿਆਣਾ ਨੇ ਦਾਅਵਾ ਕੀਤਾ ਹੈ ਕਿ 3 ਐਮ.ਏ.ਐਫ਼. ਤਕ ਪਾਣੀ ਜ਼ਾਇਆ ਕੀਤਾ ਜਾ ਰਿਹਾ ਹੈ ਤੇ ਉਸ ਨੂੰ ਪਾਕਿਸਤਾਨ ਵੱਲ ਵਹਿਣ ਦਿੱਤਾ ਜਾ ਰਿਹਾ ਹੈ। ਕਿਸੇ ਵੀ ਹਾਲਤ ਵਿਚ ਇਹ ਤਕਨੀਕੀ ਵਿਵਾਦ ਹੈ ਤੇ ਅਜਿਹਾ ਵੀ ਕੋਈ ਕਾਰਨ ਨਹੀਂ ਕਿ ਮੌਜੂਦਾ ਰਾਵੀ-ਬਿਆਸ ਟ੍ਰਿਬਿਊਨਲ ਉਸ ਦਾ ਹੱਲ ਨਹੀਂ ਕਰ ਸਕਦਾ। ਇਹ ਟ੍ਰਿਬਿਊਨਲ ਖ਼ਾਲੀ ਪਈਆਂ ਆਸਾਮੀਆਂ ਕਰ ਕੇ ਪਿਛਲੇ ਇਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਗ਼ੈਰ-ਸਰਗਰਮ ਹੈ। ਕੇਂਦਰ ਸਰਕਾਰ ਨੂੰ ਇਹ ਖ਼ਾਲੀ ਆਸਾਮੀਆਂ ਭਰਨ ਦੀ ਜ਼ਰੂਰਤ ਹੈ ਤੇ ਇਸ ਪ੍ਰਸ਼ਨ ਉਤੇ ਟ੍ਰਿਬਿਊਨਲ ਨੂੰ ਆਪਣਾ ਵਿਚਾਰ ਪੇਸ਼ ਕਰਨ ਦੇਣਾ ਚਾਹੀਦਾ ਹੈ। ਉਸ ਨੂੰ ਪਾਣੀਆਂ ਦੀ ਵੰਡ ਦਾ ਸਮਝੌਤਾ ਰੋਕਣਾ ਨਹੀਂ ਚਾਹੀਦਾ, ਜਿਹੜਾ ਸਮਾਨ ਵੰਡ ਉਤੇ ਆਧਾਰਤ ਹੈ।

ਦੂਜਾ ਵਿਵਾਦ ਉਪਲਬਧ ਪਾਣੀ ਵਿਚ ਪੰਜਾਬ ਦੇ ਹਿੱਸੇ ਬਾਰੇ ਹੈ। ਪੰਜਾਬ ਦੀਆਂ ਸਮੇਂ-ਸਮੇਂ ਦੀਆਂ ਸਰਕਾਰ ਨੇ ਦਲੀਲ ਦਿੱਤੀ ਹੈ ਕਿ 1976 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ ਨੂੰ ਜਿਹੜਾ 22 ਫ਼ੀਸਦੀ ਪਾਣੀ ਦਿੱਤਾ ਸੀ, ਉਹ ਨਾਵਾਜਬ ਸੀ। ਫਿਰ 1981 ਵਿਚ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਉਸ ਨੂੰ ਸੋਧ ਕੇ 25 ਫ਼ੀਸਦੀ ਕਰ ਲਿਆ ਸੀ। ਉਸ ਤੋਂ ਬਾਅਦ ਇਰਾਡੀ ਟ੍ਰਿਬਿਊਨਲ ਨੇ ਆਪਣੀ ਪਹਿਲੀ ਰਿਪੋਰਟ ਵਿਚ ਉਸ ਨੂੰ ਵਧਾ ਕੇ 28 ਫ਼ੀਸਦੀ ਕਰ ਦਿੱਤਾ ਸੀ। ਪੰਜਾਬ ਦੇ ਸਿਆਸੀ ਆਗੂਆਂ ਨੇ ਉਸ ਦੇ ਵੀ ਨਾਵਾਜਬ ਹੋਣ ਦੀ ਦਲੀਲ ਦਿੱਤੀ ਸੀ। ਉਨ੍ਹਾਂ ਨੇ ਨਾਵਾਜਬ ਢੰਗ ਨਾਲ ਕੌਮਾਂਤਰੀ ਕਾਨੂੰਨ ਅਧੀਨ ਉਪਰਲੇ ਰਿਪੇਰੀਅਨ (ਜੋ ਦਰਿਆਈ ਕੰਢਿਆਂ ਉਤੇ ਵਸੇ ਹੋਣ) ਰਾਜਾਂ ਵੱਲੋਂ ਮਾਣੀਆਂ ਜਾਣ ਵਾਲੀਆਂ ਰਿਆਇਤਾਂ ਤੇ ਸਹੂਲਤਾਂ ਦਾ ਮੁੱਦਾ ਛੇੜ ਲਿਆ ਹੈ। ਉਹ ਬੇਹਦ ਗ਼ੈਰ-ਜ਼ਿੰਮੇਵਾਰਾਨਾ ਢੰਗ ਨਾਲ ਅਜਿਹੇ ਬਿਆਨ ਵੀ ਦੇ ਰਹੇ ਹਨ ਕਿ 'ਦੇਣ ਲਈ ਇਕ ਵੀ ਬੂੰਦ ਉਪਲਬਧ ਨਹੀਂ ਹੈ'।

ਉਨ੍ਹਾਂ ਦੀਆਂ ਦਲੀਲਾਂ ਭਾਵੇਂ ਕਮਜ਼ੋਰ ਤਾਂ ਹਨ ਹੀ, ਉਨ੍ਹਾਂ ਨੂੰ ਸਚਮੁੱਚ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨੂੰ ਮੰਨਣਾ ਜ਼ਰੂਰੀ ਹੈ। ਪੰਜਾਬ ਦੇ ਮਾਲਵਾ ਖੇਤਰ ਦੇ ਕਿਸਾਨਾਂ ਨੂੰ ਵਧੇਰੇ ਪਾਣੀ ਵਰਤਣ ਤੇ ਉਸ ਉਤੇ ਨਿਰਭਰ ਰਹਿਣ ਦੀ ਆਦਤ ਪੈ ਗਈ ਹੈ, ਜਦੋਂਕਿ ਉਹ ਪਾਣੀ ਕਾਨੂੰਨੀ ਤੌਰ ਉਤੇ ਹਰਿਆਣਾ ਦਾ ਹੈ। ਇਕ ਵਾਰ ਸਤਲੁਜ-ਯਮੁਨਾ ਨਹਿਰ ਦੀ ਉਸਾਰੀ ਹੋਣ 'ਤੇ ਪਾਣੀ ਹਰਿਆਣਾ ਵੱਲ ਵਹਿਣ ਲੱਗ ਪਵੇਗਾ। ਇਸ ਲਈ ਸਤਲੁਜ-ਯਮੁਨਾ ਲਿੰਕ ਨਹਿਰ ਦੇ ਨਿਰਮਾਣ ਦਾ ਜਾਣ-ਬੁਝ ਕੇ ਬੇਲੋੜਾ ਤੇ ਬਹੁਤੀ ਵਾਰ ਗ਼ੈਰਕਾਨੂੰਨੀ ਢੰਗ ਨਾਲ ਵਿਰੋਧ ਕੀਤਾ ਜਾ ਰਿਹਾ ਹੈ। ਹਰਿਆਣਾ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਨੂੰ ਪੇਸ਼ ਆਉਣ ਵਾਲੀ ਅਸਲ ਔਕੜ ਜ਼ਰੂਰ ਸਮਝਣੀ ਚਾਹੀਦੀ ਹੈ ਤੇ ਉਸ ਨੂੰ ਕੁਝ ਵਾਧੂ ਪਾਣੀ, ਮੰਨ ਲਓ ਇਰਾਡੀ ਟ੍ਰਿਬਿਊਨਲ ਵੱਲੋਂ ਤੈਅ ਕੀਤੇ ਨਾਲੋਂ 5 ਫ਼ੀਸਦੀ ਜਾਂ ਉਸ ਤੋਂ ਵੀ ਵੱਧ ਪਾਣੀ ਦੇਣ ਲਈ ਸਹਿਮਤ ਹੋ ਜਾਣਾ ਚਾਹੀਦਾ ਹੈ।

ਬਦਲੇ ਵਿਚ, ਪੰਜਾਬ ਸਰਕਾਰ ਨੂੰ ਸਤਲੁਜ-ਯਮੁਨਾ ਨਹਿਰ ਦੀ ਉਸਾਰੀ ਦੇ ਮੁੱਦੇ ਉਤੇ ਆਪਣੀ ਅੜੀ ਛੱਡ ਦੇਣੀ ਚਾਹੀਦੀ ਹੈ ਤੇ ਉਸ ਨੂੰ ਇਕ ਨਿਸ਼ਚਿਤ ਸਮਾਂ-ਸੀਮਾ ਅੰਦਰ ਮੁਕੰਮਲ ਕਰਨ ਲਈ ਸਹਿਮਤ ਹੋ ਜਾਣਾ ਚਾਹੀਦਾ ਹੈ। ਅਜਿਹੀ ਵੱਡੀ ਸੰਭਾਵਨਾ ਹੈ ਕਿ ਪੰਜਾਬ ਸਰਕਾਰ ਨੂੰ ਇਸ ਮੁੱਦੇ ਉਤੇ ਸੁਪਰੀਮ ਕੋਰਟ ਵਿਚ ਸਹਿਮਤ ਹੋਣਾ ਪਵੇਗਾ, ਪਰ ਇਕ ਸਿਆਸੀ ਸਮਝੌਤੇ ਨਾਲ ਇਹ ਯਕੀਨੀ ਬਣਿਆ ਰਹੇਗਾ ਕਿ ਅੱਗੇ ਕੋਈ ਹੋਰ ਮੁਕੱਦਮੇਬਾਜ਼ੀ ਨਹੀਂ ਹੋਵੇਗੀ ਤੇ ਹੋਰ ਅੜਿੱਕੇ ਨਹੀਂ ਪੈਣਗੇ ਤੇ ਨਾ ਹੀ ਕੋਈ ਹੋਰ ਸਿਆਸੀ ਨਾਟਕਬਾਜ਼ੀ ਦੇਖਣ ਨੂੰ ਮਿਲੇਗੀ। ਅਜਿਹਾ ਕੋਈ ਵੀ ਸਮਝੌਤਾ ਪੰਜਾਬ ਤੇ ਹਰਿਆਣਾ, ਦੋਵੇਂ ਸੂਬਿਆਂ ਦੀ ਜਨਤਾ ਦੇ ਲੰਮੇ ਸਮੇਂ ਦੇ ਹਿਤਾਂ ਵਿਚ ਹੋਵੇਗਾ।

# ਸੁਪਰਕਾਪ: ਸਟੇਟ ਦੀ ਅਣਸਰਦੀ ਜ਼ਰੂਰਤ

(ਪਿਛਲੇ ਸਫੇ ਦੀ ਬਾਕੀ)

ਬਲਾਤਕਾਰ ਹੋਏ। ਭਗੌੜੇ ਨੌਜਵਾਨਾਂ ਦੇ ਪਰਿਵਾਰਾਂ ਦੀਆਂ ਕਈ ਔਰਤਾਂ ਨੇ ਹਫ਼ਤਿਆਂ ਬੱਧੀ ਗ਼ੈਰਕਾਨੂੰਨੀ ਹਿਰਾਸਤ ਵਿਚ ਬਲਾਤਕਾਰਾਂ ਅਤੇ ਹੋਰ ਭਿਆਨਕ ਤਸੀਹਿਆਂ ਦਾ ਸੰਤਾਪ ਝੱਲਿਆ। ਉਸ ਦੇ ਹੁਕਮਾਂ ਤਹਿਤ ਜਸਵੰਤ ਸਿੰਘ ਖਾਲੜਾ, ਐਡਵੋਕੇਟ ਕੁਲਵੰਤ ਸਿੰਘ ਅਤੇ ਹੋਰ ਕਈ ਮਨੁੱਖੀ ਅਧਿਕਾਰ ਕਾਰਕੁਨ ਅਗਵਾ ਕਰ ਕੇ ਖ਼ਪਾ ਦਿੱਤੇ ਗਏ, ਕਿਉਂਕਿ ਉਹ ਮਨੁੱਖੀ ਹੱਕਾਂ ਦੇ ਘਾਣ ਦਾ ਮੁੱਦਾ ਉਠਾ ਕੇ ਉਸ ਦੇ ਮਿਸ਼ਨ ਦੀ ਪ੍ਰਾਪਤੀ ਵਿਚ ਅੜਿੱਕੇ ਖੜ੍ਹੇ ਕਰਦੇ ਸਨ। ਉਹ ਗ਼ੈਰਅਦਾਲਤੀ ਹੱਤਿਆਵਾਂ ਅਤੇ ਲਾਕਾਨੂੰਨੀਆਂ ਦਾ ਅੰਨ੍ਹਾ ਪੈਰੋਕਾਰ ਸੀ ਜਿਸ ਦੀਆਂ ਨਜ਼ਰਾਂ ਵਿਚ ਆਪਣੇ 'ਮਿਸ਼ਨ' ਦੀ ਪ੍ਰਾਪਤੀ ਲਈ ਹਰ ਸੰਵਿਧਾਨਕ ਕਾਇਦੇ-ਕਾਨੂੰਨ ਨੂੰ ਦਰੜ ਕੇ ਹੁਕਮਰਾਨਾਂ ਨੂੰ ਨਤੀਜੇ ਹਾਸਲ ਕਰ ਕੇ ਦੇਣਾ ਜਾਇਜ਼ ਸੀ।

ਹੁਕਮਰਾਨ ਜਮਾਤ ਦੇ ਪਾਪਾਂ ਉਪਰ ਪਰਦਾ ਪਾ ਕੇ 'ਦਹਿਸ਼ਤਵਾਦ' ਨੂੰ ਖ਼ਤਮ ਕਰਨ ਦੀ ਮੁਹਾਰਤ ਦੀਆਂ ਫੜ੍ਹਾਂ ਮਾਰਨੀਆਂ ਉਸ ਨੂੰ ਖ਼ਾਸ ਤੌਰ 'ਤੇ ਪਸੰਦ ਸਨ। ਕਾਂਗਰਸ ਸਰਕਾਰ ਦੀਆਂ ਨੀਤੀਆਂ ਨੇ ਕਿਵੇਂ ਪੰਜਾਬ ਮਸਲਾ ਪੈਦਾ ਕੀਤਾ, ਆਪਣੀ ਪੰਜਾਬ ਵਿਰੋਧੀ ਪਹੁੰਚ ਤੇ ਸੌੜੇ ਸਿਆਸੀ ਸਵਾਰਥਾਂ ਵਿਚੋਂ ਮਸਲੇ ਦਾ ਸਿਆਸੀ ਹੱਲ ਨਾ ਕਰ ਕੇ ਕਿਵੇਂ ਪੰਜਾਬੀਆਂ ਨੂੰ ਤਬਾਹੀ ਦੇ ਮੂੰਹ ਵਿਚ ਧੱਕਿਆ, ਇਹ ਸਵਾਲ ਕਦੇ ਕਰਨੇ ਤਾਂ ਕੀ, ਉਹ ਸੁਣਨਾ ਵੀ ਪਸੰਦ ਨਹੀਂ ਕਰਦਾ ਸੀ। ਕਾਂਗਰਸ, ਭਾਜਪਾ ਤੋਂ ਲੈ ਕੇ ਤੇਲਗੂ ਦੇਸਮ ਪਾਰਟੀ ਅਤੇ ਤ੍ਰਿਣਾਮੂਲ ਕਾਂਗਰਸ ਤਕ ਹਰ ਹਾਕਮ ਜਮਾਤੀ ਪਾਰਟੀ ਨੂੰ ਆਪਣੇ ਰਾਜ ਵਿਚ ਨੰਗੀ-ਚਿੱਟੀ ਦਹਿਸ਼ਤਗਰਦੀ ਕਰਦਿਆਂ ਆਮ ਦੇਖਿਆ ਜਾ ਸਕਦਾ ਹੈ, ਪਰ ਕੇ.ਪੀ.ਐਸ. ਨੇ ਇਨ੍ਹਾਂ ਮੁਜਰਿਮ ਗਰੋਹਾਂ ਦੀ ਬੁਰਛਾਗਰਦੀ ਨੂੰ ਖ਼ਤਮ ਕਰਨ ਲਈ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕਦੇ ਨਹੀਂ ਸੀ ਕੀਤੀ। ਮਸ਼ਹੂਰ ਪੱਤਰਕਾਰ ਗੁਰਪ੍ਰੀਤ ਸਿੰਘ ਕੈਨੇਡਾ ਨਾਲ ਵਾਰਤਾਲਾਪ ਵਿਚ ਉਸ ਨੇ ਸਪਸ਼ਟ ਕਿਹਾ ਸੀ ਕਿ ਦਹਿਸ਼ਤਵਾਦ ਵਿਰੋਧੀ ਕਾਨੂੰਨ ਅਤੇ ਨੀਤੀਆਂ ਸਾਧਵੀ ਪਰੱਗਿਆ ਸਿੰਘ, ਅਸੀਮਾਨੰਦ, ਕਰਨਲ ਪੁਰੋਹਿਤ ਵਰਗੇ ਹਿੰਦੂਤਵੀ ਦਹਿਸ਼ਤਗਰਦਾਂ ਉਪਰ ਲਾਗੂ ਨਹੀਂ ਕੀਤੇ ਜਾ ਸਕਦੇ, ਭਾਵੇਂ ਉਹ ਬੰਬ-ਧਮਾਕਿਆਂ ਰਾਹੀਂ ਸੈਂਕੜੇ ਲੋਕਾਂ ਦੇ ਕਤਲਾਂ ਲਈ ਜ਼ਿੰਮੇਵਾਰ ਹਨ।

ਇਸੇ ਕਰ ਕੇ ਇਸ ਰਾਜ ਪ੍ਰਬੰਧ ਦੇ ਕੁਲੀਨ ਵਰਗ ਲਈ ਉਹ 'ਸੁਪਰਕਾਪ' ਸੀ ਅਤੇ ਜਮਹੂਰੀ ਸੋਚ ਵਾਲੀਆਂ ਤਾਕਤਾਂ ਤੇ ਰਾਜਕੀ ਦਹਿਸ਼ਤਗਰਦੀ ਦਾ ਸ਼ਿਕਾਰ ਲੋਕਾਂ ਲਈ ਉਹ ਮਨੁੱਖਤਾ ਦਾ ਘਾਣ ਕਰਨ ਵਾਲਾ ਸ਼ਖ਼ਸ ਸੀ। ਸਮਾਜ ਵਿਰੋਧੀ ਅਤੇ ਮੁਲਕ ਵਿਰੋਧੀ ਹੁਕਮਰਾਨ ਜਮਾਤ ਦੇ ਹਿਤਾਂ ਦੀ ਪੂਰਤੀ ਅਤੇ ਉਨ੍ਹਾਂ ਦੀ ਸਲਾਮਤੀ ਲਈ ਜ਼ਮੀਰ ਮਾਰ ਕੇ ਸੇਵਾਵਾਂ ਦੇਣਾ ਐਸੇ ਸ਼ਖ਼ਸਾਂ ਦੀ ਨਿੱਜੀ ਸ਼ੁਹਰਤ ਅਤੇ ਆਪਣਾ ਕਰੀਅਰ ਬਣਾਉਣ ਦੀ ਆਪਣੀ ਲੋੜ ਹੁੰਦੀ ਹੈ। ਹੁਕਮਰਾਨਾਂ ਨੂੰ ਆਪਣੇ ਹਿੱਤ ਲਈ ਸੰਵਿਧਾਨਕ ਤੌਰ 'ਤੇ ਮਾਨਤਾਪ੍ਰਾਪਤ ਐਸੇ ਜਲਾਦ ਹਮੇਸ਼ਾ ਚਾਹੀਦੇ ਹਨ ਜੋ ਸਟੇਟ ਤੋਂ ਅਵਾਮ ਦੀ ਨਾਬਰੀ ਨੂੰ ਕੁਚਲਣ ਅਤੇ 'ਕਾਨੂੰਨ ਦਾ ਰਾਜ' ਬਣਾਈ ਰੱਖਣ ਦੇ ਮਿਸਾਲੀ ਸੰਦਾਂ ਦੀ ਭੂਮਿਕਾ ਨਿਭਾ ਸਕਣ। ਇਨ੍ਹਾਂ ਦੁਵੱਲੇ ਹਿਤਾਂ ਅਤੇ ਸਵਾਰਥਾਂ ਵਿਚੋਂ 'ਦਹਿਸ਼ਤਗਰਦੀ ਵਿਰੁਧ ਕੌਮੀ ਹਿਤ ਦੀ ਲੜਾਈ' ਦਾ ਮਹਾਂ ਘੁਟਾਲਾ ਕਾਮਯਾਬੀ ਨਾਲ ਚਲਦਾ ਆ ਰਿਹਾ ਹੈ ਜਿਸ ਨਾਲ ਹੁਕਮਰਾਨ ਜਮਾਤ, ਪ੍ਰਸ਼ਾਸਨਿਕ ਨੌਕਰਸ਼ਾਹੀ, ਪੁਲਿਸ-ਫ਼ੌਜ ਦੇ ਅਧਿਕਾਰੀ ਅਤੇ ਮੀਡੀਆ ਸਮੇਤ ਕਈ ਤਰ੍ਹਾਂ ਦੇ ਹਿੱਸਿਆਂ ਦੇ ਹਿਤ ਡੂੰਘੇ ਤੌਰ 'ਤੇ ਜੁੜੇ ਹੋਏ ਹਨ। ਕੇ.ਪੀ.ਐਸ. ਦੀ ਭੂਮਿਕਾ ਨੂੰ ਇਸ ਪ੍ਰਸੰਗ ਵਿਚ ਦੇਖਿਆ ਜਾਣਾ ਚਾਹੀਦਾ ਹੈ।

# ਮਨੁੱਖੀ ਢਾਲ: ਨਿਰੀ ਗੈਰ-ਇਖਲਾਕੀ

ਕਸ਼ਮੀਰ ਵਿਚ ਫੌਜੀ ਦਸਤੇ ਨੇ ਇਕ ਆਦਮੀ ਨੂੰ ਜੀਪ ਅੱਗੇ ਬੰਨ੍ਹ ਕੇ ਕਈ ਪਿੰਡਾਂ ਵਿਚ ਘੁਮਾਇਆ। ਪਹਿਲੀਆਂ ਖ਼ਬਰਾਂ ਤੋਂ ਇਹੀ ਪ੍ਰਭਾਵ ਬਣਦਾ ਸੀ ਕਿ ਕਿਧਰੇ ਭਾਰੀ ਪੱਥਰਬਾਜ਼ੀ ਹੋ ਰਹੀ ਹੋਵੇਗੀ ਤੇ ਫ਼ੌਜੀ ਦਸਤੇ ਨੇ ਆਪਣੇ ਆਪ ਨੂੰ ਬਚਾਉਣ ਵਾਸਤੇ ਜਲਦੀ ਜਾਂ ਘਬਰਾਹਟ ਵਿਚ ਇਹ ਰਸਤਾ ਚੁਣ ਲਿਆ ਤੇ ਇਕ ਮੁਕਾਮੀ ਬੰਦੇ ਨੂੰ ਜੀਪ ਨਾਲ ਬੰਨ੍ਹ ਕੇ ਉਸ ਭੀੜ ਵਿਚੋਂ ਬਚ ਕੇ


**ਅਭੈ ਸਿੰਘ**

ਨਿਕਲ ਗਏ। ਇਸ ਤੋਂ ਇਹ ਵੀ ਲੱਗਦਾ ਸੀ ਕਿ ਇਹ ਕੋਈ ਪੰਜ ਦਸ ਮਿੰਟ ਦਾ ਕੰਮ ਹੋਵੇਗਾ, ਪਰ ਹੁਣ ਵਿਸਥਾਰ ਦੀਆਂ ਖ਼ਬਰਾਂ ਤੋਂ ਹੈਰਾਨੀ ਹੋ ਰਹੀ ਹੈ ਕਿ ਫ਼ੌਜ ਨੇ ਉਸ ਬੰਦੇ ਨੂੰ ਇਸ ਤਰ੍ਹਾਂ ਜੀਪ ਦੇ ਬੋਨੇਟ ਨਾਲ ਬੰਨ੍ਹ ਕੇ ਪੂਰੇ ਪੰਜ ਘੰਟੇ ਦਾ ਸਫ਼ਰ ਕੀਤਾ ਤੇ ਸਤਾਰਾਂ ਪਿੰਡਾਂ ਵਿਚੋਂ ਹੁੰਦੇ ਹੋਏ 28 ਕਿਲੋਮੀਟਰ ਦਾ ਸਫ਼ਰ ਤੈਅ ਕਰ ਕੇ ਘੁਮਾਇਆ।

ਜਿਸ ਪਿੰਡ ਤੋਂ ਇਹ ਸ਼ੁਰੂ ਹੋਇਆ, ਉਥੇ ਸਕੂਲ ਵਿਚ ਵੋਟਾਂ ਦਾ ਕੰਮ ਚੱਲ ਰਿਹਾ ਸੀ। ਪੱਥਰਬਾਜ਼ੀ ਵੀ ਹੋ ਚੁੱਕੀ ਸੀ ਜਿਸ ਉਪਰ ਪੁਲਿਸ ਕਾਬੂ ਵੀ ਪਾ ਚੁੱਕੀ ਸੀ, ਭਾਵੇਂ ਪੁਲਿਸ ਦੀਆਂ ਗੋਲੀਆਂ ਨਾਲ ਦੋ ਬੰਦੇ ਫੱਟੜ ਹੋ ਗਏ ਸਨ। ਜਿਥੇ ਫੌਜ ਦਾ ਦਸਤਾ ਖਲੋਤਾ ਸੀ, ਉਥੇ ਕੋਈ ਪੱਥਰਬਾਜ਼ੀ ਨਹੀਂ ਸੀ ਤੇ ਜਿਸ ਬੰਦੇ ਨੂੰ ਜੀਪ ਨਾਲ ਬੰਨ੍ਹਿਆ ਗਿਆ, ਉਹ ਫ਼ੌਜ ਦੇ ਬਿਲਕੁਲ ਪਾਸ ਖੜ੍ਹਾ ਸੀ। ਉਸ ਕੋਲ ਮੋਟਰਸਾਈਕਲ ਸੀ ਜਿਸ ਰਾਹੀਂ ਉਹ ਆਪਣੇ ਦੋਸਤ ਨਾਲ ਅਗਲੇ ਪਿੰਡ ਕਿਸੇ ਮਰਗ ਦਾ ਅਫ਼ਸੋਸ ਕਰਨ ਜਾ ਰਿਹਾ ਸੀ।

ਜੀਪ ਨਾਲ ਬੰਨ੍ਹੇ ਜਾਣ ਵਾਲੇ ਬੰਦੇ ਦਾ ਨਾਮ ਫਾਰੂਕ ਡਾਰ ਹੈ। ਉਹ ਖੱਡੀ ਉਪਰ ਸ਼ਾਲਾਂ ਦਾ ਕੰਮ ਕਰਦਾ ਹੈ। ਵੋਟਾਂ ਦੇ ਬਾਈਕਾਟ ਦੇ ਐਲਾਨ, ਹੁਰੀਅਤ ਵਲੰਟੀਅਰਾਂ ਦੀਆਂ ਧਮਕੀਆਂ ਤੇ ਪੱਥਰਬਾਜ਼ੀ ਦੇ ਬਾਵਜੂਦ ਉਹ ਸਵੇਰੇ ਸਾਢੇ ਅੱਠ ਵਜੇ ਆਪਣੇ ਪਿੰਡ ਚਿੱਲ ਵਿਚ ਵੋਟ ਪਾਉਣ ਚਲਾ ਗਿਆ। ਵੋਟ ਪਾਉਣ ਤੋਂ ਬਾਅਦ ਉਹ ਆਪਣੇ ਦੋਸਤ ਨਾਲ ਮੋਟਰਸਾਈਕਲ ਉਪਰ ਇਸ ਇਲਾਕੇ ਦੇ ਪਿੰਡ ਵਿਚ ਆਪਣੇ ਰਿਸ਼ਤੇਦਾਰ ਦੀ ਮੌਤ ਦਾ ਅਫ਼ਸੋਸ ਕਰਨ ਚਲਾ ਗਿਆ। ਉਹ 17 ਕਿਲੋਮੀਟਰ ਦਾ ਪੰਧ ਕਰ ਕੇ ਸੜਕ ਕਿਨਾਰੇ ਕਿਧਰੇ ਰੁਕੇ ਸਨ ਕਿ ਪਾਸ ਹੀ ਖੜ੍ਹੇ ਫ਼ੌਜੀਆਂ ਨੇ ਫਾਰੂਕ ਨੂੰ ਫੜ ਲਿਆ।

ਘਬਰਾਏ ਹੋਏ ਫਾਰੂਕ ਨੇ ਫ਼ੌਜੀਆਂ ਨੂੰ ਆਪਣਾ ਵੋਟਰ ਕਾਰਡ ਵਿਖਾਇਆ ਕਿ ਉਹ ਇਥੋਂ ਦੇ ਪੱਥਰਬਾਜ਼ਾਂ ਵਿਚੋਂ ਨਹੀਂ, ਉਹ ਤਾਂ 17



ਕਿਲੋਮੀਟਰ ਦੂਰੋਂ ਆਇਆ ਹੈ। ਉਸ ਨੇ ਆਪਣੀ ਉਂਗਲੀ 'ਤੇ ਲੱਗਾ ਵੋਟ ਪਾਉਣ ਦਾ ਨਿਸ਼ਾਨ ਵੀ ਵਿਖਾਇਆ, ਪਰ ਫ਼ੌਜੀਆਂ ਨੇ ਕੁਝ ਨਹੀਂ ਸੁਣਿਆ ਤੇ ਉਸ ਨੂੰ ਕੁੱਟਦੇ ਮਾਰਦੇ ਜੀਪ ਦੇ ਬੋਨੇਟ 'ਤੇ ਸੁੱਟ ਲਿਆ। ਉਥੋਂ ਹੀ ਦੁਕਾਨਾਂ ਤੋਂ ਗੱਤਾ ਲੈ ਕੇ ਗਲ ਵਿਚ ਪਾਉਣ ਵਾਲਾ ਪੋਸਟਰ ਬਣਾਇਆ ਤੇ ਉਥੋਂ ਹੀ ਰੱਸੀਆਂ ਲਈਆਂ।

ਪੰਜ ਘੰਟੇ ਦਾ ਸਫ਼ਰ ਤੈਅ ਕਰ ਕੇ ਫੌਜ ਦਾ ਇਹ ਦਸਤਾ ਕੇਂਦਰੀ ਰਿਜ਼ਰਵ ਪੁਲਿਸ ਦੇ ਕੇਂਦਰ ਵਿਚ ਦਾਖ਼ਲ ਹੋ ਜਾਂਦਾ ਹੈ ਤੇ ਉਥੇ ਹੀ ਇਸ ਬੰਦੇ ਨੂੰ ਛੱਡਿਆ ਜਾਂਦਾ ਹੈ। ਆਪਣੇ ਘਰ ਮਿਲਣ ਆਏ ਪੱਤਰਕਾਰਾਂ ਨੂੰ ਫਾਰੂਕ ਡਾਰ ਨੇ ਦੱਸਿਆ ਕਿ ਉਸ ਦਾ ਮਨ ਰਾਤ ਦਿਨ ਉਸੇ ਘਟਨਾ ਵਿਚ ਘੁੰਮਦਾ ਰਹਿੰਦਾ ਹੈ। ਉਹ ਨਾ ਅਰਾਮ ਨਾਲ ਸੌਂ ਸਕਦਾ ਹੈ ਤੇ ਨਾ ਹੀ ਆਪਣਾ ਖੱਡੀ ਦਾ ਕੰਮ ਹੀ ਕਰ ਸਕਦਾ ਹੈ। ਉਸ ਦੀ ਜ਼ਿੰਦਗੀ ਹੁਣ ਪਹਿਲਾਂ ਵਰਗੀ ਕਦੇ ਨਹੀਂ ਹੋ ਸਕਦੀ। ਉਹ ਕੁਝ ਦਿਨ ਹਸਪਤਾਲ ਵਿਚ ਵੀ ਰਿਹਾ।

ਅਸੀਂ ਸਮਝਦੇ ਹਾਂ ਕਿ ਫ਼ੌਜ ਕਸ਼ਮੀਰ ਵਿਚ ਬਹੁਤ ਮੁਸ਼ਕਿਲ ਹਾਲਤਾਂ ਵਿਚ ਕੰਮ ਕਰ ਰਹੀ ਹੈ; ਫਿਰ ਵੀ ਅਸੀਂ ਅਜਿਹੀ ਘਟਨਾ ਬਾਰੇ ਵਿਚਾਰ ਕਰਨੋਂ ਨਹੀਂ ਰਹਿ ਸਕਦੇ। ਪਹਿਲੀ ਨਜ਼ਰੇ ਹੀ ਇਹ ਕੰਮ ਗ਼ੈਰਵਾਜਬ, ਗ਼ੈਰ-ਇਨਸਾਨੀ, ਗ਼ੈਰ-ਸੰਵਿਧਾਨਕ ਤੇ ਅਸਭਿਅਕ ਪ੍ਰਤੀਤ ਹੁੰਦਾ ਹੈ। ਇਸ ਕੇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਜੇ ਸੱਚਮੁੱਚ ਇਸ ਕੰਮ ਨਾਲ ਲੋਕਾਂ ਦੀ ਜਾਨ ਬਚੀ ਹੈ ਤਾਂ ਨਾ ਸਿਰਫ਼ ਫ਼ੌਜ ਦੀ ਸ਼ਲਾਘਾ ਕੀਤੀ ਜਾਵੇ, ਉਸ ਬੰਦੇ ਦੀ ਵੀ ਸ਼ਾਬਾਸ਼ੇ ਹੋਣੀ ਚਾਹੀਦੀ ਹੈ, ਜਿਸ ਨੇ ਏਨੀ ਜਿਸਮਾਨੀ ਤੇ ਜ਼ਿਹਨੀ ਤਕਲੀਫ਼ ਝੱਲੀ ਹੈ। ਇਸ ਬਾਰੇ ਜਨਤਕ ਤੌਰ 'ਤੇ ਉਸ ਤੋਂ ਮੁਆਫ਼ੀ ਮੰਗੀ ਜਾਣੀ ਚਾਹੀਦੀ ਹੈ ਅਤੇ ਯੋਗ ਮੁਆਵਜ਼ਾ ਵੀ ਦਿੱਤਾ ਜਾਣਾ ਚਾਹੀਦਾ ਹੈ।

ਇਕ ਗੱਲ ਪੱਕੀ ਹੈ ਕਿ ਜਿਸ ਬੰਦੇ ਨੂੰ ਇੰਨੀ ਪੀੜ ਦਿੱਤੀ ਹੈ, ਉਸ ਦਾ ਕੋਈ ਕਸੂਰ ਨਹੀਂ ਸੀ। ਫੌਜੀ ਅਫ਼ਸਰ ਦਾ ਕਹਿਣਾ ਹੈ ਕਿ ਇਹ ਲੋਕਾਂ ਨੂੰ ਭੜਕਾ ਰਿਹਾ ਸੀ, ਪਰ ਉਹ ਕਿਸ ਗੱਲ ਵਾਸਤੇ ਭੜਕਾਏਗਾ, ਉਹ ਤਾਂ ਆਪ ਵੋਟ ਪਾ ਕੇ ਆਇਆ ਸੀ। ਮੁਲਕ ਦੇ ਕਾਨੂੰਨ ਵਿਚ ਭੜਕਾਉਣ ਦੀ ਕੀ ਇਹ ਸਜ਼ਾ ਰੱਖੀ ਹੈ ਤੇ ਕੀ ਇਹ ਸਜ਼ਾ ਫ਼ੌਜੀ ਅਫ਼ਸਰ ਦੇਣਗੇ ਜਾਂ ਕੋਈ ਮੈਜਿਸਟਰੇਟ?

## ਕੇ.ਪੀ.ਐਸ. ਗਿੱਲ ਦੀ ਮੌਤ ਦਾ ਅਸਰ

# ਦੋ ਕੌਮਾਂ ਦੇ ਦਿਲ ਤੇ ਵਿਚਾਰ ਇਕ-ਦੂਜੇ ਦੇ ਉਲਟ

ਭਾਰਤ ਦੀ ਬਹੁਗਿਣਤੀ ਦੇ ਕੁਹਾੜੇ ਦਾ ਦਸਤਾ ਬਣ ਕੇ ਸੈਂਕੜੇ ਨੌਜਵਾਨਾਂ ਦੇ ਕਤਲ ਦੇ ਦੋਸ਼ੀ ਸਾਬਕਾ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਦੀ ਮੌਤ ਦੀ ਖਬਰ ਨਾਲ ਮੋਟੇ ਤੌਰ 'ਤੇ ਦੋ ਤਰ੍ਹਾਂ ਦੀ ਮਾਨਸਿਕਤਾ ਵੇਖਣ ਵਿਚ ਨਜ਼ਰ ਆ ਰਹੀ ਹੈ। ਇਕ ਮਾਨਸਿਕਤਾ ਦਾ ਰਿਸ਼ਤਾ ਖਾਲਸਾ ਪੰਥ ਦੇ ਜਾਗੇ ਹੋਏ ਹਿੱਸਿਆਂ ਨਾਲ ਹੈ, ਜਦ ਕਿ ਦੂਜੀ ਦਾ ਸਬੰਧ ਇਸ ਦੇਸ਼ ਵਿਚ ਵੱਸਦੀ ਬਹੁਗਿਣਤੀ ਹਿੰਦੂ ਵਸੋਂ ਨਾਲ। ਦਿਲਚਸਪ ਸੱਚਾਈ ਇਹ ਹੈ ਕਿ ਦੋਵਾਂ ਦੀ ਮਾਨਸਿਕਤਾ ਅੱਗੇ ਜਾ ਕੇ ਕਈ ਹਿੱਸਿਆਂ ਵਿਚ ਵੰਡੀ ਗਈ ਹੈ, ਜਿਸ ਦਾ ਸਰਬਪੱਖੀ ਤੇ ਮਨੋਵਿਗਿਆਨਕ ਵਿਸ਼ਲੇਸ਼ਣ ਕਰਨਾ



ਕਰਮਜੀਤ ਸਿੰਘ ਚੰਡੀਗੜ੍ਹ
ਫੋਨ: 91-99150-91063

ਜ਼ਰੂਰੀ ਬਣ ਗਿਆ ਹੈ।

ਜਿੱਥੋਂ ਤਕ ਖਾਲਸਾ ਪੰਥ ਦੀ ਜਾਗੀ ਹੋਈ ਮਾਨਸਿਕਤਾ ਦਾ ਸਬੰਧ ਹੈ, ਉਸ ਦੇ ਆਖਰੀ ਸਿਰੇ ਨਾਲ ਜੁੜੇ ਲੋਕਾਂ ਨੂੰ ਰੱਬ 'ਤੇ ਵੱਡਾ ਗਿਲਾ ਹੈ ਕਿ ਕੇ.ਪੀ.ਐਸ. ਗਿੱਲ ਕੁਦਰਤੀ ਮੌਤ ਕਿਉਂ ਮਰਿਆ ਹੈ, ਕਿਉਂਕਿ ਉਹ ਉਸ ਨੂੰ ਗੈਰ-ਕੁਦਰਤੀ ਮੌਤ ਮਰਿਆ ਵੇਖਣਾ ਚਾਹੁੰਦੇ ਸਨ ਜਿਵੇਂ ਕਿ ਜੁਝਾਰੂ ਲਹਿਰ ਦੌਰਾਨ ਜੁਝਾਰੂ ਕਰਦੇ ਰਹੇ ਹਨ। ਅਜਿਹੇ ਵਿਚਾਰਾਂ ਦੀ ਸੋਸ਼ਲ ਮੀਡੀਏ 'ਤੇ ਅੱਜ ਕੱਲ੍ਹ ਭਾਰੀ ਬਾਰਿਸ਼ ਹੋ ਰਹੀ ਹੈ। ਗਿੱਲ ਅਤੇ ਗਿੱਲ ਦੀ ਪੁਲਿਸ ਦੇ ਜ਼ੁਲਮਾਂ ਤੋਂ ਤੰਗ ਹੋਏ ਦੁਖੀ ਦਿਲਾਂ ਨੇ ਆਪਣਾ ਗੁੱਸਾ ਤੇ ਨਫਰਤ ਇਸ ਕਦਰ ਸਾਂਭ ਕੇ ਰੱਖੀ ਹੋਈ ਸੀ ਕਿ ਇਹੋ ਜਿਹੇ ਮੌਕੇ 'ਤੇ ਵਰਤੀ ਜਾਣ ਵਾਲੀ ਸ਼ਬਦਾਵਲੀ ਦੀ ਸਲੀਕੇ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਈ ਹੈ। ਕੇ.ਪੀ.ਐਸ. ਗਿੱਲ ਲਈ ਸੋਸ਼ਲ ਮੀਡੀਏ 'ਤੇ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਉਨ੍ਹਾਂ ਵਿਚ ਦਰਿੰਦਾ, ਬੁੱਚੜ, ਕਸਾਈ, ਜ਼ਾਲਮ, ਮੱਸਾ ਰੰਘੜ, ਇਨਸਾਨੀਅਤ ਦੇ ਮੂੰਹ 'ਤੇ ਦਾਗ ਅਤੇ ਪੰਜਾਬੀ ਗੱਭਰੂਆਂ ਦਾ ਕਾਤਲ ਵਰਗੇ ਸ਼ਬਦ ਸ਼ਾਮਲ ਹਨ। ਜੇ ਹੋਰ ਅੱਗੇ ਜਾ ਕੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਇਹੋ ਜਿਹੀ ਸ਼ਬਦਾਵਲੀ ਵਰਤਣ ਵਾਲੇ ਵਿਅਕਤੀ ਸੌ ਪ੍ਰਤੀਸ਼ਤ ਸਿੱਖ ਹੀ ਹਨ।

**ਖੁਸ਼ੀ ਪਿੱਛੇ ਕੰਮ ਕਰਦੀ ਦਲੀਲ:** ਸੋਸ਼ਲ ਮੀਡੀਏ 'ਤੇ ਪੋਸਟਾਂ ਪਾਉਣ ਵਾਲੇ ਬੰਦੇ ਕਿਸੇ ਵੀ ਹਾਲਤ ਵਿਚ ਕੇ.ਪੀ.ਐਸ. ਗਿੱਲ ਨੂੰ ਪੰਜਾਬੀ ਦੇ ਉਸ ਮੁਹਾਵਰੇ ਨਾਲ ਜੋੜਨ ਤੇ ਸ਼ਾਮਲ ਕਰਨ ਲਈ ਤਿਆਰ ਨਹੀਂ ਹਨ ਕਿ 'ਦੁਸ਼ਮਣ ਮਰੇ 'ਤੇ ਖੁਸ਼ੀ ਨਾ ਕਰੀਏ, ਸੱਜਣਾਂ ਵੀ ਮਰ ਜਾਣਾ।' ਉਨ੍ਹਾਂ ਦੀ ਦਲੀਲ ਹੈ ਕਿ ਮੌਤ ਨਾਲ ਸਬੰਧਿਤ ਇਹ ਮੁਹਾਵਰਾ ਆਮ ਕਰਕੇ ਸ਼ਰੀਕਾਂ ਤੇ ਨਿਜੀ ਦੁਸ਼ਮਣੀਆਂ ਤੇ ਵਿਰੋਧਾਂ ਨੂੰ ਨਜ਼ਰਅੰਦਾਜ਼ ਕਰਕੇ ਵਰਤਿਆ ਜਾਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿੱਥੋਂ ਤੱਕ ਕੇ.ਪੀ.ਐਸ. ਗਿੱਲ ਦਾ ਸਬੰਧ ਹੈ, ਉਹ ਇਕ ਪੂਰੀ ਕੌਮ ਦਾ ਦੁਸ਼ਮਣ ਸੀ, ਜਿਸ ਨੇ ਬਹੁਗਿਣਤੀ ਵਾਲੇ ਲੋਕਾਂ ਦੇ ਕੁਹਾੜੇ ਦਾ ਦਸਤਾ ਬਣ ਕੇ ਆਪਣੀ ਹੀ ਕੌਮ ਦੇ ਨੌਜਵਾਨਾਂ ਨੂੰ ਕਦੇ ਕੋਹ ਕੋਹ ਕੇ ਮਾਰਿਆ ਤੇ ਕਦੇ ਮਰਵਾਇਆ, ਕਦੇ ਝੂਠੇ ਮੁਕਾਬਲਿਆਂ ਵਿਚ ਮਾਰਿਆ ਅਤੇ ਕਦੇ ਅਣਪਛਾਤੀਆਂ ਲਾਸ਼ਾਂ ਕਹਿ ਕੇ ਖਤਮ ਕੀਤਾ। ਇਸ ਲਈ ਅਜਿਹੇ ਬੰਦੇ ਦੀ ਮੌਤ 'ਤੇ ਖੁਸ਼ੀ ਮਨਾਉਣੀ ਇਖਲਾਕੀ ਤੌਰ 'ਤੇ ਠੀਕ ਵੀ ਹੈ ਅਤੇ ਇਹ ਖੁਸ਼ੀ ਪੰਥ ਦੇ ਜਾਗਦੇ ਤੇ ਜਾਗਦੇ ਹੋਣ ਦਾ ਸਬੂਤ ਵੀ ਹੈ ਕਿ ਕੌਮ ਉਸ ਦੇ ਜ਼ੁਲਮਾਂ ਨੂੰ ਭੁੱਲੀ ਨਹੀਂ। ਆਪਣੀ ਦਲੀਲ ਨੂੰ ਹੋਰ ਜਾਇਜ਼ ਤੇ ਵਜ਼ਨਦਾਰ ਬਣਾਉਂਦਿਆਂ ਇਹ ਲੋਕ ਇਤਿਹਾਸ ਦਾ ਹਵਾਲਾ ਦੇ ਕੇ ਕਹਿੰਦੇ ਹਨ ਕਿ ਦਰਬਾਰ ਸਾਹਿਬ ਦੀ ਘੋਰ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਸਿਰ ਕਲਮ ਕਰਕੇ ਜਦੋਂ ਦੋ ਸਿੰਘ-ਸੁੱਖਾ ਸਿੰਘ ਤੇ ਮਹਿਤਾਬ ਸਿੰਘ ਬੀਕਾਨੇਰ ਦੇ ਜੰਗਲਾਂ ਵਿਚ ਪਹੁੰਚੇ ਤਾਂ ਉਥੇ ਵੀ ਖੁਸ਼ੀ ਵਿਚ ਭੰਗੜੇ ਪਾਏ ਗਏ ਸਨ। ਇਸ ਤੋਂ ਬਿਨਾ ਰਾਵਣ ਦੀ ਮਿਸਾਲ ਦੇ ਕੇ ਸਵਾਲ ਕੀਤਾ ਜਾਂਦਾ ਹੈ ਕਿ ਜੇ ਹਿੰਦੂ 5 ਹਜ਼ਾਰ ਸਾਲ ਤੋਂ ਅਜੇ ਵੀ ਰਾਵਣ ਦੀ ਮੌਤ 'ਤੇ ਹਰ ਸਾਲ ਦੁਸਹਿਰਾ ਮਨਾਉਂਦੇ ਹਨ ਅਤੇ ਖੁਸ਼ੀ ਵਿਚ ਆਤਿਸ਼ਬਾਜ਼ੀ ਚਲਾਉਂਦੇ ਹਨ ਤਾਂ ਫਿਰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਮਾਨਵਤਾ ਦੇ ਕਾਤਲ ਕੇ.ਪੀ.ਐਸ. ਗਿੱਲ ਦੀ ਮੌਤ 'ਤੇ ਖੁਸ਼ੀ ਮਨਾਉਣ ਵਿਚ ਕਿਸੇ ਨੂੰ ਵੀ ਤਕਲੀਫ ਨਹੀਂ ਹੋਣੀ ਚਾਹੀਦੀ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਹਿੰਦੂ ਸਿੱਖ ਏਕਤਾ ਦਾ ਜੇ ਕੋਈ ਪੱਕਾ ਸਬੂਤ ਦੇਣਾ ਹੈ ਤਾਂ ਉਹ ਇਹੋ ਵੇਲਾ ਹੈ ਜਦੋਂ ਹਿੰਦੂ ਵੀਰਾਂ ਨੂੰ ਖੁਲ੍ਹ ਕੇ ਇਹ ਖੁਸ਼ੀ ਸਿੱਖ ਭਰਾਵਾਂ ਨਾਲ ਸਾਂਝੀ ਕਰਨੀ ਚਾਹੀਦੀ ਹੈ।

**ਸਿੱਖ ਵਿਦਵਾਨ ਕਿੱਥੇ ਖੜ੍ਹੇ ਹਨ:** ਸਿੱਖ ਮਾਨਸਿਕਤਾ ਦਾ ਉਹ ਹਿੱਸਾ ਜਿਸ ਨਾਲ ਸਿੱਖ ਵਿਦਵਾਨ ਜੁੜੇ ਹੋਏ ਹਨ, ਗਿੱਲ ਦੀ ਮੌਤ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਰਤਾ ਸੰਕੋਚ ਕਰ ਰਿਹਾ ਹੈ ਜਾਂ ਫਿਰ ਦੱਬੀ ਜ਼ੁਬਾਨ ਵਿਚ ਇਸ ਮੌਤ 'ਤੇ ਖੁਸ਼ੀ ਮਨਾਉਂਦਾ ਨਜ਼ਰ ਆ ਰਿਹਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਵਿਦਵਾਨਾਂ ਦਾ ਵੱਡਾ ਹਿੱਸਾ ਕੁਝ ਵੀ ਕਹਿਣ ਲਈ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਿਹਾ। ਸਿੱਖਾਂ ਵਿਚ ਅਜਿਹੇ ਲੋਕ ਵੀ ਮੌਜੂਦ ਹਨ, ਜੋ ਹੈਣ ਟਾਵੇਂ-ਟਾਵੇਂ ਹੀ, ਪਰ ਗਿੱਲ ਦੀ ਮੌਤ 'ਤੇ ਸੰਜਮ ਵਿਚ ਰਹਿ ਕੇ ਸੋਗ ਪ੍ਰਗਟ ਕਰ ਰਹੇ ਹਨ। ਉਹ ਆਪਣਾ ਨਾਂ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਹੀ ਇਹ ਦਲੀਲ ਦਿੰਦੇ ਹਨ, "ਗਿੱਲ ਸਾਹਿਬ ਨੇ ਪੰਜਾਬ ਵਿਚ ਅਮਨ ਲਿਆਉਣ ਲਈ ਪੂਰਾ ਜ਼ੋਰ ਲਾਇਆ ਅਤੇ ਕਾਮਯਾਬ ਵੀ ਹੋਏ।"

ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਹਜ਼ਾਰਾਂ ਨੌਜਵਾਨਾਂ ਦੇ ਕਤਲਾਂ ਅਤੇ ਫਰਜ਼ੀ ਮੁਕਾਬਲਿਆਂ ਬਾਰੇ ਉਨ੍ਹਾਂ ਦੀ ਕੀ ਰਾਏ ਹੈ? ਤਾਂ ਉਹ ਕੋਈ ਵੀ ਟਿੱਪਣੀ ਕਰਨੋਂ ਗੁਰੇਜ਼ ਕਰਦੇ ਆਏ। ਜਿੱਥੋਂ ਤੱਕ ਸਿੱਖ ਸਿਆਸਤਦਾਨਾਂ ਦਾ ਸਬੰਧ ਹੈ, ਉਹ ਵੀ ਇਕ ਤਰ੍ਹਾਂ ਚੁੱਪ-ਗੜੁੱਪ ਅਤੇ ਡੁੰਨ-ਵੱਟਾ ਹੀ ਨਜ਼ਰ ਆਏ ਜਿਵੇਂ ਉਹ ਕਹਿਣਾ ਚਾਹੁੰਦੇ ਹੋਣ ਕਿ ਉਨ੍ਹਾਂ ਨੂੰ ਨਾ ਕੋਈ ਖੁਸ਼ੀ ਹੋਈ ਹੈ ਅਤੇ ਨਾ ਕੋਈ ਸੋਗ।

**ਹਿੰਦੂ ਦੁਖ ਵਿਚ:** ਦੂਜੇ ਪਾਸੇ ਬਹੁਗਿਣਤੀ ਨਾਲ ਸਬੰਧਤ ਹਿੰਦੂ ਭਰਾਵਾਂ ਨੂੰ ਜੇ ਉਨ੍ਹਾਂ ਦੇ ਧੁਰ



ਕੇ.ਪੀ.ਐਸ. ਗਿੱਲ

ਹਿਰਦੇ ਤੱਕ ਫਰੋਲਣ ਦੀ ਕਿਸੇ ਕੋਲ ਜੁਗਤ ਹੋਵੇ ਤਾਂ ਸਪੱਸ਼ਟ ਹੋ ਜਾਵੇਗਾ ਕਿ ਉਨ੍ਹਾਂ ਨੂੰ ਦੁਖ ਹੋਇਆ ਹੈ। ਭਾਵੇਂ ਦੁਖ ਦੀ ਮਾਤਰਾ ਵੱਖੋ-ਵੱਖਰੀ ਹੈ। ਇਹ ਦੁਖ ਜਾਂ ਤਾਂ ਉਨ੍ਹਾਂ ਦੀ ਖਾਮੋਸ਼ੀ ਵਿਚੋਂ ਪੜ੍ਹਿਆ ਜਾ ਸਕਦਾ ਹੈ ਅਤੇ ਜਾਂ ਫਿਰ ਇਹੋ ਜਿਹੇ ਸ਼ਬਦਾਂ ਵਿਚੋਂ ਜੋ ਉਨ੍ਹਾਂ ਵੱਲੋਂ ਅਜਿਹੇ ਮੌਕੇ ਬਹੁਤ ਤੋਲ ਮਿਣ ਕੇ ਅਤੇ ਸੋਚ-ਸਮਝ ਕੇ ਆਖੇ ਜਾਂਦੇ ਹਨ। ਇੱਥੋਂ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਹ ਕੇ. ਪੀ. ਐਸ. ਗਿੱਲ ਨੂੰ ਗੁਪਤ ਜਾਂ ਪ੍ਰਗਟ ਰੂਪ ਵਿਚ ਆਪਣਾ ਨਾਇਕ ਮੰਨਦੇ ਹਨ। ਅਜਿਹੀ ਮਾਨਸਿਕਤਾ ਤੋਂ ਸੰਕੇਤ ਮਿਲਦਾ ਹੈ ਕਿ ਜਦੋਂ ਵੀ ਜੁਝਾਰੂ ਲਹਿਰ ਨੂੰ ਕੁਚਲਣ ਵਾਲੇ ਪੁਲਿਸ ਅਫਸਰਾਂ ਦਾ ਜ਼ਿਕਰ ਆਉਂਦਾ ਹੈ ਤਾਂ ਦੋਵੇਂ ਕੌਮਾਂ ਇਕ-ਦੂਜੇ ਦੇ ਉਲਟ ਖਲੋ ਜਾਂਦੀਆਂ ਹਨ। ਇਹ ਪਾੜਾ ਮੇਟਣ ਵਿਚ ਨਾ ਸਰਕਾਰ ਵੱਲੋਂ ਕਦੇ ਕੋਈ ਯਤਨ ਹੋਏ ਅਤੇ ਨਾ ਹੀ ਗੈਰ ਸਰਕਾਰੀ ਸੰਸਥਾਵਾਂ ਨੇ ਇਸ ਤਰ੍ਹਾਂ ਦਾ ਕੋਈ ਉਪਰਾਲਾ ਕੀਤਾ ਹੈ। ਇੰਜ ਪੰਜਾਬ ਦਾ ਅਮਨ ਉਪਰਲੀ ਸਤਾਹ 'ਤੇ ਭਾਵੇਂ ਕਾਇਮ ਨਜ਼ਰ ਆਉਂਦਾ ਹੈ ਪਰ ਡੂੰਘੀ ਸਤਾਹ 'ਤੇ ਡੂੰਘੀਆਂ ਤੇ ਵੱਡੀਆਂ ਤਰੇੜਾਂ ਅਜੇ ਵੀ ਜਿਉਂ ਦੀਆਂ ਤਿਉਂ ਬਣੀਆਂ ਹੋਈਆਂ ਹਨ।

ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਇਕ ਦਿਲਚਸਪ ਨਜ਼ਾਰੇ ਦੀ ਖਬਰ ਮਿਲੀ ਹੈ, ਜਦੋਂ ਵਿਦਿਆਰਥੀਆਂ ਦੀ ਇਕ ਟੋਲੀ ਮੌਤ ਦੀ ਖਬਰ ਸੁਣ ਕੇ ਖੁਸ਼ੀ ਮਨਾ ਰਹੀ ਸੀ ਤਾਂ ਥੋੜ੍ਹੀ ਹੀ ਵਿੱਥ 'ਤੇ ਇਕ ਹਿੰਦੂ ਕੁੜੀ ਇਹ ਕਹਿ ਕੇ ਰੋ ਰਹੀ ਸੀ, 'ਅੰਕਲ ਗਿੱਲ ਨਹੀਂ ਰਹੇ।' ਖੁਸ਼ੀ ਮਨਾਉਣ ਵਾਲੀ ਟੋਲੀ ਨੇ ਝਟਪਟ ਆਪਣੀ ਖੁਸ਼ੀ ਨੂੰ ਕਾਬੂ ਵਿਚ ਕਰਦਿਆਂ ਕੁੜੀ ਨੂੰ ਦਿਲਾਸਾ ਦਿੱਤਾ। ਅਜਿਹਾ ਵਰਤਾਰਾ ਇਸ ਹਕੀਕਤ ਵੱਲ ਇਸ਼ਾਰਾ ਕਰਦਾ ਹੈ ਕਿ ਦੋ ਕੌਮਾਂ ਕਿਵੇਂ ਮਨਾਂ ਵਿਚ ਇਕ ਦੂਜੇ ਤੋਂ ਦੂਰੀ 'ਤੇ ਖਲੋਤੀਆਂ ਹਨ। ਅਸਲ ਵਿਚ ਗਿੱਲ ਦੀ ਮੌਤ ਇਨ੍ਹਾਂ ਦੂਰੀਆਂ ਦੀ ਪੁਸ਼ਟੀ ਹੀ ਕਰ ਰਹੀ ਹੈ। ਦੂਜੇ ਪਾਸੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਂਪਸ ਵਿਚ ਵਿਦਿਆਰਥੀਆਂ ਦਾ ਵੱਡਾ ਹਿੱਸਾ ਖੁਸ਼ ਨਜ਼ਰ ਆ ਰਿਹਾ ਸੀ, ਜਦ ਕਿ ਅਧਿਆਪਕਾਂ ਨੇ ਆਪਣੀ ਖੁਸ਼ੀ ਨੂੰ ਭੇਤ ਭਰੇ ਸੰਜਮ ਵਿਚ ਲੁਕੋ ਕੇ ਹੀ ਰੱਖਿਆ।

**ਚੇਤਨ ਮਨ, ਅਵਚੇਤਨ ਮਨ:** ਮਨੋਵਿਗਿਆਨ ਦੀ ਇਕ ਵਿਦਿਆਰਥਣ ਸੁਖਪ੍ਰੀਤ ਕੌਰ (ਅਸਲ ਨਾਂ ਨਹੀਂ), ਨੇ ਇਸ ਸਥਿਤੀ ਨੂੰ ਕੁਝ ਇਸ ਤਰ੍ਹਾਂ ਬਿਆਨ ਕੀਤਾ, "ਮੇਰਾ ਖਿਆਲ ਹੈ ਕਿ ਸਿੱਖਾਂ ਦਾ ਸਾਂਝਾ ਚੇਤਨ ਮਨ ਗਿੱਲ ਦੀ ਮੌਤ 'ਤੇ ਖੁਸ਼ੀ ਮਨਾ ਰਿਹਾ ਹੈ ਜਦ ਕਿ ਹਿੰਦੂਆਂ ਦਾ ਸਾਂਝਾ ਅਵਚੇਤਨ ਮਨ ਡੂੰਘੇ ਸੋਗ ਵਿਚ ਡੁੱਬਿਆ ਹੋਇਆ ਹੈ। ਜਦੋਂ ਪੁੱਛਿਆ ਕਿ ਹਿੰਦੂਆਂ ਦਾ ਅਵਚੇਤਨ ਮਨ ਖੁੱਲ੍ਹ ਕੇ ਸਾਹਮਣੇ ਕਿਉਂ ਨਹੀਂ ਆ ਰਿਹਾ ਤਾਂ ਪੋਸਟ ਗਰੈਜੂਏਟ ਕਰ ਰਹੀ ਇਸ ਕੁੜੀ ਦਾ ਦੋ ਸ਼ਬਦਾਂ ਵਿਚ ਇਹੋ ਜਵਾਬ ਸੀ, 'ਜੁਝਾਰੂ ਲਹਿਰ ਦਾ ਡਰ।'

ਜਦੋਂ ਮੈਂ ਮੋੜਵਾਂ ਸਵਾਲ ਕੀਤਾ ਕਿ ਜੁਝਾਰੂ ਲਹਿਰ ਤਾਂ ਕਦੋਂ ਦੀ ਖਤਮ ਹੋ ਚੁਕੀ ਹੈ ਤਾਂ ਉਸ ਦਾ ਸੁਚੇਤ ਜਵਾਬ ਇਕ ਵਾਰ ਤਾਂ ਸਿਰ ਤੋਂ ਪੈਰਾਂ ਤੱਕ ਕੰਬਣੀ ਛੇੜ ਗਿਆ, "ਸਰ, ਲਹਿਰ ਭਾਵੇਂ ਖਤਮ ਹੋ ਗਈ ਹੋਵੇ ਪਰ ਉਸ ਦੀ ਗਰਜ ਤੇ ਦਹਾੜ ਹਵਾ ਵਿਚ ਅਜੇ ਵੀ ਗੂੰਜਦੀ ਹੈ।" ਸਾਹਿਤ ਅਤੇ ਮਨੋਵਿਗਿਆਨ ਦੇ ਰੰਗ ਵਿਚ ਦਿੱਤਾ ਇਹ ਜਵਾਬ ਸੁਣ ਕੇ ਜਦੋਂ ਮੈਂ ਹੋਰ ਫੋਲਾ-ਫਾਲੀ ਕੀਤੀ ਤਾਂ ਪਤਾ ਲੱਗਾ ਕਿ ਇਸ ਕੁੜੀ ਦਾ ਨਜ਼ਦੀਕੀ ਰਿਸ਼ਤੇਦਾਰ ਗਿੱਲ ਦੇ ਪੁਲਿਸ ਰਾਜ ਵਿਚ ਇਕ ਝੂਠੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋਇਆ ਸੀ। ਇਸ ਕੁੜੀ ਨਾਲ ਮੁਲਾਕਾਤ ਤੋਂ ਮੈਨੂੰ ਚੰਡੀਗੜ੍ਹ ਵਿਚ ਮਾਨਸਿਕ ਰੋਗੀਆਂ ਦੀ ਇਕ ਮਾਹਿਰ ਹਿੰਦੂ ਡਾਕਟਰ ਬੀਬੀ ਦੀ ਕਈ ਸਾਲ ਪਹਿਲਾਂ ਕੀਤੀ ਉਹ ਟਿੱਪਣੀ ਯਾਦ ਆ ਗਈ ਜਿਸ ਵਿਚ ਉਸ ਨੇ ਮੈਨੂੰ ਸਵਾਲ ਕੀਤਾ ਸੀ, "ਕੀ ਤੁਹਾਨੂੰ ਪਤਾ ਹੈ ਕਿ ਮੇਰੇ ਕੋਲ ਬਹੁਤ ਸਾਰੇ ਮਰੀਜ਼ ਇਹੋ ਜਿਹੇ ਵੀ ਆਉਂਦੇ ਹਨ, ਜੋ ਉਸ ਸਮੇਂ ਅਜੇ ਬਚਪਨ ਵਿਚ ਹੀ ਸਨ ਜਦੋਂ ਉਨ੍ਹਾਂ ਦੇ ਕਿਸੇ ਨੇੜਲੇ ਰਿਸ਼ਤੇਦਾਰ-ਪਿਓ, ਭਰਾ ਜਾਂ ਚਾਚੇ-ਤਾਏ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਪੁਲਿਸ ਫੜ ਕੇ ਲੈ ਗਈ, ਉਨ੍ਹਾਂ ਦੇ ਸਾਹਮਣੇ ਤਸੀਹੇ ਦਿੱਤੇ ਗਏ ਅਤੇ ਉਨ੍ਹਾਂ ਨੂੰ ਬੇਪਤ ਕੀਤਾ ਗਿਆ। ਹੁਣ ਉਹ ਬੱਚੇ ਵੱਡੇ ਹੋ ਗਏ ਹਨ ਪਰ ਬਚਪਨ ਵਿਚ ਦੇਖੇ ਉਹ ਦਰਦਨਾਕ ਦ੍ਰਿਸ਼ ਸਦਮੇ ਅਤੇ ਜ਼ਖਮ ਬਣ ਕੇ ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਸੰਗੀ ਸਾਥੀ ਬਣੇ ਹੋਏ ਹਨ, ਜਿਸ ਨਾਲ ਉਹ ਹੁਣ ਮਾਨਸਿਕ ਤੌਰ 'ਤੇ ਬਿਮਾਰ ਹੀ ਹਨ।"

ਇਸ ਡਾਕਟਰ ਨੇ ਇਹ ਵੀ ਦੱਸਿਆ ਕਿ ਜਦੋਂ ਕੋਈ ਨਜ਼ਦੀਕੀ ਰਿਸ਼ਤੇਦਾਰ ਤੁਹਾਡੀਆਂ ਅੱਖਾਂ ਸਾਹਮਣੇ ਇਸ ਤਰ੍ਹਾਂ ਮਰਦਾ ਹੈ ਤਾਂ ਉਸ ਦੇ ਨਾਲ ਦਰਜਨਾਂ ਦੂਰ ਨੇੜੇ ਦੇ ਰਿਸ਼ਤੇਦਾਰ ਤੇ ਦੋਸਤ ਵੀ ਉਸ ਮੌਤ ਤੋਂ ਪ੍ਰਭਾਵਿਤ ਹੁੰਦੇ ਹਨ। ਜੁਝਾਰੂ ਲਹਿਰ ਖਤਮ ਹੋਣ ਪਿੱਛੋਂ ਹਜ਼ਾਰਾਂ ਅਜਿਹੇ ਲੋਕ ਹਨ ਜਿਨ੍ਹਾਂ ਨੇ ਆਪਣੇ ਅੰਦਰ ਤਰ੍ਹਾਂ-ਤਰ੍ਹਾਂ ਦਾ ਗੁੱਸਾ, ਰੋਸ ਅਤੇ ਨਫਰਤ ਨੂੰ ਜਵਾਨ ਕੀਤਾ ਹੋਇਆ ਹੈ। ਮੈਨੂੰ ਉਸ ਸਮੇਂ ਮਹਿਸੂਸ ਹੋਇਆ ਕਿ ਇਹ ਵੱਡਾ ਕਾਫਲਾ ਆਪਣੇ ਆਪ ਵਿਚ ਇਕ ਖਾਮੋਸ਼ ਬਗਾਵਤ ਹੀ ਹੈ ਜਿਸ ਵਿਚੋਂ ਕਈ ਲੇਖਕ, ਪੱਤਰਕਾਰ ਅਤੇ ਇਨਕਲਾਬੀ ਜਨਮ ਲੈਣਗੇ।

ਚੇਤੇ ਰਹੇ, ਜੁਝਾਰੂ ਲਹਿਰ ਦੇ ਸ਼ਹੀਦਾਂ ਨਾਲ ਸਬੰਧਿਤ ਦੂਰ ਨੇੜੇ ਦੇ ਅਣਗਿਣਤ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਭਾਰਤ ਤੇ ਵਿਦੇਸ਼ਾਂ 'ਚ ਉਚੀਆਂ ਪੜ੍ਹਾਈਆਂ ਕਰ ਰਹੇ ਹਨ। ਇਤਿਹਾਸ, ਸਾਹਿਤ, ਦਰਸ਼ਨ ਅਤੇ ਸਮਾਜ ਵਿਗਿਆਨ ਵਰਗੇ ਵਿਸ਼ੇ ਪੜ੍ਹ ਰਹੇ ਇਨ੍ਹਾਂ ਮੁੰਡੇ-ਕੁੜੀਆਂ ਦੀ ਜੁਝਾਰੂ ਲਹਿਰ ਨਾਲ ਆਪਣੀ ਹੀ ਕਿਸਮ ਦੀ ਇਕ ਹਮਦਰਦੀ ਹੈ, ਭਾਵੇਂ ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਕੋਲ ਅੱਗੇ ਵਧਣ ਲਈ ਕੋਈ ਸਾਰਥਕ ਦਿਸ਼ਾ ਨਹੀਂ।

ਕੇ.ਪੀ.ਐਸ. ਗਿੱਲ ਦੀ ਮੌਤ ਪਿੱਛੋਂ ਮੀਡੀਏ ਦਾ ਵੱਡਾ ਹਿੱਸਾ ਅਤੇ ਜੁਝਾਰੂ ਲਹਿਰ ਦੇ ਸਰਗਰਮ ਵਿਰੋਧੀ ਲੇਖਕ, ਪੱਤਰਕਾਰ ਤੇ ਅਖੌਤੀ ਵਿਦਵਾਨ ਜਦੋਂ 'ਸੁਪਰ ਕਾਪ' ਨੂੰ ਇਹ ਕਹਿ ਕੇ ਸ਼ਰਧਾਂਜਲੀ ਭੇਟ ਕਰਦੇ ਹਨ ਕਿ ਉਸ ਨੇ ਪੰਜਾਬ ਨੂੰ ਪੱਕੇ ਪੈਰਾਂ 'ਤੇ ਖੜ੍ਹੇ ਕੀਤਾ ਅਤੇ ਜਦੋਂ ਉਸ ਨੂੰ ਅਮਨ ਦਾ ਦੇਵਤਾ ਕਹਿ ਕੇ ਵਡਿਆਉਂਦੇ ਹਨ ਤਾਂ ਲਹਿਰਾਂ ਬਾਰੇ ਉਨ੍ਹਾਂ ਦੇ ਗਿਆਨ, ਜਾਣਕਾਰੀ ਅਤੇ ਸਮਝ 'ਤੇ ਹਾਸਾ ਆਉਂਦਾ ਹੈ ਕਿ ਇਹ ਕੈਸਾ ਅਮਨ ਹੈ ਜੋ ਖਾਲਸਾ ਪੰਥ ਦੇ ਚਮਨ ਨੂੰ ਉਜਾੜ ਕੇ ਲਿਆਂਦਾ ਗਿਆ ਹੈ? ਹੁਣ ਜਦੋਂ ਗਿੱਲ ਦੀ ਮੌਤ ਪਿੱਛੋਂ ਦੋ ਕੌਮਾਂ ਤਨ-ਮਨ-ਰੂਹ ਦੇ ਪੱਖ ਤੋਂ ਇਕ ਦੂਜੇ ਦੇ ਉਲਟ ਧੁਰਿਆਂ 'ਤੇ ਖੜ੍ਹੀਆਂ ਹਨ ਤਾਂ ਕੀ ਅਜਿਹਾ ਅਮਨ ਸਥਾਈ ਹੋ ਸਕਦਾ ਹੈ? ਲਗਾਤਾਰ ਕਾਇਮ ਰਹਿ ਵੀ ਸਕੇਗਾ? ਪਰ ਅਜਿਹੀਆਂ ਵੱਡੀਆਂ ਗੱਲਾਂ ਸੋਚਣ ਦੀ ਵਿਹਲ ਹੁਣ ਕਿਸ ਨੂੰ ਹੈ? ਨਾ ਆਪਣਿਆਂ ਨੂੰ ਤੇ ਨਾ ਹੀ ਬਿਗਾਨਿਆਂ ਨੂੰ।

# ਅੱਧਖਿੜੇ ਫੁੱਲਾਂ ਦਾ ਕਾਤਲ ਸੀ ਉਹ...

ਪੰਜਾਬ ਦੇ ਸਾਬਕਾ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਦੀ ਮੌਤ ਤੋਂ ਪਿੱਛੋਂ ਇਕੱਠੇ ਕੀਤੇ ਜਾਣ ਵਾਲੇ ਪ੍ਰਤੀਕਰਮਾਂ ਵਿਚੋਂ ਇਕ ਪ੍ਰਤੀਕਰਮ ਪੰਜਾਬੀ ਯੂਨੀਵਰਸਿਟੀ ਵਿਚ ਪੀਐਚ.ਡੀ. ਕਰ ਰਹੇ ਇਕ ਵਿਦਿਆਰਥੀ ਦਾ ਬਿਲਕੁਲ ਹੀ ਵੱਖਰੀ ਤਰ੍ਹਾਂ ਦਾ ਅਤੇ ਨਿਵੇਕਲੀ ਕਿਸਮ ਦਾ ਸੀ ਜਿਸ ਨਾਲ ਮਹਿਸੂਸ ਹੋਇਆ ਜਿਵੇਂ ਇਹ ਪ੍ਰਤੀਕਰਮ ਸਾਹਿਤ, ਫਿਲਾਸਫੀ, ਧਰਮ ਅਤੇ ਸਭਿਆਚਾਰਾਂ ਦੇ ਉਦਾਸ ਰੰਗਾਂ ਦਾ ਇਕ ਗੁਲਦਸਤਾ ਹੈ। ਪਰ ਇਸ ਵਿਦਿਆਰਥੀ ਦੀ ਟਿਪਣੀ ਵਿਚ ਉਚੀ ਕਿਸਮ ਦੀ ਸੁਰਤ ਦਾ ਪਰਵਾਜ਼ ਵੀ ਹੈ ਅਤੇ ਡੂੰਘਾ ਰੋਸ ਵੀ।

ਆਰਟਸ ਨਾਲ ਸਬੰਧਤ ਇਕ ਵਿਸ਼ੇ 'ਤੇ ਖੋਜ ਕਰ ਰਿਹਾ ਇਹ ਰਿਸਰਚ ਸਕਾਲਰ ਹਿਰਦੇਪਾਲ ਸਿੰਘ (ਅਸਲ ਨਾਂ ਨਹੀਂ) ਦਾ ਮੰਨਣਾ ਹੈ ਕਿ ਗਿੱਲ ਦੀ ਮੌਤ ਕੁਦਰਤੀ ਨਹੀਂ, ਸਗੋਂ ਉਸ ਨੂੰ ਉਨ੍ਹਾਂ ਲੋਕਾਂ ਦੀਆਂ ਰੂਹਾਂ ਨੇ ਮਾਰਿਆ ਹੈ ਜਿਨ੍ਹਾਂ ਨੂੰ ਗਿੱਲ ਤੇ ਉਸ ਦੀ ਪੁਲਿਸ ਨੇ ਸੈਂਕੜੇ ਅੱਧਖਿੜੇ ਫੁੱਲਾਂ ਨੂੰ ਕੁਚਲ ਦਿੱਤਾ ਤੇ ਹਜ਼ਾਰਾਂ ਲਾਸ਼ਾਂ ਨੂੰ ਅਣਪਛਾਤੀਆਂ ਕਰਾਰ ਦੇ ਕੇ ਨਹਿਰਾਂ ਅਤੇ ਦਰਿਆਵਾਂ ਦੇ ਡੂੰਘੇ ਪਾਣੀਆਂ ਵਿਚ ਖਪਾ ਦਿੱਤਾ।

ਹਿਰਦੇਪਾਲ ਸਿੰਘ ਨੇ ਕੇ.ਪੀ.ਐਸ. ਗਿੱਲ ਨੂੰ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ 'ਮੈਕਬੈਥ' ਨਾਲ ਤੁਲਨਾ ਦਿੱਤੀ ਜਿਸ ਵਿਚ ਮੈਕਬੈਥ ਨੇ ਨੀਂਦ ਵਿਚ ਸੁੱਤੇ ਬਾਦਸ਼ਾਹ ਡੰਕਨ ਦਾ ਕਤਲ ਕਰਕੇ ਇਹ ਟਿੱਪਣੀ ਕੀਤੀ ਕਿ ਉਸ ਨੇ ਡੰਕਨ ਦੀਆਂ ਨੀਂਦਰਾਂ ਦਾ ਕਤਲ ਕਰ ਦਿੱਤਾ ਹੈ ਪਰ ਨਾਲ ਹੀ ਉਸ ਦੀਆਂ ਆਪਣੀਆਂ ਨੀਂਦਰਾਂ ਵੀ ਗਵਾਚ ਗਈਆਂ ਹਨ। ਇਸ ਰਿਸਰਚ ਸਕਾਲਰ ਦਾ ਕਹਿਣਾ ਸੀ ਕਿ ਗਿੱਲ ਦੇ ਅੰਦਰ ਤੁਤ ਦੀ ਛਟੀ ਵਰਗੇ ਨੌਜਵਾਨਾਂ ਦਾ ਖੂਨ ਪੀ ਕੇ ਰਤਾ ਵੀ ਪਛਤਾਵਾ ਨਹੀਂ ਆਇਆ ਅਤੇ ਉਹ ਆਪਣੇ ਗੁਨਾਹ ਨੂੰ ਛੁਪਾਉਣ ਅਤੇ ਭੁਲਾਉਣ ਲਈ ਹੋਰ-ਹੋਰ ਕਤਲ ਕਰਦਾ ਚਲਿਆ ਗਿਆ। ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਨੂੰ ਆਪਣਾ ਘਰ ਵੀ ਨਸੀਬ ਨਾ ਹੋਇਆ, ਜਿੱਥੇ ਉਨ੍ਹਾਂ ਦੇ ਵਾਰਿਸ ਆਪਣੇ ਪਿਆਰਿਆਂ ਦੀਆਂ ਅੰਤਿਮ ਰਸਮਾਂ 'ਚ ਸ਼ਾਮਲ ਹੋ ਸਕਣ। ਇਨ੍ਹਾਂ ਅਣਪਛਾਤੀਆਂ ਲਾਸ਼ਾਂ ਦੀ ਖੋਜ ਕਰਨ ਵਾਲੇ ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਗਵਾਹ ਸਨ, ਜਿਨ੍ਹਾਂ ਨੂੰ ਗਿੱਲ ਦੀ ਪੁਲਿਸ ਨੇ ਇਸ ਤਰ੍ਹਾਂ ਖਪਾਇਆ ਕਿ ਉਨ੍ਹਾਂ ਦਾ ਅੱਜ ਤੱਕ ਪਤਾ ਨਹੀਂ ਲੱਗਿਆ।

ਸੰਜਮ ਤੇ ਧੀਰਜ ਵਿਚ ਭਿੱਜੀ ਭਾਵੁਕਤਾ ਦੇ ਰੰਗ ਵਿਚ ਬੋਲਦਿਆਂ ਹਿਰਦੇਪਾਲ ਸਿੰਘ ਨੇ ਸਵਾਲ ਕੀਤਾ, "ਕੀ ਕਿਸੇ ਨੇ ਉਸ ਤਿੰਨ ਸਾਲ ਦੇ ਮਰੇ ਬੱਚੇ ਦੀਆਂ ਅੱਖਾਂ ਵੱਲ ਵੇਖਿਆ ਸੀ, ਜਿਸ ਨੂੰ ਗਿੱਲ ਦੀ ਪੁਲਿਸ ਨੇ ਤੜਫਾ-ਤੜਫਾ ਕੇ ਮਾਰਿਆ? ਉਹ ਮਾਸੂਮ ਤੇ ਨਿਰਦੋਸ਼ ਅੱਖਾਂ ਕੁਝ ਕਹਿੰਦੀਆਂ ਸਨ, ਕੁਝ ਸਵਾਲ ਕਰਦੀਆਂ ਸਨ।


ਭਾਰਤੀ ਸਟੇਟ ਦੀ ਸਿੱਖਾਂ ਪ੍ਰਤੀ ਕੁਟਿਲ ਨੀਤੀ 'ਤੇ ਟਿੱਪਣੀ ਕਰਦਿਆਂ ਹਿਰਦੇਪਾਲ ਸਿੰਘ ਨੇ ਕਿਹਾ ਕਿ ਭਾਰਤੀ ਸਟੇਟ ਨੂੰ ਸਭ ਤੋਂ ਵੱਡਾ ਦੁਖ ਹੀ ਇਸ ਗੱਲ ਦਾ ਹੈ ਕਿ ਸਿੱਖ ਕੌਮ 'ਤੇ ਜ਼ੁਲਮ ਦੇ ਸਾਰੇ ਹਥਿਆਰ ਵਰਤ ਕੇ ਵੀ ਉਨ੍ਹਾਂ ਦਾ ਨਿਆਰਾਪਣ ਅਜੇ ਵੀ ਕਿਉਂ ਨਹੀਂ ਮਰਿਆ? ਉਨ੍ਹਾਂ ਕਿਹਾ ਕਿ ਭਾਵੇਂ ਅੱਜ ਸਾਡੀ ਕੌਮ ਇਤਿਹਾਸ ਦੇ ਸਭ ਤੋਂ ਵੱਡੇ ਨਿਘਾਰ ਦੇ ਆਲਮ ਵਿਚ ਵਿਚਰ ਰਹੀ ਹੈ ਪਰ ਤਾਂ ਵੀ ਅਜੇ ਕੁਝ ਲੋਕ ਮੌਜੂਦ ਹਨ, ਜੋ ਰੂਹਾਨੀ ਬੁਲੰਦੀਆਂ ਦੇ ਪ੍ਰਤੀਕ ਹਨ। ਇਹ ਕਿੰਨੇ ਦੁੱਖ ਦੀ ਗੱਲ ਹੈ ਕਿ ਭਾਰਤੀ ਸਟੇਟ ਸਾਰੀਆਂ ਸ਼ਰਮਾਂ ਲਾਹ ਕੇ ਉਸ ਬੰਦੇ ਨੂੰ ਦੇਵਤਾ ਬਣਾ ਰਹੀ ਹੈ ਜਿਸ ਦੀਆਂ ਮਾੜੀਆਂ ਤੇ ਇਖਲਾਕਹੀਣ ਆਦਤਾਂ ਜੱਗ ਜ਼ਾਹਰ ਹਨ ਅਤੇ ਜੋ ਮਨੁੱਖੀ ਕਦਰਾਂ-ਕੀਮਤਾਂ ਦਾ ਸਭ ਤੋਂ ਵੱਡਾ ਮੁਜਰਿਮ ਹੋ ਨਿੱਬੜਿਆ ਹੈ।

ਹਿਰਦੇਪਾਲ ਸਿੰਘ ਨੇ ਕੇ.ਪੀ.ਐਸ. ਗਿੱਲ ਦੀ ਮੌਤ ਦਾ ਹਵਾਲਾ ਦਿੰਦਿਆਂ ਕਾਮਰੇਡ ਮਾਨਸਿਕਤਾ 'ਤੇ ਤਿੱਖੀ ਟਿੱਪਣੀ ਕੀਤੀ ਤੇ ਕਿਹਾ ਕਿ ਇਸ ਸਮੇਂ ਹਾਲਤ ਇਹ ਹੈ ਕਿ ਭਾਰਤੀ ਸਟੇਟ, ਪੰਜਾਬ ਦੀ ਕਾਮਰੇਡ ਮਾਨਸਿਕਤਾ ਤੇ ਭਾਰਤ ਦੀ ਬਹੁਗਿਣਤੀ 'ਤੇ ਕਾਬਜ਼ ਹਾਕਮ ਜਮਾਤ ਨੂੰ ਗਿੱਲ ਦੀ ਮੌਤ 'ਤੇ ਸਾਂਝਾ ਦੁਖ ਹੋਇਆ ਹੈ, ਭਾਵੇਂ ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਨੇ ਇਸ ਦੁਖ ਦਾ ਇਜ਼ਹਾਰ ਖੁੱਲ੍ਹੇਆਮ ਨਹੀਂ ਕੀਤਾ। ਫਿਰ ਵੀ ਉਨ੍ਹਾਂ ਦੇ ਚਿਹਰਿਆਂ ਦੀ ਜ਼ੁਬਾਨ ਨੂੰ ਪੜ੍ਹਨਾ ਔਖਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਮਰੇਡਾਂ ਦੇ ਗਿਆਨ 'ਤੇ ਹਾਸਾ ਆਉਂਦਾ ਹੈ, ਜਿਨ੍ਹਾਂ ਨੂੰ ਕਸ਼ਮੀਰ ਦੀ ਜੱਦੋ-ਜਹਿਦ ਨਾਲ ਤਾਂ ਹਮਦਰਦੀ ਹੈ, ਪਰ ਆਪਣੇ ਘਰ ਵਿਚ ਜੋ ਕੁਝ ਹੋ ਰਿਹਾ ਹੈ, ਉਸ ਦੀ ਕੁਝ ਵੀ ਸਮਝ ਨਹੀਂ ਹੈ। ਇਨ੍ਹਾਂ ਲੋਕਾਂ ਨੂੰ ਤਾਂ ਮਾਰਕਸਵਾਦ ਦੀ ਰੂਹ ਨਾਲ ਵੀ ਕੋਈ ਸਾਂਝ ਨਹੀਂ ਅਤੇ ਇਕ ਤਰ੍ਹਾਂ ਨਾਲ ਨਾਮਧਰੀਕ ਮਾਰਕਸਵਾਦੀ ਹੀ ਹਨ।

ਹਿਰਦੇਪਾਲ ਸਿੰਘ ਨੇ ਕੇ.ਪੀ.ਐਸ. ਗਿੱਲ ਦੀ ਇਕ ਮੁਲਾਕਾਤ ਦਾ ਹਵਾਲਾ ਦਿੱਤਾ ਜਿਸ ਵਿਚ ਉਸ ਨੇ ਮੰਨਿਆ ਸੀ ਕਿ ਸਿੱਖ ਲਹਿਰ ਨੂੰ ਖਤਮ ਕਰਨ ਲਈ ਉਸ ਨੇ ਜਾਸੂਸਾਂ ਦੀ ਭਾਲ ਲਈ ਉਨ੍ਹਾਂ ਪਿੰਡਾਂ ਦੀ ਚੋਣ ਕੀਤੀ, ਜਿੱਥੇ ਵਧੇਰੇ ਕਰਕੇ ਕਮਿਊਨਿਸਟ ਜਾਂ ਖੱਬੇ ਪੱਖੀ ਰਹਿੰਦੇ ਹਨ। ਇਹ ਵੀ ਮੰਨਿਆ ਕਿ ਜੁਝਾਰੂ ਲਹਿਰ ਨੂੰ ਕੁਚਲਣ ਲਈ ਉਸ ਨੇ ਇਨ੍ਹਾਂ ਕਮਿਊਨਿਸਟਾਂ ਨੂੰ ਵਰਤਿਆ। ਫਿਰ ਵੀ ਹਿਰਦੇਪਾਲ ਸਿੰਘ ਨੇ ਇਹ ਗੱਲ ਮੰਨੀ ਕਿ ਪੀ.ਐਸ.ਯੂ. ਵਿਚ ਕੁਝ ਧਿਰਾਂ ਜਾਂ ਨੁਮਾਇੰਦੇ ਅਜਿਹੇ ਵੀ ਹਨ ਜੋ ਜੁਝਾਰੂ ਲਹਿਰ ਨੂੰ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਸਮਝਦੇ ਹਨ। ਉਹ ਸਮਝਦੇ ਹਨ ਕਿ ਭਾਵੇਂ ਨਕਸਲੀ ਮਰੇ, ਭਾਵੇਂ ਕੋਈ ਜੁਝਾਰੂ ਮਰੇ, ਜ਼ੁਲਮ ਕਰਨ ਵਾਲੇ ਇਕੋ ਹੀ ਹਨ। ਹਿਰਦੇਪਾਲ ਸਿੰਘ ਨੇ ਕੁਝ ਲੇਖਕਾਂ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਨੇ ਗਿੱਲ ਦੀ ਮੌਤ 'ਤੇ ਸੋਗ ਮਨਾਇਆ।

# ਤਿੰਨ ਸਾਲਾਂ ਵਿਚ ਮੋਦੀ ਦੀਆਂ ਰਾਜਸੀ ਤਿਕੜਮਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਚੰਗਾ ਲੱਗੇ ਜਾਂ ਮਾੜਾ, ਚੇਤਾ ਉਸ ਤਿੰਨ ਸਾਲ ਪਹਿਲਾਂ ਦੀ ਛੱਬੀ ਮਈ ਦਾ ਸਭ ਨੂੰ ਆਉਂਦਾ ਹੈ, ਜਦੋਂ ਭਾਰਤ ਦੀ ਜਨਤਾ ਦਾ ਬਹੁਤ ਵੱਡਾ ਫਤਵਾ ਪ੍ਰਾਪਤ ਕਰ ਕੇ ਨਰਿੰਦਰ ਦਮੋਦਰ ਦਾਸ ਮੋਦੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਕਮਾਨ ਸੰਭਾਲੀ ਸੀ। ਉਦੋਂ ਉਸ ਦੇ ਸਮਰਥਕਾਂ ਵਿਚ ਇੱਕ ਖਾਸ ਤਰ੍ਹਾਂ ਦਾ ਹੁਲਾਰਾ ਸੀ। ਉਨ੍ਹਾਂ ਵਿਚੋਂ ਕੁਝ ਲੋਕਾਂ ਨੂੰ ਅਜੇ ਵੀ ਸ਼ਾਇਦ ਉਸ ਹੁਲਾਰੇ ਦਾ ਅਹਿਸਾਸ ਹੋਵੇਗਾ, ਪਰ ਬਾਕੀ ਲੋਕ ਜਿੰਦਾਂ ਦੀ ਆਸ ਉਦੋਂ ਇਸ ਦੇਸ਼ ਦੇ ਨਵੇਂ ਆਗੂ ਤੋਂ ਲਾਈ ਫਿਰਦੇ ਸਨ, ਉਸ ਦੀ ਮੌਜੂਦਗੀ ਦਾ ਅਹਿਸਾਸ ਹੁਣ ਨਹੀਂ ਹੋ ਰਿਹਾ। ਪਹਿਲੇ ਸੌ ਦਿਨ ਤਾਂ ਭਾਰਤ ਦੇ ਲੋਕ ਇਸ ਲੀਡਰ ਦੇ 'ਅੱਛੇ ਦਿਨ ਆਨੇ ਵਾਲੇ ਹੈਂ" ਦੇ ਨਾਅਰੇ ਨੂੰ ਅਮਲ ਵਿਚ ਆਉਂਦਾ ਵੇਖਣ ਲਈ ਤਾਂਘਦੇ ਰਹੇ। ਫਿਰ ਇਸ ਦੇ ਸਭ ਤੋਂ ਨੇੜਲੇ ਮਿੱਤਰ ਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਇਹ ਆਖ ਕੇ ਆਸ ਖਤਮ ਕਰ ਦਿੱਤੀ ਕਿ 'ਅੱਛੇ ਦਿਨ' ਦੇ ਨਾਅਰੇ ਨਾਲ ਜੁੜਿਆ ਹਰ ਕਿਸੇ ਨਾਗਰਿਕ ਦੇ ਖਾਤੇ ਵਿਚ ਤਿੰਨ-ਤਿੰਨ ਲੱਖ ਰੁਪਏ ਸਿੱਧੇ ਪਾਉਣ ਦਾ ਵਾਅਦਾ ਸਿਰਫ ਇੱਕ 'ਚੋਣ ਜੁਮਲਾ' ਸੀ। ਬੜੇ ਆਰਾਮ ਨਾਲ ਉਸ ਨੇ ਮੰਨ ਲਿਆ ਕਿ ਇਸ ਨਾਅਰੇ ਨਾਲ ਉਸ ਨੇ ਤੇ ਉਸ ਦੇ 'ਸਾਹਿਬ' ਨੇ ਇਸ ਦੇਸ਼ ਦੇ ਲੋਕਾਂ ਨੂੰ ਚਿੱਟੇ ਦਿਨ ਚੋਣ-ਧੋਖਾ ਦਿੱਤਾ ਸੀ। ਤਿੰਨ ਸਾਲ ਲੰਘਣ ਪਿੱਛੋਂ ਹੁਣ ਇਸ ਦੌਰ ਦੀ ਪੜਤਾਲ ਕਰਦੇ ਵਕਤ ਹਰ ਕਿਸੇ ਨੂੰ ਉਦੋਂ ਹੋਏ ਇਸ ਧੋਖੇ ਦਾ ਚੇਤਾ ਆਉਣਾ ਸੁਭਾਵਿਕ ਹੈ।



ਅੰਗਰੇਜ਼ੀ ਦਾ ਮੁਹਾਵਰਾ ਇਹ ਹੈ ਕਿ 'ਵੈਲ ਬਿਗਨ ਇਜ਼ ਹਾਫ ਡੰਨ' ਭਾਵ ਸ਼ੁਰੂਆਤ ਕੁਝ ਅੱਛੀ ਹੋਈ ਹੋਵੇ ਤਾਂ ਅੱਧਾ ਕੰਮ ਹੋ ਗਿਆ ਮੰਨਣਾ ਚਾਹੀਦਾ ਹੈ। ਨਰਿੰਦਰ ਮੋਦੀ ਨੇ ਸ਼ੁਰੂ ਹੀ ਚੋਣ ਜੁਮਲੇ ਨਾਲ ਲੋਕਾਂ ਨੂੰ ਚਿੱਟੇ ਦਿਨ ਬੇਵਕੂਫ ਬਣਾ ਕੇ ਕੀਤਾ ਸੀ, ਇਸ ਲਈ 'ਹਾਫ ਡੰਨ' ਦੀ ਬਜਾਏ ਲੋਕਾਂ ਦੇ ਮਨ ਵਿਚ ਉਸ ਵੱਲੋਂ ਕੀਤਾ ਬਾਅਦ ਦਾ ਹਰ ਕੰਮ ਵੀ ਇੱਕ ਪਿੱਛੋਂ ਦੂਸਰਾ ਸ਼ੱਕ ਪੈਦਾ ਕਰਨ ਦਾ ਕਾਰਨ ਹੀ ਬਣਦਾ ਰਿਹਾ।

ਇਹ ਗੱਲ ਬੜੇ ਜ਼ੋਰ ਨਾਲ ਪ੍ਰਚਾਰੀ ਜਾਂਦੀ ਹੈ ਕਿ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਤਰੱਕੀ ਦੇ ਪੜਾਅ ਪਾਰ ਕਰਦੀ ਜਾਂਦੀ ਹੈ। ਭਾਜਪਾ ਵੱਲੋਂ ਜਿੱਤੀਆਂ ਜਾਂਦੀਆਂ ਚੋਣਾਂ ਦਾ ਭਰਪੂਰ ਪ੍ਰਚਾਰ ਹੁੰਦਾ ਤੇ ਹਾਰ ਵਾਲੀ ਹਰ ਸੱਟ ਲੋਕਾਂ ਦੇ ਮਨਾਂ ਦੀ ਸਲੇਟ ਤੋਂ ਸਾਫ ਕਰਨ ਲਈ ਅਚਾਨਕ ਕੋਈ ਨਾ ਕੋਈ ਨਵਾਂ ਨਾਅਰਾ ਘੜਿਆ ਜਾਂਦਾ ਜਾਂ ਕੋਈ ਨਵਾਂ ਜੁਮਲਾ ਸੁਣਾ ਕੇ ਲੋਕਾਂ ਨੂੰ ਵਰਗਲਾਇਆ ਜਾਂਦਾ ਹੈ। ਫਿਰਕੂ ਚਾਲਾਂ ਨਾਲ ਆਮ ਲੋਕ ਉਕਸਾ ਕੇ ਸਭ ਤੋਂ ਵੱਡਾ ਰਾਜ ਉਤਰ ਪ੍ਰਦੇਸ਼ ਜਿੱਤ ਲੈਣ ਤੋਂ ਬਿਨਾ ਬਾਕੀ ਜਿਹੜੇ ਰਾਜਾਂ ਵਿਚ ਭਾਜਪਾ ਦੀ ਜਿੱਤ ਦੇ ਝੰਡੇ ਝੂਲਦੇ ਹਨ, ਦਲ-ਬਦਲੂਆਂ ਨੂੰ ਭਾਜਪਾ ਦਾ ਤਿਲਕ ਲਾ ਕੇ ਸਰਕਾਰਾਂ ਬਣਾਈਆਂ ਹਨ। ਆਸਾਮ ਵਰਗੇ ਰਾਜ ਵਿਚ ਸਰਕਾਰ ਦੀ ਕਮਾਨ ਵੀ ਕਾਂਗਰਸ ਵਿਚੋਂ ਨਵੇਂ-ਨਵੇਂ ਆਏ ਦਲ-ਬਦਲੂ ਦੇ ਹੱਥ ਦੇ ਦਿੱਤੀ ਗਈ ਤੇ ਜਿਨ੍ਹਾਂ ਲੋਕਾਂ ਨੇ ਮੋਦੀ ਦੇ ਕਹਿਣ ਉਤੇ ਏਸੇ ਝਾਕ ਵਿਚ ਇੱਕ ਸਾਲ ਪਹਿਲਾਂ ਕਾਂਗਰਸ ਛੱਡੀ ਸੀ, ਉਹ ਵੀ ਪਿੱਛੇ ਸੁੱਟ ਦਿੱਤੇ ਗਏ ਹਨ।

ਦੇਸ਼ ਦੀ ਸੁਰੱਖਿਆ ਤੇ ਗਵਾਂਢੀ ਦੇਸ਼ ਨਾਲ ਚਿਰਾਂ ਤੱਕ ਹੰਢਣ ਵਾਲੀ ਵਿਦੇਸ਼ ਨੀਤੀ ਦੇ ਪੱਖ ਤੋਂ ਪਹਿਲੀ ਵਾਰੀ ਭਾਰਤ ਦੇ ਲੋਕ ਏਨੇ ਅਵਾਜ਼ਾਰ ਹੋਏ ਹਨ ਕਿ ਉਨ੍ਹਾਂ ਦੀ ਤਸੱਲੀ ਕਰਾਉਣੀ ਔਖੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਜਿੰਨੀ ਵਾਰ ਮੋਦੀ ਨੇ ਹੱਥ ਮਿਲਾਇਆ, ਓਨੀ ਵਾਰੀ ਦਹਿਸ਼ਤਗਰਦੀ ਦੀ ਨਵੀਂ ਸੱਟ ਖਾਣੀ ਪਈ ਤੇ ਪਹਿਲਾਂ ਤੋਂ ਵੱਧ ਨੁਕਸਾਨ ਉਠਾਇਆ ਹੈ। ਨਵਾਜ਼ ਆਪਣੀ ਫੌਜ ਦੇ ਕਮਾਂਡਰਾਂ ਤੋਂ ਡਰਦਾ ਹੱਥ ਮਿਲਾਉਣ ਤੋਂ ਡਰੀ ਜਾਂਦਾ ਹੈ ਤੇ ਨਰਿੰਦਰ ਮੋਦੀ ਬਦੋ-ਬਦੀ ਵਾਲੀ ਸਕੀਰੀ ਪਾਉਣ ਤੁਰਿਆ ਰਹਿੰਦਾ ਹੈ। ਇਸ ਨਾਲ ਨੁਕਸਾਨ ਹੋਇਆ ਤੇ ਲੋਕਾਂ ਵਿਚ ਕੌੜ ਵਧੀ ਹੈ। ਅਜੇ ਵੀ ਨਰਿੰਦਰ ਮੋਦੀ ਇਸ ਨੀਤੀ ਵਿਚ ਕੋਈ ਨੁਕਸ ਮੰਨਣ ਨੂੰ ਤਿਆਰ ਨਹੀਂ।

ਪ੍ਰਧਾਨ ਮੰਤਰੀ ਦੀ ਪਦਵੀ ਸੰਭਾਲਦੇ ਸਾਰ ਨਰਿੰਦਰ ਮੋਦੀ ਨੇ ਇੱਕ ਪਿੱਛੋਂ ਦੂਸਰੇ ਦੇਸ਼ ਵਿਚ ਭਾਰਤੀ ਪਰਵਾਸੀ ਲੋਕਾਂ ਨਾਲ ਸਿੱਧੀ ਗੱਲ ਕਰਨ ਲਈ ਰੈਲੀਆਂ ਕੀਤੀਆਂ ਤੇ ਬੜੇ ਵਾਅਦੇ ਕੀਤੇ ਸਨ। ਪਾਰਲੀਮੈਂਟ ਚੋਣਾਂ ਦੌਰਾਨ ਚਲਾਏ ਗਏ ਚੋਣ ਜੁਮਲੇ ਵਾਂਗ ਪਰਵਾਸੀ ਭਾਰਤੀਆਂ ਨਾਲ ਕੀਤੇ ਵਾਅਦੇ ਵੀ ਫੋਕੇ ਜੁਮਲੇ ਹੋ ਗਏ। ਵੱਡੀ ਆਸ ਰੱਖ ਬੈਠੇ ਐਨ ਆਰ ਆਈ ਹੁਣ ਮੂੰਹ ਮੋਟਾ ਕਰੀ ਬੈਠੇ ਹਨ। ਮਨਾਂ ਵਿਚ ਕੌੜ ਵਧ ਗਈ ਹੈ। ਇਸ ਕੌੜ ਦੇ ਪਹਿਲੇ ਕਾਰਨ ਵੀ ਥੋੜ੍ਹੇ ਨਹੀਂ ਸੀ ਕਹੇ ਜਾ ਸਕਦੇ, ਪਰ ਨਰਿੰਦਰ ਮੋਦੀ ਸਰਕਾਰ ਦੀ ਨੋਟਬੰਦੀ ਨੇ ਉਨ੍ਹਾਂ ਨਾਲ ਜਿਹੜਾ ਵਿਹਾਰ ਕੀਤਾ ਹੈ, ਉਸ ਨੂੰ ਉਹ ਸਾਰੀ ਉਮਰ ਨਹੀਂ ਭੁਲਾ ਸਕਦੇ। ਪ੍ਰਚਾਰ ਇਹ ਕੀਤਾ ਕਿ ਪਰਵਾਸੀ ਭਾਰਤੀਆਂ ਲਈ ਬਾਕੀ ਲੋਕਾਂ ਨਾਲੋਂ ਵੱਧ ਸਮਾਂ ਹੱਦ ਰੱਖੀ ਹੈ, ਜਿਸ ਵਿਚ ਉਹ ਬੰਦ ਹੋਏ ਕਰੰਸੀ ਨੋਟ ਬਦਲ ਸਕਣਗੇ, ਪਰ ਜਦੋਂ ਏਥੇ ਆਏ ਤਾਂ ਬੰਦ ਕੀਤੇ ਹੋਏ ਨੋਟ ਬਦਲੇ ਨਹੀਂ ਗਏ ਤੇ ਡਾਲਰ ਖਰਚ ਕੇ ਮੁੜਨਾ ਪਿਆ। ਸਭ ਤੋਂ ਵੱਧ ਪਰਵਾਸੀ ਲੋਕ ਪੰਜਾਬ ਦੇ ਹਨ, ਦੂਸਰੇ ਨੰਬਰ ਉਤੇ ਗੁਜਰਾਤ ਤੇ ਤੀਸਰੇ ਉਤੇ ਕੇਰਲਾ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਨੂੰ ਬੰਦ ਕੀਤੇ ਹੋਏ ਨੋਟ ਬਦਲਣ ਦੀ ਸਹੂਲਤ ਦੇਣ ਲਈ ਜਿਹੜੇ ਕਾਊਂਟਰ ਖੋਲ੍ਹੇ ਗਏ, ਉਨ੍ਹਾਂ ਵਿਚੋਂ ਦੋ ਤਾਂ ਮਹਾਰਾਸ਼ਟਰ ਦੇ ਮੁੰਬਈ ਅਤੇ ਪੂਣੇ ਵਿਚ ਸਨ, ਤੀਸਰਾ ਤਾਮਿਲਨਾਡੂ ਦੇ ਚੇਨਈ ਸ਼ਹਿਰ ਵਿਚ, ਚੌਥਾ ਪੱਛਮੀ ਬੰਗਾਲ ਦੇ ਕੋਲਕਾਤਾ ਅਤੇ ਪੰਜਵਾਂ ਨਵੀਂ ਦਿੱਲੀ ਵਿਚ ਖੋਲ੍ਹ ਦਿੱਤਾ ਗਿਆ। ਪੰਜਾਬ ਵਿਚ ਪਰਵਾਸੀ ਵੱਧ ਸਨ, ਉਨ੍ਹਾਂ ਲਈ ਏਥੇ ਕੋਈ ਕਾਊਂਟਰ ਨਹੀਂ ਖੋਲ੍ਹਿਆ ਗਿਆ, ਪ੍ਰਧਾਨ ਮੰਤਰੀ ਮੋਦੀ ਦੇ ਗੁਜਰਾਤ ਵਿਚ ਵੀ ਨਹੀਂ। ਇਸ ਨਾਲ ਉਨ੍ਹਾਂ ਲੋਕਾਂ ਦੀ ਖੱਜਲ-ਖੁਆਰੀ ਲਈ ਮੁੱਢ ਆਪਣੇ ਆਪ ਬੰਨ੍ਹ ਦਿੱਤਾ ਗਿਆ ਤੇ ਪਰਵਾਸੀ ਭਾਰਤੀ ਲੋਕ ਖੱਜਲ ਹੋ ਕੇ ਆਪਣੇ ਦੇਸ਼ਾਂ ਵੱਲ ਮੁੜਦੇ ਰਹੇ ਸਨ।

ਨੋਟ-ਬੰਦੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਸਾਥੀ ਆਪਣੀ ਬਹੁਤ ਵੱਡੀ ਪ੍ਰਾਪਤੀ ਕਹਿ ਕੇ ਪੇਸ਼ ਕਰਦੇ ਹਨ, ਪਰ ਇਹ ਕਿੱਡੀ ਵੱਡੀ ਪ੍ਰਾਪਤੀ ਹੈ, ਇਹ ਵਿਆਖਿਆ ਪ੍ਰਸਿੱਧ ਪੱਤਰਕਾਰ ਵਿਨੋਦ ਦੂਆ ਵੱਲੋਂ ਬੋਲੇ ਗਏ ਚੰਦ ਸ਼ਬਦਾਂ ਜਿੰਨੀ ਸੌਖੀ ਕੋਈ ਨਹੀਂ ਕਰ ਸਕਦਾ। ਵਿਨੋਦ ਦੂਆ ਕਹਿੰਦੇ ਹਨ, "ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਕਿਹਾ ਸੀ ਕਿ ਦੁਨੀਆਂ ਦੇ ਵੱਡੇ-ਵੱਡੇ ਅਰਥ ਸ਼ਾਸਤਰੀ ਹਾਲੇ ਤੱਕ ਸਮਝ ਨਹੀਂ ਪਾਏ ਨੋਟਬੰਦੀ ਨੂੰ। ਮੈਂ ਪ੍ਰਧਾਨ ਮੰਤਰੀ ਜੀ ਨਾਲ ਸਹਿਮਤ ਹੋਣਾ ਚਾਹੁੰਦਾ ਹਾਂ। ਪ੍ਰਧਾਨ ਮੰਤਰੀ ਜੀ ਤੁਸੀਂ ਠੀਕ ਕਹਿੰਦੇ ਹੋ। ਦੁਨੀਆਂ ਦੇ ਵੱਡੇ-ਵੱਡੇ ਅਰਥ ਸ਼ਾਸਤਰੀ ਵਾਕਈ ਸਮਝ ਨਹੀਂ ਸਕੇ ਕਿ ਤੁਸੀਂ ਕੀਤਾ ਕੀ ਹੈ। ਉਹ ਇਕੱਲੇ ਨਹੀਂ ਹਨ, ਦਰਅਸਲ ਅਸੀਂ ਵੀ ਸਮਝ ਨਹੀਂ ਸਕੇ ਕਿ ਤੁਸਾਂ ਕੀਤਾ ਕੀ ਹੈ? ਕਦੇ-ਕਦੇ ਸਾਨੂੰ ਮਹਿਸੂਸ ਹੁੰਦਾ ਹੈ ਕਿ ਤੁਸੀਂ ਤੇ ਤੁਹਾਡੀ ਟੀਮ ਖੁਦ ਨਹੀਂ ਸਮਝ ਸਕੀ ਕਿ ਤੁਹਾਡੇ ਹੱਥੋਂ ਹੋ ਕੀ ਗਿਆ ਹੈ? ਪਹਿਲਾਂ ਜ਼ਿਕਰ ਹੋਇਆ ਕਿ ਬਲੈਕ ਮਨੀ ਖਤਮ ਕਰਨ ਲਈ ਨੋਟਬੰਦੀ ਕੀਤੀ ਹੈ। ਫਿਰ ਕਿਹਾ ਗਿਆ ਕਿ ਅਤਿਵਾਦੀਆਂ ਨੂੰ ਹੁੰਦੀ ਫੰਡਿੰਗ ਰੋਕਣ ਲਈ ਕੀਤਾ ਗਿਆ ਹੈ। ਫਿਰ ਕਿਹਾ ਗਿਆ ਕਿ ਜਿਹੜੀ ਨਕਲੀ ਕਰੰਸੀ ਬਣਦੀ ਹੈ, ਉਸ ਨੂੰ ਰੋਕਣ ਲਈ ਕੀਤਾ ਹੈ। ਫਿਰ ਕਿਹਾ ਗਿਆ ਕਿ ਕੈਸ਼-ਲੈਸ ਸੁਸਾਇਟੀ ਲਈ ਕੀਤਾ ਗਿਆ ਹੈ। ਫਿਰ ਕਿਹਾ ਗਿਆ ਕਿ ਲੈੱਸ ਕੈਸ਼ ਸੋਸਾਈਟੀ ਲਈ ਕੀਤਾ ਗਿਆ ਹੈ। ਅਜੇ ਹੁਣੇ ਜਿਹੇ ਤੁਹਾਡੇ ਇੱਕ ਸਲਾਹਕਾਰ ਨੇ ਕਿਹਾ ਹੈ ਕਿ ਰੀਅਲ ਅਸਟੇਟ ਦੀਆਂ ਕੀਮਤਾਂ ਵਿਚ ਕਮੀ ਲਿਆਉਣ ਲਈ ਕੀਤਾ ਗਿਆ ਹੈ। ਸਾਡੀ ਤੁਹਾਡੇ ਕੋਲ ਬੇਨਤੀ ਹੈ ਕਿ ਜਦੋਂ ਤੁਸੀਂ ਸਪੱਸ਼ਟ ਹੋ ਜਾਓਗੇ ਕਿ ਇਹ ਕਿਸ ਕੰਮ ਲਈ ਕੀਤਾ ਗਿਆ ਹੈ, ਸਾਨੂੰ ਵੀ ਦੱਸ ਦਿਓ।" ਵਿਨੋਦ ਦੂਆ ਦੀ ਇਹ ਲੰਮੀ ਟੂਕ ਅਸੀਂ ਇਸ ਲਈ ਪੇਸ਼ ਕੀਤੀ ਹੈ ਕਿ ਸਾਨੂੰ ਵੀ ਸਮਝ ਨਹੀਂ ਆਈ ਕਿ ਨਰਿੰਦਰ ਮੋਦੀ ਟੀਮ ਨੇ ਕੀਤਾ ਕੀ ਹੈ?

ਮੋਦੀ ਟੀਮ ਨੂੰ ਇਸ ਦੀ ਪ੍ਰਵਾਹ ਨਹੀਂ। ਉਹ ਯੂ.ਪੀ. ਵਿਚ ਚੋਣਾਂ ਦੀ ਜਿੱਤ ਨੂੰ ਨੋਟਬੰਦੀ ਦੇ ਫੈਸਲੇ ਉਤੇ ਮੋਹਰ ਆਖਦੇ ਰਹੇ, ਪਰ ਉਸੇ ਦਿਨ ਜਦੋਂ ਪੰਜਾਬ ਵਿਚ ਹਾਰ ਦੇ ਨਾਲ ਆਸਾਮ ਤੇ ਗੋਆ ਵਿਚ ਪਛੜ ਜਾਣ ਬਾਰੇ ਪੁੱਛਿਆ ਗਿਆ ਤਾਂ ਨੋਟਬੰਦੀ ਦਾ ਜ਼ਿਕਰ ਕਰਨ ਦੀ ਥਾਂ ਨੋਟਾਂ ਦੀ ਚਮਕ ਨਾਲ ਦਲ-ਬਦਲੀ ਕਰਵਾ ਕੇ ਬਣਾਈਆਂ ਸਰਕਾਰਾਂ ਨੂੰ ਨਰਿੰਦਰ ਮੋਦੀ ਦੀ ਰਾਜਨੀਤਕ ਕਲਾਕਾਰੀ ਦੀ ਕਮਾਲ ਕਹਿਣਾ ਸ਼ੁਰੂ ਕਰ ਦਿੱਤਾ ਗਿਆ। ਸ਼ਾਇਦ ਇਹ ਗੱਲ ਵੱਧ ਠੀਕ ਹੈ। ਪਿਛਲੇ ਤਿੰਨ ਸਾਲਾਂ ਵਿਚ ਕੋਈ ਵੀ ਗੱਲ ਇਹੋ ਜਿਹੀ ਨਹੀਂ, ਜਿਸ ਵਿਚੋਂ ਕਮਾਲ ਦਿੱਸਦੀ ਹੋਵੇ। ਰਾਜਨੀਤਕ ਤਿਕੜਮਬਾਜ਼ੀ ਦਾ ਇੱਕੋ-ਇੱਕ ਇਮਤਿਹਾਨ ਹੈ, ਜਿਹੜਾ ਨਰਿੰਦਰ ਮੋਦੀ ਨੇ ਏਨੀ ਕਮਾਲ ਨਾਲ ਪਾਸ ਕਰ ਲਿਆ ਕਿ ਨਿਕੰਮੀ ਜਿਹੀ ਵਿਰੋਧੀ ਧਿਰ ਦੇ ਹੁੰਦਿਆਂ ਹਰ ਪਾਸੇ ਮੋਦੀ-ਮੋਦੀ ਹੋ ਰਹੀ ਹੈ। ਸਿਰਫ ਵਿਰੋਧੀ ਧਿਰ ਨਹੀਂ, ਆਪਣੀ ਪਾਰਟੀ ਦੇ ਅੰਦਰ ਵੀ ਜਦੋਂ ਨਰਿੰਦਰ ਮੋਦੀ ਦਾ ਕੋਈ ਬਦਲ ਨਹੀਂ ਲੱਭਦਾ, ਕਿਸੇ ਦੀ ਅੱਖ ਚੁੱਕ ਕੇ ਗੱਲ ਕਹਿਣ ਦੀ ਹਿੰਮਤ ਨਹੀਂ ਪੈਂਦੀ, ਉਸ ਦੌਰ ਵਿਚ ਤਿੰਨ ਸਾਲ ਲਗਾਤਾਰ ਸਰਕਾਰ ਚਲਾਈ ਜਾਣਾ ਵੀ ਆਪਣੇ ਆਪ ਵਿਚ ਪ੍ਰਾਪਤੀ ਮੰਨੀ ਜਾ ਸਕਦੀ ਹੈ। ਏਡੀ ਵੱਡੀ 'ਪ੍ਰਾਪਤੀ' ਦੇ ਹੁੰਦਿਆਂ ਨਰਿੰਦਰ ਮੋਦੀ ਨੂੰ ਹੋਰ ਕਾਸੇ ਦੀ ਲੋੜ ਵੀ ਕੀ ਹੈ?

---

# ਦੋਸਤੀ ਦਾ ਦਰ ਅਤੇ ਜ਼ੁਲਮ ਦਾ ਜ਼ੋਰ

## ਇਕ ਯਾਦ

ਰਣਧੀਰ ਸਿੰਘ
ਫੋਨ: 91-94637-26344

ਦੋਸਤੀ ਦੀ ਗੱਲ ਕਰਨ ਲੱਗਿਆਂ ਮੈਂ ਦੱਸਣਾ ਚਾਹਾਂਗਾ ਕਿ ਮੈਂ ਅੱਜ ਤਕ ਕਿਸੇ ਨੂੰ ਦੋਸਤ ਨਹੀਂ ਬਣਾ ਸਕਿਆ। ਇਸ ਦਾ ਕਾਰਨ ਸ਼ਾਇਦ ਮੈਨੂੰ ਦੋਸਤੀ ਦੀ ਸਮਝ ਨਹੀਂ ਜਾਂ ਮੈਨੂੰ ਦੋਸਤ ਬਣਾਉਣ ਦਾ ਵੱਲ ਨਹੀਂ। ਫਿਰ ਵੀ ਮੈਂ ਪੰਜ ਜਣਿਆਂ ਦਾ ਦੋਸਤ ਹਾਂ ਜਿਨ੍ਹਾਂ ਵਿਚੋਂ ਚਾਰ ਅਜੇ ਕਾਇਮ ਹਨ ਅਤੇ ਇਕ ਨੂੰ ਅਤਿਵਾਦ ਦੇ ਕਾਲੇ ਦਿਨਾਂ ਨੇ ਮੈਥੋਂ ਖੋਹ ਲਿਆ। ਵਿਛੜ ਗਏ ਦੋਸਤ ਨੂੰ ਯਾਦ ਕਰ ਕੇ ਮਨ ਕਾਫੀ ਦਿਨਾਂ ਤੋਂ ਬੇਚੈਨ ਸੀ, ਇਸ ਲਈ ਆਪਣਾ ਮਨ ਹੌਲਾ ਕਰਨ ਲਈ ਲਿਖਣ ਬੈਠ ਗਿਆ, ਪਰ ਇਸ ਤੋਂ ਪਹਿਲਾਂ ਬਚਪਨ ਦਾ ਇਕ ਵਾਕਿਆ ਪਾਠਕਾਂ ਨਾਲ ਸਾਂਝਾ ਕਰਾਂਗਾ।

ਛੇਵੀਂ ਜਮਾਤ ਵਿਚ ਪੜ੍ਹਦਿਆਂ ਇਕ ਦਿਨ ਬੀਬੀ ਜੀ (ਮੇਰੇ ਮਾਤਾ ਜੀ) ਮੈਨੂੰ ਪੁੱਛਣ ਲੱਗੇ, "ਰਣਧੀਰ, ਅਕਸਰ ਵੇਖੀਦਾ, ਜਿਨ੍ਹਾਂ ਘਰਾਂ ਵਿਚ ਕੁੜੀਆਂ ਹੁੰਦੀਆਂ, ਉਨ੍ਹਾਂ ਦੇ ਘਰ ਸਹੇਲੀਆਂ ਅਤੇ ਜਿਨ੍ਹਾਂ ਦੇ ਘਰ ਮੁੰਡੇ ਹੋਣ, ਉਨ੍ਹਾਂ ਦੇ ਦੋਸਤ ਆਉਂਦੇ-ਜਾਂਦੇ ਹਨ; ਪਰ ਸਾਡੇ ਘਰ ਤੇਰਾ ਕੋਈ ਦੋਸਤ ਕਦੀ ਨਹੀਂ ਆਇਆ।"

ਜੋ ਜਵਾਬ ਮੈਂ ਦਿੱਤਾ, ਤੁਸੀਂ ਉਸ ਨੂੰ ਸਿਰਫ ਮੇਰੀ ਹਾਜ਼ਰ ਜਵਾਬੀ ਹੀ ਕਹੋਗੇ, ਕਿਉਂਕਿ ਉਸ ਵੇਲੇ ਇਸ ਦੀ ਗਹਿਰਾਈ ਦਾ ਮੈਨੂੰ ਵੀ ਕੋਈ ਖਾਸ ਗਿਆਨ ਨਹੀਂ ਸੀ। ਮੇਰਾ ਜਵਾਬ ਸੀ, "ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥"

ਚਰਨ ਸਿੰਘ ਮੇਰਾ ਕਾਲਜ ਦਾ ਸਾਥੀ ਸੀ। ਸਾਦਗੀ ਅਤੇ ਸੱਚਾਈ ਵਿਚ ਸਾਡੇ ਦੋਹਾਂ ਵਿਚੋਂ ਕੋਈ ਵੀ ਉਨੀ ਨਹੀਂ ਸੀ, ਪਰ ਧਰਮ ਦੇ ਮਾਮਲੇ ਵਿਚ ਸਾਡੇ ਵਿਚਾਰਾਂ ਵਿਚ 180 ਡਿਗਰੀ ਦਾ ਫਰਕ ਸੀ। ਉਹ ਆਪਣੇ ਆਪ ਨੂੰ ਅਗਾਂਹਵਧੂ ਵਿਚਾਰਾਂ ਵਾਲਾ ਅਤੇ ਨਾਸਤਿਕ ਅਖਵਾਉਣ ਵਿਚ ਫਖਰ ਮਹਿਸੂਸ ਕਰਦਾ ਸੀ, ਪਰ ਮੈਂ ਸਾਊ ਅਤੇ ਰੱਬ ਨੂੰ ਮੰਨਣ ਵਾਲਾ ਹੋਣ ਵਿਚ ਸੰਤੁਸ਼ਟ ਸੀ। ਬਹਿਸ ਅਤੇ ਚੁੰਝ ਚਰਚਾ ਦਾ ਕੋਈ ਮੌਕਾ ਅਸੀ ਹੱਥੋਂ ਨਹੀਂ ਸੀ ਜਾਣ ਦਿੰਦੇ। ਕਈ ਵਾਰੀ ਬਹਿਸ ਲੜਾਈ ਝਗੜੇ ਦੇ ਲਾਗੇ-ਚਾਗੇ ਖਤਮ ਹੁੰਦੀ ਅਤੇ ਉਸ ਦਿਨ ਸਾਡੀ ਬੋਲਚਾਲ ਵੀ ਬੰਦ ਹੋ ਜਾਂਦੀ। ਅਗਲੇ ਦਿਨ ਇਕ-ਦੂਜੇ ਨੂੰ ਬੁਲਾਉਣ ਦੇ ਬਹਾਨੇ ਲੱਭਦੇ। ਇਕ ਕਹਿੰਦਾ, "ਲੋਕ ਕਿਵੇਂ ਮੂੰਹ ਸੁਜਾਈ ਫਿਰਦੇ ਨੇ।" ਦੂਜੇ ਪਾਸਿਉਂ ਜਵਾਬ ਆਉਂਦਾ, "ਲੋਕ ਆਪਣਾ ਮੂੰਹ ਨਹੀਂ ਵੇਖਦੇ।" ਤੇ ਫਿਰ ਸਾਡੀ ਸੁਲ੍ਹਾ ਹੋ ਜਾਂਦੀ, ਕੋਈ ਨਵੀਂ ਬਹਿਸ ਸ਼ੁਰੂ ਕਰਨ ਲਈ।

ਕਾਲਜ ਦੇ ਮੈਗਜ਼ੀਨ ਵਿਚ ਮੇਰਾ ਲੇਖ ਛਪਿਆ। ਲੇਖ ਗੁਰੂ ਨਾਨਕ ਬਾਰੇ ਸੀ। ਮੈਂ ਗੁਰੂ ਨਾਨਕ ਨੂੰ ਅਨੰਤ ਕਲਾ ਸੰਪੂਰਨ ਦੱਸ ਕੇ ਲਿਖਿਆ ਸੀ ਕਿ ਕਿਵੇਂ ਗੁਰੂ ਜੀ ਨੇ ਅਜੋਕੇ ਸਾਇੰਸਦਾਨਾਂ ਤੋਂ ਪਹਿਲਾਂ ਹੀ ਧੁੰਧੂਕਾਰਾ ਦਾ ਜ਼ਿਕਰ ਕਰਦਿਆਂ ਕਿਹਾ ਸੀ,

ਅਰਬਦ ਨਰਬਦ ਧੁੰਧੂਕਾਰਾ
ਧਰਣਿ ਨਾ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨ ਨ ਚੰਦ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥

ਕਿ ਕਿਵੇਂ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਪਰਮਾਤਮਾ ਸੁੰਨ ਸਮਾਧੀ ਦੀ ਅਵਸਥਾ ਵਿਚ ਸੀ ਅਤੇ ਫਿਰ ਸੰਸਾਰ ਦੀ ਉਤਪਤੀ ਬਾਰੇ ਸਾਨੂੰ ਸਮਝਾਇਆ, 'ਕੀਤਾ ਪਸਾਉ ਏਕੋ ਕਵਾਉ'; ਕਿ ਕਿਵੇਂ ਉਸ ਦੇ ਇਕ ਵਾਕ ਨਾਲ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ ਗਈ।

ਉਧਰ ਅਸੀਂ ਨਵੀਂ ਨਵੀਂ ਬਿੱਗ ਬੈਂਗ ਅਤੇ ਵਿਕਾਸ ਦੇ ਸਿਧਾਂਤ ਦੀ ਪੜ੍ਹਾਈ ਕੀਤੀ ਸੀ। ਉਹ ਕਹੇ ਕਿ ਸ੍ਰਿਸ਼ਟੀ ਨੂੰ ਕਿਸੇ ਰੱਬ ਨੇ ਨਹੀਂ ਬਣਾਇਆ। ਮੈਂ ਕਹਾਂ, ਜੇ ਰੱਬ ਨੇ ਨਹੀਂ ਬਣਾਇਆ ਤਾਂ ਉਸ ਦਾ ਨਾਂ ਦੱਸੇ ਜਿਸ ਨੇ ਬਣਾਇਆ। ਆਪੋ-ਆਪਣੀਆਂ ਦਲੀਲਾਂ ਦਿੰਦਿਆਂ ਜਦੋਂ ਗੱਲ ਕਿਸੇ ਪੱਤਣ ਨਾ ਲੱਗੀ ਤਾਂ ਉਹ ਮੈਨੂੰ ਕਹਿਣ ਲੱਗਾ, "ਤੂੰ ਆਪਣੇ ਰੱਬ ਨੂੰ ਕਹਿ ਕਿ ਮੇਰੇ ਹੱਥ ਵਿਚ ਫੜੀ ਸਾਈਕਲ ਦੀ ਚਾਬੀ ਦਾ ਲੱਡੂ ਬਣਾ ਦੇਵੇ।"

ਮੈਂ ਅਜੇ ਕੁਝ ਬੋਲਿਆ ਵੀ ਨਹੀਂ ਸੀ ਕਿ ਉਹ ਮਜ਼ਾਕ ਦੇ ਲਹਿਜ਼ੇ ਵਿਚ ਕਹਿਣ ਲੱਗਾ, "ਜੇ ਲੱਡੂ ਨਹੀਂ ਬਣਾ ਸਕਦਾ ਤਾਂ ਚਲੋ ਰੱਬ ਨੂੰ ਕਹੋ ਕਿ ਇਸ ਦੀ ਮਿੱਟੀ ਹੀ ਬਣਾ ਦੇਵੇ।"

ਹੁਣ ਮੇਰਾ ਜਵਾਬ ਵੀ ਤਿਆਰ ਸੀ। ਮੈਂ ਕਿਹਾ, "ਰੱਬ ਏਨਾ ਵੀ ਵਿਹਲਾ ਨਹੀਂ ਕਿ ਦੋ ਮੂਰਖਾਂ ਦੀ ਲੜਾਈ ਵਿਚ ਬਿਨਾ ਵਜ੍ਹਾ ਕੁੱਦ ਪਵੇ।" ਇਹ ਸੁਣ ਕੇ ਬਾਕੀ ਸਾਥੀ ਹੱਸਣ ਲੱਗ ਪਏ



ਸੁਰਜੀਤ ਸਿੰਘ ਪੈਂਟਾ

ਅਤੇ ਗੱਲ ਆਈ-ਗਈ ਹੋ ਗਈ। ਇਹ ਸਿਲਸਿਲਾ ਪਤਾ ਨਹੀਂ ਅਜੇ ਹੋਰ ਕਿੰਨੀ ਦੇਰ ਚਲਦਾ, ਜੇ ਮੈਂ ਇਕ ਚਿੰਤਕ ਨੂੰ ਨਾ ਪੜ੍ਹਦਾ ਜੋ ਕਹਿੰਦਾ ਹੈ, "ਪਰਮਾਤਮਾ ਇਸ ਕਰ ਕੇ ਮਹਾਨ ਨਹੀਂ ਕਿ ਬਹੁਤ ਸਾਰੇ ਉਸ ਨੂੰ ਮੰਨਦੇ ਹਨ, ਬਲਕਿ ਇਸ ਕਰ ਕੇ ਮਹਾਨ ਹੈ ਕਿ ਉਸ ਨੇ ਸਾਨੂੰ ਉਸ ਨੂੰ ਨਾ ਮੰਨਣ ਦੀ ਖੁੱਲ੍ਹ ਦਿਤੀ ਹੋਈ ਹੈ।"

ਉਹ ਭਾਵੇਂ ਰੱਬ ਨੂੰ ਨਹੀਂ ਸੀ ਮੰਨਦਾ, ਪਰ ਕਦੇ-ਕਦਾਈਂ ਗੁਰਦੁਆਰੇ ਪਤਾ ਨਹੀਂ ਕਿਉਂ ਹਾਜ਼ਰੀ ਭਰ ਆਉਂਦਾ ਸੀ। ਮੈਂ ਪ੍ਰੀ-ਇੰਜੀਨੀਅਰਿੰਗ (ਅੱਜ ਕੱਲ੍ਹ ਦੀ 10+2) ਕਰ ਕੇ ਅੱਗੇ ਇੰਜੀਨੀਅਰਿੰਗ ਦੀ ਡਿਗਰੀ ਕਰਨਾ ਚਾਹੁੰਦਾ ਸੀ, ਪਰ ਘਰ ਵਾਲੇ ਮੈਨੂੰ ਨੌਕਰੀ ਕਰਵਾ ਕੇ ਵਿਆਹੁਣ ਲਈ ਕਾਹਲੇ ਸਨ। ਉਨ੍ਹਾਂ ਦਾ ਮਾਣ ਰੱਖਣ ਲਈ ਮੈਂ ਇਕ ਸਾਲ ਪ੍ਰਾਈਵੇਟ ਸਕੂਲ ਵਿਚ ਨੌਕਰੀ ਕੀਤੀ, ਪਰ ਅਗਲੇ ਸਾਲ ਫਿਰ ਕਾਲਜ ਵਿਚ ਦਾਖਲਾ ਲੈ ਲਿਆ। ਕਾਲਜ ਵਿਚ ਮੇਰੇ ਸਾਥੀ ਮੈਨੂੰ ਮਾਸਟਰ ਜੀ ਕਹਿ ਕੇ ਬੁਲਾਉਂਦੇ ਸਨ। ਇਹ ਗੱਲ ਵਖਰੀ ਹੈ ਕਿ ਬੀ.ਐਡ. ਦੀ ਪੜ੍ਹਾਈ ਪੂਰੀ ਕਰ ਕੇ ਮੈਂ ਬੈਂਕ ਵਿਚ ਭਰਤੀ ਹੋ ਗਿਆ, ਪਰ ਚਰਨ ਸਿੰਘ ਅਤੇ ਸਾਥੀ ਸਾਇੰਸ ਮਾਸਟਰ ਲੱਗ ਗਏ। ਚਰਨ ਸਿੰਘ ਦੇ ਪਰਿਵਾਰ ਕੋਲ ਚੰਗੀ ਜ਼ਮੀਨ ਸੀ। ਉਹ ਜ਼ਮੀਨ ਦਾ ਇਕੱਲਾ ਵਾਰਿਸ ਸੀ, ਕਿਉਂਕਿ ਇਕੋ-ਇਕ ਭੈਣ ਦਾ ਵਿਆਹ ਹੋ ਚੁਕਾ ਸੀ ਅਤੇ ਉਹ ਆਪਣੇ ਘਰ ਰਾਜ਼ੀ-ਖੁਸ਼ੀ ਸੀ। ਉਸ ਦੇ ਆਪਣੇ ਵਿਆਹ ਨੂੰ ਵੀ ਦਸ ਸਾਲ ਹੋ ਚੁਕੇ ਸਨ, ਪਰ ਕੋਈ ਸੰਤਾਨ ਨਾ ਹੋਣ ਕਰ ਕੇ ਉਸ ਨੇ ਆਪਣੀ ਭੈਣ ਦੀ ਧੀ ਨੂੰ ਆਪਣੀ ਧੀ ਬਣਾ ਕੇ ਘਰ ਲੈ ਆਂਦਾ। ਸ਼ਰੀਕ ਜਿਹੜੇ ਉਸ ਦੀ ਜ਼ਮੀਨ ਉਤੇ ਅੱਖ ਰੱਖੀ ਬੈਠੇ ਸਨ, ਇਸ ਗੱਲੋਂ ਡਾਢੇ ਔਖੇ ਸਨ।

ਇਹ ਉਹ ਦਿਨ ਸਨ ਜਦੋਂ ਅਤਿਵਾਦ ਆਪਣੇ ਸਿਖਰਾਂ 'ਤੇ ਸੀ। ਖਾੜਕੂ ਸਿੰਘ ਭਾਵੇਂ ਕਿਸੇ ਨੇਕ ਇਰਾਦੇ ਨਾਲ ਸਰਕਾਰ ਨਾਲ ਟੱਕਰ ਲੈਣ ਲਈ ਘਰੋਂ ਨਿਕਲੇ ਸਨ, ਪਰ ਹੌਲੀ-ਹੌਲੀ ਉਨ੍ਹਾਂ ਵਿਚ ਕੁਝ ਆਪਣੇ ਰਾਹ ਤੋਂ ਭਟਕ ਗਏ। ਸਾਰੇ ਆਪਣੇ-ਆਪ ਨੂੰ ਸਿੰਘ ਅਖਵਾਉਂਦੇ, ਭਾਵੇਂ ਉਨ੍ਹਾਂ ਵਿਚ ਜ਼ਿਆਦਾਤਰ ਮੋਨੇ ਹੁੰਦੇ ਸਨ। ਇਕ ਦਿਨ ਸੁਰਜੀਤ ਸਿੰਘ ਪੈਂਟਾ ਜੋ ਆਪਣੇ ਆਪ ਨੂੰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਾ ਡਿਪਟੀ ਅਤੇ ਭਿੰਡਰਾਂਵਾਲਾ ਟਾਈਗਰਜ਼ ਫੋਰਸ ਦਾ ਲੈਫਟੀਨੈਂਟ ਜਨਰਲ ਦੱਸਦਾ ਸੀ, ਨੇ ਸੱਤ-ਅੱਠ ਨੌਜਵਾਨਾਂ ਦੇ ਟੋਲੇ ਨਾਲ ਅੱਧੀ ਰਾਤ ਚਰਨ ਸਿੰਘ ਨੂੰ ਆਣ ਦਬੋਚਿਆ। ਉਸ ਨੂੰ ਛੱਤ ਨਾਲ ਪੁੱਠਾ ਟੰਗਣ ਤੋਂ ਪਹਿਲਾਂ ਉਸ ਉਪਰ ਦੋਸ਼ ਲਾਇਆ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਕਿਤਾਬ ਦੱਸਦਾ ਹੈ ਅਤੇ ਸਕੂਲ ਵਿਚ ਬੱਚਿਆਂ ਨੂੰ ਨਾਸਤਕ ਬਣਾਉਂਦਾ ਹੈ। ਇਸ ਦੇ ਨਾਲ ਹੀ ਉਸ ਨੂੰ ਜਿਊਂਦੇ ਨੂੰ ਸਾੜ ਦੇਣ ਦੀ ਸਜ਼ਾ ਵੀ ਸੁਣਾ ਦਿਤੀ। ਦੋਹਾਂ ਜੀਆਂ ਨੇ ਬੜੇ ਤਰਲੇ ਕੀਤੇ, ਵਾਸਤੇ ਪਾਏ, ਪਰ ਉਹ ਟੱਸ ਤੋਂ ਮੱਸ ਨਾ ਹੋਏ। ਇਕ ਪਾਸੇ ਉਸ ਦੇ ਸਿਰ ਹੇਠਾਂ ਬਾਲਣ ਦੀ ਢੇਰੀ ਲਾ ਦਿਤੀ ਅਤੇ ਦੂਜੇ ਪਾਸੇ ਉਸ ਦੀ ਪਤਨੀ ਨੂੰ ਚਾਹ ਬਣਾਉਣ ਦਾ ਹੁਕਮ ਸੁਣਾ ਦਿਤਾ।

ਕੰਬਦੇ ਹੱਥਾਂ ਨਾਲ ਪਤਨੀ ਨੇ ਚਾਹ ਬਣਾਈ ਅਤੇ ਫਿਰ ਗਲ ਵਿਚ ਪੱਲਾ ਪਾ ਕੇ ਪਤੀ ਲਈ ਰਹਿਮ ਦੀ ਭੀਖ ਮੰਗੀ। ਉਨ੍ਹਾਂ ਦੇ ਇਨਕਾਰ ਕਰਨ 'ਤੇ ਜਪੁਜੀ ਸਾਹਿਬ ਦਾ ਪਾਠ ਪੂਰਾ ਹੋਣ ਤਕ ਦੀ ਮੋਹਲਤ ਮੰਗੀ। ਉਸ ਨੇ ਉਚੀ ਆਵਾਜ਼ ਵਿਚ ਇਸ ਆਸ ਨਾਲ ਪਾਠ ਕਰਨਾ ਸ਼ੁਰੂ ਕੀਤਾ ਕਿ ਸ਼ਾਇਦ ਪਾਠ ਸੁਣ ਕੇ ਹੀ ਉਨ੍ਹਾਂ ਦੇ ਹਿਰਦਿਆਂ ਵਿਚ ਰਹਿਮ ਆ ਜਾਵੇ, ਪਰ ਦੁਸ਼ਟਾਂ ਨੂੰ ਨਾ ਰਹਿਮ ਆਉਣਾ ਸੀ ਅਤੇ ਨਾ ਆਇਆ। ਪਾਠ ਦੇ ਭੋਗ ਉਪਰੰਤ ਉਨ੍ਹਾਂ ਬਾਲਣ ਦੇ ਢੇਰ ਨੂੰ ਲਾਂਬੂ ਲਾ ਦਿਤਾ। ਤੜਫਦੇ ਚਰਨ ਸਿੰਘ ਨੇ ਹਿੰਮਤ ਕਰ ਕੇ ਇਕ ਵਾਰੀ ਫਿਰ ਜਾਨ ਬਖਸ਼ੀ ਦੀ ਅਤੇ ਉਨ੍ਹਾਂ ਦੀ ਹਰ ਸ਼ਰਤ ਮੰਨਣ ਦੀ ਦੁਹਾਈ ਦਿਤੀ, ਪਰ ਉਨ੍ਹਾਂ ਉਤੇ ਕੋਈ ਅਸਰ ਨਾ ਹੋਇਆ। ਉਸ ਨੂੰ ਪੂਰੀ ਤਰ੍ਹਾਂ ਅੱਗ ਦੇ ਹਵਾਲੇ ਕਰ ਕੇ ਜਿਉਂ ਹੀ ਉਹ ਘਰੋਂ ਨਿਕਲਣ ਲੱਗੇ ਤਾਂ ਪਤਨੀ ਪਾਣੀ ਦੀ ਬਾਲਟੀ ਲੈਣ ਲਈ ਭੱਜੀ। ਖੜਕਾ ਸੁਣ ਕੇ ਜਮਦੂਤ ਵਾਪਸ ਮੁੜੇ ਅਤੇ ਮੱਧਮ ਹੋ ਰਹੀਆਂ ਅੱਗ ਦੀਆਂ ਲਪਟਾਂ ਉਪਰ ਹੋਰ ਨਾੜ ਸੁੱਟ ਦਿਤਾ। ਹੁਣ ਚਰਨ ਸਿੰਘ ਦੀ ਆਵਾਜ਼ ਬੰਦ ਹੋ ਚੁਕੀ ਸੀ ਅਤੇ ਪਤਨੀ ਸੁੰਨ ਹੋ ਚੁਕੀ ਸੀ।

ਆਪਣੇ ਦੋਸਤ ਨੂੰ ਯਾਦ ਕਰਦਿਆਂ ਭਾਵੇਂ ਮੇਰੀਆਂ ਅੱਖਾਂ ਗਿੱਲੀਆਂ ਹੋ ਚੁੱਕੀਆਂ ਹਨ ਅਤੇ ਕੁਝ ਹੋਰ ਕਹਿਣ ਦੀ ਹਾਲਤ ਨਹੀਂ ਰਹੀ, ਪਰ ਮੈਨੂੰ ਪੂਰੀ ਉਮੀਦ ਹੈ ਕਿ ਉਹ ਜ਼ਰੂਰ ਹੀ ਪਰਮਾਤਮਾ ਦੇ ਚਰਨਾਂ ਵਿਚ ਨਿਵਾਸ ਕਰ ਰਿਹਾ ਹੋਵੇਗਾ।

# ਪੀ.ਸੀ.ਏ. ਦੇ ਦਸਵੇਂ ਸਭਿਆਚਾਰਕ ਮੇਲੇ ਨੇ ਖੂਬ ਲਾਈਆਂ ਰੌਣਕਾਂ

**ਫਰਿਜ਼ਨੋ (ਨੀਟਾ ਮਾਛੀਕੇ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਵੱਲੋਂ ਇਥੇ ਵੁਡਵਰਡ ਪਾਰਕ ਵਿਚ ਕਰਵਾਏ ਗਏ ਦਸਵੇਂ ਸਾਲਾਨਾ ਸਭਿਆਚਾਰਕ ਮੇਲੇ ਨੇ ਪੰਜਾਬੀ ਸਭਿਆਚਾਰ ਦੇ ਰੰਗ ਪੂਰੀ ਸਫਲਤਾ ਨਾਲ ਖਿਲਾਰੇ।

ਪ੍ਰੋਗਰਾਮ ਦੌਰਾਨ ਕਿਰਨ ਮਹਿੰਮੀ ਤੇ ਰੂਬੀ ਸਰਾਂ ਵੱਲੋਂ ਤਿਆਰ ਕੀਤੀਆਂ ਗਈਆਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਨੇ ਨੱਚ ਨੱਚ ਧਰਤੀ ਹਿਲਾ ਛੱਡੀ। ਜੋਤ ਰਣਜੋਤ, ਜਗਦੀਪ ਰੰਧਾਵਾ, ਹਰਮਨ ਦੀਪ, ਪ੍ਰਿੰਸ ਰੌਸ਼ਨ ਅਤੇ ਮਿਸ ਪੂਜਾ ਨੇ ਆਪਣੀ ਗਾਇਕੀ ਰਾਹੀਂ ਸਰੋਤੇ ਕੀਲੀ ਰੱਖੇ। ਉਂਜ ਕੁਝ ਸੱਜਣ ਇਸ ਗੱਲੋਂ ਖਫਾ ਸਨ ਕਿ ਮਿਸ ਪੂਜਾ ਗਾਉਣ ਦੀ ਬਜਾਏ ਗੱਲਾਂ ਜ਼ਿਆਦਾ ਸਣਾਉਂਦੀ ਰਹੀ। ਮਿਆਰੀ ਸੰਗੀਤ ਅਤੇ ਵਧੀਆ ਸਾਊਂਡ ਸਿਸਟਮ ਲਈ ਪੁਨੀਤ ਦੀ ਪੂਰੀ ਟੀਮ ਨੇ ਪੂਰੀ ਮੁਸ਼ਤੈਦੀ ਨਾਲ ਕੰਮ ਕੀਤਾ।


ਮੇਲੇ ਵਿਚ ਲੱਗੇ ਸਾਜੋ ਸਮਾਨ ਅਤੇ ਖਾਣ ਪੀਣ ਦੇ ਸਟਾਲ ਵੀ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣੇ ਰਹੇ। ਸਕਿਉਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। 'ਰੇਡੀਓ ਪੰਜਾਬ' ਵੱਲੋਂ ਰੈਫਲ ਵੀ ਕੱਢੇ ਗਏ। ਸ਼ਿਆਰਾ ਸਿੰਘ ਢੀਂਡਸਾ (ਓਮਨੀ ਵੀਡੀਓ, ਬੇਕਰਜ਼ਫੀਲਡ) ਨੇ ਮੇਲੇ ਦੇ ਯਾਦਗਾਰੀ ਪਲਾਂ ਨੂੰ ਕੈਮਰੇ ਵਿਚ ਰਿਕਾਰਡ ਕੀਤਾ। ਲੋੜਵੰਦ ਲੋਕਾਂ ਦੀ ਨਿਰਸਵਾਰਥ ਸੇਵਾ ਕਰ ਰਹੀ ਸੰਸਥਾ 'ਸਹਾਇਤਾ' ਦੇ ਮੋਢੀ ਮੈਂਬਰ ਡਾ. ਹਰਕੇਸ਼ ਸੰਧੂ ਤੇ ਸਰੂਪ ਸਿੰਘ ਦਾ ਪੀ.ਸੀ.ਏ. ਮੈਂਬਰਾ ਵੱਲੋਂ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਸ਼ਕਤੀ ਮਾਣਕ ਨੇ ਬਾਖੂਬੀ ਕੀਤਾ।

ਮੇਲੇ ਨੂੰ ਕਾਮਯਾਬ ਕਰਨ ਲਈ ਮਿੱਕੀ ਸਰਾਂ ਅਤੇ ਪੀ.ਸੀ.ਏ. ਦੀ ਪੂਰੀ ਟੀਮ ਨੇ ਸਿਰ ਜੋੜ ਕੇ ਕੰਮ ਕੀਤਾ। ਪ੍ਰਬੰਧਕਾਂ ਨੇ ਮੇਲੇ ਦੇ ਸਪਾਂਸਰਾਂ ਅਤੇ ਰੌਣਕ ਵਧਾਉਣ ਆਏ ਦਰਸ਼ਕਾਂ ਦਾ ਧੰਨਵਾਦ ਕੀਤਾ ਹੈ। ਮੇਲੇ ਵਿਚ ਆਮ ਲੋਕਾਂ ਲਈ ਮੁਫਤ ਦਾਖਲਾ ਹੋਣ ਕਰਕੇ ਦਰਸ਼ਕਾਂ ਦਾ ਭਰਵਾਂ ਇਕੱਠ ਰਿਹਾ।





















# ਧਰਮ ਸਿੰਘ ਗੋਰਾਇਆ ਦੀ ਕਿਤਾਬ 'ਚੀ ਗਵੇਰਾ' ਰਿਲੀਜ਼

**ਮੈਰੀਲੈਂਡ (ਬਿਊਰੋ):** ਉਘੇ ਪੰਜਾਬੀ ਲੇਖਕ ਧਰਮ ਸਿੰਘ ਗੋਰਾਇਆ ਦੀ ਪ੍ਰਸਿਧ ਕ੍ਰਾਂਤੀਕਾਰੀ ਚੀ ਗਵੇਰਾ ਦੇ ਜੀਵਨ 'ਤੇ ਚਾਨਣਾ ਪਾਉਂਦੀ ਕਿਤਾਬ 'ਚੀ ਗਵੇਰਾ' ਇਥੇ ਪੰਜਾਬੀ ਸੁਸਾਇਟੀ ਬਾਲਟੀਮੋਰ ਵਲੋਂ ਕਰਵਾਏ ਗਏ ਇਕ ਭਰਵੇਂ ਇਕੱਠ ਵਿਚ ਰਿਲੀਜ਼ ਕੀਤੀ ਗਈ। ਇਸ ਸਮੇਂ ਵੱਖ ਵੱਖ ਬੁਲਾਰਿਆਂ ਵਲੋਂ ਧਰਮ ਸਿੰਘ ਗੋਰਾਇਆ ਦੇ ਇਸ ਅਰਥ-ਭਰਪੂਰ ਕਾਰਜ ਦੀ ਭਰਵੀਂ ਸ਼ਲਾਘਾ ਵੀ ਕੀਤੀ ਗਈ।



*ਧਰਮ ਸਿੰਘ ਗੋਰਾਇਆ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ। (ਸੱਜੇ) ਸਟੇਜ 'ਤੇ ਬੈਠੇ ਰਵਿੰਦਰ ਸਹਿਰਾਅ, ਅਮਰਜੀਤ ਸਿੰਘ ਸੰਧੂ, ਗੁਰਮੀਤ ਸਿੰਘ ਸ਼ੁਗਲੀ, ਸੁਸ਼ੀਲ ਦੁਸਾਂਝ ਅਤੇ ਸੁਰਿੰਦਰ ਸੋਹਲ*

ਸਮਾਗਮ ਦੀ ਪ੍ਰਧਾਨਗੀ ਆਮ ਆਦਮੀ ਪਾਰਟੀ ਆਗੂ ਅਮਰਜੀਤ ਸਿੰਘ ਸੰਧੂ ਨੇ ਕੀਤੀ। ਮੁੱਖ ਮਹਿਮਾਨ ਅਖਬਾਰ 'ਨਵਾਂ ਜ਼ਮਾਨਾ' ਦੇ ਟਰੱਸਟ ਦੇ ਸਕੱਤਰ, ਪ੍ਰਸਿੱਧ ਵਕੀਲ ਅਤੇ ਬੁਲਾਰੇ ਗੁਰਮੀਤ ਸਿੰਘ ਸ਼ੁਗਲੀ ਸਨ। ਪ੍ਰਧਾਨਗੀ ਮੰਡਲ ਵਿਚ ਉਨ੍ਹਾਂ ਦੇ ਨਾਲ ਤ੍ਰੈਮਾਸਿਕ ਪਰਚੇ 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ ਅਤੇ ਗਜ਼ਲਗੋ ਸੁਰਿੰਦਰ ਸੋਹਲ ਵੀ ਬਿਰਾਜਮਾਨ ਸਨ।

ਸਭ ਤੋਂ ਪਹਿਲਾਂ ਬਾਲਟੀਮੋਰ ਦੀ ਉਘੀ ਸ਼ਖਸੀਅਤ ਮਾਸਟਰ ਧਰਮ ਪਾਲ ਉਗੀ ਨੇ ਸਾਹਿਤਕਾਰਾਂ ਅਤੇ ਸਾਹਿਤ-ਪ੍ਰੇਮੀਆਂ ਨੂੰ 'ਜੀ ਆਇਆਂ' ਕਿਹਾ। ਮਾਸਟਰ ਉਗੀ ਨੇ ਸਟੇਜ ਦੀ ਕਾਰਵਾਈ ਚਲਾਉਣ ਦੀ ਜ਼ਿੰਮੇਵਾਰੀ ਪੰਜਾਬੀ ਦੇ ਪ੍ਰਤਿਭਾਵਾਨ ਕਵੀ ਰਵਿੰਦਰ ਸਹਿਰਾਅ ਨੂੰ ਸੌਂਪ ਦਿੱਤੀ।ਹਰਪ੍ਰੀਤ ਸਿੰਘ ਗਿੱਲ, ਕੁਲਬੀਰ ਗੁਰਦਾਸਪੁਰੀ, ਜੀਤਾ ਮਾਂਗਟ, ਦਵਿੰਦਰ ਕੌਰ ਅਤੇ ਪ੍ਰੀਆ ਢਿੱਲੋਂ (ਨਿੱਝਰ) ਨੇ ਅਗਾਂਹਵਧੂ ਵਿਚਾਰਾਂ ਦੀਆਂ ਧਾਰਣੀ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਅਗਲੀ ਕਾਰਵਾਈ ਵਿਚ 'ਚੀ ਗਵੇਰਾ' ਪੁਸਤਕ ਪੰਜਾਬੀ ਦੇ ਪ੍ਰਸਿੱਧ ਗਲਪਕਾਰ ਹਰਮੁਹਿੰਦਰ ਚਹਿਲ ਨੇ ਰਿਲੀਜ਼ ਕੀਤੀ।

ਬੁਲਾਰਿਆਂ ਅਮਰੀਕ ਸਿੰਘ ਲੱਖੀ, ਦਵਿੰਦਰ ਕੌਰ, ਫੂਲਾ ਸਿੰਘ, ਜਾਵੇਦ ਬੂਟਾ, ਸਫ਼ੀਰ ਰਾਮਾਹ, ਕੁਲਵੰਤ ਸਿੰਘ ਸਰਪੰਚ, ਅਮਰੀਕ ਸਿੰਘ ਨਾਗੀ, ਮਹਿਤਾਬ ਕਾਹਲੋਂ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਕੁਲਵੰਤ ਸਿੰਘ ਸਰਪੰਚ ਨੇ ਧਰਮ ਸਿੰਘ ਗੋਰਾਇਆ ਦੀ ਲਗਨ ਦੀ ਸ਼ਲਾਘਾ ਕੀਤੀ। ਦਵਿੰਦਰ ਕੌਰ ਨੇ ਧਰਮ ਸਿੰਘ ਦੀ ਅਗਾਂਹਵਧੂ ਸੋਚ ਦੀ ਦ੍ਰਿੜਤਾ ਬਾਰੇ ਵਿਚਾਰ ਪੇਸ਼ ਕੀਤੇ। ਗੁਰਮੀਤ ਸਿੰਘ ਸ਼ੁਗਲੀ ਨੇ ਕਿਹਾ ਕਿ ਸਾਰੇ ਹੀ ਕ੍ਰਾਂਤੀਕਾਰੀਆਂ ਦਾ ਡੀ.ਐਨ.ਏ. ਇੱਕੋ ਹੀ ਹੁੰਦਾ ਹੈ, ਇਸੇ ਕਰਕੇ ਜਦੋਂ ਅਸੀਂ ਚੀ ਗਵੇਰਾ ਦੀ ਗੱਲ ਕਰਦੇ ਹਾਂ ਤਾਂ ਸਾਡੇ ਦਿਮਾਗ ਵਿਚ ਭਗਤ ਸਿੰਘ, ਰਾਜ ਗੁਰੂ ਜਾਂ ਸੁਖਦੇਵ ਆਦਿ ਦੀ ਤਸਵੀਰ ਘੁੰਮਣ ਲੱਗ ਪੈਂਦੀ ਹੈ।

ਸੁਸ਼ੀਲ ਦੁਸਾਂਝ ਨੇ ਕਿਹਾ ਕਿ ਸਾਡੇ ਮਨਾਂ ਵਿਚ ਇਹ ਵਹਿਮ ਹੈ ਕਿ ਪੰਜਾਬੀ ਵਿਚ ਪਾਠਕ ਨਹੀਂ ਹਨ। ਜਿਵੇਂ ਧਰਮ ਸਿੰਘ ਗੋਰਾਇਆ ਨੇ ਸਰਲ ਅਤੇ ਸਵਾਦਲੀ ਬੋਲੀ ਵਿਚ ਇਹ ਕਿਤਾਬ ਲਿਖੀ ਹੈ, ਅਜਿਹੀਆਂ ਕਿਤਾਬਾਂ ਲਈ ਪਾਠਕਾਂ ਦੀ ਘਾਟ ਨਹੀਂ। ਸੁਰਿੰਦਰ ਸੋਹਲ ਨੇ ਪੰਜਾਬੀ ਜ਼ਬਾਨ ਦੇ ਮਹੱਤਵ ਦੇ ਹਵਾਲੇ ਨਾਲ ਇਸ ਕਿਤਾਬ ਦੇ ਪੰਜਾਬੀ ਵਿਚ ਛਪਣ ਨੂੰ ਸ਼ੁਭ ਸ਼ਗਨ ਕਿਹਾ।

ਧਰਮ ਸਿੰਘ ਗੋਰਾਇਆ ਨੇ ਖਚਾ-ਖਚ ਭਰੇ ਹਾਲ ਵਿਚ ਇਸ ਕਿਤਾਬ ਦੀ ਸਿਰਜਣ-ਪ੍ਰਕ੍ਰਿਆ ਬਾਰੇ ਮਨ ਦੀ ਗੱਲ ਸਰੋਤਿਆਂ ਨਾਲ ਸਾਂਝੀ ਕਰਦਿਆਂ ਕਿਹਾ ਕਿ ਇਸ ਕਿਤਾਬ ਦੇ ਬੀਜ ਉਨ੍ਹਾਂ ਦੇ ਦਿਲ ਵਿਚ ਯੂਨੀਵਰਸਿਟੀ ਵਿਚ ਪੜ੍ਹਦਿਆਂ ਹੀ ਬੀਜੇ ਗਏ ਸਨ। ਉਨ੍ਹਾਂ ਕਿਤਾਬ ਦੇ ਛਪਣ ਅਤੇ ਇਸ ਦੇ ਰਿਲੀਜ਼ ਸਮਾਗਮ 'ਤੇ ਤਸੱਲੀ ਪ੍ਰਗਟ ਕੀਤੀ। ਅੰਤ ਵਿਚ ਅਮਰਜੀਤ ਸਿੰਘ ਸੰਧੂ ਨੇ ਆਏ ਸਰੋਤਿਆਂ ਦਾ ਧੰਨਵਾਦ ਕੀਤਾ। ਰਵਿੰਦਰ ਸਹਿਰਾਅ ਨੇ ਪ੍ਰੋਗਰਾਮ ਦੀ ਕਾਰਵਾਈ ਬੜੇ ਹੀ ਸਲੀਕੇ, ਅਦਬੀ ਅੰਦਾਜ਼ ਅਤੇ ਸੰਜਮ ਨਾਲ ਨਿਭਾਈ।


**Gill Financial & Insurance Services**

31080 Union City Blvd# 201, Union City, CA 94587

**Insurance**

*Auto *Home *Business *Life
*OBAMACARE Health Insurance

**Save up to 25%**

*ਆਟੋ *ਹੋਮ
*ਬਿਜਨਸ *ਲਾਈਫ
*ਓਬਾਮਾਕੇਅਰ
ਹੈਲਥ ਇੰਸ਼ੋਰੈਂਸ

**Now Hiring**

*Insurance Agents
*Customer Service Managers
*(Salary+Bonus)*



Manjit Gill
CA Ins Lic#OB23990

**Call Manjit Gill, Ph: 510-888-1180**



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc.**

Minneapolis , MN 55426



**HIGH QUALITY PICTURE**

**HD** TVI, SDI, IP



We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS

Call Sukhpal for your next security solution purchase

2 YEAR WARRANTY



Vista
CCTV TECHNOLOGY
SOLUTION PROVIDER COMPANY

661-586-5080
commvision@sbcglobal.net

# ਲਾਦਿਨ ਦੀ ਜ਼ਿੰਦਗੀ ਦੇ ਉਹ ਆਖਰੀ ਪਲ...



**ਲੰਡਨ:** ਪਹਿਲੀ ਮਈ, 2011 ਦੀ ਰਾਤ ਅਲਕਾਇਦਾ ਦਾ ਤਤਕਾਲੀ ਮੁਖੀ ਉਸਾਮਾ ਬਿਨ ਲਾਦਿਨ ਮਾਰਿਆ ਗਿਆ। ਉਸ ਰਾਤ ਦੀ ਕਹਾਣੀ ਕਈ ਵਾਰ ਦੱਸੀ ਜਾ ਚੁੱਕੀ ਹੈ, ਪਰ ਪਹਿਲੀ ਵਾਰ ਲਾਦਿਨ ਦੀ ਪਤਨੀ ਨੇ ਉਸ ਰਾਤ ਦੀ ਵਿਥਿਆ ਸੁਣਾਈ। ਲਾਦਿਨ ਦੀ ਚੌਥੀ ਪਤਨੀ ਅਮਾਲ ਨੇ ਇਹ ਕਹਾਣੀ ਸਕਾਰਟ ਕਲਾਰਕ ਤੇ ਐਡਿਨ ਲੇਵੀ ਨੂੰ ਉਨ੍ਹਾਂ ਦੀ ਕਿਤਾਬ 'ਦ ਐਗਜ਼ਾਇਲ: ਦ ਫਲਾਈਟ ਆਫ ਉਸਾਮਾ ਬਿਨ ਲਾਦਿਨ ਅਬਾਊਟ ਦ ਲਾਸਟ ਫਿਊ ਮਿੰਟਸ ਆਫ 9/11 ਮਾਸਟਰਮਾਈਂਡ ਲਾਈਫ' ਲਈ ਸੁਣਾਈ ਹੈ। ਅਮਾਲ ਮੁਤਾਬਕ ਰਾਤ ਦਾ ਖਾਣਾ ਖਾਣ ਤੇ ਪਲੇਟਾਂ ਸਾਫ ਕਰਨ ਤੋਂ ਬਾਅਦ ਲਾਦਿਨ ਪਰਿਵਾਰ ਨੇ ਨਮਾਜ਼ ਪੜ੍ਹੀ।

ਇਸ ਤੋਂ ਬਾਅਦ ਲਾਦਿਨ ਆਪਣੀ ਪਤਨੀ ਨਾਲ ਉਤਲੀ ਮੰਜ਼ਲ ਦੇ ਬੈੱਡਰੂਮ ਵਿਚ ਸੌਣ ਚਲਾ ਗਿਆ। 11 ਵਜੇ ਦੇ ਕਰੀਬ ਅਲਕਾਇਦਾ ਮੁਖੀ ਗਹਿਰੀ ਨੀਂਦ ਵਿਚ ਸੀ। ਫਿਰ ਉਸਾਮਾ ਦੇ ਘਰ ਅਚਾਨਕ ਬਿਜਲੀ ਚਲੀ ਗਈ। ਪੂਰਾ ਘਰ ਹਨੇਰੇ ਵਿਚ ਡੁੱਬ ਗਿਆ, ਪਰ ਪਾਕਿਸਤਾਨ ਵਿਚ ਬਿਜਲੀ ਦਾ ਜਾਣਾ ਆਮ ਸੀ। ਇਸ ਕਰ ਕੇ ਕਿਸੇ ਨੇ ਬਹੁਤਾ ਧਿਆਨ ਨਾ ਦਿੱਤਾ। ਅੱਧੀ ਰਾਤ ਨੂੰ ਅਚਾਨਕ ਅਮਾਲ ਦੀ ਨੀਂਦ ਖੁੱਲ੍ਹੀ ਤਾਂ ਉਸ ਨੇ ਕੁਝ ਸੁਣਿਆ। ਅਮਾਲ ਨੂੰ ਮਹਿਸੂਸ ਹੋਇਆ ਜਿਵੇਂ ਕੋਈ ਪੌੜੀਆਂ ਚੜ੍ਹ ਕੇ ਉਪਰ ਆ ਰਿਹਾ ਸੀ। ਫਿਰ ਉਸ ਨੂੰ ਖਿੜਕੀ ਵਿਚੋਂ ਕੋਈ ਪਰਛਾਵਾਂ ਦਿੱਸਿਆ।

ਗੜਗੜਾਹਟ ਦੀ ਆਵਾਜ਼ ਸੁਣੀ। ਆਵਾਜ਼ ਅਚਾਨਕ ਵਧ ਗਈ। ਖਿੜਕੀ ਵਿਚੋਂ ਹਵਾ ਅੰਦਰ ਆ ਰਹੀ ਸੀ। ਲਾਦਿਨ ਅਚਾਨਕ ਉਠ ਕੇ ਬੈੱਡ 'ਤੇ ਬੈਠ ਗਿਆ। ਉਸ ਦੇ ਚਿਹਰੇ 'ਤੇ ਡਰ ਸਾਫ ਦਿਖਾਈ ਦੇ ਰਿਹਾ ਸੀ। ਲਾਦਿਨ ਨੇ ਆਪਣੀ ਪਤਨੀ ਅਮਾਲ ਨੂੰ ਫੜ ਲਿਆ। ਅਮਾਲ ਨੇ ਕਿਹਾ ਕਿ ਉਸ ਨੂੰ ਲੱਗਾ ਉਤੇ ਕੋਈ ਹਿੰਸਕ ਚੀਜ਼ ਘੁੰਮਦੀ ਦਿਖਾਈ ਦੇ ਰਹੀ ਹੈ। ਫਿਰ ਦੋਵੇਂ ਉਛਲ ਕੇ ਦੌੜੇ, ਘਰ ਦੀਆਂ ਕੰਧਾਂ ਥਰਥਰਾ ਉਠੀਆਂ। ਉਹ ਹਨੇਰੇ ਨੂੰ ਚੀਰਦੇ ਬਾਲਕੋਨੀ ਵਿਚੋਂ ਅੰਦਰ ਆ ਰਹੇ ਸਨ। ਅਮਰੀਕਾ ਦਾ ਇਕ ਬਲੈਕ ਹੌਕ ਹੈਲੀਕਾਪਟਰ ਘਰ ਨੇੜੇ ਦਿੱਸ ਰਿਹਾ ਸੀ।

ਕੁਝ ਦੇਰ ਬਾਅਦ ਇਕ ਹੋਰ ਹੈਲੀਕਾਪਟਰ ਆਇਆ। ਜਦੋਂ ਹੈਲੀਕਾਪਟਰ ਆਇਆ ਤਾਂ ਇਕ ਜ਼ੋਰਦਾਰ ਆਵਾਜ਼ ਨਾਲ ਘਰ ਬੁਰੀ ਤਰ੍ਹਾਂ ਹਿੱਲ ਗਿਆ ਸੀ। ਉਹ ਦੋਵੇਂ ਇਕ-ਦੂਜੇ ਨੂੰ ਫੜ ਕੇ ਬਾਲਕੋਨੀ ਵਿਚ ਲੁਕ ਗਏ। ਅਮਰੀਕੀ ਸੈਨਾ ਦੀ ਸਪੈਸ਼ਲ ਟੀਮ ਤੇ ਪਹਿਲੋਂ ਮੌਜੂਦ ਫੋਰਸ ਇਕੱਠੀਆਂ ਹੋ ਗਈਆਂ। ਇਹ ਸਾਰੇ ਦੂਜੇ ਫਲੋਰ ਦੇ ਬੈੱਡਰੂਮ ਵਿਚ ਪਹੁੰਚ ਚੁੱਕੇ ਸਨ। ਉਸਾਮਾ ਨੇ ਆਪਣੀਆਂ ਪਤਨੀਆਂ ਨੂੰ ਬੱਚਿਆਂ ਸਮੇਤ ਥੱਲੇ ਜਾਣ ਲਈ ਕਿਹਾ। ਲਾਦਿਨ ਨੇ ਭਰੋਸਾ ਦਿਵਾਇਆ ਕਿ ਉਹ ਲੋਕ ਮੈਨੂੰ ਮਾਰਨਾ ਚਾਹੁੰਦੇ ਹਨ, ਤੁਹਾਨੂੰ ਨਹੀਂ। ਹਾਲਾਂਕਿ ਅਮਾਨ ਨੇ ਆਪਣੇ ਪੁੱਤਰ ਹੁਸੈਨ ਨੂੰ ਉਸਾਮਾ ਕੋਲ ਹੀ ਰਹਿਣ ਲਈ ਕਿਹਾ ਸੀ। ਉਹ ਰਾਤ ਬਿਨਾਂ ਚੰਦ ਵਾਲੀ ਸੀ। ਕੁਝ ਵਿਖਾਈ ਨਹੀਂ ਦੇ ਰਿਹਾ ਸੀ। ਅਮਰੀਕੀ ਸੈਨਿਕ ਘਰ ਵਿਚ ਪਹੁੰਚ ਚੁੱਕੇ ਸਨ। ਕਿਸੇ ਨੇ ਸੈਨਿਕਾਂ ਨੂੰ ਘਰ ਬਾਰੇ ਸਭ ਦੱਸਿਆ ਸੀ। ਇਹ ਸਾਫ ਹੈ ਕਿ ਕਿਸੇ ਨੇ ਧੋਖਾ ਕੀਤਾ ਸੀ। ਉਨ੍ਹਾਂ ਨੂੰ ਇਸ ਤਰ੍ਹਾਂ ਦੇ ਹਮਲੇ ਦੀ ਬਿਲਕੁਲ ਭਿਣਕ ਨਹੀਂ ਸੀ ਤੇ ਨਾ ਹੀ ਕੋਈ ਖਦਸ਼ਾ ਸੀ। ਅਮਰੀਕੀ ਸੈਨਿਕ ਉਪਰਲੀ ਮੰਜ਼ਲ 'ਤੇ ਪਹੁੰਚ ਚੁੱਕੇ ਸਨ। ਬੱਸ, ਉਸ ਤੋਂ ਬਾਅਦ ਸਭ ਖਤਮ ਹੁੰਦੇ ਦੇਰ ਨਹੀਂ ਲੱਗੀ। ਉਸਾਮਾ ਦੀ ਪਤਨੀ ਅਮਾਲ ਨੇ ਇਹ ਸਾਰੀ ਕਹਾਣੀ ਕਿਤਾਬ ਲਈ ਇੰਟਰਵਿਊ ਦੌਰਾਨ ਦੱਸੀ ਹੈ।

## ਮੁਕਾਬਲੇ ਲਈ 13 ਸਾਲਾ ਪੁੱਤ ਨੂੰ ਮਾਰੀ ਹਾਕ

ਜਦ ਲਾਦਿਨ ਕੋਲ ਕੋਈ ਚਾਰਾ ਨਾ ਰਿਹਾ ਤਾਂ ਉਸ ਨੇ ਆਪਣੇ ਪੁੱਤਰ ਖਾਲਿਦ ਨੂੰ ਬੁਲਾਇਆ। ਉਸ ਨੇ ਏ.ਕੇ.-47 ਚੁੱਕ ਲਈ; ਹਾਲਾਂਕਿ ਉਸ ਨੂੰ ਪਤਾ ਸੀ ਕਿ ਉਹ ਸਿਰਫ 13 ਸਾਲ ਦਾ ਹੈ ਤੇ ਏ.ਕੇ.-47 ਚਲਾ ਨਹੀਂ ਸਕਦਾ। ਬੱਚੇ ਰੋ ਰਹੇ ਸਨ ਤੇ ਉਸ ਦੀ ਪਤਨੀ ਉਨ੍ਹਾਂ ਨੂੰ ਦਿਲਾਸਾ ਦੇ ਰਹੀ ਸੀ। ਅਮਰੀਕੀ ਸੈਨਿਕ ਉਪਰਲੀ ਮੰਜ਼ਲ 'ਤੇ ਪਹੁੰਚ ਚੁੱਕੇ ਸਨ, ਬਿਨਾਂ ਜ਼ਿਆਦਾ ਵਿਰੋਧ ਤੋਂ ਉਨ੍ਹਾਂ ਨੇ ਲਾਦਿਨ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ।





## ਜ਼ੀਕਾ ਵਾਇਰਸ ਹੁਣ ਭਾਰਤ ਵਿਚ ਵੜਿਆ


**ਨਵੀਂ ਦਿੱਲੀ:** ਭਾਰਤ ਵਿਚ ਜ਼ੀਕਾ ਵਾਇਰਸ ਨੇ ਦਸਤਕ ਦਿੱਤੀ ਹੈ। ਦੁਨੀਆਂ ਦੇ ਕਈ ਹਿੱਸਿਆਂ ਵਿਚ ਤਬਾਹੀ ਮਚਾਉਣ ਤੋਂ ਬਾਅਦ ਭਾਰਤ 'ਚ ਇਸ ਦੀ ਮੌਜੂਦਗੀ ਦੇ ਸ਼ੁਰੂਆਤੀ ਪ੍ਰਮਾਣ ਅਹਿਮਦਾਬਾਦ 'ਚ ਮਿਲੇ ਹਨ। ਇਥੇ ਤਿੰਨ ਲੋਕਾਂ ਦੇ ਜ਼ੀਕਾ ਵਾਇਰਸ ਨਾਲ ਪ੍ਰਭਾਵਿਤ ਹੋਣ ਦੀ ਪੁਸ਼ਟੀ ਵਿਸ਼ਵ ਸਿਹਤ ਸੰਗਠਨ ਨੇ ਵੀ ਕਰ ਦਿੱਤੀ ਹੈ। ਅਹਿਮਦਾਬਾਦ 'ਚ ਜ਼ੀਕਾ ਵਾਇਰਸ ਦੇ ਹੋਣ ਦੀ ਪਹਿਲੀ ਖਬਰ ਜਨਵਰੀ 'ਚ ਸਾਹਮਣੇ ਆਈ ਸੀ, ਜੋ ਅੱਜ ਤੱਕ 3 ਲੋਕਾਂ ਤੱਕ ਪਹੁੰਚ ਚੁੱਕਿਆ ਹੈ। ਜਨਵਰੀ ਮਹੀਨੇ 'ਚ ਜ਼ੀਕਾ ਨੇ ਆਪਣਾ ਪਹਿਲਾ ਸ਼ਿਕਾਰ ਇਕ ਗਰਭਵਤੀ ਔਰਤ ਨੂੰ ਬਣਾਇਆ। ਜ਼ੀਕਾ ਵਾਇਰਸ ਤੋਂ ਪ੍ਰਭਾਵਿਤ ਤਿੰਨੇ ਲੋਕ ਅਹਿਮਦਾਬਾਦ ਦੇ ਬਾਪੂ ਨਗਰ ਇਲਾਕੇ ਦੇ ਹਨ। ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਨੇ ਜ਼ੀਕਾ ਵਾਇਰਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਲੈਬਾਰਟਰੀ ਦੀ ਰਿਪੋਰਟ 'ਚ ਬਾਪੂ ਨਗਰ ਇਲਾਕੇ ਦੇ 3 ਲੋਕਾਂ 'ਚ ਜ਼ੀਕਾ ਵਾਇਰਸ ਮਿਲਿਆ ਹੈ।

# ਮੁੜ ਮਿੱਟੀ 'ਚ ਦਫਨ ਹੋਵੇਗਾ ਸਿੰਧੂ ਘਾਟੀ ਦਾ ਸ਼ਹਿਰ ਮੋਹੰਜੋਦੜੋ

**ਇਸਲਾਮਾਬਾਦ:** ਮਨੁੱਖੀ ਇਤਿਹਾਸ ਦੀ ਵਿਰਾਸਤ ਮੰਨੀ ਜਾਣ ਵਾਲੀ ਸਿੰਧੂ ਘਾਟੀ ਦੀ ਸੱਭਿਆਤਾ ਦਾ ਮਸ਼ਹੂਰ ਸ਼ਹਿਰ ਤੇ ਅਣਵੰਡੇ ਭਾਰਤ ਦੀ ਵਿਸ਼ਵ ਪ੍ਰਸਿੱਧ ਪਛਾਣ 'ਮੋਹੰਜੋਦੜੋ' ਛੇਤੀ ਹੀ ਮਿੱਟੀ ਵਿਚ ਦਫਨ ਹੋ ਸਕਦੀ ਹੈ। ਇਹ ਸ਼ਹਿਰ 5000 ਸਾਲ ਪੁਰਾਣੀ ਹੜੱਪਾ ਸੱਭਿਅਤਾ ਦਾ ਅੰਸ਼ ਹੈ। ਪਿਛਲੇ ਲੰਮੇ ਸਮੇਂ ਤੋਂ ਇਸ ਦੀ ਹੋਂਦ ਉਤੇ ਖਤਰਾ ਮੰਡਰਾ ਰਿਹਾ ਸੀ। ਇਸ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਲੱਗੇ ਮਾਹਰਾਂ ਨੇ ਹੁਣ ਫੈਸਲਾ ਕੀਤਾ ਹੈ ਕਿ ਮੋਹੰਜੋਦੜੋ ਨੂੰ ਬਚਾਉਣ ਲਈ ਇਸ ਨੂੰ ਦਫਨ ਕਰਨਾ ਹੋਵੇਗਾ।

ਮਾਹਰਾਂ ਦਾ ਕਹਿਣਾ ਹੈ ਕਿ ਇਸ ਥਾਂ ਉਤੇ ਖੁਦਾਈ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਇਸ ਸ਼ਹਿਰ ਨੂੰ ਜ਼ਮੀਨ ਵਿਚ ਦਫਨਾ ਦੇਣਾ ਚਾਹੀਦਾ ਹੈ। ਖਗੋਲ ਸ਼ਾਸਤਰੀਆਂ ਮੁਤਾਬਕ ਜਦੋਂ ਤੱਕ ਇਸ ਦੇ ਰੱਖ ਰਖਾਅ ਦਾ ਕੋਈ ਹੋਰ ਬਿਹਤਰ ਤਰੀਕਾ ਨਹੀਂ ਮਿਲ ਜਾਂਦਾ, ਉਦੋਂ ਤੱਕ ਇਸ ਨੂੰ ਜ਼ਮੀਨ ਵਿਚ ਦਫਨਾਉਣਾ ਹੀ ਬਿਹਤਰ ਬਦਲ ਹੋਵੇਗਾ।





ਹਾਰਵਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਖੋਜਕਾਰ ਡਾਕਟਰ ਰਿਚਰਡ ਮਿਡੋ ਨੇ ਕਿਹਾ ਕਿ ਫਿਲਹਾਲ ਇਸ ਨੂੰ ਦਫਨਾ ਕੇ ਹੀ ਅਸੀਂ ਇਸ ਦਾ ਬਚਾਅ ਕਰ ਸਕਦੇ ਹਾਂ।

ਮੋਹੰਜੋਦੜੋ ਨੂੰ ਭਾਰਤੀ ਪੁਰਾਤਤਵ ਸੰਸਥਾਨ ਦੇ ਇਕ ਅਧਿਕਾਰੀ ਰਾਖਾਲਦਾਸ ਬੈਨਰਜੀ ਨੇ ਸਾਲ 1922 ਵਿਚ ਖੋਜਿਆ ਸੀ। ਸਾਲ 1947 ਦੀ ਭਾਰਤ ਵੰਡ ਤੋਂ ਬਾਅਦ ਇਹ ਥਾਂ ਪਾਕਿਸਤਾਨ ਦੇ ਸਿੰਧ ਸੂਬੇ ਵਿਚ ਚਲੀ ਗਈ। ਇਸ ਪਿੱਛੋਂ 50 ਸਾਲਾਂ ਵਿਚ ਇਥੇ ਕਈ ਪੜਾਵਾਂ ਵਿਚ ਖੋਦਾਈ ਕੀਤੀ ਗਈ, ਜਿਸ ਵਿਚ ਇਥੇ ਤਾਂਬਾ ਯੁੱਗ ਵਿਚ ਵਸੇ ਇਕ ਸ਼ਹਿਰ ਦੀ ਰਹਿੰਦ ਖੂੰਹਦ ਮਿਲੀ। ਹੜੱਪਾ ਸੱਭਿਅਤਾ ਦੇ ਹੋਰ ਸ਼ਹਿਰਾਂ ਵਾਂਗ ਮੋਹੰਜੋਦੜੋ ਵੀ ਪ੍ਰਫੈਕਟ ਇਮਾਰਤ ਕਲਾ ਦੀ ਅਨੋਖੀ ਮਿਸਾਲ ਹੈ। ਇਨ੍ਹਾਂ ਸ਼ਹਿਰਾਂ ਨੂੰ ਜਿੰਨੇ ਵਧੀਆ ਤਰੀਕੇ ਨਾਲ ਵਸਾਇਆ ਗਿਆ ਸੀ ਤੇ ਜਿਵੇਂ ਪੂਰੇ ਸ਼ਹਿਰ ਦੀ ਡਿਜ਼ਾਈਨਿੰਗ ਕੀਤੀ ਗਈ, ਉਸ ਦੀ ਨਕਲ ਕਰ ਸਕਣਾ ਆਧੁਨਿਕ ਸ਼ਹਿਰਾਂ ਲਈ ਕਾਫੀ ਮੁਸ਼ਕਲ ਹੈ।


# ਮਰੀ ਮਾਂ ਦਾ ਦੁੱਧ ਚੁੰਘਦੇ ਬੱਚੇ ਦੀ ਫੋਟੋ ਨੇ ਹਲੂਣ ਦਿੱਤੀ ਦੁਨੀਆਂ

**ਦਮੋਹ, ਮੱਧ ਪ੍ਰਦੇਸ਼:** 'ਮਾਂ' ਉਹ ਸ਼ਬਦ ਹੈ ਜਿਹੜਾ ਕਿਸੇ ਵੀ ਵਿਅਕਤੀ ਦੇ ਜੀਵਨ ਵਿਚ ਸਭ ਤੋਂ ਵੱਧ ਅਹਿਮੀਅਤ ਰੱਖਦਾ ਹੈ। ਮਾਂ, ਹਰ ਪਰੇਸ਼ਾਨੀ ਅਤੇ ਹਰ ਮੁਸ਼ਕਲ ਘੜੀ ਵਿਚ ਆਪਣੇ ਬੱਚੇ ਦਾ ਸਾਥ ਦਿੰਦੀ ਹੈ। ਉਸ ਨੂੰ ਦੁਨੀਆਂ ਦੇ ਹਰ ਦੁੱਖ ਤੋਂ ਬਚਾਉਂਦੀ ਹੈ। ਮੱਧ ਪ੍ਰਦੇਸ਼ ਦੇ ਕਸਬਾ ਦਮੋਹ ਵਿਚ ਇਕ ਅਜਿਹੀ ਹੀ ਘਟਨਾ ਸਾਹਮਣੇ ਆਈ ਹੈ, ਜਿਸ ਦੀ ਵਾਇਰਲ ਵੀਡੀਓ ਨੇ ਪੂਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਵੀਡੀਓ ਵਿਚ ਦਿੱਸ ਰਿਹਾ ਹੈ ਕਿ ਰੇਲ ਦੀ ਪਟੜੀ ਦੇ ਇਕ ਪਾਸੇ ਔਰਤ ਮਰੀ ਪਈ ਹੈ ਤੇ ਉਸ ਦਾ ਇਕ ਸਾਲਾ ਬੱਚਾ ਮਾਂ ਦੀ ਮੌਤ ਤੋਂ ਅਨਜਾਣ ਉਸ ਦਾ ਦੁੱਧ ਚੁੰਗ ਰਿਹਾ ਹੈ। ਬੱਚੇ ਨੇ ਇਕ ਹੱਥ ਵਿਚ ਬਿਸਕੁਟ ਫੜਿਆ ਹੋਇਆ ਹੈ



ਤੇ ਉਹ ਕਦੇ ਦੁੱਧ ਚੁੱਘ ਲੈਂਦਾ ਹੈ ਤੇ ਕਦੇ ਬਿਸਕੁਟ ਨੂੰ ਚੱਕੀ ਵੱਢ ਲੈਂਦਾ ਹੈ। ਇਹ ਵੇਖ ਉਥੋਂ ਲੰਘ ਰਹੇ ਹਰ ਸ਼ਖਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਦਮੋਹ ਸ਼ਹਿਰ ਵਿਚ ਰੇਲਵੇ ਫਾਟਕ ਨੇੜੇ ਰਾਹਗੀਰਾਂ ਨੇ ਵੇਖਿਆ ਕਿ ਇਕ ਬੱਚਾ ਰੋ ਰਿਹਾ ਹੈ ਅਤੇ ਆਪਣੀ ਮਾਂ ਦੇ ਸੀਨੇ ਨਾਲ ਲਿਪਟ ਕੇ ਦੁੱਧ ਪੀ ਰਿਹਾ ਹੈ। ਜਦੋਂ ਲੋਕਾਂ ਨੇ ਔਰਤ ਨੂੰ ਹਿਲਾਇਆ ਤਾਂ ਉਹ ਲੋਕ ਹੈਰਾਨ ਰਹੇ ਗਏ, ਮਾਂ ਮਰ ਚੁੱਕੀ ਸੀ। ਅਜੇ ਇਹ ਪਤਾ ਨਹੀਂ ਲੱਗਾ ਕਿ ਔਰਤ ਰੇਲ ਵਿਚੋਂ ਡਿੱਗੀ ਸੀ ਜਾਂ ਪਟੜੀ 'ਤੇ ਰੇਲ ਦੀ ਲਪੇਟ ਵਿਚ ਆ ਗਈ ਸੀ। ਉਸ ਦੇ ਨੱਕ ਅਤੇ ਕੰਨ 'ਚੋਂ ਖੂਨ ਨਿਕਲ ਰਿਹਾ ਸੀ ਤੇ ਉਸ ਦੇ ਸਿਰ ਵਿਚ ਅੰਦਰੂਨੀ ਸੱਟ ਲੱਗੀ। ਬੱਚਾ ਉਸ ਦੀ ਗੋਦ ਵਿਚ ਹੋਣ ਕਾਰਨ ਬਚ ਗਿਆ। ਉਸ ਨੇ ਆਪਣੀ ਭੁੱਖੇ ਬੱਚੇ ਨੂੰ ਜ਼ਖ਼ਮੀ ਹਾਲਤ ਵਿਚ ਹੀ ਬਿਸਕੁਟ ਦਾ ਪੈਕਟ ਦਿੱਤਾ ਅਤੇ ਦੁੱਧ ਪਿਆਇਆ। ਦੁੱਧ ਪਿਲਾਉਂਦੇ ਪਿਲਾਉਂਦੇ ਉਸ ਔਰਤ ਨੇ ਦਮ ਤੋੜ ਦਿੱਤਾ। ਬੱਚੇ ਦੀ ਰੋਣ ਦੀ ਆਵਾਜ਼ ਸੁਣ ਉਥੇ ਭੀੜ ਇਕੱਠੀ ਹੋ ਗਈ।



ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ

# ਨਗਰ ਕੀਰਤਨ



# Nagar Kirtan

## SAN FRANCISCO



## ਐਤਵਾਰ 11 ਜੂਨ 2017 ਨੂੰ ਸੈਨ ਫ੍ਰਾਂਸਿਸਕੋ ਵਿਖੇ

**Start 11AM at 50 2nd Street ਤੋਂ ਸਿਵਿਕ ਸੈਂਟਰ ਤੱਕ**



ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿੱਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿੱਚ 11 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।

**ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਓ।**

FOR MORE INFO: **1-844-REM-1984** • WWW.**REMEMBER84**.COM

ਬੇਨਤੀ ਕਰਤਾ: ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ



**ਬੇਨਤੀ ਕਰਤਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ**

**Gurdwara Sahib Fremont 510-790-0177; Sikh Center of San Francisco Bay Area El Sobrante 510-223-9987; Gurdwara Sahib of San Jose (Sukhdev Singh Beniwal) 408-421-9463; Gurdwara Sahib of Hayward 510-585-7730; Gurdwara Sahib Singh Sabha Bay Area Milpitas (Jaswant Singh Hothi) 408-898-7056; Gurdwara Sahib South San Francisco; Sri Guru Ravidass Temple Pittsburg (Sikhdev Singh) 925-354-9025; Gurudwara Sahib of Bay Point; Sikh Gurdwara Sahib Stockton (Jatinder Singh) 209-993-7954; Sikh Temple Turlock (Gurjit Singh) 209-585-9168; Gurdwara Sacramento Sikh Society Bradshaw (Balwant Singh Virk) 916-529-4795; Sikh Temple Fairfield; Capital Sikh Center Sacramento (Gurtej Singh) 916-276-1440; Gurdwara Gur Nanak Prakash Tracy (Deep Singh) 209-346-4270; Gurdwara Dashmesh Darbar Tracy (Surinder Singh Atwal) 209-321-5476; Gurdwara Gurmat Parkash Manteca (Jarnail Singh) 209-321-1733; Deshmesh Darbar Sikh Temple Lodi 209-629-5415; Gurdwara Sri Sachkhand Sahib Roseville (Ravinder Singh) 916-521-0300; Gurdwara Parmeshar Dawar Madera (Surinderpal Singh Nijjar) 559-479-1804; Sikh Center of the Pacific Coast Selma (Charanjeet Singh Sahota) 559-779-8215; Gurdwara Guru Kalgidhar Sahib Selma (Bhupinder Singh Khalsa) 559-352-6698; Gurdwara Guru Nanak Prakash Fresno (Jagroop Singh) 209-648-4994; Sikh Temple of Yuba City, Tiera Buena 530-673-7944; Sri Guru Nanak Sikh Temple Bogue Road, Yuba City 530-300-8584; Gurdwara Sahib Modesto; Gurdwara Sahib Sikh Temple West Sacramento (Darshan Singh Mundi) 916-417-8860**

# ਰਾਸ਼ਟਰ ਵਿਰੋਧੀ ਗਾਲਿਬ




ਨਾਟਕ 'ਐਂਟੀ ਨੈਸ਼ਨਲ ਗਾਲਿਬ' ਦੀ ਝਲਕ।

**ਕਲਾ ਪਰਿਕਰਮਾ**

**ਕੀਰਤ ਕਾਸ਼ਣੀ**

ਜੇ ਮਿਰਜ਼ਾ ਗਾਲਿਬ ਅਜੋਕੇ ਸਮੇਂ ਵਿਚ ਹੁੰਦਾ ਤਾਂ ਉਸ ਦਾ ਕੀ ਹਸ਼ਰ ਹੋਣਾ ਸੀ ਭਲਾ? 19ਵੀਂ ਸਦੀ ਦੇ ਇਸ ਸ਼ਾਇਰ ਨੂੰ ਅੱਜ ਦੇ ਯੁੱਗ ਵਿਚ ਰਾਸ਼ਟਰ-ਵਿਰੋਧੀ ਹੋਣ ਦੇ ਦੋਸ਼ਾਂ ਵਿਚ ਅਦਾਲਤ ਵਿਚ ਆਪਣਾ ਬਚਾਅ ਕਰਨਾ ਪੈਣਾ ਸੀ!... ਇਸ ਦੀ ਤਸਵੀਰ ਨਵੇਂ ਨਾਟਕ 'ਐਂਟੀ-ਨੈਸ਼ਨਲ ਗਾਲਿਬ' ਵਿਚ ਖਿੱਚੀ ਗਈ ਹੈ ਜਿਸ ਵਿਚ ਇਸ ਸ਼ਾਇਰ ਨੂੰ ਇਤਿਹਾਸ ਵਿਚੋਂ ਕੱਢ ਕੇ ਅਜੋਕੇ ਸਮਿਆਂ ਦੀਆਂ ਮੁਸ਼ਕਿਲਾਂ ਨਾਲ ਦੋ-ਚਾਰ ਹੁੰਦਾ ਦਿਖਾਇਆ ਗਿਆ ਹੈ। 'ਐਂਟੀ ਨੈਸ਼ਨਲ ਗਾਲਿਬ' ਨਵੀਂ ਦਿੱਲੀ ਤੋਂ ਇਲਾਵਾ ਹੋਰ ਕਈ ਥਾਂ ਖੇਡਿਆ ਜਾ ਰਿਹਾ ਹੈ ਅਤੇ ਹਰ ਥਾਂ ਇਸ ਨਾਟਕ ਨੂੰ ਭਰਪੂਰ ਹੁਲਾਰਾ ਅਤੇ ਹੁੰਗਾਰਾ ਮਿਲ ਰਿਹਾ ਹੈ। ਨਾਟਕ ਵਿਚ ਗਾਲਿਬ ਨੂੰ ਆਪਣੀ ਕਵਿਤਾ ਰਾਹੀਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਕੌਮੀ ਸੁਰੱਖਿਆ ਲਈ ਖ਼ਤਰਾ ਬਣਨ ਦੇ ਦੋਸ਼ਾਂ ਹੇਠ ਅਦਾਲਤ ਵਿਚ ਤਲਬ ਕੀਤਾ ਜਾਂਦਾ ਹੈ।

ਨਾਟਕ ਦੇ ਲੇਖਕ ਅਤੇ ਉਘੇ ਰੰਗਕਰਮੀ ਦਾਨਿਸ਼ ਇਕਬਾਲ ਨੇ ਇਸ ਨਾਟਕ ਦਾ ਜਾਮਾ ਜੋੜਨ ਬਾਰੇ ਇਉਂ ਦੱਸਿਆ ਹੈ- "ਅੱਜ ਕੱਲ੍ਹ ਲੋਕ ਬਿਨਾਂ ਗੱਲ ਤੋਂ ਵਿਵਾਦ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਬੇਅਰਥ ਪਟੀਸ਼ਨਾਂ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਨਾਟਕ ਦੀ ਕਹਾਣੀ ਅਜਿਹੇ ਫਿਲਮਸਾਜ਼ ਦੁਆਲੇ ਘੁੰਮਦੀ ਹੈ ਜੋ ਆਪਣੇ ਵਿਰੋਧੀ ਦੀ ਫਿਲਮ ਰਿਲੀਜ਼ ਹੋਣ ਵਿਚ ਦੇਰੀ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ। ਉਹ ਦੋਸ਼ ਲਾਉਂਦਾ ਹੈ ਕਿ ਫਿਲਮ ਵਿਚ ਸ਼ਾਮਲ ਗਾਲਿਬ ਵੱਲੋਂ ਲਿਖੇ ਗੀਤ ਅਸਲ ਵਿਚ ਰਾਸ਼ਟਰ ਵਿਰੋਧੀ ਹਨ।"

ਨਾਟਕ ਵਿਚ ਵਿਰੋਧੀ ਇਹ ਦੋਸ਼ ਲਾਉਂਦਾ ਹੈ ਕਿ ਜਦੋਂ ਸਰਕਾਰ ਅਤਿਵਾਦੀ ਗਰੁੱਪਾਂ ਨੂੰ ਰੋਕਣ ਲਈ ਨਵੇਂ ਤਰੀਕੇ ਅਪਣਾ ਰਹੀ ਹੈ ਤਾਂ ਗਾਲਿਬ ਆਪਣੇ ਸ਼ਬਦਾਂ ਰਾਹੀਂ ਲੋਕਾਂ ਨੂੰ ਬੁਰਾਈਆਂ ਬਾਰੇ ਅੱਖਾਂ ਮੀਚਣ ਦੀ ਅਪੀਲ ਕਰਦਾ ਹੈ। ਉਸ ਦੇ ਗੀਤ ਮੁਲਕ ਦੀ ਕੌਮੀ ਸੁਰੱਖਿਆ ਨਾਲ ਸਮਝੌਤਾ ਹਨ ਅਤੇ ਇਹ ਈਸਾਈਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਂਦੇ ਹਨ।





ਮਿਰਜ਼ਾ ਗਾਲਿਬ ਦੀ ਇਕੋ-ਇਕ ਦੁਰਲੱਭ ਤਸਵੀਰ।

ਨਾਟਕ ਵਿਚ ਸ਼ਾਇਰ ਨੂੰ ਉਸ ਖਿਲਾਫ਼ ਲੱਗੇ ਦੋਸ਼ਾਂ ਕਾਰਨ ਅਦਾਲਤ ਵਿਚ ਤਲਬ ਕੀਤਾ ਜਾਂਦਾ ਹੈ। ਅਦਾਲਤ ਵਿਚ ਕਿਹਾ ਜਾਂਦਾ ਹੈ ਕਿ ਉਸ ਨੇ ਆਪਣੀ ਸ਼ਾਇਰੀ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਕੌਮੀ ਸੁਰੱਖਿਆ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਅਤਿਵਾਦ ਦੇ ਇਸ ਦੌਰ ਵਿਚ ਮਿਰਜ਼ਾ ਗਾਲਿਬ ਦੀ ਇਹ ਕਹਾਣੀ ਇਸ ਨਾਟਕ ਵਿਚ ਸੁਣਾਈ ਗਈ ਹੈ। ਰਾਸ਼ਟਰ ਵਿਰੋਧੀ ਹੋਣ ਦੇ ਦੋਸ਼ਾਂ ਤੋਂ ਮੁਕਤ ਹੋਣ ਲਈ ਗਾਲਿਬ ਨੂੰ ਅਦਾਲਤ ਵਿਚ ਦਲੀਲਾਂ ਪੈਣੀਆਂ ਦੇ ਰਹੀਆਂ ਹਨ। ਉਂਜ ਨਾਟਕ ਦੇ ਨਿਰਦੇਸ਼ਕ ਅਤੇ ਲੇਖਕ ਦਾਨਿਸ਼ ਇਕਬਾਲ ਨੇ ਇਸ ਕਹਾਣੀ ਨੂੰ ਇਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਮਿਰਜ਼ਾ ਗਾਲਿਬ ਦੇ ਵੇਲੇ ਦੀਆਂ ਗੱਲਾਂ ਅੱਜ ਦੇ ਸਮੇਂ ਨਾਲ ਖੁਦ-ਬ-ਖੁਦ ਜੁੜ ਗਈਆਂ ਜਾਪਦੀਆਂ ਹਨ। ਜਾਪਦਾ ਹੈ ਕਿ ਗਾਲਿਬ ਨੂੰ 19ਵੀਂ ਸਦੀ ਤੋਂ ਚੁੱਕ ਕੇ ਮੌਜੂਦਾ ਸਮੇਂ ਵਿਚ ਲਿਆ ਖਲਿਆਰਿਆ ਗਿਆ ਹੈ।

ਇਹ ਪਹਿਲੀ ਵਾਰ ਨਹੀਂ ਕਿ ਮਿਰਜ਼ਾ ਗਾਲਿਬ ਦੇ ਹਵਾਲੇ ਨਾਲ ਅੱਜ ਦੇ ਦੌਰ ਬਾਰੇ ਕਿਸੇ ਕਲਾਕਾਰ ਨੇ ਗੱਲ ਚਲਾਈ ਹੋਵੇ। ਅਸਲ ਵਿਚ ਗਾਲਿਬ ਦੀ ਸ਼ਾਇਰੀ ਵਿਚ ਮਨੁੱਖ ਦੇ ਮਨੁੱਖ ਹੋਣ ਅਤੇ ਮਨੁੱਖਤਾ ਦੀ ਬਚਾਈ ਰੱਖਣ ਬਾਰੇ ਜਿਸ ਸ਼ਿੱਦਤ ਨਾਲ ਲਿਖਿਆ ਗਿਆ ਹੈ, ਉਸ ਦੀ ਸਾਰਥਿਕਤਾ ਅੱਜ ਦੇ ਸਮਿਆਂ ਵਿਚ ਵੀ ਉਤਨੀ ਹੈ ਹੈ। ਸ਼ਾਇਦ ਇਸੇ ਕਰ ਕੇ ਮਸ਼ਹੂਰ ਫਿਲਮਸਾਜ਼ ਗੁਲਜ਼ਾਰ ਨੇ ਉਸ ਦੀ ਸ਼ਾਇਰੀ ਅਤੇ ਜੀਵਨ ਨੂੰ ਆਧਾਰ ਬਣਾ ਕੇ ਟੈਲੀਵਿਜ਼ਨ ਲੜੀਵਾਰ ਬਣਾਇਆ ਸੀ। ਇਸ ਲੜੀਵਾਰ ਵਿਚ ਗਾਲਿਬ ਦਾ ਕਿਰਦਾਰ ਮਸ਼ਹੂਰ ਅਦਾਕਾਰ ਨਸੀਰੂਦੀਨ ਸ਼ਾਹ ਨੇ ਨਿਭਾਇਆ ਸੀ ਅਤੇ ਸੰਗੀਤ ਉਘੇ ਗਾਇਕ-ਸੰਗੀਤਕਾਰ ਜਗਜੀਤ ਸਿੰਘ ਨੇ ਤਿਆਰ ਕੀਤਾ ਸੀ। ਲੜੀਵਾਰ ਵਿਚ ਪੇਸ਼ ਸਾਰੀਆਂ ਗਜ਼ਲਾਂ ਜਗਜੀਤ ਸਿੰਘ ਦੀ ਆਵਾਜ਼ ਵਿਚ ਹੀ ਰਿਕਾਰਡ ਕੀਤੀਆਂ ਗਈਆਂ ਸਨ।

ਹੁਣ ਰੰਗਕਰਮੀ ਦਾਨਿਸ਼ ਇਕਬਾਲ ਨੂੰ ਇਹ ਨਾਟਕ ਦਰਸ਼ਕਾਂ ਅੱਗੇ ਲਿਆਉਣ ਲਈ ਖੂਬ ਸ਼ਾਬਾਸ਼ ਮਿਲ ਰਹੀ ਹੈ।




ਮਿਸਾਲੀ ਸ਼ਾਇਰ ਮਿਰਜ਼ਾ ਗਾਲਿਬ, ਸ਼ਾਇਰ ਤੇ ਫਿਲਮਸਾਜ਼ ਗੁਲਜ਼ਾਰ ਅਤੇ ਗਾਇਕ ਜਗਜੀਤ ਸਿੰਘ ਦਾ ਸੰਗ-ਸਾਥ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਜੂਨ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-276



*ਨੂੰਹ ਤੇ ਸੱਸ-ਨਣਾਨਾਂ ਰਲ ਕੇ, ਘਰ ਦੇ ਕੰਮ ਵਿਚ ਜੁੱਟੀਆਂ।*
*ਹੱਥੀਂ ਕੰਮ ਕਰਨ ਦਾ ਵਿਰਸਾ, ਨਹੀਂ ਇਹ ਥੱਕੀਆਂ-ਟੁੱਟੀਆਂ।*

## ਕੈਪਸ਼ਨ ਮੁਕਾਬਲਾ-274



ਜਦ ਵੀ ਤਕੜੇ ਕੱਠੇ ਹੋ ਕੇ
ਮਾੜੇ ਉਪਰ ਜ਼ੁਲਮ ਕਮਾਵਣ।
ਘਰ ਤੋਂ ਬੇਘਰ ਹੋਵਣ ਵਾਲੇ
ਲੁਕ ਲੁਕ ਆਪਣਾ ਵਕਤ ਟਪਾਵਣ।
ਮਜ਼ਲੂਮਾਂ ਦੀਆਂ ਚੀਕਾਂ ਹਉਕੇ
ਕਇਨਾਤ ਨੂੰ ਕੰਬਣ ਲਾਵਣ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਚੌਰਾਸੀ-ਨੱਬੇ ਦੇ ਕਾਲੇ ਦੌਰ ਦੇ
ਜਾਪਦੈ ਤ੍ਰਾਹੇ ਅਨਾਥ ਇਹ ਬੱਚੇ।
ਪਰ ਬੰਬ-ਗੋਲੀਆਂ ਵਰ੍ਹਦੇ ਜਿੱਥੇ
ਡਰ-ਸਹਿਮ ਨੇ ਅੱਜ ਵੀ ਸੱਚੇ।
ਹੱਸਦੇ-ਵੱਸਦੇ ਪਰਿਵਾਰ ਚੜ੍ਹ ਰਹੇ
ਚੰਦਰੇ ਅਤਿਵਾਦ ਦੀ ਭੇਟਾ।
ਤਾਲਿਬਾਨ ਜਾਂ ਇਸਲਾਮ ਸਟੇਟ ਇਕੋ
ਭਾਵੇਂ ਵੱਖਰੇ ਵੱਖਰੇ ਨੇਤਾ।
ਮਨੁੱਖਤਾ ਪਈ ਸੰਤਾਪ ਹੰਢਾਵੇ
ਭਾਵੇਂ ਹਿੰਦ, ਪਾਕਿ ਜਾਂ ਅਫਗਾਨ।
ਲਹੂ ਡੁੱਲ੍ਹੇ ਨਿੱਤ ਧਰਮ ਦੇ ਨਾਂ 'ਤੇ
ਖੁਸ਼ ਕਰਦੇ ਨੇ ਅੱਲ੍ਹਾ-ਭਗਵਾਨ।

*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*
*ਫੋਨ: 408-912-3438*

---

ਹਾਅਵਾਂ ਭਾਂਬੜ ਬਣਦੀਆਂ
ਦੇਖ ਹਕੀਕਤਾਂ ਸਾਹਵੇਂ,
ਮਰੇ ਜਿਦ੍ਹਾ ਦੁੱਖ ਉਹਨੂੰ ਹੁੰਦਾ।
ਜੋ ਹੱਕ ਮੰਗੇ ਮਾਰ ਖਪਾ ਦਿੱਤਾ
ਨਫਰਤ ਬੀਜੀ ਫਿਰਕਾਪ੍ਰਸਤਾਂ ਨੇ।
ਸਾਜਿਸ਼ਾਂ ਬਣਨ ਬੰਦ ਕਮਰਿਆਂ 'ਚ
ਫਲੂਹਾ ਸਿੱਟਿਆ ਜਾਂਦਾ ਭੀੜ ਵੇਖ,
ਕਸ਼ਮੀਰ, ਪੰਜਾਬ, ਛੱਤੀਸਗੜ੍ਹ
ਫਲਸਤੀਨ, ਸੀਰੀਆ, ਲਿਬਲਾਨ ਹੋਵੇ।
ਬੱਚੇ ਵਿਲਕਦੇ ਤੇ ਤਰਸਦੇ
ਤਾਂਘਦੇ ਦੇਖਣ ਨੂੰ ਮਾਪਿਆਂ ਨੂੰ
ਅੱਲ੍ਹੇ ਜ਼ਖਮ ਰਿਸਦੇ ਰਹਿਣਗੇ
ਜਦ ਤੱਕ ਜਿਉਣਗੇ ਜ਼ਿੰਦਗੀ।

*-ਦਰਸ਼ਨਪਾਲ ਦੋਸਾਂਝ*

---

ਸਿਆਸਤ ਦੀ ਹੈ ਝੂਠੀ ਮਾਇਆ
ਸ਼ਰੀਫ ਤੇ ਗਰੀਬ ਕੁਰਬਾਨ ਹੁੰਦੇ।
ਕੁਰਲਾਉਂਦੇ ਬੱਚਿਆਂ ਨੂੰ ਛੱਡ ਲੀਡਰ
ਪਹੁੰਚੇ ਕਿਸੇ ਹੋਰ ਜਹਾਨ ਹੁੰਦੇ।
ਪਿਓ ਵਰਗਾ ਆਸਰਾ ਕੌਣ ਦੇਊ?
ਮਾਂ ਜਿਹੀ ਨਿੱਘ ਨਾ ਕਿਧਰੇ ਜਾਪਦੀ।
ਕੱਢਾਂਗੇ ਜ਼ਿੰਦਗੀ ਭਾਵੇਂ ਧਰਤੀ 'ਤੇ
ਰੂਹ ਸਾਡੀ ਅੰਬਰਾਂ ਵੱਲ ਰਹੂ ਝਾਕਦੀ।

*-ਅਮਰਜੀਤ ਸਿੰਘ ਤੂਰ*
*ਕੁਲਬੁਰਛਿਆਂ ਵਾਲਾ।*
*ਫੋਨ: 91-98784-69639*

---

ਹਾਏ ਰੱਬਾ ਕੀ ਕਹਿਰ ਗੁਜ਼ਾਰਿਆ
ਕਿਥੇ ਛੱਡ ਕੇ ਤੁਰ ਗਏ ਮਾਪੇ।
ਕਿਸ ਨੂੰ ਹਾਲ ਸੁਣਾਈਏ ਰੋ ਰੋ
ਅੱਖਾਂ ਸਾਹਵੇਂ ਹਨੇਰਾ ਆਉਂਦਾ ਜਾਪੇ।
ਮਾਪਿਆਂ ਸਿਰ 'ਤੇ ਬੇਫਿਕਰੀ ਗੁਜ਼ਾਰੀ
ਹੋਏ ਯਤੀਮ, ਲਾਵਾਰਿਸ ਤੇ ਬਸਹਾਰੇ।
ਅਜੋਕੇ ਖੁਦਗਰਜ਼ੀ ਤੇ ਇਕੱਲ ਵਾਲੇ
ਸਮਾਜ ਵਿਚ ਕਿਵੇਂ ਹੋਣਗੇ ਗੁਜ਼ਾਰੇ!

*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਜਿਸ ਤਨ ਲੱਗੇ ਸੋ ਤਨ ਜਾਣੇ
ਹਾਲਾਤ ਦੇ ਝੰਬੇ ਰੋਂਦੇ ਨਿਆਣੇ।
ਕਰਦਾ ਕੋਈ ਤੇ ਭਰਦਾ ਕੋਈ
ਹਰ ਥਾਂ ਇਹੀ ਹੋਣੀ ਜਾਪੇ।
ਆਪੇ ਬੰਬ ਚਲਾਈ ਜਾਂਦੇ
ਦੇਸ਼ ਮੇਰੇ ਦੇ ਰਾਖੇ।
ਮਸਲਾ ਹੋਵੇ ਪੰਜਾਬ ਦਾ
ਚਾਹੇ ਹੋਏ ਕਸ਼ਮੀਰ।
ਭਾਰਤ ਦੇ ਸਿਆਸਤਦਾਨਾਂ ਦੀ
ਸਦਾ ਹੱਸਦੀ ਰਹਿੰਦੀ ਹੀਰ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਦੰਗਿਆਂ ਨੇ, ਪੰਗਿਆਂ ਨੇ,
ਸਰਕਾਰਾਂ ਨੇ, ਗੱਦਾਰਾਂ ਨੇ,
ਬੱਚਿਆਂ ਤੋਂ ਮਾਪੇ ਖੋਹ ਲਏ ਨੇ,
ਮਾਂਵਾਂ ਵਿਧਵਾ ਹੋ ਗਈਆਂ।
ਬਾਜਾਂ ਵਾਲੇ ਬਖਸ਼ੀ ਸੀ ਵੱਖਰੀ ਪਛਾਣ,
ਪਰ ਦੋਵੇਂ ਹੱਥੀਂ ਹੋਣ ਲੱਗਿਆ ਹੈ ਘਾਣ।

*-ਦਵਿੰਦਰ ਕੌਰ*

# ਸਿੱਖ ਰਿਲੀਜੀਅਸ ਸੁਸਾਇਟੀ ਆਫ ਮਿਸ਼ੀਗਨ, ਬੈਟਲ ਕਰੀਕ

3180 BECKLEY RD, BATTLE CREEK, MI 49015

## ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 67ਵੀਂ ਬਰਸੀ ਸਬੰਧੀ


ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਬੈਟਲ ਕਰੀਕ

## ਵਿਸ਼ੇਸ਼ ਸਮਾਗਮ

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 67ਵੀਂ ਬਰਸੀ ਮਿਸ਼ੀਗਨ ਦੇ ਸਾਰੇ ਗੁਰੂ ਘਰਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਬੈਟਲ ਕਰੀਕ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਈ ਜਾ ਰਹੀ ਹੈ

**8 ਜੂਨ 2017, ਵੀਰਵਾਰ** *ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ*

**10 ਜੂਨ 2017, ਸਨਿਚਰਵਾਰ** *ਭੋਗ ਸ੍ਰੀ ਅਖੰਡ ਪਾਠ: ਸਵੇਰੇ 11 ਵਜੇ*

**ਉਪਰੰਤ ਕੀਰਤਨ ਦਰਬਾਰ:** ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਤੇ ਤਾਰਾ ਸਿੰਘ ਦੇ ਜਥੇ ਤੋਂ ਇਲਾਵਾ ਭਾਈ ਸਰਬਜੀਤ ਸਿੰਘ ਅਤੇ ਭਾਈ ਭੁਪਿੰਦਰ ਸਿੰਘ ਦੇ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਨਿਹਾਲ ਕਰਨਗੇ।

**ਆਪ ਸਭ ਨੂੰ ਇਸ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ**


ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।


ਭਾਈ ਹਰਪ੍ਰੀਤ ਸਿੰਘ


ਭਾਈ ਸਰਬਜੀਤ ਸਿੰਘ


ਭਾਈ ਭੁਪਿੰਦਰ ਸਿੰਘ ਸੇਵਕ



ਮਿਸ਼ੀਗਨ ਦੇ ਵੱਖ ਵੱਖ ਗੁਰੂਘਰਾਂ ਦੇ ਮੈਂਬਰ

ਨੋਟ: ਛੋਲੇ-ਭਠੂਰਿਆਂ, ਜਲੇਬੀਆਂ, ਗੋਲ-ਗੱਪਿਆਂ ਅਤੇ ਹਰ ਤਰ੍ਹਾਂ ਦੀਆਂ ਮਿਠਾਈਆਂ ਦੇ ਲੰਗਰਾਂ ਦੀ ਭਰਪੂਰ ਸੇਵਾ ਕੀਤੀ ਜਾਵੇਗੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਹਰਪਾਲ ਸਿੰਘ ਟਾਂਡਾ (ਪ੍ਰਧਾਨ)
ਫੋਨ: 269-420-8135

ਨਰਿੰਦਰ ਸਿੰਘ ਮੁੰਦਰ (ਸਕੱਤਰ)
ਫੋਨ: 269-615-0216

ਮੁਕੰਦ ਸਿੰਘ ਮਾਂਗਟ (ਚੇਅਰਮੈਨ)
ਫੋਨ: 517-819-8413

ਦਲਜੀਤ ਸਿੰਘ (ਕੈਸ਼ੀਅਰ)
ਫੋਨ: 517-795-8547

ਪਵਨਜੀਤ ਸਿੰਘ ਠਾਕਰੀ (ਸਪੋਕਸਮੈਨ)
ਫੋਨ: 269-364-0568

# ਰਾਜਸਥਾਨ 'ਚ ਭੀੜ ਵੱਲੋਂ ਸਿੱਖਾਂ ਦੀ ਕੁੱਟਮਾਰ ਦਾ ਮਸਲਾ ਭਖਿਆ

**ਚੰਡੀਗੜ੍ਹ:** ਰਾਜਸਥਾਨ ਦੇ ਅਜਮੇਰ ਜ਼ਿਲ੍ਹੇ ਵਿਚ ਚਾਰ ਸਿੱਖਾਂ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕਰਨ ਦੀ ਵੀਡੀਓ ਸਾਹਮਣੇ ਆਈ ਹੈ। ਇਹ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਣ ਤੋਂ ਬਾਅਦ ਘੱਟ ਗਿਣਤੀ ਕਮਿਸ਼ਨ ਨੇ ਪ੍ਰਸ਼ਾਸਨ ਨੂੰ ਇਸ ਦੀ ਰਿਪੋਰਟ ਪੇਸ਼ ਕਰਨ ਦੇ ਹੁਕਮ ਦੇ ਦਿੱਤੇ ਹਨ। ਵਧਦੇ ਦਬਾਅ ਪਿੱਛੋਂ ਪੁਲਿਸ ਨੇ ਭੀੜ ਵਿਚ ਸ਼ਾਮਲ ਕੁਝ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਸ ਤੋਂ ਇਲਾਵਾ ਭੀੜ ਨੂੰ ਭੜਕਾਉਣ ਵਾਲੇ ਇਕ ਸਿਪਾਹੀ ਨੂੰ ਲਾਇਨ ਹਾਜ਼ਰ ਕਰ ਦਿੱਤਾ ਗਿਆ ਹੈ। ਇਹ ਵੀਡੀਓ ਅਜਮੇਰ ਜ਼ਿਲ੍ਹੇ ਦੇ ਨਸੀਰਾਬਾਦ ਸਦਰ ਥਾਣੇ ਅਧੀਨ ਆਉਂਦੇ ਚੈਨਪੁਰਾ ਪਿੰਡ ਵਿਚ ਡੇਢ ਮਹੀਨਾ ਪਹਿਲਾਂ ਵਾਪਰੀ ਘਟਨਾ ਨਾਲ ਸਬੰਧਤ ਹੈ।

ਅਲਵਰ ਜ਼ਿਲ੍ਹੇ ਦੇ ਇਕ ਧਾਰਮਕ ਸਥਾਨ ਤੋਂ ਤਿੰਨ-ਚਾਰ ਜਣੇ ਦਾਨ ਇਕੱਠਾ ਕਰਨ ਲਈ ਚਾਰ ਪਹੀਆ ਵਾਹਨ ਰਾਹੀਂ ਚੈਨਪੁਰਾ ਪਿੰਡ ਪੁੱਜੇ ਸਨ। ਮਹਿਲਾਵਾਂ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਲੋਕਾਂ ਨੇ ਇਨ੍ਹਾਂ ਚਾਰਾਂ ਨੂੰ ਕੁਟਾਪਾ ਚਾੜ੍ਹ ਦਿੱਤਾ।



ਪੁਲਿਸ ਨੇ ਛੇੜਛਾੜ ਦੇ ਮੁਲਜ਼ਮਾਂ ਨੂੰ ਧਾਰਾ 151 ਅਧੀਨ ਗ੍ਰਿਫਤਾਰ ਕਰਨ ਪਿੱਛੋਂ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਸੀ। ਪੁਲਿਸ ਨੇ ਚਾਰੇ ਵਿਅਕਤੀਆਂ ਨੂੰ ਪਿੰਡ ਵਾਲਿਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਉਣ ਦਾ ਮੌਕਾ ਦਿੱਤਾ ਸੀ, ਪਰ ਉਨ੍ਹਾਂ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ।

## ਕੈਪਟਨ ਨੇ ਭੀੜ ਉਕਸਾਉਣ ਵਾਲਿਆਂ ਵਿਰੁੱਧ ਕਾਰਵਾਈ ਮੰਗੀ

**ਚੰਡੀਗੜ੍ਹ:** ਅਜਮੇਰ ਵਿਚ ਚਾਰ ਸਿੱਖਾਂ 'ਤੇ ਹੋਏ ਹਮਲੇ ਦੀਆਂ ਰਿਪੋਰਟਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜਸਥਾਨ ਵਿਚ ਆਪਣੀ ਹਮਰੁਤਬਾ ਵਸੁੰਧਰਾ ਰਾਜੇ ਸਿੰਧੀਆ ਨਾਲ ਗੱਲਬਾਤ ਕਰ ਕੇ ਇਸ ਮਾਮਲੇ ਵਿਚ ਉਨ੍ਹਾਂ ਦੇ ਨਿੱਜੀ ਦਖਲ ਦੀ ਮੰਗ ਕੀਤੀ ਹੈ ਤਾਂ ਜੋ ਭੀੜ ਵੱਲੋਂ ਕੀਤੀ ਹਿੰਸਾ ਦੀ ਜਾਂਚ ਕਰ ਕੇ ਭੀੜ ਨੂੰ ਉਕਸਾਉਣ ਵਾਲੇ ਸਿਪਾਹੀ ਵਿਰੁੱਧ ਸਖਤ ਕਾਰਵਾਈ ਨੂੰ ਯਕੀਨੀ ਬਣਾਇਆ ਜਾ ਸਕੇ। ਕੈਪਟਨ ਨੇ ਕਿਹਾ ਕਿ ਉਨ੍ਹਾਂ ਨੂੰ ਇਕ ਸਿਪਾਹੀ ਦੀ ਕਾਰਗੁਜ਼ਾਰੀ ਬਾਰੇ ਸਾਹਮਣੇ ਆਈ ਰਿਪੋਰਟ ਤੋਂ ਵੀ ਹੈਰਾਨੀ ਹੋਈ ਹੈ, ਜਿਸ ਨੇ ਘਟਨਾ ਵਾਲੀ ਥਾਂ 'ਤੇ ਪਹੁੰਚਣ ਤੋਂ ਬਾਅਦ ਵੀ ਪੀੜਤਾਂ ਨੂੰ ਨਹੀਂ ਬਚਾਇਆ ਸਗੋਂ 'ਉਨ੍ਹਾਂ ਨੂੰ ਸਬਕ ਸਿਖਾਉਣ' ਲਈ ਭੀੜ ਨੂੰ ਭੜਕਾਉਂਦਾ ਰਿਹਾ।

## ਸ਼੍ਰੋਮਣੀ ਕਮੇਟੀ ਵੱਲੋਂ ਤਿੰਨ ਮੈਂਬਰੀ ਕਮੇਟੀ ਕਾਇਮ

**ਅੰਮ੍ਰਿਤਸਰ:** ਪਿੰਡ ਚੈਨਪੁਰ ਵਿਚ ਸਥਾਨਕ ਲੋਕਾਂ ਵੱਲੋਂ ਚਾਰ ਸਿੱਖ ਸੇਵਾਦਾਰਾਂ ਦੀ ਕੀਤੀ ਕੁੱਟਮਾਰ ਦਾ ਗੰਭੀਰ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੇ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਹੈ। ਇਸੇ ਤਰ੍ਹਾਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ ਨੇ ਵੀ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਮੁੱਖ ਮੰਤਰੀ ਨੂੰ ਭੇਜੇ ਪੱਤਰ ਵਿਚ ਸਿੱਖਾਂ ਦੀ ਕੁੱਟਮਾਰ ਕਰਨ ਵਾਲੇ ਲੋਕਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

# ਸੀ.ਬੀ.ਐਸ.ਈ. 12ਵੀਂ ਦੇ ਨਤੀਜਿਆਂ ਵਿਚ ਕੁੜੀਆਂ ਦੀ ਚੜ੍ਹਤ ਬਰਕਰਾਰ



**ਨਵੀਂ ਦਿੱਲੀ:** ਸੀ.ਬੀ.ਐਸ.ਈ. ਦੇ 12ਵੀਂ ਦੇ ਨਤੀਜਿਆਂ 'ਚ ਕੁੜੀਆਂ ਨੇ ਇਸ ਵਾਰ ਵੀ ਮੁੰਡਿਆਂ ਨੂੰ ਪਛਾੜਦਿਆਂ 9 ਫੀਸਦੀ ਵੱਧ ਨਤੀਜਾ ਦਿੱਤਾ ਹੈ, ਪਰ ਇਸ ਵਾਰ ਸਮੁੱਚਾ ਨਤੀਜਾ ਇਕ ਫੀਸਦੀ ਡਿੱਗਿਆ ਹੈ। ਇਸ ਵਾਰ ਦੇ ਨਤੀਜਿਆਂ ਵਿਚ ਕੁੜੀਆਂ ਦੀ ਪਾਸ ਫੀਸਦੀ 87.50 ਜਦਕਿ ਮੁੰਡਿਆਂ ਦੀ ਪਾਸ 78 ਫੀਸਦੀ ਰਹੀ ਹੈ।

**ਕੁੜੀਆਂ ਦੀ ਪਾਸ ਫੀਸਦੀ 87.50 ਜਦਕਿ ਮੁੰਡਿਆਂ ਦੀ ਪਾਸ ਫੀਸਦੀ 78**

12ਵੀਂ ਦੇ ਇਸ ਵਾਰ ਦੇ ਨਤੀਜਿਆਂ ਵਿਚ ਕੌਮੀ ਪੱਧਰ 'ਤੇ ਨੋਇਡਾ ਦੀ ਰਕਸ਼ਾ ਗੋਪਾਲ ਨੇ 99.6 ਫੀਸਦੀ ਅੰਕਾਂ ਨਾਲ ਪਹਿਲਾ ਜਦਕਿ ਚੰਡੀਗੜ੍ਹ 'ਚ ਪੜ੍ਹਦੀ ਤੇ ਹਰਿਆਣਾ ਦੇ ਸਿਰਸਾ ਦੀ ਰਹਿਣ ਵਾਲੀ ਭੂਮੀ ਸਾਵੰਤ ਨੇ 99.4 ਫੀਸਦੀ ਅੰਕਾਂ ਨਾਲ ਦੂਜਾ ਅਤੇ ਚੰਡੀਗੜ੍ਹ ਦੀ ਮੰਨਤ ਲੂਥਰਾ ਤੇ ਅਦਿੱਤਿਆ ਜੈਨ ਨੇ 99.2 ਫੀਸਦੀ ਅੰਕ ਲੈ ਕੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ ਹੈ। ਕੇਂਦਰੀ ਮਨੁੱਖੀ ਸੋਮੇ ਵਿਕਾਸ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਮੋਹਰੀ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਹੈ।

ਖੇਤਰਵਾਰ ਤ੍ਰਿਵੇਂਦਰਮ ਵਿਚ ਪਾਸ ਪ੍ਰਤੀਸ਼ਤਤਾ (95.62 ਫੀਸਦੀ) ਸਭ ਤੋਂ ਵੱਧ ਰਹੀ ਜਦਕਿ ਚੇਨਈ (92.60 ਫੀਸਦੀ) ਦੂਜੇ ਤੇ ਦਿੱਲੀ (88.97 ਫੀਸਦੀ) ਤੀਜੇ ਸਥਾਨ 'ਤੇ ਰਿਹਾ। ਸੀ.ਬੀ.ਐਸ.ਈ. ਦੇ ਵਿਦੇਸ਼ਾਂ 'ਚ ਸਥਿਤ ਸਕੂਲਾਂ ਵਿਚ ਪਾਸ ਪ੍ਰਤੀਸ਼ਤਤਾ 92.02 ਫੀਸਦੀ ਰਹੀ ਹੈ। ਇਸ ਸਾਲ 10 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੇ 95 ਫੀਸਦੀ ਤੋਂ ਵੱਧ ਜਦਕਿ 63,247 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ ਹਨ।

# ਦਲਿਤਾਂ ਲਈ ਪੰਚਾਇਤੀ ਜ਼ਮੀਨ ਦੇ ਮਸਲੇ 'ਤੇ ਮੁੜ ਟਕਰਾਅ

**ਲਹਿਰਾਗਾਗਾ:** ਪਿਛਲੇ ਸਾਲ ਵਾਪਰੇ ਜਲੂਰ ਕਾਂਡ ਦੀ ਝਲਕ ਮੁੜ ਪਿੰਡ ਜਲੂਰ ਵਿਚ ਉਸ ਸਮੇਂ ਵੇਖਣ ਨੂੰ ਮਿਲੀ ਜਦੋਂ ਦਲਿਤ ਵਰਗ ਵਾਸਤੇ ਰਾਖਵੀਂ ਜ਼ਮੀਨ ਦੀ ਬੋਲੀ ਸਮੇਂ ਪੁਲਿਸ ਅਤੇ ਪ੍ਰਸ਼ਾਸਨ ਦੀ ਹਾਜ਼ਰੀ ਵਿਚ ਦਲਿਤਾਂ ਵਿਚ ਆਪਸੀ ਟਕਰਾਅ ਹੋਣ ਕਰ ਕੇ ਇਕ ਵਿਅਕਤੀ ਜ਼ਖ਼ਮੀ ਹੋ ਗਿਆ।

ਜਲੂਰ ਵਿਚ ਤਣਾਅ ਦੀ ਸਥਿਤੀ ਹੈ, ਜਿਸ ਕਰ ਕੇ ਪੰਚਾਇਤੀ ਜ਼ਮੀਨ ਦੀ ਬੋਲੀ ਅਗਲੇ ਹੁਕਮਾਂ ਤੱਕ ਰੋਕ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਪੁਲਿਸ ਨੇ ਪਿਛਲੇ ਸਾਲ ਦੀ ਘਟਨਾ ਕਾਰਨ ਲਹਿਰਾਗਾਗਾ, ਮੂਨਕ ਤੇ ਖਨੌਰੀ ਸਮੇਤ ਹੋਰ ਥਾਵਾਂ ਦੀ ਪੁਲਿਸ ਬੁਲਾ ਕੇ ਪਿੰਡ ਨੂੰ ਸੀਲ ਕੀਤਾ ਹੋਇਆ ਸੀ ਅਤੇ ਕਿਸੇ ਬਾਹਰੀ ਵਿਅਕਤੀ ਨੂੰ ਪਿੰਡ ਵਿਚ ਵੜਨ ਨਹੀਂ ਦਿੱਤਾ ਗਿਆ ਸੀ। ਬੀ.ਡੀ.ਪੀ.ਓ. ਲਹਿਰਾਗਾਗਾ ਗੁਰਨੇਤ ਸਿੰਘ ਨੇ ਦੱਸਿਆ ਕਿ ਪਿੰਡ ਦੀ ਪੰਚਾਇਤੀ ਜ਼ਮੀਨ ਨੂੰ ਬੋਲੀ



'ਤੇ ਦੇਣ ਲਈ ਜਨਰਲ ਕੋਟੇ ਦੀ ਬੋਲੀ ਕਿਸੇ ਹੋਰ ਥਾਂ ਅਤੇ ਦਲਿਤਾਂ ਲਈ ਰਾਖਵੀਂ 17.5 ਕਿੱਲੇ ਦੀ ਬੋਲੀ ਪਿੰਡ ਦੀ ਦਲਿਤ ਧਰਮਸ਼ਾਲਾ ਵਿਚ ਪੁਲਿਸ ਦੀ ਹਾਜ਼ਰੀ ਵਿਚ ਰੱਖੀ ਗਈ ਸੀ। ਨੌਂ ਦਲਿਤਾਂ ਨੇ ਪੈਸੇ ਭਰ ਦਿੱਤੇ, ਪਰ ਜਦੋਂ ਪਾਲ ਸਿੰਘ ਨਾਮੀ ਵਿਅਕਤੀ ਨੇ ਪੈਸੇ ਭਰਨੇ ਚਾਹੇ ਤਾਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੇ ਇਤਰਾਜ਼ ਕਰਦਿਆਂ ਨਾਅਰੇਬਾਜ਼ੀ ਕੀਤੀ ਕਿ ਪਾਲ ਸਿੰਘ ਪਿਛਲੇ ਸਾਲ ਸ਼ਹੀਦ ਹੋਈ ਮਾਤਾ ਗੁਰਦੇਵ ਕੌਰ ਦੇ ਕਤਲ ਕੇਸ ਵਿਚ 302 ਦਾ ਮੁਲਜ਼ਮ ਹੈ ਅਤੇ ਭਗੌੜਾ ਹੈ। ਇਸ ਮਗਰੋਂ ਰੌਲਾ ਪੈਣ 'ਤੇ ਦੋਵਾਂ ਧਿਰਾਂ ਵਿਚ ਘਸੁੰਨ ਮੁੱਕੀ ਅਤੇ ਲਾਠੀਆਂ ਚੱਲੀਆਂ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਮੁਕੇਸ਼ ਮਲੌਦ ਅਤੇ ਬਲਵਿੰਦਰ ਜਲੂਰ ਨੇ ਕਿਹਾ ਕਿ ਪੁਲਿਸ ਨੇ ਭਗੌੜੇ ਮੁਲਜ਼ਮ ਨੂੰ ਗ੍ਰਿਫਤਾਰ ਨਹੀਂ ਕੀਤਾ।

# ਸ੍ਰੀਲੰਕਾ ਵਿਚ ਹੜ੍ਹਾਂ ਨੇ ਮਚਾਈ ਭਾਰੀ ਤਬਾਹੀ

**ਕੋਲੰਬੋ:** ਸ੍ਰੀਲੰਕਾ ਵਿਚ 2003 ਤੋਂ ਬਾਅਦ ਆਏ ਸਭ ਤੋਂ ਭਿਆਨਕ ਹੜ੍ਹਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 177 ਹੋ ਗਈ। ਇਸ ਕਾਰਨ ਤਕਰੀਬਨ ਪੰਜ ਲੱਖ ਬਾਸ਼ਿੰਦਿਆਂ ਨੂੰ ਉਜਾੜੇ ਦੀ ਮਾਰ ਝੱਲਣੀ ਪਈ।

ਮੌਸਮ ਠੀਕ ਹੋਣ ਤੇ ਹੜ੍ਹ ਦਾ ਪਾਣੀ ਘਟਣ ਮਗਰੋਂ ਸੁਰੱਖਿਆ ਦਸਤਿਆਂ ਤੇ ਬਚਾਅ ਕਾਮਿਆਂ ਨੇ ਰਾਹਤ ਕਾਰਜ ਵਿੱਢ ਦਿੱਤੇ ਹਨ। ਸ੍ਰੀਲੰਕਾ ਵੱਲੋਂ ਕੌਮਾਂਤਰੀ ਮਦਦ ਦੀ ਅਪੀਲ ਕਰਨ ਉਤੇ ਭਾਰਤ ਹੁੰਗਾਰਾ ਭਰਨ ਵਾਲਾ ਪਹਿਲਾ ਮੁਲਕ ਹੈ, ਜਿਸ ਨੇ ਹੰਗਾਮੀ ਸਪਲਾਈ ਨਾਲ ਸਮੁੰਦਰੀ ਫੌਜ ਦੇ ਤਿੰਨ ਜਹਾਜ਼ ਭੇਜੇ ਹਨ। ਸ੍ਰੀਲੰਕਾ ਦੇ ਵਿਦੇਸ਼ ਮੰਤਰੀ ਰਵੀ ਕਰੁਨਾਨਾਇਕੇ ਨੇ ਭਾਰਤੀ ਜਹਾਜ਼ਾਂ ਦਾ ਸਵਾਗਤ ਕੀਤਾ। ਮੁਸ਼ਕਲ ਮੌਸਮੀ ਹਾਲਾਤ ਕਾਰਨ ਬਾਟੀਕਲੋਆ, ਕੋਲੰਬੋ, ਗਾਲੇ, ਹੰਬਨਟੋਟਾ, ਕਾਲੂਤਾਰਾ, ਕੈਂਡੀ, ਕੇਗਾਲੇ, ਮਟਾਲੇ, ਮਟਾਰਾ, ਮੁਲੀਆਟਿਵੂ, ਰਤਨਾਪੁਰਾ ਵਿਚ ਹੜ੍ਹ ਅਤੇ ਚਟਾਨਾਂ ਖਿਸਕੀਆਂ। ਦੱਖਣੀ ਜ਼ਿਲ੍ਹਾ ਗਾਲੇ ਸਭ ਤੋਂ ਵੱਧ



ਪ੍ਰਭਾਵਤ ਹੈ। ਅਧਿਕਾਰੀਆਂ ਨੇ ਕਿਹਾ ਕਿ ਨਿਲਾਵਾਲਾ ਨਦੀ ਉਤੇ ਬਣਿਆ ਬੰਨ੍ਹ ਟੁੱਟਣ ਦੀ ਸੰਭਾਵਨਾ ਹੈ, ਜਿਸ ਨਾਲ ਪੂਰਾ ਮਟਾਰਾ ਸ਼ਹਿਰ ਡੁੱਬ ਸਕਦਾ ਹੈ। ਆਫਤ ਪ੍ਰਬੰਧਨ ਕੇਂਦਰ ਨੇ ਕਿਹਾ ਕਿ ਤਕਰੀਬਨ 15 ਜ਼ਿਲ੍ਹਿਆਂ ਦੇ 1,14,124 ਪਰਿਵਾਰਾਂ ਨਾਲ ਸਬੰਧਤ 4,42,229 ਜਣੇ ਪ੍ਰਭਾਵਤ ਹੋਏ ਹਨ। ਕੇਂਦਰ ਅਨੁਸਾਰ 177 ਜਣੇ ਮਾਰੇ ਗਏ ਅਤੇ 112 ਲਾਪਤਾ ਹਨ, ਜਦੋਂ ਕਿ 24,603 ਪਰਿਵਾਰਾਂ ਦੇ 1,01,683 ਮੈਂਬਰਾਂ ਨੂੰ 319 ਸੁਰੱਖਿਅਤ ਥਾਵਾਂ ਉਤੇ ਤਬਦੀਲ ਕੀਤਾ ਗਿਆ ਹੈ। ਮੌਸਮ ਵਿਭਾਗ ਨੇ ਕਿਹਾ ਕਿ ਭਾਵੇਂ ਹਾਲ ਦੀ ਘੜੀ ਭਾਰੀ ਬਾਰਸ਼ ਰੁਕ ਗਈ ਹੈ ਪਰ 29 ਮਈ 2017 ਤੋਂ ਬਾਅਦ ਇਸ ਦੀਪ ਦੇ ਦੱਖਣੀ-ਪੱਛਮੀ ਹਿੱਸੇ ਵਿਚ ਮੁੜ ਮੀਂਹ ਦੀ ਸੰਭਾਵਨਾ ਹੈ।

# ਭਗਤ ਸਿੰਘ ਦੇ ਪਿਸਤੌਲ ਨੂੰ 89 ਸਾਲਾਂ ਪਿੱਛੋਂ ਮਿਲਿਆ ਅਸਲ ਟਿਕਾਣਾ

**ਫਿਰੋਜ਼ਪੁਰ:** ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਹੁਸੈਨੀਵਾਲਾ ਭਾਰਤ-ਪਾਕਿਸਤਾਨ ਸਰਹੱਦ ਨੇੜੇ 'ਰੀਟਰੀਟ ਸੈਰੇਮਨੀ ਪੁਆਇੰਟ' ਕੋਲ ਬਣੇ ਮਿਊਜ਼ੀਅਮ ਵਿਚ ਪੱਕੇ ਤੌਰ 'ਤੇ ਰੱਖ ਦਿੱਤਾ ਗਿਆ ਹੈ। ਹੁਣ ਆਮ ਲੋਕ ਰੀਟਰੀਟ ਸੈਰੇਮਨੀ ਦੇ ਸਮੇਂ ਸ਼ਾਮ ਵੇਲੇ ਇਸ ਮਿਊਜ਼ੀਅਮ ਨੂੰ ਵੇਖ ਸਕਿਆ ਕਰੇਗੀ।

ਜ਼ਿਕਰਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਇਸ ਪਿਸਤੌਲ ਨੂੰ ਰੱਖਣ ਵਾਲੀ ਥਾਂ ਬਾਰੇ ਸੋਚਾਂ ਦਾ ਸਿਲਸਿਲਾ ਚੱਲ ਰਿਹਾ ਸੀ। ਸ਼ਹੀਦ ਭਗਤ ਸਿੰਘ ਦੇ ਪਿਸਤੌਲ ਤੋਂ ਨਾਲ ਇਸ ਮਿਊਜ਼ੀਅਮ ਵਿਚ ਸ਼ਹੀਦ ਸੁਖਦੇਵ ਦੇ ਲਿਖੇ ਕੁਝ ਪੱਤਰ ਅਤੇ ਮਹਾਤਮਾ ਗਾਂਧੀ ਵੱਲੋਂ ਦਿੱਤੇ ਜਵਾਬ ਤੋਂ ਇਲਾਵਾ ਬੀ.ਐਸ.ਐਫ. ਨਾਲ ਸਬੰਧਤ ਜਾਣਕਾਰੀ ਵੀ ਦਿੱਤੀ ਗਈ ਹੈ। ਮਿਊਜ਼ੀਅਮ ਦੇ ਗੇਟ 'ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਮੂਰਤੀਆਂ ਲਾਈਆਂ ਗਈਆਂ ਹਨ। ਯਾਦ ਰਹੇ ਕਿ



ਪੁਆਇੰਟ 32 ਬੋਰ ਦਾ ਸ਼ਹੀਦ ਭਗਤ ਸਿੰਘ ਦਾ ਪਿਸਤੌਲ 22 ਦਸੰਬਰ 1903 ਨੂੰ ਅਮਰੀਕਾ ਦੀ ਕੋਲਟ ਕੰਪਨੀ ਨੇ ਬਣਾਇਆ ਸੀ। 17 ਦਸੰਬਰ 1928 ਨੂੰ ਪੰਜਾਬ ਸਿਵਲ ਸੈਕਟਰੀਏਟ ਲਾਹੌਰ ਦੇ ਬਾਹਰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਇਸੇ ਪਿਸਤੌਲ ਨਾਲ ਪੰਜਾਬ ਪੁਲਿਸ ਦੇ ਅੰਗਰੇਜ਼ ਏ.ਐਸ.ਪੀ. ਜਾਨ ਸਾਂਡਰਸ ਨੂੰ ਮਾਰਿਆ ਸੀ। 1969 ਤੱਕ ਇਹ ਪਿਸਤੌਲ ਪੰਜਾਬ ਪੁਲਿਸ ਅਕੈਡਮੀ ਫਿਲੌਰ ਹੁੰਦਾ ਸੀ, ਬਾਅਦ ਵਿਚ ਕੇਂਦਰੀ ਵਿਦਿਆਲਿਆ ਨੂੰ ਟਰੇਨਿੰਗ ਦੇਣ ਦੇ ਮਕਸਦ ਨਾਲ ਇੰਦੌਰ ਦੇ ਬੀ.ਐਸ.ਐਫ. ਹੈਡਕੁਆਰਟਰ ਵਿਖੇ ਰੱਖ ਦਿੱਤਾ ਗਿਆ।

## ਪਾਕਿ ਵੱਲੋਂ ਭਗਤ ਸਿੰਘ ਦੇ ਸਕੂਲ ਦਾ ਨਵ-ਨਿਰਮਾਣ

**ਲਾਹੌਰ:** ਪਾਕਿਸਤਾਨ ਸਰਕਾਰ ਨੇ ਜ਼ਿਲ੍ਹਾ ਫੈਸਲਾਬਾਦ ਦੇ ਪਿੰਡ ਬੰਗਾ ਦੇ ਬਦਲੇ ਹੋਏ ਨਾਂ 'ਭਗਤਪੁਰ' ਨੂੰ ਅਜੇ ਤੱਕ ਸਰਕਾਰੀ ਤੌਰ 'ਤੇ ਮਾਨਤਾ ਨਹੀਂ ਦਿੱਤੀ, ਪਰ ਪਿੰਡ ਚੱਕ ਨੰਬਰ 105 ਵਿਚ ਮੌਜੂਦ ਜਿਹੜੇ ਪ੍ਰਾਇਮਰੀ ਸਕੂਲ ਵਿਚ ਭਗਤ ਸਿੰਘ ਨੇ ਪ੍ਰਾਇਮਰੀ ਦੀ ਪੜ੍ਹਾਈ ਕੀਤੀ ਸੀ, ਉਸ ਦਾ ਨਵ-ਨਿਰਮਾਣ ਮੁਕੰਮਲ ਕਰਵਾ ਲਿਆ ਗਿਆ ਹੈ। ਉਪਰੋਕਤ ਸਕੂਲ ਵਿਚ ਭਗਤ ਸਿੰਘ ਦੀ ਕਲਾਸ ਦੇ ਕਮਰੇ ਦੀ ਛੱਤ ਰੱਖ-ਰਖਾਅ ਦੀ ਕਮੀ ਦੇ ਕਾਰਨ ਅਲੋਪ ਹੋ ਚੁੱਕੀ ਸੀ, ਕੰਧਾਂ ਵਿਚ ਦਰਾੜਾਂ ਪੈ ਚੁੱਕੀਆਂ ਸਨ ਅਤੇ ਪੂਰੀ ਇਮਾਰਤ ਦੇ ਢਹਿ ਜਾਣ ਦਾ ਖਤਰਾ ਵੀ ਬਣਿਆ ਹੋਇਆ ਹੈ। ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੇ ਪਾਕਿਸਤਾਨੀ ਪ੍ਰਸ਼ੰਸਕਾਂ ਦੀ ਲੰਮੇ ਸਮੇਂ ਤੋਂ ਮੰਗ ਦੇ ਕਾਰਨ ਸਰਕਾਰ ਵੱਲੋਂ ਉਪਰੋਕਤ ਸਕੂਲ ਦਾ ਨਵ ਨਿਰਮਾਣ ਮੁਕੰਮਲ ਕਰਵਾ ਲਿਆ ਗਿਆ। ਦੱਸਿਆ ਜਾਂਦਾ ਹੈ ਕਿ ਭਗਤ ਸਿੰਘ ਦੇ ਪ੍ਰਸ਼ੰਸਕਾਂ ਨੇ ਇਹ ਵੀ ਮੰਗ ਕੀਤੀ ਸੀ ਕਿ ਉਸ ਸਰਕਾਰੀ ਪ੍ਰਾਇਮਰੀ ਸਕੂਲ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਿਆ ਜਾਵੇ, ਪਰ ਇਸ ਨੂੰ ਨਜ਼ਰ ਅੰਦਾਜ਼ ਕਰਦਿਆਂ ਸਕੂਲ ਦੇ ਬਾਹਰ 'ਗੌਰਮਿੰਟ ਹਾਈ ਸਕੂਲ, 105/ਜੀ ਬੀ, ਬੰਗਾਵਾਲਾ, ਹਿੱਸਾ ਪ੍ਰਾਇਮਰੀ' ਦਾ ਬੋਰਡ ਲਾ ਦਿੱਤਾ ਗਿਆ ਹੈ।

# ਗੁਰੂ ਨਗਰੀ ਦੁਆਲੇ ਪ੍ਰਦੂਸ਼ਣ ਘਟਾਉਣ ਵਾਲੀ ਮੁਹਿੰਮ ਰੰਗ ਲਿਆਈ



**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਪ੍ਰਦੂਸ਼ਣ ਵਿਚ ਕਮੀ ਆਈ ਹੈ ਅਤੇ ਵਾਤਾਵਰਣ ਠੀਕ ਹੋਣ ਲੱਗਾ ਹੈ। ਇਹ ਖੁਲਾਸਾ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਸਥਾਪਤ ਕੀਤੇ ਪ੍ਰਦੂਸ਼ਣ ਮਾਪਕ ਯੰਤਰ ਤੋਂ ਹੋਇਆ ਹੈ। ਇਹ ਯੰਤਰ ਕੁਝ ਸਮਾਂ ਪਹਿਲਾਂ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਬਣੇ ਗਲਿਆਰੇ ਵਿਚ ਸਥਾਪਤ ਕੀਤਾ ਗਿਆ ਸੀ। ਇਸ ਯੰਤਰ ਰਾਹੀਂ ਹਰਿਮੰਦਰ ਸਾਹਿਬ ਅਤੇ ਆਲੇ-ਦੁਆਲੇ ਦੇ ਪ੍ਰਦੂਸ਼ਣ 'ਤੇ ਨਜ਼ਰ ਰੱਖੀ ਜਾਂਦੀ ਹੈ।


ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਡਿਪਟੀ ਡਾਇਰੈਕਟਰ ਚਰਨਜੀਤ ਸਿੰਘ ਨੇ ਦੱਸਿਆ ਕਿ ਇਸ ਰੂਹਾਨੀ ਅਸਥਾਨ ਦੇ ਆਲੇ-ਦੁਆਲੇ ਪ੍ਰਦੂਸ਼ਣ ਵਿਚ ਕਮੀ ਆਈ ਹੈ ਅਤੇ ਵਾਤਾਵਰਣ ਕੁਦਰਤ ਪੱਖੀ ਬਣ ਰਿਹਾ ਹੈ। ਮੌਜੂਦਾ ਅਧਿਐਨ ਮੁਤਾਬਕ ਇਥੇ ਪ੍ਰਦੂਸ਼ਣ ਦੇ ਕਣਾਂ ਪਾਰਟੀਕੁਲੇਟ ਮੈਟਰ (ਪੀ.ਐਮ 10) ਦੀ ਮਾਤਰਾ 88.10 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਪਾਈ ਗਈ ਹੈ, ਜੋ ਕਿ ਇਤਿਹਾਸਕ ਸਥਾਨਾਂ ਲਈ ਖਤਰੇ ਦੇ ਨਿਸ਼ਾਨ 100 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਤੋਂ ਘੱਟ ਹੈ।

ਇਸੇ ਤਰ੍ਹਾਂ ਨਾਈਟਰੋਜਨ ਡੀ-ਆਕਸਾਈਡ, ਜੋ ਵਾਹਨਾਂ ਦੇ ਪ੍ਰਦੂਸ਼ਣ ਤੋਂ ਪੈਦਾ ਹੁੰਦੀ ਹੈ, ਵੀ ਘੱਟ ਕੇ 14.14 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਪਾਈ ਗਈ ਹੈ। ਪ੍ਰਦੂਸ਼ਣ ਕਣ ਪੀ.ਐਮ 2.5 ਦੀ ਮਾਤਰਾ 40 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਪਾਈ ਗਈ ਹੈ ਜਦੋਂਕਿ ਪਹਿਲਾਂ ਇਹ 60 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਹੁੰਦੀ ਸੀ। ਇਸ ਤੋਂ ਪਹਿਲਾਂ ਜੁਲਾਈ 2016 ਵਿਚ ਜਾਰੀ ਕੀਤੇ ਤਿਮਾਹੀ ਵੇਰਵੇ ਵਿਚ ਇਥੇ ਪ੍ਰਦੂਸ਼ਣ ਖਤਰੇ ਦੇ ਨਿਸ਼ਾਨ 'ਤੇ ਸੀ। ਉਸ ਵੇਲੇ ਪ੍ਰਦੂਸ਼ਣ ਕਣ ਪੀ.ਐਮ. 10 ਦੀ ਮਾਤਰਾ 125 ਤੋਂ 175 ਐਮ.ਜੀ. ਪ੍ਰਤੀ ਕਿਊਬਿਕ ਮੀਟਰ ਅਤੇ ਪੀ.ਐਮ 2.5 ਦੀ ਮਾਤਰਾ 22 ਤੋਂ 70 ਐਮ.ਜੀ ਦਰਮਿਆਨ ਸੀ। ਉਨ੍ਹਾਂ ਕਿਹਾ ਕਿ ਹੁਣ ਇਸ ਪ੍ਰਦੂਸ਼ਣ ਮਾਪਕ ਯੰਤਰ ਨਾਲ ਰੋਜ਼ਾਨਾ ਪ੍ਰਦੂਸ਼ਣ ਦੀ ਮਾਤਰਾ ਨੂੰ ਮਾਪਿਆ ਜਾ ਰਿਹਾ ਹੈ। ਪ੍ਰਦੂਸ਼ਣ ਵਿਚ ਲਗਾਤਾਰ ਕਮੀ ਆ ਰਹੀ ਹੈ। ਪਿਛਲੇ ਕੁਝ ਮਹੀਨਿਆਂ ਵਿਚ ਕੀਤੇ ਗਏ ਅਧਿਐਨ ਤੋਂ ਸਪੱਸ਼ਟ ਹੈ ਕਿ ਪ੍ਰਦੂਸ਼ਣ ਘਟਿਆ ਹੈ ਅਤੇ ਕਾਬੂ ਹੇਠ ਹੈ। ਵਿਭਾਗ ਵੱਲੋਂ ਇਹ ਵੇਰਵੇ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਵੀ ਭੇਜੇ ਜਾ ਰਹੇ ਹਨ।

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਅਗਲੇ ਛੇ ਤੋਂ ਅੱਠ ਮਹੀਨੇ ਵਿਚ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ ਸ਼ੁਰੂ ਹੋ ਜਾਵੇਗੀ। ਇਥੇ ਅਤਿ ਆਧੁਨਿਕ ਰਸੋਈ ਤਿਆਰ ਕੀਤੀ ਗਈ ਹੈ, ਜਿਥੇ ਵਧੇਰੇ ਐਲ.ਪੀ.ਜੀ. ਗੈਸ ਅਤੇ ਬਿਜਲੀ ਉਪਕਰਨਾਂ ਰਾਹੀਂ ਲੰਗਰ ਤਿਆਰ ਹੋਵੇਗਾ। ਇਸ ਨਾਲ ਪ੍ਰਦੂਸ਼ਣ ਨੂੰ ਕਾਬੂ ਕਰਨ ਵਿਚ ਹੋਰ ਮਦਦ ਮਿਲੇਗੀ। ਪ੍ਰਦੂਸ਼ਣ ਘਟਣ ਦੇ ਪ੍ਰਮੁੱਖ ਕਾਰਕਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਨੇੜੇ ਬਣਿਆ ਵਿਰਾਸਤੀ ਮਾਰਗ, ਵਾਹਨਾਂ ਦੀ ਆਵਾਜਾਈ 'ਤੇ ਰੋਕ, ਜਨਰੇਟਰਾਂ ਦਾ ਘੱਟ ਚੱਲਣਾ, ਉਸਾਰੀ ਦਾ ਕੰਮ ਖਤਮ ਹੋਣਾ, ਸੁਨਿਆਰਿਆਂ ਦੀ ਭੱਠੀ ਵਿਚ ਕੋਲੇ ਦੀ ਥਾਂ ਐਲ.ਪੀ.ਜੀ. ਗੈਸ ਦੀ ਵਰਤੋਂ ਤੇ ਹੋਰ ਕਈ ਕਾਰਨ ਸ਼ਾਮਲ ਹਨ।

# ਮਹਾਨ ਕੋਸ਼ ਨਾਲ ਛੇੜਛਾੜ ਤੋਂ ਸ਼੍ਰੋਮਣੀ ਕਮੇਟੀ ਖਫਾ




**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਉਘੇ ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਦਾ ਪੰਜਾਬੀ ਯੂਨੀਵਰਸਿਟੀ ਵੱਲੋਂ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕਰ ਕੇ ਇਸ ਦੇ ਅਸਲ ਸਰੂਪ ਨੂੰ ਵਿਗਾੜਨ ਦਾ ਦੋਸ਼ ਲਾਉਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਇਸ ਦੀਆਂ ਹੁਣ ਤੱਕ ਪ੍ਰਕਾਸ਼ਤ ਕੀਤੀਆਂ ਜਾ ਚੁੱਕੀਆਂ 20 ਹਜ਼ਾਰ ਕਾਪੀਆਂ ਨੂੰ ਜ਼ਬਤ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਇਸ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਉਨ੍ਹਾਂ ਦਾ ਧਿਆਨ ਦੁਆਉਂਦਿਆਂ ਕਿਹਾ ਹੈ ਕਿ ਮਹਾਨ ਕੋਸ਼ ਪਟਿਆਲਾ ਰਿਆਸਤ ਦੇ ਤਤਕਾਲੀ ਮਹਾਰਾਜਾ ਭੁਪਿੰਦਰ ਸਿੰਘ ਜੋ ਉਨ੍ਹਾਂ (ਕੈਪਟਨ) ਦੇ ਦਾਦਾ ਸਨ, ਵੱਲੋਂ ਸਾਰਾ ਖਰਚ ਕਰ ਕੇ ਤਿਆਰ ਕਰਵਾਇਆ ਗਿਆ ਸੀ, ਜਿਸ ਨੂੰ ਕਈ ਸਾਲ ਲੱਗੇ ਸਨ।

ਪ੍ਰੋ. ਬਡੂੰਗਰ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨਾਂ ਵੱਲੋਂ ਮਹਾਨ ਕੋਸ਼ ਨਾਲ ਕੀਤੀ ਗਈ ਛੇੜ-ਛਾੜ ਗੈਰ-ਜ਼ਿੰਮੇਵਾਰਾਨਾ ਹੈ, ਇਸ ਲਈ ਮਾਮਲੇ ਨੂੰ ਪੰਜਾਬ ਸਰਕਾਰ ਗੰਭੀਰਤਾ ਨਾਲ ਲਵੇ। ਉਨ੍ਹਾਂ ਕਿਹਾ ਕਿ ਮਹਾਨ ਕੋਸ਼ ਸਿੱਖ ਕੌਮ ਦੀ ਮਹਾਨ ਵਿਰਾਸਤ ਅਤੇ ਅਹਿਮ ਦਸਤਾਵੇਜ਼ ਹੈ ਜਿਸ ਨਾਲ ਛੇੜਛਾੜ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਘਟਨਾਕ੍ਰਮ ਨਾਲ ਦੇਸ਼-ਵਿਦੇਸ਼ ਵਿਚ ਵਸਦੇ ਸਿੱਖ ਵਿਦਵਾਨਾਂ ਅਤੇ ਖੋਜਕਾਰਾਂ ਦੇ ਹਿਰਦਿਆਂ ਨੂੰ ਗਹਿਰੀ ਠੇਸ ਪੁੱਜੀ ਹੈ।

### ਦਿੱਲੀ ਕਮੇਟੀ ਵੱਲੋਂ ਕੈਪਟਨ ਨੂੰ ਘੇਰਾ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਵੈ-ਜੀਵਨੀ ਵਿਚ ਤਤਕਾਲੀ ਪ੍ਰਧਾਨ ਮੰਤਰੀ ਚੰਦਰਸ਼ੇਖਰ ਦੇ ਕਾਰਜਕਾਲ ਦੌਰਾਨ 21 ਸਿੱਖ ਨੌਜਵਾਨਾਂ ਨੂੰ ਆਤਮ-ਸਮਰਪਣ ਉਪਰੰਤ ਪੁਲਿਸ ਵੱਲੋਂ ਕਤਲ ਕੀਤੇ ਜਾਣ ਦਾ ਖੁਲਾਸਾ ਕੀਤਾ ਹੈ ਅਤੇ 17 ਮਈ 2017 ਨੂੰ ਕੈਪਟਨ ਨੇ ਟਵੀਟਰ ਰਾਹੀਂ, ਇਸ ਆਤਮ-ਸਮਰਪਣ ਦੇ ਮਾਮਲੇ 'ਚ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ 'ਤੇ ਧੋਖਾ ਦੇਣ ਦਾ ਦੋਸ਼ ਲਗਾਇਆ ਕਿਉਂਕਿ 90ਵੇਂ ਦਹਾਕੇ 'ਚ ਉਕਤ 21 ਨੌਜਵਾਨ ਸਿੱਖਾਂ ਦਾ ਆਤਮ-ਸਮਰਪਣ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਰਵਾਇਆ ਗਿਆ ਸੀ। ਉਧਰ, ਦਿੱਲੀ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕੈਪਟਨ ਦੇ ਹੱਥ ਬੇਗੁਨਾਹ ਸਿੱਖਾਂ ਦੇ ਕਤਲ ਨਾਲ ਰੰਗੇ ਹੋਣ ਦਾ ਦਾਅਵਾ ਕਰਦੇ ਹੋਏ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ 'ਚ ਇਸ ਸਬੰਧੀ ਕੈਪਟਨ ਦੇ ਖਿਲਾਫ਼ ਮੁਕੱਦਮਾ ਦਰਜ ਕਰਵਾਉਣ ਦਾ ਐਲਾਨ ਕੀਤਾ ਹੈ। ਹੁਣ ਕੈਪਟਨ ਦੇ ਦਾਅਵੇ ਨਾਲ ਸਾਬਤ ਹੋ ਗਿਆ ਹੈ ਕਿ ਪਿਛਲੇ ਸਮਿਆਂ ਦੌਰਾਨ ਪੁਲਿਸ ਪ੍ਰਸ਼ਾਸਨ ਵੱਲੋਂ ਨੌਜਵਾਨ ਸਿੱਖਾਂ ਨੂੰ ਭਾਰੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਸੀ। ਕੈਪਟਨ ਦੀ ਕੇ. ਪੀ.ਐਸ. ਗਿੱਲ ਨਾਲ ਮੁਲਾਕਾਤ 'ਤੇ ਸਵਾਲ ਖੜ੍ਹੇ ਕਰਦੇ ਹੋਏ ਉਕਤ ਆਗੂਆਂ ਨੇ ਕਿਹਾ ਕਿ ਨਿਰਦੋਸ਼ ਸਿੱਖ ਨੌਜਵਾਨਾਂ ਦੇ ਕਤਲ ਦੇ ਦੋਸ਼ੀ ਕੇ.ਪੀ.ਐਸ. ਗਿੱਲ ਨਾਲ ਗਲਵਕੜੀ ਪਾ ਕੇ ਕੈਪਟਨ ਕੀ ਸਾਬਤ ਕਰਨਾ ਚਾਹੁੰਦੇ ਹਨ।

# ਦੁਬਈ ਵਿਚ 10 ਪੰਜਾਬੀਆਂ ਦੀ ਫਾਂਸੀ ਦੀ ਸਜ਼ਾ ਮੁਆਫ



**ਪਟਿਆਲਾ:** ਆਬੂ ਧਾਬੀ ਵਿਚ ਪਾਕਿਸਤਾਨੀ ਨੌਜਵਾਨ ਦੇ ਕਤਲ ਸਬੰਧੀ 10 ਪੰਜਾਬੀਆਂ ਨੂੰ ਸੁਣਾਈ ਫਾਂਸੀ ਦੀ ਸਜ਼ਾ 'ਬਲੱਡ ਮਨੀ' ਦੇਣ ਬਾਅਦ ਅਦਾਲਤ ਨੇ ਮੁਆਫ ਕਰ ਦਿੱਤੀ ਹੈ। ਇਨ੍ਹਾਂ ਦਸ ਵਿਚੋਂ ਪੰਜ ਤਾਂ ਛੇਤੀ ਹੀ ਰਿਹਾਅ ਹੋ ਕੇ ਵਤਨ ਪਰਤ ਆਉਣਗੇ, ਕਿਉਂਕਿ ਉਹ ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਪਹਿਲਾਂ ਹੀ ਭੁਗਤ ਚੁੱਕੇ ਹਨ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਮ੍ਰਿਤਕ ਦੇ ਵਾਰਸਾਂ ਨਾਲ ਬਲੱਡ ਮਨੀ (60 ਲੱਖ ਰੁਪਏ) ਤਹਿਤ ਹੋਏ ਸਮਝੌਤੇ ਅਧੀਨ ਅਦਾਲਤ ਵੱਲੋਂ ਕੁਝ ਮਹੀਨੇ ਪਹਿਲਾਂ ਹੀ ਮੁਆਫ ਕਰ ਦਿੱਤੀ ਗਈ ਸੀ ਪਰ ਇਸ 'ਤੇ ਮੋਹਰ ਹੁਣ ਲਾਈ ਗਈ ਹੈ।

13 ਜੁਲਾਈ 2015 ਨੂੰ ਪਾਕਿਸਤਾਨੀ ਨੌਜਵਾਨ ਮੁਹੰਮਦ ਫਰਾਨ ਦੇ ਕਤਲ ਕੇਸ ਵਿਚ ਇਨ੍ਹਾਂ ਨੂੰ ਅਕਤੂਬਰ 2016 'ਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।

ਸ੍ਰੀ ਓਬਰਾਏ ਨੇ ਦੱਸਿਆ ਕਿ ਇਸ ਦੌਰਾਨ ਅਦਾਲਤ ਵੱਲੋਂ ਚੰਦਰ ਸ਼ੇਖਰ ਨਵਾਂ ਸ਼ਹਿਰ ਤੇ ਚਮਕੌਰ ਸਿੰਘ ਮਾਲੇਰਕੋਟਲਾ ਨੂੰ ਸਾਢੇ ਤਿੰਨ ਸਾਲ, ਸਤਮਿੰਦਰ ਸਿੰਘ ਠੀਕਰੀਵਾਲਾ, ਧਰਮਵੀਰ ਸਿੰਘ ਸਮਰਾਲਾ, ਗੁਰਪ੍ਰੀਤ ਸਿੰਘ ਪਟਿਆਲਾ ਨੂੰ ਤਿੰਨ ਤਿੰਨ ਸਾਲ, ਕੁਲਵਿੰਦਰ ਸਿੰਘ ਲੁਧਿਆਣਾ, ਤਰਸੇਮ ਸਿੰਘ ਮੱਧ ਤੇ ਜਗਜੀਤ ਸਿੰਘ ਗੁਰਦਾਸਪੁਰ ਨੂੰ ਇਕ-ਇਕ ਸਾਲ ਜਦਕਿ ਬਲਵਿੰਦਰ ਸਿੰਘ ਚਲਾਂਗ, ਹਰਜਿੰਦਰ ਸਿੰਘ ਮੁਹਾਲੀ ਨੂੰ ਡੇਢ ਸਾਲ ਦੀ ਕੈਦ ਦੀ ਸਜ਼ਾ ਹੋਈ ਹੈ, ਪਰ ਦੋ ਸਾਲ ਤੱਕ ਦੀ ਸਜ਼ਾ ਵਾਲੇ ਪੰਜ ਜਣੇ ਜਲਦੀ ਰਿਹਾਅ ਹੋ ਕੇ ਵਤਨ ਪਰਤ ਆਉਣਗੇ। ਉਹ ਇਹ ਸਜ਼ਾ ਪਹਿਲਾਂ ਹੀ ਭੁਗਤ ਚੁੱਕੇ ਹਨ। ਬਾਕੀ ਪੰਜ ਵੀ ਸਾਲ ਦੇ ਅੰਤ ਵਿਚ ਰਿਹਾਅ ਹੋ ਜਾਣਗੇ।

## ਅਮਰੀਕਾ ਦੀ ਸਾਊਥ ਚਾਈਨਾ 'ਚ ਦਸਤਕ

**ਵਾਸ਼ਿੰਗਟਨ:** ਵਿਵਾਦਗ੍ਰਸਤ ਇਲਾਕੇ ਸਾਊਥ ਚਾਈਨਾ ਵਿਚ ਅਮਰੀਕਾ ਤੇ ਚੀਨ ਇਕ ਵਾਰ ਫਿਰ ਆਹਮੋ-ਸਾਹਮਣੇ ਹਨ। ਤਾਜ਼ਾ ਵਿਵਾਦ ਅਮਰੀਕੀ ਜੰਗੀ ਬੇੜੇ ਦੇ ਵਿਵਾਦਮਈ ਇਲਾਕੇ ਵਿਚ 12 ਨੋਟੀਕਲ ਮੀਲ ਅੰਦਰ ਤੱਕ ਪਹੁੰਚ ਜਾਣਾ ਹੈ। ਅਮਰੀਕੀ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਕੌਮਾਂਤਰੀ ਵਪਾਰ ਲਈ ਕਾਫੀ ਅਹਿਮੀਅਤ ਰੱਖਣ ਵਾਲੇ ਸਾਊਥ ਚਾਈਨਾ ਸਮੁੰਦਰ ਵਿਚ ਪਹਿਲੀ ਵਾਰ ਵਾਸ਼ਿੰਗਟਨ ਨੇ ਅਜਿਹਾ ਕਦਮ ਚੁੱਕਿਆ ਹੈ।

ਅਮਰੀਕਾ ਨੇ ਅਧਿਕਾਰਤ ਤੌਰ ਉਤੇ ਦੱਸਿਆ ਕਿ ਜੰਗੀ ਬੇੜਾ ਵਿਵਾਦਮਈ ਇਲਾਕੇ ਦੇ ਕਾਫੀ ਨਜ਼ਦੀਕ ਪਹੁੰਚ ਗਿਆ ਹੈ। ਵਿਵਾਦਮਈ ਇਲਾਕਾ ਅਸਲ ਵਿਚ ਸਪ੍ਰੈਟਲੀ ਹੈ ਜੋ ਛੋਟੇ ਦੀਪ, ਚਟਾਨਾਂ ਤੇ ਰੇਤਲੇ ਇਲਾਕੇ ਨਾਲ ਮਿਲ ਕੇ ਬਣਿਆ ਹੈ। ਚੀਨ ਸਪੈਟਲੀ ਉਤੇ ਆਪਣਾ ਦਾਅਵਾ ਕਰਦਾ ਹੈ। ਦੂਜੇ ਪਾਸੇ ਵੀਅਤਨਾਮ, ਤਾਇਵਾਨ ਤੇ ਕੁਝ ਹੋਰ ਦੇਸ਼ ਇਸ ਇਲਾਕੇ ਉਤੇ ਆਪਣਾ ਦਾਅਵਾ ਕਰਦੇ ਹਨ। ਅਮਰੀਕਾ ਨੇ ਇਹ ਕਦਮ ਉਦੋਂ ਚੁੱਕਿਆ ਹੈ ਜਦੋਂ ਉਹ ਨਾਰਥ ਕੋਰੀਆ ਦੇ ਮਾਮਲੇ ਨਾਲ ਨਜਿੱਠਣ ਲਈ ਚੀਨ ਦੇ ਸਹਿਯੋਗ ਦੀ ਮੰਗ ਕਰਦਾ ਹੈ। ਅਮਰੀਕਾ ਨਾਰਥ ਕੋਰੀਆ ਦੇ ਪਰਮਾਣੂ ਤੇ ਮਿਜ਼ਾਈਲ ਪ੍ਰੋਗਰਾਮ ਉਤੇ ਰੋਕ ਲਾਉਣਾ ਚਾਹੁੰਦਾ ਹੈ।

## ਸਜ਼ਾ ਮਗਰੋਂ ਨੌਜਵਾਨ ਨੇ ਅਦਾਲਤ ਦੀ ਦੂਜੀ ਮੰਜ਼ਿਲ ਤੋਂ ਛਾਲ ਮਾਰੀ

**ਗੁਰਦਾਸਪੁਰ:** ਨਸ਼ਾ ਤਸਕਰੀ ਦੇ ਦੋਸ਼ੀ ਨੇ ਅਦਾਲਤ ਵੱਲੋਂ 10 ਸਾਲ ਦੀ ਸਜ਼ਾ ਸੁਣਾਉਣ 'ਤੇ ਜ਼ਿਲ੍ਹਾ ਕਚਹਿਰੀ ਕੰਪਲੈਕਸ ਦੀ ਦੂਜੀ ਮੰਜ਼ਿਲ ਉਤੋਂ ਛਾਲ ਮਾਰ ਦਿੱਤੀ। ਪਿੰਡ ਵਰਿਆਮ ਨੰਗਲ ਵਾਸੀ ਨਿਰਵੈਰ ਸਿੰਘ ਖਿਲਾਫ ਸਾਲ 2014 ਵਿਚ ਬਟਾਲਾ ਪੁਲਿਸ ਨੇ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕੀਤਾ ਸੀ।

ਇਸ ਕੇਸ ਵਿਚ ਅਦਾਲਤ ਨੇ ਜਦੋਂ ਉਸ ਨੂੰ 10 ਸਾਲਾਂ ਦੀ ਸਜ਼ਾ ਸੁਣਾਈ ਤਾਂ ਉਸ ਨੇ ਹੇਠਾਂ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਨਿਰਵੈਰ ਸਿੰਘ ਦੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਸ ਖਿਲਾਫ ਝੂਠਾ ਕੇਸ ਦਰਜ ਕੀਤਾ ਗਿਆ ਸੀ।

# ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਲਈ ਇਕਜੁਟਤਾ ਦਾ ਸੱਦਾ



**ਅੰਮ੍ਰਿਤਸਰ:** ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਅਕਾਲ ਤਖਤ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਵੱਲੋਂ ਦੇਸ਼ ਭਰ ਵਿਚ ਸ਼ਾਂਤਮਈ ਲਹਿਰ ਵਿੱਢਣ ਦਾ ਫੈਸਲਾ ਕੀਤਾ ਗਿਆ। ਇਸ ਤਹਿਤ ਛੇਤੀ ਹੀ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜੋ ਗੁਰਦੁਆਰੇ ਦੀ ਮੁੜ ਸਥਾਪਤੀ ਸਬੰਧੀ ਕਾਰਵਾਈ ਨੂੰ ਅਗਾਂਹ ਤੋਰੇਗੀ। ਇਹ ਖੁਲਾਸਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਿੱਖ ਜਥੇਬੰਦੀਆਂ ਦੀ ਮੀਟਿੰਗ

ਮਗਰੋਂ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਛੇਤੀ ਹੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਸੱਦੀ ਜਾਵੇਗੀ, ਜਿਸ ਵਿਚ ਅੱਜ ਦੀ ਮੀਟਿੰਗ ਦੌਰਾਨ ਸੁਝਾਵਾਂ 'ਤੇ ਚਰਚਾ ਕੀਤੀ ਜਾਵੇਗੀ। ਇਨ੍ਹਾਂ ਸੁਝਾਵਾਂ ਤਹਿਤ ਹੀ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਤੇ ਹੋਰਨਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਸਹਿਮਤੀ ਨਾਲ ਇਕ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਹ ਕਮੇਟੀ ਗੁਰਦੁਆਰੇ ਦੀ ਮੁੜ ਸਥਾਪਨਾ ਲਈ ਸਿਆਸੀ ਅਤੇ ਸਮਾਜਿਕ ਪੱਧਰ 'ਤੇ ਅਗਲੀ ਕਾਰਵਾਈ ਕਰੇਗੀ।

ਉਨ੍ਹਾਂ ਸਪੱਸ਼ਟ ਕੀਤਾ ਕਿ ਮੀਟਿੰਗ ਵਿਚ ਸਮੂਹ ਸਿੱਖ ਜਥੇਬੰਦੀਆਂ ਇਕਮਤ ਸਨ ਕਿ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਹਰਿ ਕੀ ਪਉੜੀ ਵਿਖੇ ਹੀ ਜਗ੍ਹਾ ਪ੍ਰਾਪਤ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਇਹ ਉਹ ਥਾਂ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਦਾਸੀ ਦੌਰਾਨ ਲੋਕਾਂ ਨੂੰ ਸਿੱਧੇ ਰਾਹ ਪਾਇਆ ਸੀ। ਇਹ ਇਤਿਹਾਸਕ ਅਸਥਾਨ ਸਮਾਜ ਨੂੰ ਸੇਧ ਦੇਣ ਵਾਲਾ ਹੈ। ਉਂਜ ਵੀ ਇਸ ਸਥਾਨ ਦੇ ਨਾਲ ਸਿੱਖਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਭਾਵੇਂ ਸ਼੍ਰੋਮਣੀ ਕਮੇਟੀ ਦੇ ਕਈ ਵਫਦ ਉਤਰਾਖੰਡ ਦੇ ਮੁੱਖ ਮੰਤਰੀ ਅਤੇ ਹੋਰਨਾਂ ਨੂੰ ਮਿਲ ਚੁੱਕੇ ਹਨ, ਪਰ ਹੁਣ ਤੱਕ ਇਸ ਮਾਮਲੇ ਵਿਚ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ 1978 ਹਰਿ ਕੀ ਪਉੜੀ ਵਿਖੇ ਗੁਰਦੁਆਰਾ ਸਥਾਪਤ ਸੀ, ਜਿਸ ਨੂੰ ਸੁੰਦਰੀਕਰਨ ਦੇ ਨਾਂ 'ਤੇ ਹਟਾ ਦਿੱਤਾ ਗਿਆ। ਲੰਮੇ ਸਮੇਂ ਤੋਂ ਗੁਰਦੁਆਰੇ ਦੀ ਮੁੜ ਉਸਾਰੀ ਲਈ ਯਤਨ ਜਾਰੀ ਹਨ, ਪਰ ਸਰਕਾਰਾਂ ਵਲੋਂ ਟਾਲ ਮਟੋਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਥਕ ਇਕਜੁਟਤਾ ਨਾਲ ਮੁੜ ਗੁਰਦੁਆਰੇ ਦੀ ਸਥਾਪਨਾ ਲਈ ਆਸ ਬੱਝੀ ਹੈ।

ਮੀਟਿੰਗ ਵਿਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ, ਇਸਤਰੀ ਅਕਾਲੀ ਦਲ ਵਲੋਂ ਬੀਬੀ ਜਗੀਰ ਕੌਰ, ਨਿਰਮਲੇ ਸੰਪਰਦਾ ਵੱਲੋਂ ਬਾਬਾ ਤੇਜਾ ਸਿੰਘ, ਚੀਫ ਖਾਲਸਾ ਦੀਵਾਨ ਵੱਲੋਂ ਜਨਰਲ ਸਕੱਤਰ ਸੰਤੋਖ ਸਿੰਘ ਸੇਠੀ ਨੇ ਵੀ ਆਪਣੇ ਸੁਝਾਅ ਦਿੱਤੇ।

# ਮੋਦੀ ਦੇ ਤਿੰਨ ਸਾਲ: ਇੰਦਰਾ ਵਾਲੀ ਸਿਆਸਤ



**ਹਰੀਸ਼ ਖਰੇ**

ਮੰਨਿਆ ਜਾਂਦਾ ਹੈ ਕਿ ਰਾਸ਼ਟਰਪਤੀ ਭਵਨ ਦੇ ਵਿਹੜੇ ਵਿਚ 26 ਮਈ 2014 ਨੂੰ ਇਨਕਲਾਬ ਹੋਂਦ ਵਿਚ ਆਇਆ ਸੀ। ਤਿੰਨ ਸਾਲਾਂ ਬਾਅਦ, ਅਜੇ ਵੀ ਇਹ ਸਪਸ਼ਟ ਹੈ ਕਿ ਇਸ ਦਿਖਾਵਟ ਦੀ ਚਮਕ ਨੂੰ ਨਾ ਤਾਂ ਫਿੱਕਾ ਪੈਣ ਦਿੱਤਾ ਗਿਆ, ਤੇ ਨਾ ਹੀ 'ਇਨਕਲਾਬੀਆਂ' ਦੀ ਮੜ੍ਹਕ ਵਿਚ ਕੋਈ ਕਮੀ ਆਈ ਹੈ। ਇਸ ਤੋਂ ਉਲਟ ਪ੍ਰਭਾਵ ਤਾਂ ਇਹ ਬਣਦਾ ਹੈ ਕਿ ਇਨਕਲਾਬ ਤੇ ਇਸ ਦੇ ਝੰਡਾ-ਬਰਦਾਰ ਨਾ ਤਾਂ ਥੱਕਣ ਵਾਲੇ ਹਨ ਅਤੇ ਨਾ ਹੀ ਰੁਕਣ ਵਾਲੇ। ਸਾਡੇ ਸਮੇਂ ਦੇ ਸਭ ਤੋਂ ਵੱਡੇ ਜੁਮਲੇਬਾਜ਼ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਅਕਸ ਵਿਚ ਕੋਈ ਕਮੀ ਨਹੀਂ ਆਈ; ਉਘੇ ਤਾਮਿਲ ਕਵੀ ਤੇ ਫਲਸਫਾਕਾਰ ਤਿਰੂਵਲੂਵਰ ਦੇ ਸ਼ਬਦ ਜੇ ਵਰਤੇ ਜਾਣ, ਤਾਂ ਮੋਦੀ ਨੂੰ ਵੀ 'ਗੁਣਵਾਨ ਜੀਭ ਦਾ ਗੁਣ' ਰੱਬੀ ਦਾਤ ਵਜੋਂ ਮਿਲਿਆ ਹੋਇਆ ਹੈ।

ਰਾਸ਼ਟਰ ਦੇ ਤੌਰ 'ਤੇ ਅਸੀਂ ਅਜੇ ਵੀ ਸੰਮੋਹਿਤ ਹਾਂ। ਸਾਡੇ ਫਿਕਰ ਤੇ ਵਿਰੋਧ ਸਮੇਂ ਸਮੇਂ ਉਛਲਦੇ ਰਹਿੰਦੇ ਹਨ ਅਤੇ ਉਦਾਰਵਾਦ ਨੂੰ ਲਤਾੜਨ ਦਾ ਅਮਲ ਸਾਨੂੰ ਤਕਲੀਫਦੇਹ ਨਹੀਂ ਜਾਪਦਾ। ਅਸੀਂ ਆਪਣੇ ਆਪ ਨੂੰ ਇਹ ਯਕੀਨ ਕਰਨ ਦਾ ਆਦੀ ਬਣਾ ਲਿਆ ਹੈ ਕਿ ਸਾਡੇ ਉਤੇ ਹਕੂਮਤ ਕਰਨ ਵਾਲੇ ਘੱਟ ਭ੍ਰਿਸ਼ਟ ਤੇ ਵੱਧ ਅਸਰਦਾਰ ਹਾਕਮ ਹੈ ਜੋ ਰਾਜ ਗੱਦੀਆਂ ਨੂੰ ਚਿੱਚੜਾਂ ਵਾਂਗ ਚਿੰਬੜੇ ਰਹੇ ਗਾਂਧੀਆਂ ਨਾਲੋਂ ਵੱਧ ਕਾਰਜਕੁਸ਼ਲ ਹਨ। ਦਰਅਸਲ, ਹਰ ਸਮੇਂ ਅਜਿਹੇ ਤੱਥ ਤੇ ਗੱਪਾਂ ਬੇਰੋਕ-ਟੋਕ ਢੰਗ ਨਾਲ ਪੁੱਜਦੇ ਰਹਿੰਦੇ ਹਨ ਜੋ ਸਾਡੇ ਹਾਕਮਾਂ ਦੇ ਕਾਰਜਕੁਸ਼ਲ ਤੇ ਨਿਪੁੰਨ ਹੋਣ ਦਾ ਪ੍ਰਭਾਵ ਦਿੰਦੇ ਹਨ। ਸਾਨੂੰ ਸਾਹ ਵੀ ਨਹੀਂ ਲੈਣ ਦਿੱਤਾ ਜਾਂਦਾ; ਇਕ ਤੋਂ ਬਾਅਦ ਦੂਜਾ ਸੰਕਟ ਦੇਸ਼ ਨੂੰ ਦਰਪੇਸ਼ ਰਹਿੰਦਾ ਹੈ, ਤੇ ਨਾਲ ਹੀ ਰਾਹਤ ਦੀ ਇਹ ਭਾਵਨਾ ਵੀ ਸਾਡੇ ਅੰਦਰ ਪੈਦਾ ਕੀਤੀ ਜਾਂਦੀ ਹੈ ਕਿ ਚਲੋ ਕੋਈ ਤਾਂ ਹੈ ਜੋ ਸਾਡੇ ਖ਼ਿਲਾਫ਼ ਹਿੰਸਾ ਵਰਤਣ ਦੀ ਧਮਕੀ ਦੇਣ ਵਾਲਿਆਂ ਨੂੰ ਹਿੰਸਾ ਨਾਲ ਹੀ ਜਵਾਬ ਦੇਣ ਦੀ ਜੁਰਅਤ ਕਰਦਾ ਹੈ।

ਇਸ ਹਕੀਕਤ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਨਵਾਂ 'ਇਨਕਲਾਬ' ਅਣਥੱਕ ਸਿਆਸੀ ਊਰਜਾ ਤੇ ਲੋਕ-ਲੁਭਾਊ ਜਜ਼ਬੇ ਦਾ ਮੁਜ਼ਾਹਰਾ ਲਗਾਤਾਰ ਕਰ ਰਿਹਾ ਹੈ; ਇਸ ਦਾ ਸਭ ਤੋਂ ਵੱਡਾ ਤੇ ਹੁਣ ਤਕ ਦਾ ਬੇਮਿਸਾਲ ਗੁਣ ਇਹ ਹੈ ਕਿ ਇਹ ਕੌਮੀ ਕਥਾਕ੍ਰਮ, ਭਾਵ ਜੋ ਅਸੀਂ ਸੋਚਦੇ ਹਾਂ ਜਾਂ ਜਨਤਕ ਤੌਰ 'ਤੇ ਕਹਿਣਾ ਚਾਹੁੰਦੇ ਹਾਂ; ਨੂੰ ਆਪਣੇ ਮੁਤਾਬਿਕ ਢਾਲਣ ਤੇ ਕਾਬੂ ਵਿਚ ਰੱਖਣ ਦੀ ਸਮਰੱਥਾ ਦਰਸਾਉਂਦਾ ਆ ਰਿਹਾ ਹੈ। ਨਵੀਆਂ ਸੰਚਾਰ ਵਿਧੀਆਂ ਤੇ ਟੈਕਨਾਲੋਜੀ ਦੀ ਇਸ ਨੂੰ ਪੂਰੀ ਮੁਹਾਰਤ ਹੈ। ਜਿਹੜਾ ਮੀਡੀਆ ਅਜੇ ਕੁਝ ਸਾਲ ਪਹਿਲਾਂ ਤਕ ਇਹ ਸੋਚਦਾ ਸੀ ਕਿ ਇਸ ਦੀ ਬੁਨਿਆਦੀ ਜ਼ਿੰਮੇਵਾਰੀ, ਜਾਂ ਇਸ ਦੇ ਵਜੂਦ ਦੀ ਅਸਲ ਵਜ੍ਹਾ ਔਖੇ ਜਾਪਣ ਵਾਲੇ ਸਵਾਲ ਪੁੱਛਣਾ ਹੈ, ਸੱਤਾਵਾਨਾਂ ਨੂੰ ਅਸਲੀਅਤ ਦਾ ਸ਼ੀਸ਼ਾ ਦਿਖਾਉਣਾ ਹੈ, ਅਧਿਕਾਰੀਆਂ ਦੇ ਦਾਅਵਿਆਂ ਨੂੰ ਚੁਣੌਤੀ ਦੇਣਾ ਹੈ, ਹੁਣ ਬੇਝਿਜਕ ਹੋ ਕੇ ਤੇ ਆਪਣੀ ਜ਼ਮੀਰ ਉਤੇ ਬੋਝ ਪਾਏ ਬਿਨਾਂ ਸਰਕਾਰੀ ਮੀਡੀਆ ਵਾਲੀ ਬੋਲੀ ਬੋਲ ਰਿਹਾ ਹੈ। ਰਾਤ-ਦਰ-ਰਾਤ ਟੈਲੀਵਿਜ਼ਨ ਸਟੂਡੀਓਜ਼ ਵਿਚ ਅਸਹਿਮਤੀ ਤੇ ਆਲੋਚਨਾ ਨੂੰ ਸ਼ੋਰ-ਸ਼ਰਾਬੇ ਰਾਹੀਂ ਦਬਾਅ ਦਿੱਤਾ ਜਾਂਦਾ ਹੈ; ਸਰਕਾਰ ਪ੍ਰਤੀ ਅਸਹਿਮਤੀ ਪ੍ਰਗਟਾਉਣ ਵਾਲਿਆਂ ਦੇ ਮੂੰਹ ਇਸ ਫਟਕਾਰ ਨਾਲ ਬੰਦ ਕਰਵਾ ਦਿੱਤੇ ਜਾਂਦੇ ਹਨ ਕਿ ਬੇਲੋੜੀ ਸ਼ਿਕਵੇਬਾਜ਼ੀ ਬੰਦ ਕੀਤੀ ਜਾਵੇ। ਇਹ ਸਚਮੁਚ ਹੀ ਸਰਕਾਰ ਦੀ 'ਕਮਾਲ ਦੀ ਪ੍ਰਾਪਤੀ' ਹੈ, ਤੇ ਉਹ ਵੀ ਉਸ ਪਾਸ ਮੌਜੂਦ ਸਾਰੇ ਉਹ ਦਮਨਕਾਰੀ ਹਥਿਆਰ ਵਰਤੇ ਬਿਨਾਂ ਕਿ ਮੀਡੀਆ ਉਸ ਦੀ ਹੀ ਬੋਲੀ ਬੋਲ ਰਿਹਾ ਹੈ। ਮੀਡੀਆ ਨੂੰ ਆਪਣੀ ਭੂਮਿਕਾ ਨਵੇਂ ਸਿਰਿਉਂ ਤੈਅ ਕਰਨ ਲਈ ਲੁਭਾ ਲਿਆ ਗਿਆ ਹੈ। ਇਹ ਭੂਮਿਕਾ ਹੈ: ਵਿਰੋਧੀ ਧਿਰ ਨੂੰ ਖਦੇੜਨਾ। ਆਜ਼ਾਦੀ ਤੋਂ ਬਾਅਦ ਹੋਰ ਕਿਸੇ ਵੀ ਸਰਕਾਰ ਨੇ ਮੀਡੀਆ ਨੂੰ ਆਪਣੀਆਂ ਤਲੀਆਂ 'ਤੇ ਚੱਲਣ ਦੇ ਰਾਹ ਪਾਉਣ ਦੀ ਨਾ ਤਾਂ ਹਿਮਾਕਤ ਕੀਤੀ, ਤੇ ਨਾ ਹੀ ਦਲੇਰੀ ਦਿਖਾਈ; ਐਮਰਜੈਂਸੀ ਦੇ ਦਿਨਾਂ ਦੌਰਾਨ ਵੀ ਅਜਿਹਾ ਨਹੀਂ ਸੀ ਹੋਇਆ।

ਇਸ ਦੇ ਬਾਵਜੂਦ 'ਇਨਕਲਾਬ' ਦਾ ਕਿਰਦਾਰ ਤੇ ਦਿਸ਼ਾ ਬਦਲ ਗਈ ਹੈ। ਇਹ ਦਲੀਲ ਦਿੱਤੀ ਜਾ ਸਕਦੀ ਹੈ, ਤੇ ਇਹ ਭਾਵੇਂ ਵਧਾ ਚੜ੍ਹਾਅ ਕੇ ਕੀਤੀ ਗੱਲ ਹੀ ਜਾਪਦੀ ਹੈ, ਕਿ 'ਇਨਕਲਾਬ' ਹੁਣ ਜੈਵਿਕ ਰਿਸ਼ਤੇ ਵਜੋਂ ਇੰਦਰਾ ਗਾਂਧੀ ਦੇ ਦੋਹਤੇ (ਰਾਹੁਲ ਗਾਂਧੀ) ਅਤੇ ਖਿਆਲੀ ਸਿਆਸੀ ਦੋਹਤੇ (ਨਰੇਂਦਰ ਮੋਦੀ) ਦਰਮਿਆਨ ਇੰਦਰਾ ਗਾਂਧੀ ਦੀ ਵਿਰਾਸਤ ਲਈ ਲੜਾਈ ਤਕ ਸੀਮਤ ਹੋ ਗਿਆ ਹੈ।

'ਇਨਕਲਾਬ' ਦੀ ਦਿਸ਼ਾ 2015 ਦੇ ਆਖਰੀ ਮਹੀਨਿਆਂ ਵਿਚ ਬਦਲੀ ਜਦੋਂ ਬਿਹਾਰ ਦੇ ਵੋਟਰਾਂ ਨੇ ਮੋਦੀ ਦੀ 'ਪ੍ਰਧਾਨਗੀ ਤਰਜ਼' ਵਾਲੀ ਸਰਕਾਰ ਦੇ ਉਭਾਰ ਦਾ ਮੱਕੂ ਠੱਪ ਦਿੱਤਾ। ਅਜਿਹਾ ਹੋਣ ਨਾਲ ਉਸ ਆਦਮੀ, ਜਿਸ ਨੂੰ ਭਾਰਤ ਦੇ ਤਿੰਗ ਸਿਆਓਪਿੰਗ (ਚੀਨੀ ਅਰਥਚਾਰੇ ਨੂੰ ਨਵੀਂ ਦਿਸ਼ਾ ਦੇਣ ਵਾਲਾ ਨੇਤਾ) ਵਜੋਂ ਸਲਾਹਿਆ ਜਾ ਰਿਹਾ ਸੀ, ਨੇ ਬੜੀ ਹੁਸ਼ਿਆਰੀ ਨਾਲ ਆਪਣਾ ਰਾਹ ਬਦਲ ਲਿਆ। ਜਿਉਂ ਹੀ ਬਿਹਾਰ ਦੇ ਵੋਟਰਾਂ ਨੇ ਮੋਦੀ ਦੇ ਤਲਿਸਮ ਨੂੰ ਬੇਅਸਰ ਬਣਾਇਆ, ਮੋਦੀ ਨੇ ਆਰਥਿਕ ਸੁਧਾਰਵਾਦ ਆਮ ਏਜੰਡਾ ਤੇ ਮੰਚ ਤਿਆਗਣ ਵਿਚ ਹੀ ਭਲਾ ਸਮਝਿਆ (ਭਾਵੇਂ 'ਫਿੱਕੀ' ਤੇ 'ਐਸੋਚੈਮ' ਵਰਗੀਆਂ ਕਾਰੋਬਾਰੀ ਜਥੇਬੰਦੀਆਂ ਅਜੇ ਵੀ ਮੋਦੀ ਦੇ ਸੁਧਾਰਾਂ ਦਾ ਗੁਣਗਾਨ ਕਰਨੋਂ ਨਹੀਂ ਹਟਦੀਆਂ)।

ਸਾਨੂੰ ਇਕ ਗੱਲ ਹੋਰ ਨਹੀਂ ਭੁੱਲਣੀ ਚਾਹੀਦੀ। 'ਇਨਕਲਾਬ' ਦੇ ਤਿੰਨ ਵਰ੍ਹਿਆਂ ਬਾਅਦ



ਭਾਰਤੀ ਸਟੇਟ, ਭਾਵ ਹਕੂਮਤੀ ਖ਼ੌਫ਼ ਵੀ ਪੂਰੇ ਜ਼ੋਰ-ਸ਼ੋਰ ਨਾਲ ਪਰਤ ਆਇਆ ਹੈ- ਉਹ ਵੀ ਇੰਦਰਾ ਗਾਂਧੀ ਦੇ ਯੁੱਗ ਵਾਲੇ ਸਾਰੇ ਸਟਾਲਿਨਵਾਦੀ ਆਵੇਗਾਂ ਨਾਲ। ਹਕੂਮਤ ਤੇ ਇਸ ਦੇ ਸਾਰੇ ਅਧਿਕਾਰਤ ਕਾਰਿੰਦੇ ਆਮ ਨਾਗਰਿਕ ਦੇ ਸਿਰ 'ਤੇ ਆਣ ਖੜ੍ਹੇ ਹੋਏ ਹਨ, ਉਹ ਵੀ ਬੜੀ ਬੇਦਾਰੀ ਤੇ ਰੋਅਬਦਾਰੀ ਨਾਲ। ਇੰਦਰਾ ਗਾਂਧੀ ਦੀ ਹਕੂਮਤ ਦੇ ਘੱਟੋ ਘੱਟ ਤਿੰਨ ਤੱਤ ਹੁਣ ਬਹਾਲ ਹੋ ਚੁੱਕੇ ਹਨ ਅਤੇ ਉਹ ਵੀ ਨਵੇਂ ਇਨਕਲਾਬ ਦੇ ਕੰਮ-ਢੰਗ ਦਾ ਮੂਲ ਮੰਤਰ ਬਣ ਕੇ।

ਪਹਿਲਾ ਤੱਤ ਇਹ ਹੈ ਕਿ ਗ਼ਰੀਬਾਂ ਦੀ 'ਖੋਜ' 1969 ਦੇ ਲਗਪਗ ਹੋਈ ਸੀ। ਨੋਟਬੰਦੀ ਕਾਰਨ ਹੋਈ ਵਿਆਪਕ ਗੜਬੜ ਨੂੰ ਇਸ ਤਰੀਕੇ ਨਾਲ ਗ਼ਰੀਬ-ਪੱਖੀ ਲੱਫ਼ਾਜ਼ੀ ਦਾ ਲਬਾਦਾ ਪੁਆਇਆ ਗਿਆ ਸੀ ਕਿ ਇਸ ਨੇ ਇੰਦਰਾ ਗਾਂਧੀ ਤੋਂ ਵੀ ਪ੍ਰਵਾਨਗੀ ਹਾਸਲ ਕਰ ਲੈਣੀ ਸੀ। ਉਹ ਸਾਰੇ ਜੋ ਇਹ ਸੋਚਦੇ ਸਨ ਕਿ ਆਰਥਿਕ ਖੜੋਤ ਅਤੇ ਬੇਰੁਜ਼ਗਾਰੀ ਜਿਹੀਆਂ ਸਾਡੀਆਂ ਸਮੱਸਿਆਵਾਂ ਦੇ ਹੱਲ ਲੱਭਣ ਲਈ ਕਾਰਪੋਰੇਟ ਰਚਨਾਤਮਿਕਤਾ ਅਤੇ ਬਾਜ਼ਾਰ ਦੀਆਂ ਘਾੜਤਾਂ ਉਤੇ ਟੇਕ ਰੱਖੀ ਜਾਵੇਗੀ, ਉਹ ਚੁੱਪਚਾਪ ਸਭ ਵੇਖਦੇ ਰਹੇ ਹਨ ਕਿਉਂਕਿ ਹੁਣ ਸਰਕਾਰ ਗ਼ਰੀਬ ਦੀ ਦਸ਼ਾ ਸੁਧਾਰਨ ਦੀ ਜ਼ਿੰਮੇਵਾਰੀ ਦੇ ਆਵੇਸ਼ ਵਿਚ ਆਈ ਹੋਈ ਸੀ। ਇਹ 'ਗਰੀਬੀ ਹਟਾਉ' ਦੇ ਨਾਅਰੇ ਦਾ ਵੱਖਰਾ ਰੰਗ ਹੈ। ਇੰਦਰਾ ਗਾਂਧੀ ਦੇ ਸਾਰੇ ਚੇਲਿਆਂ ਨੇ ਸੰਤੁਸ਼ਟੀ ਨਾਲ ਇਹ ਸਮਝਿਆ ਹੈ ਕਿ 2014 ਦੇ ਇਨਕਲਾਬ ਦਾ ਮਤਲਬ ਕਲਿਆਣਕਾਰੀ ਸਟੇਟ ਦਾ ਖ਼ਾਤਮਾ ਨਹੀਂ ਹੈ।

ਦੂਜਾ ਤੱਤ ਇਹ ਹੈ ਕਿ ਥਾਣੇਦਾਰੀ ਅਤੇ ਡੰਡਾ ਰਾਜ ਵਾਪਸ ਆ ਗਿਆ ਹੈ। ਕਾਲਾ ਧਨ ਬਾਹਰ ਕੱਢਣ ਦੇ ਨਾਂ 'ਤੇ ਛਾਪੇਮਾਰ ਰਾਜ ਵਾਪਸ ਲਿਆਂਦਾ ਗਿਆ ਹੈ। ਵਿਸ਼ਵਨਾਥ ਪ੍ਰਤਾਪ ਸਿੰਘ ਦੇ ਵਿੱਤ ਮੰਤਰੀ ਵਜੋਂ ਸੰਖੇਪ ਕਾਰਜਕਾਲ ਸਮੇਂ ਤੋਂ ਹੀ, ਕੀ ਦੇਸ਼ ਨੂੰ ਸੀ.ਬੀ.ਆਈ. ਜਾਂ ਐਨਫੋਰਸਮੈਂਟ ਡਾਇਰੈਕਟੋਰੇਟ ਟੀਮਾਂ ਵੱਲੋਂ ਆਏ ਦਿਨ ਛਾਪਿਆਂ ਦਾ ਆਦੀ ਨਹੀਂ ਬਣਾ ਦਿੱਤਾ ਗਿਆ? ਬੜੇ ਖਰ੍ਹਵੇ ਢੰਗ ਨਾਲ ਕਿਹਾ ਜਾ ਰਿਹਾ ਹੈ ਕਿ ਟੈਕਸ ਭਰੇ ਜਾਣ, ਨਹੀਂ ਤਾਂ ਆਮਦਨ ਕਰ ਦੇ ਛਾਪੇ ਲਈ ਤਿਆਰ ਰਹੋ। ਨਾਗਰਿਕਾਂ ਨੂੰ ਸਰਕਾਰ ਪ੍ਰਤੀ ਫ਼ਰਜ਼ਾਂ 'ਤੇ ਖਰੇ ਉਤਰਨ ਲਈ ਆਖਣ ਦੀ ਬਜਾਇ ਉਗਰਾਹੀ ਕਰਵਾਉਣ ਵਾਲੀ ਸੋਚ ਕੰਮ ਕਰਦੀ ਜਾਪਦੀ ਹੈ। ਸਰਕਾਰ ਨੇ ਸਭਿਆਚਾਰਕ ਅਤੇ ਸਮਾਜਿਕ ਸਰਗਰਮੀ ਦੇ ਸਾਰੇ ਖੇਤਰਾਂ ਉਤੇ ਨਜ਼ਰ ਰੱਖਣ ਦਾ ਅਧਿਕਾਰ ਲਿਆ ਹੋਇਆ ਹੈ।

ਇੰਦਰਾ ਗਾਂਧੀ ਦਾ ਤੀਜਾ ਮੰਤਰ ਰਾਸ਼ਟਰਵਾਦ ਦੀ ਉਸਤਤ ਹੈ ਅਤੇ ਇਹ ਨਿਰੰਤਰ ਸਾਡੀਆਂ ਭਾਵਨਾਵਾਂ ਤੇ ਵਫ਼ਾਦਾਰੀਆਂ ਦੀ ਤਲਬੀ ਦੀ ਮੰਗ ਕਰਦਾ ਹੈ। ਸਾਡੇ ਰਾਸ਼ਟਰਵਾਦ ਨੂੰ ਪਾਕਿਸਤਾਨ ਵਿਰੋਧੀ ਮੰਤਰ ਵਜੋਂ ਮੁੜ ਸੇਧ ਦਿੱਤੀ ਗਈ ਹੈ। ਇਸਲਾਮਾਬਾਦ ਅਤੇ ਰਾਵਲਪਿੰਡੀ ਵਿਚਲੇ ਕੁਝ ਅਹਿਮਕ ਤੇ ਕੋਝੇ ਸ਼ਖ਼ਸ ਸਾਡੀ ਇਸ ਗੁੱਸੇ ਦੀ ਭਾਵਨਾ ਨੂੰ ਉਚਿਤ ਸਮਝਣ ਹਿਤ ਬਲਦੀ ਵਿਚ ਤੇਲ ਪਾਉਣ ਲੱਗੇ ਰਹਿੰਦੇ ਹਨ। ਇੰਦਰਾ ਗਾਂਧੀ ਹਾਲੇ ਵੀ ਇਤਿਹਾਸਕ ਰੋਲ ਮਾਡਲ ਹੈ। ਸਾਡੇ ਮੌਜੂਦਾ ਆਗੂਆਂ ਨੂੰ ਇਹ ਯਾਦ ਰੱਖਣ ਲਈ ਗ਼ਲਤ ਨਹੀਂ ਠਹਿਰਾਇਆ ਜਾ ਸਕਦਾ ਕਿ ਇੰਦਰਾ ਗਾਂਧੀ ਹੀ 'ਮੁਸਲਿਮ' ਦੁਸ਼ਮਣ ਨੂੰ ਜੰਗ ਵਿਚ ਧੂੜ ਚਟਾਉਣ ਵਾਲੀ ਇਕੋ ਇਕ 'ਹਿੰਦੂ' ਸ਼ਾਸਕ ਦਾ ਰੁਤਬਾ ਰੱਖਦੀ ਹੈ। ਅਟਲ ਬਿਹਾਰੀ ਵਾਜਪਾਈ ਨੂੰ ਵੀ ਦੁਰਗਾ ਕਹਿ ਕੇ ਉਸ ਦੀ ਪ੍ਰਸ਼ੰਸਾ ਕਰਨੀ ਪਈ ਸੀ।

ਇੰਦਰਾ ਗਾਂਧੀ ਕਿਉਂਕਿ ਇਸ ਦੀ ਆਦੀ ਸੀ, ਇਸ ਲਈ ਨਿੱਜੀ ਸਿਆਸੀ ਦਬਦਬੇ ਅਤੇ ਚੌਧਰ ਲਈ ਇਕਮਨ ਹੋ ਕੇ ਉਸ ਜਿਹੇ ਗੁਰਾਂ ਦੀ ਚੋਖੀ ਵਰਤੋਂ ਕੀਤੀ ਜਾ ਰਹੀ ਹੈ। ਨਿੱਜੀ ਸਿਆਸੀ ਚੌਧਰ ਦੀ ਭਾਲ ਲਾਜ਼ਮੀ ਹੀ ਗ਼ੈਰ-ਵਿਚਾਰਧਾਰਕ, ਵਿਹਾਰਕ, ਪਰਿਣਾਮਵਾਦੀ ਅਤੇ ਦੁਬਿਧਾਪੂਰਨ ਦਾਅ-ਪੇਚਾਂ ਸਹਿਤ ਹੋਵੇਗੀ। ਸ਼ੁਧਤਾਵਾਦੀ ਵਿਚਾਰਧਾਰਕ ਖ਼ਬਤ ਅਤੇ ਮਾਰਗਰੇਟ ਥੈਚਰ ਜਿਹੀ ਆਭਾ ਤੇ ਦ੍ਰਿੜ੍ਹਤਾ ਦੀ ਘਾਟ ਦਾ ਵਿਰਲਾਪ ਕਰਦੇ ਰਹਿ ਸਕਦੇ ਹਨ ਜਦੋਂਕਿ ਚੌਧਰ ਦੇ ਅਭਿਲਾਸ਼ੀ ਨੂੰ ਆਪਣੇ ਟੀਚਿਆਂ ਤੇ ਦਿਸ਼ਾ ਬਾਰੇ ਕੋਈ ਸ਼ੱਕ ਨਹੀਂ ਹੈ। ਉਹ ਨਿੱਜੀ ਅਧਿਕਾਰ ਵਜੋਂ ਅਧਿਕਤਮ ਤਾਕਤ ਹਾਸਲ ਕਰਨ ਦੇ ਪੱਖ ਵਿਚ ਹੈ ਜੋ ਬਾਜ਼ਾਬਤਾ ਅਤੇ ਮਜ਼ਬੂਤ ਪ੍ਰਸ਼ਾਸਨ ਜ਼ਰੂਰ ਲੋੜੀਂਦੀ ਹੈ।

ਇਕ ਸਿਆਸੀ ਆਗੂ ਖ਼ੁਦ ਨੂੰ ਆਪਣੇ ਰਾਜ ਦੀਆਂ ਤਰਜੀਹਾਂ ਦੇ ਨਾਲ ਨਾਲ ਇਸ ਗੱਲ ਤੋਂ ਖ਼ੁਦ ਨੂੰ ਪਰਿਭਾਸ਼ਤ ਕਰਦਾ ਹੈ ਕਿ ਉਹ ਕਿਸ ਨੂੰ ਆਪਣਾ ਪ੍ਰਵਾਨਿਤ ਦੁਸ਼ਮਣ ਨਿਸ਼ਚਿਤ ਕਰਦਾ ਹੈ। 'ਮੋਦੀ ਇਨਕਲਾਬ' ਖ਼ੁਦ ਨੂੰ ਗਾਂਧੀਆਂ ਦੇ ਉਲਟ ਪੇਸ਼ ਕਰਨ ਦੇ ਨਾਲ ਨਾਲ ਇੰਦਰਾ ਗਾਂਧੀ ਜਿਹੇ ਹੀ ਦਾਅਪੇਚ ਵਰਤਦਿਆਂ ਨੈਤਿਕ ਤੇ ਅਧਿਆਤਮਕ ਸ੍ਰੇਸ਼ਟਤਾ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿਉਂਕਿ ਇਹ ਇੰਦਰਾ ਗਾਂਧੀ ਦੀ ਇਤਿਹਾਸਕ ਵਿਰਾਸਤ ਉਤੇ ਆਪਣਾ ਹੱਕ ਜਤਾਉਣਾ ਚਾਹੁੰਦਾ ਹੈ। ਇਹ ਖੋਜ ਇਨਕਲਾਬ ਦੇ ਆਪਣੇ ਹੀ ਨਾਸ਼ ਦਾ ਬੀਜ ਹੈ।

# ਮੋਦੀ ਸਰਕਾਰ ਅਤੇ ਅਫਵਾਹਾਂ

**ਅਭੈ ਕੁਮਾਰ ਦੂਬੇ**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਅਜਿਹੀ ਸਰਕਾਰ ਹੈ ਜਿਸ ਵਿਚ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਅਫਵਾਹਾਂ ਲਈ ਘੱਟ ਗੁੰਜਾਇਸ਼ ਰਹਿੰਦੀ ਹੈ। ਮੋਦੀ ਨੇ ਆਪਣੇ ਪੁਰਾਣੇ ਸਾਥੀ ਅਮਿਤ ਸ਼ਾਹ ਦੇ ਹੱਥ ਭਾਜਪਾ ਦੀ ਵਾਗਡੋਰ ਸੌਂਪੀ ਹੋਈ ਹੈ ਅਤੇ ਨਰਪੇਂਦਰ ਮਿਸ਼ਰਾ ਵਰਗੇ ਹੰਢੇ ਹੋਏ ਨੌਕਰਸ਼ਾਹ ਦੀ ਦੇਖ-ਰੇਖ ਵਿਚ ਪ੍ਰਧਾਨ ਮੰਤਰੀ ਦਫ਼ਤਰ ਦਾ ਕੰਮਕਾਜ ਹੋ ਰਿਹਾ ਹੈ। ਇਉਂ ਆਪਣੀ ਸੱਤਾ ਦੇ ਇਨ੍ਹਾਂ ਦੋਵਾਂ ਮੁੱਖ ਕੇਂਦਰਾਂ ਉਤੇ ਮੋਦੀ ਦੀ ਕਰੜੀ ਨਜ਼ਰ ਹੈ। ਨਿਗਰਾਨੀ ਅਤੇ ਕਾਬੂ ਵਿਚ ਜੋ ਕਮੀਆਂ ਰਹਿ ਜਾਂਦੀਆਂ ਹਨ, ਉਹ ਵਿਵੇਕਾਨੰਦ ਫਾਊਂਡੇਸ਼ਨ ਵਰਗੀ ਸੰਸਥਾ ਤੋਂ ਆਏ ਲੋਕਾਂ (ਨਰਪੇਂਦਰ ਮਿਸ਼ਰ ਵੀ ਉਸੇ ਦੀ ਦੇਣ ਹਨ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੀ) ਰਾਹੀਂ ਪੂਰੀਆਂ ਕਰ ਲਈਆਂ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਮੋਦੀ ਸਰਕਾਰ ਦੇ ਮੰਤਰੀਆਂ ਬਾਰੇ ਅੰਦਾਜ਼ੇ ਅਤੇ ਅਟਕਲਾਂ ਤਾਂ ਲਗਦੀਆਂ ਹਨ, ਪਰ ਅਫਵਾਹਾਂ ਨਹੀਂ ਉਡਦੀਆਂ। ਇਹ ਅਲੱਗ ਗੱਲ ਹੈ ਕਿ ਏਨੇ ਸਖ਼ਤ ਕੰਟਰੋਲ ਵਾਲੀ ਸਰਕਾਰ ਬਾਰੇ ਵੀ ਇਕ ਅਫ਼ਵਾਹ ਲੰਮੇ ਅਰਸੇ ਤੋਂ ਉਡ ਰਹੀ ਹੈ। ਇਸ ਦੇ ਨਾਲ ਦੂਜੀ ਅਫ਼ਵਾਹ ਵੀ ਹੈ ਜਿਸ ਦਾ ਸਬੰਧ ਵਿਰੋਧੀ ਪੱਖ ਦੀ ਰਾਜਨੀਤੀ ਨਾਲ ਹੈ।

ਅਫਵਾਹਾਂ ਦਰਅਸਲ ਰਾਜਨੀਤੀ ਕਰਨ ਦਾ ਤਰੀਕਾ ਹੁੰਦੀਆਂ ਹਨ। ਇਨ੍ਹਾਂ ਲਈ ਪੱਤਰਕਾਰਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਲੋਕਤੰਤਰੀ ਰਾਜਨੀਤੀ ਵਿਚ ਅਜਿਹਾ ਅਕਸਰ ਹੁੰਦਾ ਰਹਿੰਦਾ ਹੈ ਕਿ ਥੋੜ੍ਹੀ ਦੇਰ ਲਈ ਅਫਵਾਹਾਂ ਪੱਤਰਕਾਰੀ ਦਾ ਸਥਾਨ ਲੈ ਲੈਂਦੀਆਂ ਹਨ ਅਤੇ ਉਸ ਦੇ ਪ੍ਰਭਾਵ ਵਿਚ ਉਘੇ ਪੱਤਰਕਾਰ ਵੀ ਆਪਣੇ ਵਿਸ਼ਲੇਸ਼ਣ ਨੂੰ ਉਨ੍ਹਾਂ ਅਫ਼ਵਾਹਾਂ 'ਤੇ ਆਧਾਰਿਤ ਬਣਾ ਲੈਂਦੇ ਹਨ।

ਸੱਤਾ ਪੱਖ ਨਾਲ ਜੁੜੀ ਇਕ ਅਫ਼ਵਾਹ ਤਾਂ ਅਜਿਹੀ ਹੈ ਜੋ ਨਰੇਂਦਰ ਮੋਦੀ ਦੀ ਸਰਕਾਰ ਬਣਨ ਦੇ ਕੁਝ ਸਮੇਂ ਤੋਂ ਬਾਅਦ ਹੀ ਸ਼ੁਰੂ ਹੋ ਗਈ ਸੀ। ਇਸ ਦਾ ਅੱਜ ਤੱਕ ਨਾ ਤਾਂ ਅੰਤ ਹੋਇਆ ਅਤੇ ਨਾ ਹੀ ਇਹ ਸਹੀ ਹੁੰਦੀ ਦਿਖਾਈ ਦੇ ਰਹੀ ਹੈ। ਇਹ ਹੈ ਵਿੱਤ ਮੰਤਰੀ ਅਰੁਣ ਜੇਤਲੀ ਦਾ 'ਵਿਕੇਟ ਡਾਊਨ' ਹੋਣ ਦੀ ਅਫ਼ਵਾਹ, ਪਰ ਤਿੰਨ ਸਾਲ ਗੁਜ਼ਰ ਚੁੱਕੇ ਹਨ ਅਤੇ ਅਰੁਣ ਜੇਤਲੀ ਦੀ ਹੈਸੀਅਤ ਮੋਦੀ ਮੰਤਰੀ ਮੰਡਲ ਵਿਚ ਮਜ਼ਬੂਤ ਹੁੰਦੀ ਜਾ ਰਹੀ ਹੈ। ਇਥੋਂ ਤੱਕ ਕਿ ਇਸ ਸਮੇਂ ਤਾਂ ਉਹ ਵਿੱਤ ਮੰਤਰੀ ਹੋਣ ਦੇ ਨਾਲ-ਨਾਲ ਰੱਖਿਆ ਮੰਤਰੀ ਵੀ ਹਨ।

ਵਿਰੋਧੀ ਧਿਰ ਨਾਲ ਜੁੜੀ ਅਫ਼ਵਾਹ ਪਿਛਲੇ ਛੇ ਮਹੀਨੇ ਤੋਂ ਹਵਾਵਾਂ ਵਿਚ ਹੈ ਅਤੇ ਇਸ ਨੂੰ ਉਡਾਉਣ ਵਾਲੇ ਏਨੇ ਵਿਸ਼ਵਾਸ ਨਾਲ ਦਾਅਵਾ ਕਰ ਰਹੇ ਹਨ ਜਿਵੇਂ ਬਾਂਡ ਉਤੇ ਲਿਖ ਕੇ ਦੇਣ ਲਈ ਤਿਆਰ ਹੋਣ। ਇਹ ਹੈ ਲਾਲੂ ਅਤੇ ਨਿਤੀਸ਼ ਦਾ ਗਠਜੋੜ ਟੁੱਟਣ ਅਤੇ ਨਿਤੀਸ਼ ਦੇ ਭਾਜਪਾ ਨਾਲ ਜਾਣ ਦੀ ਅਫ਼ਵਾਹ। ਬਿਹਾਰ ਦੀ ਰਾਜਨੀਤੀ ਦੀ ਜਾਣਕਾਰੀ ਦਾ ਦਾਅਵਾ ਕਰਨ ਵਾਲਾ ਮਸ਼ਹੂਰ ਟੀ.ਵੀ. ਪੱਤਰਕਾਰ ਪਿਛਲੇ ਕੁਝ ਦਿਨਾਂ ਤੋਂ ਮੈਨੂੰ ਦੱਸ ਰਿਹਾ ਹੈ ਕਿ 'ਮਾਮਲਾ ਸੈੱਟ ਹੋ ਚੁੱਕਾ ਹੈ' ਅਤੇ 'ਚੈਨਲਾਂ ਨਾਲ ਗੱਲਬਾਤ ਹੋ ਚੁੱਕੀ ਹੈ'। ਲਾਲੂ ਅਤੇ ਉਨ੍ਹਾਂ ਦੇ ਪੁੱਤਰਾਂ ਤੋਂ ਤੰਗ ਆ ਕੇ ਨਿਤੀਸ਼ ਭਾਜਪਾ ਨਾਲ ਜਾਣ ਦਾ ਮਨ ਬਣਾ ਚੁੱਕੇ ਹਨ। ਉਤਰ ਪ੍ਰਦੇਸ਼ ਦੀਆਂ ਚੋਣਾਂ ਤੋਂ ਪਹਿਲਾਂ ਕਿਹਾ ਜਾ ਰਿਹਾ ਸੀ ਕਿ ਜੇ ਭਾਜਪਾ ਉਤਰ ਪ੍ਰਦੇਸ਼ ਦੀ ਚੋਣ ਜਿੱਤ ਗਈ ਤਾਂ ਨਿਤੀਸ਼ ਸ਼ਰਤੀਆ ਗਠਜੋੜ ਤੋੜ ਕੇ ਕੌਮੀ ਜਮਹੂਰੀ ਗਠਜੋੜ ਵਿਚ ਸ਼ਾਮਿਲ ਹੋ ਜਾਣਗੇ। ਚੋਣਾਂ ਵਿਚ ਭਾਜਪਾ ਵੱਡੇ ਫਰਕ ਨਾਲ ਜਿੱਤੀ, ਪਰ ਅਜੇ ਤੱਕ ਬਿਹਾਰ ਦੀ ਰਾਜਨੀਤੀ ਨੇ ਅਫ਼ਵਾਹਬਾਜ਼ਾਂ ਦੀਆਂ ਦਾਅਵੇਦਾਰੀਆਂ ਮੁਤਾਬਿਕ ਕਰਵਟ ਨਹੀਂ ਬਦਲੀ।

ਅਸਲੀਅਤ ਕੀ ਹੈ? ਅਸਲੀਅਤ ਇਹ ਹੈ ਕਿ ਜੇ ਮੋਦੀ ਸਰਕਾਰ ਨੂੰ ਏ.ਸੀ. ਮੰਨਿਆ ਜਾਵੇ ਤਾਂ ਅਰੁਣ ਜੇਤਲੀ ਦੀ ਭੂਮਿਕਾ ਉਸ ਏ.ਸੀ. ਦੇ ਕੰਪ੍ਰੈਸ਼ਰ ਦੀ ਹੈ। ਉਹ ਚਲਦੇ ਹਨ, ਉਦੋਂ ਏ.ਸੀ. ਠੰਢੀ ਹਵਾ ਦਿੰਦਾ ਹੈ। ਪੂਰੀ ਸਰਕਾਰ ਵਿਚ ਉਨ੍ਹਾਂ ਤੋਂ ਜ਼ਿਆਦਾ ਮਹੱਤਵਪੂਰਨ ਅਤੇ ਕੇਂਦਰੀ ਹੈਸੀਅਤ ਕਿਸੇ ਦੀ ਨਹੀਂ ਹੈ। ਉਨ੍ਹਾਂ ਦੀਆਂ ਬੌਧਿਕ ਸਮਰਥਾਵਾਂ ਅਤੇ ਕਈ ਤਰ੍ਹਾਂ ਦੀਆਂ ਰਾਜਨੀਤਕ ਸ਼ਕਤੀਆਂ ਨੂੰ ਸਾਧਦੇ ਹੋਏ ਚੱਲਣ ਦੀ ਯੋਗਤਾ ਸਰਕਾਰ ਵਿਚ ਕਿਸੇ ਹੋਰ ਕੋਲ ਨਹੀਂ ਹੈ। ਅਰੁਣ ਸ਼ੋਰੀ ਨੇ ਮੋਦੀ ਸਰਕਾਰ ਦੀ ਆਲੋਚਨਾ ਕਰਦਿਆਂ ਜਿਨ੍ਹਾਂ ਤਿੰਨ ਲੋਕਾਂ 'ਤੇ ਸਰਕਾਰ ਟਿਕੇ ਹੋਣ ਦੀ ਗੱਲ ਕਹੀ ਸੀ, ਉਨ੍ਹਾਂ ਵਿਚ ਮੋਦੀ ਅਤੇ ਸ਼ਾਹ ਦੇ ਬਾਅਦ ਜੇਤਲੀ ਦਾ ਹੀ ਨੰਬਰ ਸੀ। ਇਸ ਸਮੇਂ ਭਾਰਤ ਦੀ ਮਾਲੀ ਹਾਲਤ ਜੀ.ਐਸ.ਟੀ. ਲਾਗੂ ਹੋਣ ਦੇ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਹੀ ਹੈ ਅਤੇ ਇਸ ਦੀ ਸਫਲਤਾ ਦਾ ਸਾਰਾ ਦਾਰੋਮਦਾਰ ਜੇਤਲੀ 'ਤੇ ਹੈ। ਜਦੋਂ ਤੱਕ ਨਵਾਂ ਰੱਖਿਆ ਮੰਤਰੀ ਨਹੀਂ ਮਿਲਦਾ, ਉਨ੍ਹਾਂ ਨੂੰ ਹੀ ਸਰਹੱਦੀ ਖੇਤਰਾਂ ਦਾ ਦੌਰਾ ਕਰਨਾ ਪਵੇਗਾ ਅਤੇ ਉਹ ਕਰ ਵੀ ਰਹੇ ਹਨ। ਸੰਘ ਪਰਿਵਾਰ ਅਤੇ ਭਾਜਪਾ ਦੇ ਅੰਦਰ ਉਨ੍ਹਾਂ ਦੇ ਆਲੋਚਕ ਉਨ੍ਹਾਂ ਨੂੰ ਅਜਿਹੇ ਬੰਦੇ ਦੇ ਰੂਪ ਵਿਚ ਪੇਸ਼ ਕਰਦੇ ਹਨ ਜੋ ਦਿੱਲੀ ਦੇ ਨਹਿਰੂਵਾਦੀਆਂ ਵਰਗਾ ਹੈ, ਪਰ ਇਹ ਗੱਲ ਵੀ ਜੇਤਲੀ ਦੇ ਪੱਖ ਵਿਚ ਜਾਂਦੀ ਹੈ। ਸਪਸ਼ਟ ਹੈ ਕਿ ਉਦਾਰਵਾਦੀ ਰਵੱਈਆ ਰਾਜਨੀਤੀ ਵਿਚ ਕਦੇ ਕਿਸੇ ਦੇ ਖ਼ਿਲਾਫ਼ ਨਹੀਂ ਜਾ ਸਕਦਾ। ਜੋ ਵੀ ਹੋਵੇ, ਜੇਤਲੀ ਦਿੱਲੀ ਦੀ ਰਾਜਨੀਤੀ ਦੇ ਪੁਰਾਣੇ ਖਿਡਾਰੀ ਹਨ ਅਤੇ ਉਨ੍ਹਾਂ ਦੇ ਸਬੰਧ ਭਾਜਪਾ ਦੇ ਨਾਲ-ਨਾਲ ਗ਼ੈਰ-ਭਾਜਪਾ ਰਾਜਨੀਤਕ ਸਮਾਜ ਦੇ ਤਮਾਮ ਤੱਤਾਂ ਨਾਲ ਵੀ ਹਨ। ਇਸ ਅਮਲ ਵਿਚ ਉਨ੍ਹਾਂ ਨੇ ਆਪਣੇ ਕਈ ਦੁਸ਼ਮਣ ਵੀ ਬਣਾ ਲਏ ਹਨ। ਨਿਸ਼ਚਿਤ ਰੂਪ ਨਾਲ ਉਨ੍ਹਾਂ ਦੇ ਖ਼ਿਲਾਫ਼ ਲਗਾਤਾਰ ਅਫਵਾਹ ਉਡਾਉਂਦੇ ਰਹਿਣ ਵਿਚ ਅਜਿਹੇ ਤੱਤਾਂ ਦਾ ਬਹੁਤ ਹੱਥ ਹੈ।

ਜਿਥੋਂ ਤੱਕ ਲਾਲੂ-ਨਿਤੀਸ਼ ਗਠਜੋੜ ਦਾ ਸਵਾਲ ਹੈ, ਭਾਰਤੀ ਜਨਤਾ ਪਾਰਟੀ ਦੇ ਤਮਾਮ ਹੰਭਲਿਆਂ ਦੇ ਬਾਵਜੂਦ ਇਸ ਦੇ ਟੁੱਟਣ ਦੀ ਨੌਬਤ ਅਜੇ ਬਹੁਤ ਦੂਰ ਹੈ। ਪੰਜੀ ਸਾਲ ਤੱਕ ਆਪਸ ਵਿਚ ਲੜਨ ਤੋਂ ਬਾਅਦ ਇਹ ਦੋਵੇਂ ਨੇਤਾ ਨੇੜੇ ਆਏ ਸਨ ਅਤੇ ਇਸ ਮੇਲ ਪਿੱਛੇ ਠੋਸ ਰਾਜਨੀਤਕ ਕਾਰਨ ਸਨ। ਜਦੋਂ ਤੱਕ ਇਹ ਠੋਸ ਕਾਰਨ ਰਹਿਣਗੇ, ਉਦੋਂ ਤੱਕ ਲਾਲੂ 'ਤੇ ਕਿੰਨੇ ਵੀ ਸੀ.ਬੀ.ਆਈ. ਦੇ ਛਾਪੇ ਪੈਂਦੇ ਰਹਿਣ ਜਾਂ ਲਾਲੂ ਦੇ ਬੇਟੇ-ਬੇਟੀਆਂ ਖਿਲਾਫ ਜੋ ਵੀ ਦਸਤਾਵੇਜ਼ ਦਿਖਾਏ ਜਾਣ, ਇਹ ਗਠਜੋੜ ਨਹੀਂ ਟੁੱਟਣ ਵਾਲਾ। ਮੈਨੂੰ ਤਾਂ ਪੱਕਾ ਭਰੋਸਾ ਹੈ ਕਿ 2019 ਦੀਆਂ ਲੋਕ ਸਭਾ ਚੋਣ ਵਿਚ ਭਾਜਪਾ ਨੂੰ ਲਾਲੂ-ਨਿਤੀਸ਼ ਦੀ ਮਿਲੀ-ਜੁਲੀ ਤਾਕਤ ਦਾ ਸਾਹਮਣਾ ਕਰਨਾ ਪਵੇਗਾ। ਉਤਰ ਭਾਰਤ ਵਿਚ ਇਹ ਮਹਾਂਗਠਜੋੜ ਮੋਦੀ ਦੀ ਅਖੌਤੀ ਲਹਿਰ ਦੀ ਸਖ਼ਤ ਪ੍ਰੀਖਿਆ ਲੈਣ ਵਾਲਾ ਹੈ। ਹੋ ਸਕਦਾ ਹੈ, ਕੇਂਦਰੀ ਜਾਂਚ ਏਜੰਸੀਆਂ ਕਾਨੂੰਨੀ ਸ਼ਿਕੰਜਾ ਕੁਝ ਇਸ ਤਰ੍ਹਾਂ ਦਾ ਕੱਸਣ ਕਿ ਲਾਲੂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਚਾਰਜਸ਼ੀਟ ਆਦਿ ਦਾਖ਼ਲ ਹੋਣ ਦੀ ਨੌਬਤ ਆ ਜਾਵੇ, ਪਰ ਉਸ ਸੂਰਤ ਵਿਚ ਵੀ ਨਿਤੀਸ਼ ਅਤੇ ਲਾਲੂ ਦੀ ਰਾਜਨੀਤਕ ਬੁੱਧੀ ਇਹ ਗਠਜੋੜ ਨਹੀਂ ਟੁੱਟਣ ਦੇਵੇਗੀ। ਉਨ੍ਹਾਂ ਨੂੰ ਪਤਾ ਹੈ ਕਿ ਗਠਜੋੜ ਟੁੱਟਿਆ ਨਹੀਂ, ਭਾਜਪਾ ਵੱਖ-ਵੱਖ ਤਰੀਕੇ ਨਾਲ ਦੋਵਾਂ ਨੂੰ ਮਾਰ ਗਿਰਾਏਗੀ। ਮੋਦੀ-ਸ਼ਾਹ ਦੀ ਜੋੜੀ ਨੂੰ ਗਠਜੋੜ ਧਰਮ ਦੀ ਚਿੰਤਾ ਨਹੀਂ ਹੈ। ਉਹ ਤਾਂ ਚੱਪੇ-ਚੱਪੇ 'ਤੇ ਭਾਜਪਾ ਦੀ ਰਣਨੀਤੀ ਉਤੇ ਚੱਲ ਰਹੇ ਹਨ।

*ਜਿਥੋਂ ਤੱਕ ਲਾਲੂ-ਨਿਤੀਸ਼ ਗਠਜੋੜ ਦਾ ਸਵਾਲ ਹੈ, ਭਾਜਪਾ ਦੇ ਤਮਾਮ ਹੰਭਲਿਆਂ ਦੇ ਬਾਵਜੂਦ ਇਸ ਦੇ ਟੁੱਟਣ ਦੀ ਨੌਬਤ ਅਜੇ ਬਹੁਤ ਦੂਰ ਹੈ। ਪੰਜੀ ਸਾਲ ਆਪਸ ਵਿਚ ਲੜਨ ਪਿੱਛੋਂ ਦੋਵੇਂ ਨੇਤਾ ਨੇੜੇ ਆਏ ਸਨ ਅਤੇ ਇਸ ਮੇਲ ਪਿੱਛੇ ਠੋਸ ਰਾਜਨੀਤਕ ਕਾਰਨ ਸਨ। ਜਦੋਂ ਤੱਕ ਇਹ ਠੋਸ ਕਾਰਨ ਰਹਿਣਗੇ, ਉਦੋਂ ਤੱਕ ਲਾਲੂ 'ਤੇ ਕਿੰਨੇ ਵੀ ਸੀ.ਬੀ.ਆਈ. ਦੇ ਛਾਪੇ ਪੈਂਦੇ ਰਹਿਣ ਜਾਂ ਲਾਲੂ ਦੇ ਬੇਟੇ-ਬੇਟੀਆਂ ਖਿਲਾਫ ਜੋ ਵੀ ਦਸਤਾਵੇਜ਼ ਦਿਖਾਏ ਜਾਣ, ਇਹ ਗਠਜੋੜ ਨਹੀਂ ਟੁੱਟਣ ਵਾਲਾ। ਮੈਨੂੰ ਤਾਂ ਪੱਕਾ ਭਰੋਸਾ ਹੈ ਕਿ 2019 ਦੀਆਂ ਲੋਕ ਸਭਾ ਚੋਣ ਵਿਚ ਭਾਜਪਾ ਨੂੰ ਲਾਲੂ-ਨਿਤੀਸ਼ ਦੀ ਮਿਲੀ-ਜੁਲੀ ਤਾਕਤ ਦਾ ਸਾਹਮਣਾ ਕਰਨਾ ਪਵੇਗਾ।*

# ਆਓ ਜਿਉਣ ਦਾ ਅਹਿਦ ਕਰੀਏ

ਜ਼ਿੰਦਗੀ ਦਾ ਨਾਦ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਨੇ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਫੁੱਲਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਕਿਹਾ ਸੀ, ਮਨਾਂ 'ਚ ਖੁਸ਼ੀ ਦੇ ਦੀਵੇ ਜਗਾਉਣ ਵਾਲਾ ਚਮਨ ਦਾ ਫੁੱਲ ਕਮਰੇ 'ਚ ਜਾਂਦਿਆਂ ਹੀ ਮੁਰਝਾ ਜਾਂਦਾ ਏ। ਵਿਛੋੜੇ ਦੇ ਸੱਲ੍ਹ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਵਿਛੋੜਾ ਕੋਈ ਵੀ ਹੋਵੇ, ਵਿਛੋੜਾ ਹੀ ਹੁੰਦਾ ਏ। 'ਕੱਲੀ ਕੂੰਜ ਵਿਛੜ ਗਈ ਡਾਰੋਂ' ਦਾ ਦਰਦ। ਪਿਛਲੇ ਲੇਖ ਵਿਚ ਉਨ੍ਹਾਂ ਅਜੋਕੇ ਸਮਿਆਂ ਵਿਚ ਰਿਸ਼ਤਿਆਂ ਦੀ ਟੁੱਟ-ਭੱਜ 'ਤੇ ਗਿਲ੍ਹਾ ਕੀਤਾ ਸੀ ਕਿ ਕੇਹੇ ਵਕਤ ਆ ਗਏ ਨੇ, ਅਸੀਂ ਖੁਸ਼ੀ ਦੇ ਪਲ ਸਾਂਝੇ ਕਰਨਾ ਵੀ ਮੁਨਾਸਬ ਨਹੀਂ ਸਮਝਦੇ ਜਦ ਕਿ ਖੁਸ਼ੀ ਵੰਡਿਆਂ ਦੂਣ ਸਵਾਈ ਹੁੰਦੀ ਏ। ਫਿਰ ਕੌਣ ਦੁੱਖ ਸਾਂਝੇ ਕਰਨ ਦਾ ਹੀਆ ਕਰੇਗਾ? ਹਥਲੇ ਲੇਖ ਵਿਚ ਡਾ. ਭੰਡਾਲ ਨੇ ਅਜੋਕੇ ਯੁਗ ਵਿਚ ਪੰਜਾਬ ਦੇ ਵਾਤਾਵਰਣ, ਸਮਾਜਕ ਕਦਰਾਂ-ਕੀਮਤਾਂ, ਮਨੁੱਖੀ ਰਿਸ਼ਤਿਆਂ ਤੇ ਜ਼ਿੰਦਗੀ ਦੇ ਹਰ ਮੁਰਾਤਬੇ ਵਿਚ ਆਈ ਮਲੀਨਤਾ ਦੀ ਗੱਲ ਕਰਦਿਆਂ ਕਈ ਸਵਾਲ ਖੜ੍ਹੇ ਕੀਤੇ ਹਨ ਕਿ ਦੁਨੀਆਂ ਨੂੰ ਤਹਿਜ਼ੀਬ ਦੇ ਅਰਥ ਸਮਝਾਉਣ ਵਾਲੀ ਸਭਿਅਤਾ 'ਚੋਂ ਹੀ ਜਦੋਂ ਤਹਿਜ਼ੀਬ ਦਾ ਜਨਾਜ਼ਾ ਉਠ ਜਾਵੇ ਤਾਂ ਦੇਸ਼ ਦਾ ਰੱਬ ਰਾਖਾ। ਦੁਨੀਆਂ ਨੂੰ ਸੰਗੀਤ ਦੇਣ ਵਾਲੇ ਜਦੋਂ ਸ਼ੋਰ 'ਚ ਡੁੱਬ ਜਾਣ ਤਾਂ ਅਸੀਂ ਕਿਹੜੇ ਦਮਗਜ਼ਿਆਂ ਦੇ ਵਾਰਸ ਕਹਿਲਾਉਣ ਦੀ ਹਾਮੀ ਭਰਾਂਗੇ? -ਸੰਪਾਦਕ***

ਚੌਰਾਹੇ 'ਚ ਖੜਾ ਸੰਵੇਦਨਸ਼ੀਲ ਮਨੁੱਖ। ਰੈਡ ਲਾਈਟ ਕਾਰਨ ਵਾਹਨਾਂ ਦਾ ਜਮਘਟਾ। ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ 'ਚ ਆਪਸ 'ਚ ਉਲਝੇ ਵਾਹਨ। ਕਿਸੇ ਕਿਸੇ ਸਕੂਟਰ 'ਤੇ ਬੱਚਿਆਂ ਸਮੇਤ ਪੰਜ ਪੰਜ ਸਵਾਰੀਆਂ। ਹੈਲਮੈਟ ਪਹਿਨਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਬੱਸਾਂ, ਟਰੱਕਾਂ ਤੇ ਟੈਂਪੂਆਂ 'ਚੋਂ ਨਿਕਲ ਰਿਹਾ ਧੂੰਆਂ, ਲੋਕਾਂ ਲਈ ਖੰਘ, ਟੀ.ਬੀ. ਤੇ ਛਾਤੀ ਦੇ ਰੋਗ ਦਾ ਨਿਉਂਦਾ ਬਣ 'ਪ੍ਰਦੂਸ਼ਣ ਚੈਕ' ਦੇ ਸਟਿਕਰ ਨੂੰ ਚਿੜਾਉਂਦਾ। ਟਰੈਫਿਕ ਦੀ ਨਾ ਸਮਝੀ ਕਾਰਨ ਟਰੈਫਿਕ ਨਿਯਮਾਂ ਦੀਆਂ ਉਡ ਰਹੀਆਂ ਧੱਜੀਆਂ। ਇਕ ਦੂਜੇ 'ਚ ਟਕਰਾਉਣ ਤੋਂ ਮਸਾਂ ਬਚਦੀਆਂ ਗੱਡੀਆਂ। ਹਰੀ ਬੱਤੀ ਦੀ ਉਡੀਕ 'ਚ ਪੈਦਾ ਹੋਈ ਘਬਰਾਹਟ। ਸਿਸਟਮ 'ਚ ਖਰਾਬੀ, ਸਮੇਂ ਤੇ ਸਿਹਤ ਦੀ ਬਰਬਾਦੀ। ਕੀ ਅਸੀਂ ਲਾਈਨ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

ਸਿਰ ਗੱਡੀਆਂ ਖੜੀਆਂ ਕਰ, ਵਾਰੀ ਸਿਰ ਲੰਘ ਮਾਨਸਿਕ ਘਬਰਾਹਟ ਤੋਂ ਨਿਜ਼ਾਤ ਨਹੀਂ ਪਾ ਸਕਦੇ? ਪੱਛਮੀ ਦੇਸ਼ਾਂ 'ਚ ਬਿਨਾ ਪੁਲਿਸ ਦੇ ਸਿਪਾਹੀ ਹਰ ਗੱਡੀ ਲਾਈਟਾਂ 'ਤੇ ਰੁਕ, ਵਾਰੀ ਸਿਰ ਲੰਘਦੀ ਏ, ਭਾਵੇਂ ਰਾਤ ਦੇ ਬਾਰਾਂ ਵਜੇ ਹੋਏ ਹੋਣ।

ਟਰੈਫਿਕ 'ਚ ਫਸੇ ਲੋਕਾਂ ਦੀ ਦਿਲ ਦੀ ਗਤੀ ਤੇਜ਼ ਹੋ ਜਾਂਦੀ ਏ ਜੋ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣਦੀ ਏ। ਅਸੀਂ ਤਾਂ ਵਾਰੀ ਦੀ ਉਡੀਕ ਕਰਨਾ ਤੌਹੀਨ ਸਮਝਦੇ ਹਾਂ, ਭਾਵੇਂ ਉਹ ਸਰਕਾਰੀ ਦਫਤਰ, ਬੈਂਕ ਜਾਂ ਹੋਰ ਅਦਾਰੇ ਹੋਣ। ਅਸੀਂ ਨਿਜੀ ਸਾਂਝ ਨਾਲ ਕੰਮ ਕਰਵਾ ਕੇ ਤੁਰਦੇ ਬਣਦੇ ਹਾਂ ਜਦ ਕਿ ਵਾਰੀ ਵਾਲੇ ਉਡੀਕਦੇ ਰਹਿ ਜਾਂਦੇ ਨੇ ਅਤੇ 'ਅਦਾਲਤ 'ਚ ਬੰਦੇ ਬਿਰਖ ਹੋ ਗਏ...' ਦੀ ਨੌਬਤ ਆ ਜਾਂਦੀ ਏ।

ਜ਼ਿੰਦਗੀ 'ਚੋਂ ਗੁੰਮਿਆਂ ਸਲੀਕਾ, ਕਾਹਲ ਭਰਪੂਰ ਵਰਤਾਰਿਆਂ ਨੂੰ ਜਦ ਸਾਡੀ ਤਲੀ 'ਤੇ ਧਰੇਗਾ ਤਾਂ ਸਾਡੇ ਸਾਹਾਂ ਦਾ ਘੁੱਟ ਜਲਦੀ ਭਰਿਆ ਜਾਵੇਗਾ। ਅਸੀਂ ਜਿਉਣ ਲਈ ਉਡੀਕ ਬਣਨ ਦੀ ਬਜਾਏ, ਸਾਹਾਂ ਦੀ ਗਿਣਤੀ ਨਿਬੇੜਨ ਦੀ ਕਾਹਲ 'ਚ ਹਾਂ।

ਕਹਿਰਵਾਨ ਵਕਤ ਦੀ ਮਾਰ, ਸਭਿਆਚਾਰਾਂ, ਸਭਿਆਤਾਵਾਂ ਤੇ ਕੌਮਾਂ ਨੂੰ ਹਜ਼ਮ ਕਰ ਜਾਂਦੀ ਏ। ਬਚਣ-ਬਚਾਉਣ ਦੀ ਕੋਈ ਸਬੀਲ ਨਾ ਬਣਾਉਣ ਵਾਲੇ ਲੋਕ ਵੀਰਾਨ ਰਾਹਾਂ ਦੀ ਧੂੜ ਹੁੰਦੇ ਨੇ।

ਸਰਕਾਰੀ ਹਸਪਤਾਲ ਦੇ ਖੁੱਲ੍ਹਣ ਦਾ ਵਕਤ ਸਵੇਰੇ 9 ਵਜੇ। ਦਸ ਵਜੇ ਦਾ ਵਕਤ। ਚਾਰੇ ਪਾਸੇ ਸੁੰਨ-ਸਾਨ। ਵਿਰਲਾ ਟਾਵਾਂ ਮਰੀਜ ਜਾਂ ਮਰੀਜ ਦੇ ਰਿਸ਼ਤੇਦਾਰ। ਕਾਫੀ ਦੇਰ ਬਾਅਦ ਨਜ਼ਰ ਪਏ ਇਕ ਕਰਮਚਾਰੀ ਨੂੰ ਮਰੀਜ ਨੇ ਪੁੱਛਿਆ, "ਅੱਜ ਹਸਪਤਾਲ ਖੁੱਲ੍ਹਾ ਏ।" "ਨਹੀਂ, ਅੱਜ ਛੁੱਟੀ ਏ।" ਕਸੂਤਾ ਜਿਹਾ ਜਵਾਬ ਸੁਣ, ਮਰੀਜ ਝੇਪ ਗਿਆ। ਸੋਚਣ ਲੱਗਾ, "ਸ਼ਾਇਦ ਛੁੱਟੀ ਹੀ ਹੋਵੇ ਕਿਉਂਕਿ ਕਿਹੜਾ ਪਤਾ ਲੱਗਦਾ ਹੈ ਛੁੱਟੀ ਦਾ। ਹੁਣ ਤਾਂ ਛੁੱਟੀਆਂ ਦੀ ਬਜਾਏ ਕੰਮ ਵਾਲੇ ਦਿਨਾਂ ਦਾ ਕੈਲੰਡਰ ਚਾਹੀਦਾ ਏ। ਛੁੱਟੀਆਂ ਕਾਰਨ ਸਰਕਾਰੀ ਮਹਿਕਮਿਆਂ ਦੀ ਕਾਰਜ-ਕੁਸ਼ਲਤਾ ਚਾਪਲੂਸੀ ਦੀਆਂ ਰੋਟੀਆਂ ਸੇਕਣ ਜੋਗੀ ਰਹਿ ਗਈ ਏ।"

ਫਿਰ ਥੋੜਾ ਜਿਹਾ ਜੇਰਾ ਕਰਕੇ ਮਰੀਜ ਨੇ ਦੁਬਾਰਾ ਪੁੱਛਿਆ, "ਕੀ ਅੱਜ ਛੁੱਟੀ ਏ?" ਤਾਂ ਜਵਾਬ ਮਿਲਿਆ, "ਤੈਨੂੰ ਦਿਸਦਾ ਨਹੀਂ, ਹਸਪਤਾਲ ਖੁੱਲ੍ਹਾ ਏ।" ਤਾਂ ਮਰੀਜ ਦੇ ਦਿਮਾਗ 'ਚ ਘੁੰਮਣ ਲੱਗਾ, "ਕੀ ਚੰਗਾ ਬੋਲਣ ਦਾ ਵੀ ਮੁੱਲ ਲੱਗਦਾ ਏ?"

ਦੁਨੀਆਂ ਨੂੰ ਤਹਿਜ਼ੀਬ ਦੇ ਅਰਥ ਸਮਝਾਉਣ ਵਾਲੀ ਸਭਿਅਤਾ 'ਚੋਂ ਹੀ ਜਦੋਂ ਤਹਿਜ਼ੀਬ ਦਾ ਜਨਾਜ਼ਾ ਉਠ ਜਾਵੇ ਤਾਂ ਦੇਸ਼ ਦਾ ਰੱਬ ਰਾਖਾ। 'ਜੀ ਆਇਆਂ', 'ਆਉ ਜੀ', 'ਧੰਨਵਾਦ' ਆਦਿ ਲਫਜ਼ ਸਾਡੀ ਬੋਲ ਬਾਣੀ 'ਚ ਹੀ ਨਹੀਂ। ਸਾਨੂੰ ਭੁੱਲ ਗਈ ਏ ਨਿਮਰਤਾ, ਮਿਠਾਸ ਤੇ ਆਪਣਾ ਬਣ ਜਾਣ ਜਾਂ ਬਣਾਉਣ ਦੀ ਤਰਕੀਬ। ਕਿਉਂ ਨਹੀਂ ਅਸੀਂ ਸਵੈ-ਪੜਚੋਲ 'ਚੋਂ ਇਸ ਦੇ ਕਾਰਨਾਂ, ਪਿਛੋਕੜਾਂ ਨੂੰ ਘੋਖਦੇ, ਅਲਾਮਤਾਂ ਨੂੰ ਸੁਧਾਰਨ ਦਾ ਤਹੱਈਆ ਕਰਦੇ!

ਅਦਬ ਜਦੋਂ ਵਾਸ਼ਪ ਹੋ ਜਾਏ, ਅਦੀਬ ਹੀ ਰਕੀਬ ਬਣ ਜਾਵੇ ਤਾਂ ਜਿਉਣ-ਜੁਗਤ ਨੂੰ ਦੁਬਾਰਾ ਵਿਉਂਤਣਾ ਪੈਂਦਾ ਏ। ਇਸ ਦੀਆਂ ਊਣਤਾਈਆਂ ਅਤੇ ਸਮੁੱਚੇ ਸਰੋਕਾਰਾਂ ਨੂੰ ਦੁਬਾਰਾ ਪਰਿਭਾਸ਼ਤ ਕਰਨ ਦੀ ਲੋੜ ਹੁੰਦੀ ਏ।

ਮਾਨਸਿਕ ਸੋਚ 'ਚੋਂ ਗੁੰਮ ਹੋਈ ਸੰਵੇਦਨਾ ਸਾਡਾ ਸੰਤਾਪ ਬਣੀ ਸਮਾਜ, ਸਭਿਆਚਾਰ, ਸਹਿਚਾਰ ਤੇ ਸਾਂਝੀਵਾਲਤਾ ਨੂੰ ਸਿਉਂਕ ਰਹੀ ਏ। ਵੇਲੇ ਸਿਰ ਨਾ ਸੰਭਲੇ ਤਾਂ ਡਿੱਗੇ ਪਿੰਜਰ ਦਾ ਨਾਮੋ-ਨਿਸ਼ਾਨ ਵੀ ਨਹੀਂ ਥਿਆਉਣਾ।

ਮਲੂਕ ਜਿਹੀਆਂ ਚਿੜੀਆਂ ਤੇ ਹੋਰ ਪਰਿੰਦੇ ਮਨੁੱਖ ਦੀਆਂ ਕੁਦਰਤ-ਮਾਰੂ ਬਿਰਤੀਆਂ ਦੀ ਭੇਟਾ ਚੜ੍ਹ ਗਏ ਨੇ ਕਿਉਂਕਿ ਅਸੀਂ ਆਲ੍ਹਣਿਆਂ ਲਈ ਦਰਖਤ ਤੇ ਜੰਗਲ ਰਹਿਣ ਨਹੀਂ ਦਿੱਤੇ। ਕੀੜੇ-ਮਾਰ ਦਵਾਈਆਂ ਨਾਲ ਜ਼ਹਿਰੀਲਾ ਅਨਾਜ ਖਾ ਕੇ ਭਲਾ ਸੋਹਲ ਪਰਿੰਦੇ ਕਿਵੇਂ ਬਚਦੇ? ਕੁੜੀਆਂ ਅਸੀਂ ਕੁੱਖਾਂ ਵਿਚ ਹੀ ਮਾਰਨ ਲੱਗ ਪਏ ਹਾਂ। ਫਿਰ ਇਨਸਾਨ ਕਿਵੇਂ ਹੋਏ? ਕਿਸੇ ਦਾ ਜਿਉਣ ਹੱਕ ਖੋਹਣ ਵਾਲਾ ਵਿਅਕਤੀ ਜਿਉਣ ਦਾ ਹੱਕਦਾਰ ਕਿਵੇਂ ਹੋ ਸਕਦਾ ਏ? ਕੁਦਰਤੀ ਅਸਾਵੇਂਪਣ ਦੀ ਉਪਜ ਏ-ਵਧਿਆ ਤਾਪਮਾਨ, ਮੌਸਮ ਦੀ ਬੇਤਰਤੀਬੀ ਕਾਰਨ ਬਿਮਾਰੀਆਂ ਦਾ ਕਹਿਰ ਤੇ ਧਰਤੀ ਦੇ ਚੱਪੇ ਚੱਪੇ 'ਤੇ ਫੈਲਿਆ ਜ਼ਹਿਰ। ਕਦੇ ਕੁਦਰਤ ਰਾਣੀ ਦਾ ਵਿਰਲਾਪ ਸੁਣੋ, ਉਸ ਦੀ ਵੇਦਨਾ, ਸੋਚ ਕਸਵੱਟੀ 'ਤੇ ਚਾੜ੍ਹ ਕੋਈ ਹੱਲ ਤਲਾਸ਼ਣ ਦਾ ਹੀਆ ਤਾਂ ਕਰੋ, ਫਿਰ ਹੀ ਤੁਸੀਂ ਮਨੁੱਖੀ ਹੋਂਦ ਦੀ ਤਸਦੀਕ ਕਰ ਸਕਦੇ ਹੋ।

ਹਉਕੇ ਵਰਗੇ ਪਲ ਜ਼ਿੰਦਗੀ ਦੇ ਨਾਂਵੇਂ ਤਾਜ਼ਗੀ ਨਹੀਂ ਤ੍ਰੌਂਕਦੇ ਅਤੇ ਨਾ ਹੀ ਮਹਿਕਾਂ ਭਰੀ ਪੌਣ ਦੀ ਦਸਤਕ ਬਣਦੇ ਨੇ, ਸਗੋਂ ਘੁਟਣ ਭਰੀ ਹੁੰਮਕ ਹੀ ਚੌਗਿਰਦੇ ਦਾ ਨਸੀਬ ਬਣਦੀ ਏ। ਮਨੁੱਖ ਸਮਾਜੀ ਜੀਵ ਏ। ਰਿਸ਼ਤਿਆਂ ਦੀ ਪਾਕੀਜ਼ਗੀ ਦਾ ਪਹਿਰੇਦਾਰ। ਪਰ ਜਦੋਂ ਰਿਸ਼ਤਿਆਂ 'ਚ ਪਾਪ ਪਨਪ ਜਾਵੇ, ਖੋਟ ਰਲ ਜਾਵੇ, ਨਿਜੀ ਮੁਫਾਦ ਦੀ ਧਰਾਤਲ 'ਤੇ ਰਿਸ਼ਤਿਆਂ ਦੀ ਤਾਮੀਰਦਾਰੀ ਹੁੰਦੀ ਹੋਵੇ, ਸਾਂਝਾਂ ਦੇ ਪੁਲ ਲੋੜ ਦੇ ਥੰਮ ਟਿਕੇ ਹੋਣ, ਨਿਰ-ਸੁਆਰਥ ਸਬੰਧਾਂ ਦਾ ਸਿਵਾ ਸੇਕਿਆ ਜਾ ਰਿਹਾ ਹੋਵੇ ਤਾਂ ਸਮਾਜ ਦੀ ਨਿੱਗਰ ਹੋਂਦ ਨੂੰ ਸੰਭਾਲਣ ਲਈ, ਨਵੇਂ



*ਨਾਗ ਸਾਂਭ ਲੈ ਜ਼ੁਲਫਾਂ ਦੇ...ਜੈਜ਼ੀ ਬੀ*

ਸੰਦਰਭਾਂ ਵਿਚ ਸੋਚਣ ਦੀ ਲੋੜ ਹੁੰਦੀ ਏ। ਸਮੇਂ ਦੇ ਬੀਤਣ ਨਾਲ, ਤਬਦੀਲੀ ਜ਼ਰੂਰ ਆਉਂਦੀ ਏ ਪਰ ਉਨ੍ਹਾਂ ਤਬਦੀਲੀਆਂ ਦੀਆਂ ਨੀਹਾਂ, ਸਾਡੇ ਅਮੀਰ ਵਿਰਸੇ 'ਚੋਂ ਢੂੰਡਣ ਦੀ ਲੋੜ ਏ। ਬਿਗਾਨੀ ਸੋਚ ਦੀ ਫਸਲ, ਜੇ ਸਾਡੀ ਧਰਤ 'ਤੇ ਪਨਪੀ ਤਾਂ ਵਿਨਾਸ਼ ਦਾ ਕਾਰਨ ਬਣੇਗੀ।

ਅਮੀਰ ਏ ਸਾਡਾ ਵਿਰਸਾ, ਸਾਡੀ ਵਿਰਾਸਤ। ਪਰ ਜਦੋਂ ਇਸ ਨੂੰ ਨੰਗੇਜ ਜਾਂ ਬਨਾਵਟੀ ਪੁਣੇ ਦੇ ਸਹਾਰੇ ਦੀ ਲੋੜ ਪੈ ਜਾਵੇ ਤਾਂ ਸਮਝੋ ਇਸ ਦੀ ਅਰਥੀ ਦੀ ਤਿਆਰੀ ਏ। ਸੰਗੀਤ ਤੋਂ ਸ਼ੋਰ ਤੀਕ ਦਾ ਸਫਰ ਕਰਦਿਆਂ, ਪੈਸੇ ਦੀ ਹਵਸ ਦਾ ਸ਼ਿਕਾਰ ਹੋਇਆ ਹਰ ਕਲਾਕਾਰ ਆਪਣੇ ਅਮੀਰ ਵਿਰਸੇ ਦੀ ਬਾਤ ਪਾਉਂਦਾ ਏ। ਪਰ ਅਸ਼ਲੀਲਤਾ ਤੇ ਨੰਗੇਜਪੁਣੇ 'ਚੋਂ ਆਪਣੀਆਂ ਰੋਟੀਆਂ ਸੇਕਣ ਤੋਂ ਗੁਰੇਜ਼ ਨਹੀਂ ਕਰਦਾ। ਕਿਥੇ ਗਿਆ ਸਾਡਾ ਸੁਹਜ, ਕੁਦਰਤੀ ਵਰਤਾਰਿਆਂ 'ਚੋਂ ਸੰਗੀਤਕ ਲੈਅ ਮਾਣਨਾ ਤੇ ਸੰਗੀਤਕ ਭਾਵਾਂ 'ਚੋਂ ਮਾਨਸਿਕ ਉਡਾਣਾਂ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਨੀਆਂ? ਦੁਨੀਆਂ ਨੂੰ ਸੰਗੀਤ ਦੇਣ ਵਾਲੇ ਜਦੋਂ ਸ਼ੋਰ 'ਚ ਡੁੱਬ ਜਾਣ ਤਾਂ ਅਸੀਂ ਕਿਹੜੇ ਦਮਗਜ਼ਿਆਂ ਦੇ ਵਾਰਸ ਕਹਿਲਾਉਣ ਦੀ ਹਾਮੀ ਭਰਾਂਗੇ?

ਇਕ ਸਰਕਾਰੀ ਅਦਾਰੇ ਦੀ ਬਾਹਰੀ ਦਿੱਖ ਨੂੰ ਨਿਖਾਰਨ ਲਈ, ਅਦਾਰੇ ਦਾ ਮੁਖੀ ਆਪਣੇ ਚਹੇਤੇ ਨੂੰ ਠੇਕਾ ਦੇਣ ਲਈ ਬਜ਼ਿੱਦ। ਜਦੋਂ ਦਿੱਖ ਨਿਖਾਰਨ ਵਾਲੀ ਕਮੇਟੀ ਨੇ ਸਮੁੱਚਾ ਕੰਮ, ਮੁਖੀ ਵਲੋਂ ਅਨੁਮਾਨਤ ਲਾਗਤ ਨਾਲੋਂ ਵੀ ਡੇਢ ਕੁ ਲੱਖ ਰੁਪਏ ਘੱਟ 'ਤੇ ਕਰਵਾ ਲਿਆ ਤਾਂ ਕਮੇਟੀ ਦੇ ਸਮੂਹ ਮੈਂਬਰਾਂ ਦੀ ਸਾਲਾਨਾ ਗੁਪਤ ਰਿਪੋਰਟ 'ਕਾਰਜ ਕੁਸ਼ਲਤਾ ਨਹੀਂ', 'ਭਰੋਸੇਯੋਗ ਨਹੀਂ', 'ਵਿਅਕਤੀਤਵ ਪਾਰਦਰਸ਼ਕ ਨਹੀਂ' ਆਦਿ ਵਿਸ਼ਲੇਸ਼ਣਾਂ ਨਾਲ ਵਿਗਾੜੀ ਗਈ ਜਦਕਿ ਰਲ-ਮਿਲ ਕੇ ਛਕਣ-ਛਕਾਉਣ ਵਾਲਿਆਂ ਦੀ ਗੁਪਤ ਰਿਪੋਰਟ 'ਅਤਿ ਵਿਸ਼ਿਸ਼ਟ' ਆਦਿ ਵਿਸ਼ਲੇਸ਼ਣਾਂ ਨਾਲ ਸ਼ਿੰਗਾਰੀ ਗਈ। ਕੀ ਕੋਈ ਦੁਬਾਰਾ ਆਪਣੀ ਸਮਰੱਥਾ, ਸਮਰਪਣ, ਇਮਾਨਦਾਰੀ ਅਤੇ ਪਾਰਦਰਸ਼ਤਾ ਦਿਖਾਉਣ ਦੀ ਜੁਰਅਤ ਕਰੇਗਾ? ਕਿਹੋ ਜਿਹਾ ਨਜ਼ਾਰਾ ਏ! ਕਲਪੁਰਜ਼ੇ ਬਣਨ ਲਈ ਆਮ ਮਨੁੱਖ ਨੂੰ ਮਜ਼ਬੂਰ ਕੀਤਾ ਜਾ ਰਿਹਾ ਏ? ਕੀ ਅਜਿਹੇ ਮੁਖੀਆਂ ਦੇ ਹੁੰਦਿਆਂ ਸੰਸਥਾਵਾਂ ਕਿਸੇ ਤਰ੍ਹਾਂ ਦੀ ਪਛਾਣ, ਨਰੋਈ ਦਿੱਖ ਜਾਂ ਨਵੇਂ ਦਿਸਹੱਦੇ ਸਿਰਜਣ ਦੇ ਸਮਰੱਥ ਹੋ ਸਕਦੀਆਂ ਨੇ?

ਜੇ ਜੀਵਨ ਦੇ ਹਰ ਪਲ 'ਚੋਂ ਜਿਉਣ ਦਾ ਸਲੀਕਾ ਅਲੋਪ ਹੋ ਜਾਵੇ ਤਾਂ ਜਿਉਣਾ ਅਨਰਥ ਹੋ ਜਾਂਦਾ ਏ। ਅਸੀਂ ਸਿਰਫ, ਪੈਸਾ ਇਕੱਠਾ ਕਰਨ, ਮਸ਼ਨੂਈ ਸਾਂਝਾਂ ਪੈਦਾ ਕਰਨ, ਫੋਕੀ ਪਛਾਣ ਜਾਂ ਠਾਠ-ਬਾਠ ਪੈਦਾ ਕਰਨ 'ਚ ਗਲਤਾਨ ਹਾਂ।

ਮਨਫੀ ਹੋ ਗਿਆ ਜਿਉਣਾ, ਕਰ ਰਿਹਾ ਏ ਸਾਹਾਂ ਦੀ ਸੰਜੀਦਗੀ ਨੂੰ ਊਣਾ, ਕੌਣ ਕਰ ਗਿਆ ਏ ਪਤਝੜ ਦਾ ਚਮਨ 'ਚ ਟੂਣਾ ਅਤੇ ਪੈ ਰਿਹਾ ਏ ਆਂਦਰਾਂ ਨਾਲ ਜੀਵਨ ਲੰਗਾਰ ਨੂੰ ਸਿਊਣਾ।

ਦਰਿਆਵਾਂ ਤੇ ਨਲਕਿਆਂ ਦੀ ਹੋਂਦ ਤੇ ਉਕਰਿਆ ਸਵਾਲੀਆ ਚਿੰਨ੍ਹ। ਇਨ੍ਹਾਂ ਦੀ ਅੰਮ੍ਰਿਤ ਵਰਗੀ ਸੀਰਤ 'ਚ ਰਲੇ ਹੋਏ ਜ਼ਹਿਰੀਲੇ ਤੱਤਾਂ ਦੀ ਮਾਤਰਾ ਪੰਜ-ਆਬਾਂ ਦੀ ਧਰਤੀ ਦਾ ਮਰਸੀਆ ਪੜ੍ਹਨ ਦੀ ਤਿਆਰੀ 'ਚ ਏ। ਪਾਣੀ ਦੀ ਵਰਤੋਂ ਤੇ ਸ੍ਰੋਤਾਂ ਵਿਚਲੇ ਸੰਤੁਲਨ ਤੋਂ ਬਗੈਰ ਅਸੀਂ ਭਵਿੱਖੀ ਮਾਰੂਥਲ ਦੇ ਵਾਸੀ ਬਣਨ ਦੀਆਂ ਤਿਆਰੀਆਂ 'ਚ ਹਾਂ। ਕਿੰਨਾ ਕੁ ਚਿਰ ਅਸੀਂ ਸਬਮਰਸੀਬਲ ਪੰਪਾਂ ਦੇ ਸਹਾਰੇ ਜੀਅ ਸਕਾਂਗੇ?

ਕਦੇ ਫੁੱਲ ਬੂਟਿਆਂ, ਸੁੰਦਰ ਘਾਟਾਂ ਤੇ ਪੰਜਾਬੀ ਵਿਰਸੇ ਨਾਲ ਓਤਪੋਤ ਕਾਲੀ ਬੇਈਂ ਦੇ ਅਜੋਕੇ ਰੂਪ ਨੂੰ ਨਿਹਾਰਿਓ ਅਤੇ ਪੁਰਾਣੀ ਬੇਈਂ ਦੇ ਗੰਦਗੀ ਭਰੇ ਮੁਹਾਂਦਰੇ ਨੂੰ ਚਿਤਾਰਿਓ, ਤੁਹਾਨੂੰ 'ਸੜਕਾਂ ਵਾਲੇ ਬਾਬੇ' ਤੋਂ 'ਵਾਤਾਵਰਣੀ ਬਾਬਾ' ਬਣੇ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਪ੍ਰਤੀਬੱਧਤਾ, ਸਮਰਪਣ, ਦ੍ਰਿੜਤਾ, ਵਿਸ਼ਵਾਸ,



*ਧੂੰਆਂ ਛੱਡਦੀਆਂ ਗੱਡੀਆਂ*

ਸਮਰੱਥਾ ਤੇ ਸੋਝੀ 'ਤੇ ਫਖਰ ਮਹਿਸੂਸ ਹੋਵੇਗਾ ਅਤੇ ਸੰਤ-ਪੁਣੇ ਦੀ ਸਹੀ ਸਾਰਥਕਤਾ ਦਾ ਇਲਮ ਹੋਵੇਗਾ।

ਕੋਈ ਨਹੀਂ ਸਿੱਖਿਆ ਦਾ ਦਾਨੀ। ਸਿੱਖਿਆ ਵਿਕਦੀ ਏ। ਜਿੰਨੀ ਕੁ ਜਿਸ ਦੀ ਆਰਥਿਕ ਸਮਰੱਥਾ ਏ, ਉਨੀ ਕੁ ਸਿਖਿਆ ਲੈ ਲੈਂਦਾ ਏ। ਜਦੋਂ ਝੁੱਗੀ-ਝੌਂਪੜੀ ਵਾਲੇ ਜਾਂ ਨਿਮਨ ਵਰਗ ਦਾ ਸਿੱਖਿਆ ਵਿਹੂਣਾ ਲੜਕਾ ਕਤਲਾਂ-ਚੋਰੀਆਂ 'ਚੋਂ ਪੱਥਰ ਯੁੱਗ ਦੀ ਪਛਾਣ ਸਿਰਜੇਗਾ ਤਾਂ ਅਸੀਂ ਆਪਣੇ ਅਕੀਦਿਆਂ 'ਤੇ ਕਾਹਦਾ ਮਾਣ ਕਰਾਂਗੇ?

ਹੱਥੀਂ ਕਿਰਤ ਕਰਨ ਅਤੇ ਵੰਡ ਛਕਣ ਦੀ ਸੋਚ ਕਾਫੂਰ ਹੋ ਗਈ ਏ। ਵਿਹਲੇ ਰਹਿੰਦਿਆਂ, ਦੂਸਰੇ ਦੀ ਕਮਾਈ ਨੂੰ ਹੜੱਪਣਾ, ਦੌਲਤ ਜਾਂ ਸੁੱਖ-ਸੁਵਿਧਾਵਾਂ 'ਤੇ ਆਪਣੀ ਅਜਾਰੇਦਾਰੀ ਕਾਇਮ ਕਰਨਾ, ਸਾਡੀ ਮਾਨਸਿਕਤਾ ਬਣ ਗਈ ਏ। ਅਸੀਂ ਦੂਸਰਿਆਂ ਦੇ ਦੁੱਖ 'ਚੋਂ ਆਪਣੇ ਸੁੱਖ ਤਲਾਸ਼ਦੇ ਹਾਂ। ਕਿਸੇ ਦੇ ਗਮ 'ਚੋਂ ਆਪਣੀਆਂ ਖੁਸ਼ੀਆਂ ਦਾ ਸੰਧਾਰਾ ਭਾਲਦੇ ਹਾਂ। ਕਿਸੇ ਦੇ ਹੱਕ ਖੋਹਣਾ, ਸਾਡੇ ਲਈ ਫਖਰ ਏ। ਕਿਸੇ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਆਪਣੀ ਹਉਮੈ ਨੂੰ ਪੱਠੇ ਪਾਉਂਦੇ ਹਾਂ। ਕਿਸੇ ਦੇ ਹਉਕੇ 'ਚੋਂ ਆਪਣੀ ਹੋਂਦ ਭਾਲਦੇ ਹਾਂ।

ਆਖਰ ਕਿੰਨਾ ਕੁ ਚਿਰ ਚੱਲੇਗਾ ਅਜਿਹਾ ਵਰਤਾਰਾ। ਸਾਡੀ ਮਾਨਸਿਕਤਾ ਵਿਚਲੀ ਨੀਚਤਾ ਸਾਡੀਆਂ ਹੋਣੀਆਂ ਦਾ ਸਿਰਨਾਵਾਂ ਏ। ਸਾਡੀਆਂ ਅਮੀਰ ਪਰੰਪਰਾਵਾਂ ਤੇ ਵਿਰਾਸਤ ਦਾ ਨਿਘਾਰ ਏ। ਸਾਡੀਆਂ ਸੰਭਾਵਨਾਵਾਂ ਦੀ ਸਿਸਕਦੀ ਤਕਦੀਰ ਏ।

ਜਦੋਂ ਮਨੁੱਖ ਵਿਕਦਾ ਏ, ਮਨੁੱਖੀ ਅੰਗਾਂ ਦੀ ਤਸਕਰੀ ਹੁੰਦੀ ਏ। ਮਨੁੱਖੀ ਲਾਸ਼ਾਂ ਨੀਲਾਮ ਹੁੰਦੀਆਂ ਨੇ। ਮਨੁੱਖੀ ਕਫਨਾਂ 'ਚੋਂ ਵੀ ਦਲਾਲੀ ਲਈ ਜਾਂਦੀ ਏ। ਦੁਖਦੀ ਲੋਕਾਈ ਦਾ ਦਰਦ ਵੰਡਾਉਣ ਲਈ ਰਾਹਤ-ਫੰਡ ਵਿਚ ਘਪਲੇ ਹੁੰਦੇ ਨੇ। ਵਖਤ ਦੇ ਮਾਰਿਆਂ ਲਈ ਭੇਜੀ ਸਮੱਗਰੀ 'ਚੋਂ ਚੰਗੀਆਂ ਵਸਤਾਂ ਰਸਤੇ 'ਚ ਹੀ ਅਲੋਪ ਹੋ ਜਾਂਦੀਆਂ ਨੇ ਤਾਂ ਸੋਚਣ ਦੀ ਲੋੜ ਏ ਕਿ ਅਸੀਂ ਕਿਸ ਤਰ੍ਹਾਂ ਦੀ ਮਾਨਵੀ ਬਿਰਤੀ ਦਾ ਸ਼ਿਕਾਰ ਹੋ ਰਹੇ ਹਾਂ? ਕੀ ਅਸੀਂ ਆਪਣੇ ਆਪ ਨੂੰ ਦੁਖੀ ਮਾਨਵਤਾ ਦੀ ਥਾਂ ਖੜ ਕੇ ਕਦੇ ਵੇਖਿਆ ਏ? ਕੀ ਮਾਨਵੀ ਸਰੋਕਾਰਾਂ ਤੋਂ ਬਗੈਰ ਮਾਨਵਤਾ ਜ਼ਿੰਦਾ ਰਹਿ ਸਕੇਗੀ? ਕੀ ਅਸੀਂ ਜਿਉਣ ਦਾ ਸਲੀਕਾ ਭੁੱਲ ਕੇ ਜਿਉਣ ਦੀ ਅਰਦਾਸ 'ਚੋਂ ਸੰਪੂਰਨਤਾ ਭਾਲ ਲਵਾਂਗੇ?

ਮਨੁੱਖ ਇਕੱਲਾ ਨਹੀਂ ਜਿਊਂਦਾ ਰਹਿ ਸਕਦਾ। ਜੇ ਇਸ ਨੇ ਜਿਉਣਾ ਹੈ ਤਾਂ ਇਸ ਨੂੰ ਕੁਦਰਤੀ ਵਰਤਾਰਿਆਂ ਤੇ ਸਰੋਕਾਰਾਂ ਸੰਗ ਪੁਰ-ਸਕੂਨ ਸਬੰਧਾਂ ਦੀ ਨਿਸ਼ਾਨਦੇਹੀ ਕਰਨੀ ਪਵੇਗੀ।


ਜਿਉਣ ਲਈ, ਜਿਉਣ ਦਾ ਹੁਨਰ ਚਾਹੀਦਾ ਏ। ਸਾਡੇ ਸੰਸਕਾਰ, ਸਾਡੀ ਸਦੀਵਤਾ ਦਾ ਨਗਮਾ ਗੁਣਗੁਣਉਂਦੇ ਨੇ। ਸਾਡੀ ਸੋਚ ਦੀ ਪੁਖਤਗੀ, ਸਾਡੀਆਂ ਪ੍ਰਾਪਤੀਆਂ ਦਾ ਪ੍ਰਮਾਣ ਬਣਦੀ ਏ।

ਸੂਰਜ ਦੀ ਪਹਿਲੀ ਕਿਰਨ ਸਾਹਵੇਂ ਅਹਿਦ ਕਰੀਏ ਭਰਪੂਰ ਜ਼ਿੰਦਗੀ ਜਿਉਣ ਦਾ। ਜ਼ਿੰਦਗੀ, ਜਿਸ ਵਿਚ ਕੁਦਰਤੀ ਸੰਤੁਲਨ ਦਾ ਪੈਗਾਮ ਹੋਵੇ। ਪਿੱਤਰਾਂ ਦੀ ਰੂਹ ਵਰਗੇ ਪੌਣ, ਪਾਣੀ ਤੇ ਧਰਤੀ ਦੀ ਸਵੱਛਤਾ ਦਾ ਗੁਣਗਾਨ ਹੋਵੇ। ਨਰੋਈਆਂ ਕਦਰਾਂ ਕੀਮਤਾਂ ਦੀ ਪੁਨਰ-ਸੁਰਜੀਤੀ ਤੇ ਸਾਂਭ-ਸੰਭਾਲ ਦਾ ਐਲਾਨ ਹੋਵੇ। ਹੈਵਾਨ ਦਾ ਜਾਮਾ ਉਤਾਰ ਕੇ, ਮਨੁੱਖ ਸਹੀ ਅਰਥਾਂ ਵਿਚ ਇਨਸਾਨ ਹੋਵੇ। ਸਮੁੱਚੀ ਜੀਵ-ਪ੍ਰਣਾਲੀ ਦੀ ਸਦੀਵਤਾ ਲੋਚਣਾ, ਹਰ ਇਕ ਦਾ ਕਰਮ, ਧਰਮ ਤੇ ਈਮਾਨ ਹੋਵੇ। ਚੌਗਿਰਦੇ ਦੀ ਮਲੀਨਤਾ ਬਾਰੇ ਸੋਚਣਾ ਤੇ ਸੁੰਦਰਤਾ ਵਧਾਉਣਾ, ਫਰਜ਼ ਤੇ ਫੁਰਮਾਨ ਹੋਵੇ। ਰੁੱਖਾਂ ਤੇ ਪਰਿੰਦਿਆਂ ਨਾਲ ਸਾਂਝ ਵਧਾਉਂਦਾ ਇਨਸਾਨ ਹੋਵੇ। ਜਿਉਣ-ਜਾਚ ਦੀ ਆਭਾ 'ਚੋਂ ਨਿਖਰੀ ਹਰ ਇਕ ਦੀ ਅਲਹਿਦਾ ਤੇ ਨਰੋਈ ਪਹਿਚਾਣ ਹੋਵੇ। ਬੋਲਾਂ 'ਚ ਰਚੀ ਬਾਣੀ, ਗੀਤਾ, ਅੰਜੀਲ ਤੇ ਕੁਰਾਨ ਹੋਵੇ। ਸਰਬ ਸਾਂਝੀਵਾਲਤਾ 'ਚੋਂ ਖੁਸ਼ੀ, ਖੁਸ਼ਹਾਲੀ ਤੇ ਖੈਰੀਅਤ ਲੋਚਦੀ ਜੁਬਾਨ ਹੋਵੇ। ਸੁਪਨਿਆਂ, ਸੋਚਾਂ, ਸਮਰੱਥਾ ਤੇ ਸੰਪੂਰਨਤਾ ਦੇ ਸੰਤੁਲਨ 'ਚੋਂ ਉਪਜੀ ਮਨੁੱਖੀ ਉਡਾਣ ਹੋਵੇ। ਵਕਤ 'ਤੇ ਉਕਰੇ ਸਿਰਨਾਵਿਆਂ ਦਾ, ਸਭਨਾਂ ਦੇ ਸਿਰਾਂ 'ਤੇ ਚਮਕਦਾ ਅਸਮਾਨ ਹੋਵੇ। ਲੋਕਾਈ ਦਾ ਦਰਦ ਹਰਨ ਦਾ ਚਾਰੇ ਪਾਸੇ ਵਿਖਿਆਨ ਹੋਵੇ। ਸੋਚਾਂ, ਸਰਹੱਦਾਂ, ਸਬੀਲਾਂ, ਸੰਭਾਵਨਾਵਾਂ ਤੇ ਸਮਝੌਤਿਆਂ ਦਾ ਸਾਂਝਾ ਇਤਮੀਨਾਨ ਹੋਵੇ।

***ਜਦੋਂ ਮਨੁੱਖ ਵਿਕਦਾ ਏ, ਮਨੁੱਖੀ ਅੰਗਾਂ ਦੀ ਤਸਕਰੀ ਹੁੰਦੀ ਏ। ਮਨੁੱਖੀ ਲਾਸ਼ਾਂ ਨੀਲਾਮ ਹੁੰਦੀਆਂ ਨੇ। ਮਨੁੱਖੀ ਕਫਨਾਂ 'ਚੋਂ ਵੀ ਦਲਾਲੀ ਲਈ ਜਾਂਦੀ ਏ। ਦੁਖਦੀ ਲੋਕਾਈ ਦਾ ਦਰਦ ਵੰਡਾਉਣ ਲਈ ਰਾਹਤ-ਫੰਡ ਵਿਚ ਘਪਲੇ ਹੁੰਦੇ ਨੇ। ਵਖਤ ਦੇ ਮਾਰਿਆਂ ਲਈ ਭੇਜੀ ਸਮੱਗਰੀ 'ਚੋਂ ਚੰਗੀਆਂ ਵਸਤਾਂ ਰਸਤੇ 'ਚ ਹੀ ਅਲੋਪ ਹੋ ਜਾਂਦੀਆਂ ਨੇ ਤਾਂ ਸੋਚਣ ਦੀ ਲੋੜ ਏ ਕਿ ਅਸੀਂ ਕਿਸ ਤਰ੍ਹਾਂ ਦੀ ਮਾਨਵੀ ਬਿਰਤੀ ਦਾ ਸ਼ਿਕਾਰ ਹੋ ਰਹੇ ਹਾਂ? ਕੀ ਅਸੀਂ ਆਪਣੇ ਆਪ ਨੂੰ ਦੁਖੀ ਮਾਨਵਤਾ ਦੀ ਥਾਂ ਖੜ ਕੇ ਕਦੇ ਵੇਖਿਆ ਏ? ਕੀ ਮਾਨਵੀ ਸਰੋਕਾਰਾਂ ਤੋਂ ਬਗੈਰ ਮਾਨਵਤਾ ਜ਼ਿੰਦਾ ਰਹਿ ਸਕੇਗੀ? ਕੀ ਅਸੀਂ ਜਿਉਣ ਦਾ ਸਲੀਕਾ ਭੁੱਲ ਕੇ ਜਿਉਣ ਦੀ ਅਰਦਾਸ 'ਚੋਂ ਸੰਪੂਰਨਤਾ ਭਾਲ ਲਵਾਂਗੇ?***

# ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਦੋ ਲੇਖਾਂ ਵਿਚ ਇਸ ਗੱਲ ਦੀ ਸੰਖੇਪ ਚਰਚਾ ਕੀਤੀ ਗਈ ਹੈ ਕਿ ਗੁਰਮੁਖਿ ਜਾਂ ਗੁਰਸਿਖ ਵਿਚ ਸਿਧਾਂਤਕ ਤੌਰ 'ਤੇ ਕੋਈ ਅੰਤਰ ਨਹੀਂ ਹੈ। ਇਹ ਚਰਚਾ ਗੁਰਮਤਿ ਅਤੇ ਸਿੱਖ ਧਰਮ ਦੇ ਸੰਦਰਭ ਵਿਚ ਹੀ ਕੀਤੀ ਗਈ ਹੈ ਤਾਂ ਕਿ ਅਸੀਂ ਇਸ ਸਿੱਟੇ 'ਤੇ ਪਹੁੰਚ ਸਕੀਏ ਕਿ ਗੁਰੂਆਂ ਵੱਲੋਂ ਜਿਸ ਧਰਮ ਦੀ ਨੀਂਹ ਰੱਖੀ ਗਈ, ਉਹ ਬਾਣੀ ਵਿਚ ਗੁਰਮੁਖਿ ਜਾਂ ਗੁਰਸਿੱਖ ਦੇ ਇਸ ਸਿਧਾਂਤਕ ਵਿਅਕਤੀਤਵ ਦੀ ਘਾੜਤ ਲਈ, ਉਸ ਨੂੰ ਅਮਲੀ ਰੂਪ ਦੇਣ ਲਈ, ਇੱਕ ਅਜਿਹੇ ਸਮਾਜ ਦੀ ਸਿਰਜਣਾ ਵੱਲ ਉਦਮ ਸੀ ਜਿਸ ਵਿਚ ਅਜਿਹਾ ਮੁਆਫਕ ਵਾਤਾਵਰਣ ਪੈਦਾ ਹੋ ਸਕੇ ਜਿੱਥੇ ਇਸ ਆਦਰਸ਼ ਨੂੰ ਅਮਲੀ ਰੂਪ ਦਿੱਤਾ ਜਾ ਸਕੇ ਜਿਸ ਦੀ ਵਿਆਖਿਆ ਗੁਰੂ ਰਾਮਦਾਸ ਦੇ ਬਚਨਾਂ ਅਨੁਸਾਰ ਇਸ ਤਰ੍ਹਾਂ ਕੀਤੀ ਗਈ ਹੈ,

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਗੁਰੂ ਨਾਨਕ ਵੱਲੋਂ ਸਥਾਪਤ ਕੀਤੇ ਮਾਰਗ ਜਾਂ ਪੰਥ ਦੀ ਵਿਲੱਖਣਤਾ ਪਹਿਲਾਂ ਪ੍ਰਾਪਤ ਮਾਰਗਾਂ ਜਾਂ ਮੱਤਾਂ ਨਾਲੋਂ ਇਹ ਹੈ ਕਿ ਇਹ ਏਕਾਂਤਵਾਸ ਹੋ ਕੇ ਵਿਅਕਤੀਗਤ ਮੁਕਤੀ ਲਈ ਕਿਸੇ ਤਪੱਸਿਆ ਜਾਂ ਭਗਤੀ ਦਾ ਮਾਰਗ ਨਹੀਂ ਹੈ, ਬਲਕਿ ਸਮਾਜ ਵਿਚ ਰਹਿ ਕੇ, ਕਠਿਨਾਈਆਂ ਨਾਲ ਜੂਝਦਿਆਂ ਗੁਰੂਆਂ ਵੱਲੋਂ ਦਰਸਾਏ ਗੁਰਸਿਖ ਜਾਂ ਗੁਰਮੁਖਿ ਦੇ ਵਿਅਕਤੀਤਵ ਦੀ ਘਾੜਤ ਦੇ ਨਾਲ ਨਾਲ ਅਜਿਹੇ ਸਮਾਜ ਦੀ ਘਾੜਤ ਘੜਨਾ ਵੀ ਹੈ ਜਿਸ ਵਿਚ ਉਹ 'ਆਪਿ ਜਪੈ ਅਵਰਹ ਨਾਮੁ ਜਪਾਵੈ' ਦੇ ਆਦਰਸ਼ ਨੂੰ ਪੂਰਾ ਕਰ ਸਕੇ। ਇਸ ਆਦਰਸ਼ਕ ਗੁਰਸਿੱਖ ਅਤੇ ਸਮਾਜ ਦੀ ਵਿਆਖਿਆ ਗੁਰੂ ਅਰਜਨ ਦੇਵ ਦੇ ਇਨ੍ਹਾਂ ਸ਼ਬਦਾਂ ਤੋਂ ਹੋ ਜਾਂਦੀ ਹੈ,

ਸੁਣਿ ਗਲਾ ਗੁਰ ਪਹਿ ਆਇਆ॥
ਨਾਮੁ ਦਾਨੁ ਇਸਨਾਨੁ ਦਿੜਾਇਆ॥
ਸਭੁ ਮੁਕਤੁ ਹੋਆ ਸੈਸਾਰੜਾ
ਨਾਨਕ ਸਚੀ ਬੇੜੀ ਚਾੜਿ ਜੀਉ॥

ਪੰਚਮ ਪਾਤਿਸ਼ਾਹ ਦੇ ਬਚਨਾਂ ਤੋਂ ਭਲੀ ਭਾਂਤ ਉਜਾਗਰ ਹੈ ਕਿ ਨਾਮ, ਦਾਨ ਤੇ ਇਸ਼ਨਾਨ ਦ੍ਰਿੜ ਗੁਰੂ ਦੀ ਸ਼ਰਨ ਆਇਆਂ ਹੋਣਾ ਹੈ ਅਤੇ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਆਪਣੇ ਆਲੇ ਦੁਆਲੇ ਦੇ ਸੰਸਾਰ/ਸਮਾਜ ਨੂੰ ਵੀ ਇਸ ਸੱਚ ਦੀ ਬੇੜੀ 'ਤੇ ਚੜ੍ਹਨ ਦੀ ਪ੍ਰੇਰਨਾ ਕਰਨੀ ਹੈ ਅਤੇ ਕਿਸੇ ਇਕੱਲੇ ਨੇ ਨਹੀਂ ਬਲਕਿ ਸਮੁੱਚੇ ਸੰਸਾਰ ਨੇ ਮੁਕਤ ਹੋਣਾ ਹੈ। ਇਸ ਆਦਰਸ਼ ਦੀ ਪ੍ਰਾਪਤੀ ਲਈ ਉਦਮ ਕਰਨ ਦੇ ਉਪਰਾਲਿਆਂ ਵਿਚ ਹੀ ਸਿੱਖ ਸੰਸਥਾਵਾਂ ਦੀ ਸਥਾਪਨਾ ਸ਼ੁਰੂ ਹੋਈ ਅਤੇ ਇਨ੍ਹਾਂ ਦੀ ਨੀਂਹ ਬਾਨੀ ਗੁਰੂ ਨਾਨਕ ਨੇ ਰੱਖੀ ਜਿਸ ਨੂੰ ਪੂਰਨਤਾ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੇ ਬਖਸ਼ਿਸ਼ ਕੀਤੀ। ਗੁਰੂ ਨਾਨਕ ਦੇ ਵਾਰਿਸ ਗੁਰੂਆਂ ਨੇ ਇਨ੍ਹਾਂ ਦੀ ਸਥਾਪਨਾ ਵਿਚ ਆਪਣੇ ਆਪਣੇ ਸਮੇਂ ਵਿਚ ਪੂਰਾ ਯੋਗਦਾਨ ਪਾਇਆ।

ਸਿੱਖ ਜਾਂ ਗੁਰਸਿੱਖ, ਗੁਰਮੁਖਿ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ, ਉਸ ਨੇ ਕਿਹੜੇ ਕਿਹੜੇ ਗੁਣ ਹਾਸਲ ਕਰਨੇ ਹਨ ਅਤੇ ਕਿਹੜੇ ਔਗੁਣਾਂ ਤੋਂ ਬਚਣਾ ਹੈ ਜਾਂ ਆਪਣੇ ਆਪ ਨੂੰ ਮੁਕਤਿ ਰੱਖਣਾ ਹੈ, ਇਸ ਸਭ ਦੀ ਚਰਚਾ ਗਾਹੇ-ਵਗਾਹੇ 'ਪੰਜਾਬ ਟਾਈਮਜ਼' ਦੇ ਪੰਨਿਆਂ ਵਿਚ ਵੱਖ ਵੱਖ ਲੇਖਾਂ ਰਾਹੀਂ ਹੁੰਦੀ ਰਹੀ ਹੈ। ਪਿਛਲੇ ਦੋ ਲੇਖਾਂ ਦਾ ਸਬੰਧ ਕਿਉਂਕਿ ਚੱਲ ਰਹੀ ਵਿਚਾਰ-ਚਰਚਾ ਨਾਲ ਹੈ, ਇਸ ਲਈ ਉਨ੍ਹਾਂ ਤੋਂ ਜੋ ਨੁਕਤੇ ਉਘੜ ਕੇ ਸੰਖੇਪ ਵਿਚ ਸਾਹਮਣੇ ਆਏ ਹਨ, ਉਸ ਅਨੁਸਾਰ ਗੁਰੂ ਦੀ ਸਿੱਖਿਆ ਅਨੁਸਾਰ ਚੱਲਣਾ ਹੈ, ਜਿਸ ਵਿਚ ਸੱਚ ਬੋਲਣਾ, ਨਿਵ ਕੇ ਚੱਲਣਾ, ਕਿਸੇ ਦੀ ਨਿੰਦਿਆ-ਚੁਗਲੀ ਨਹੀਂ ਕਰਨੀ, ਗੁਰੂ ਦੇ ਬਚਨਾਂ ਨੂੰ ਸੁਣਨਾ ਤੇ ਉਨ੍ਹਾਂ 'ਤੇ ਅਮਲ ਕਰਨਾ, ਉਦਮ ਕਰਨਾ ਤੇ ਨਾਮ ਸਿਮਰਨ ਕਰਨਾ, ਕਿਰਤ ਕਰਨੀ, ਮਨ ਤੇ ਸਰੀਰ ਦੋਵੇਂ ਸਾਫ-ਪਵਿੱਤਰ ਰੱਖਣੇ, ਸਤਿਸੰਗਤਿ ਵਿਚ ਜਾਣਾ ਅਤੇ ਸੇਵਾ ਕਰਨੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਸਤਿਸੰਗਤਿ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਸਿੱਖ ਧਰਮ ਏਕਾਂਤਕ ਧਰਮ ਨਹੀਂ ਹੈ, ਇਹ ਇੱਕ ਸਮਾਜਿਕ ਅਤੇ ਸੰਗਤੀ ਧਰਮ ਹੈ ਜਿਸ ਵਿਚ ਸਭ ਨੇ ਰਲ-ਮਿਲ ਕੇ ਆਦਰਸ਼ ਦੀ ਪ੍ਰਾਪਤੀ ਲਈ ਉਦਮ ਕਰਨਾ ਹੈ। ਗੁਰਮਤਿ ਚਿੰਤਨ ਦਾ ਸਮਾਜਿਕ ਸਰੋਕਾਰਾਂ ਨਾਲ ਬਹੁਤ ਗੂੜ੍ਹਾ ਸਬੰਧ ਹੈ ਅਤੇ ਇਨ੍ਹਾਂ ਸਰੋਕਾਰਾਂ ਦੀ ਵਜ੍ਹਾ ਕਰਕੇ ਹੀ ਗੁਰੂਆਂ ਨੇ ਏਕਾਂਤਕ ਭਗਤੀ ਨਾਲੋਂ ਸੰਗਤੀ ਮਾਡਲ ਦੇਣ ਨੂੰ ਤਰਜੀਹ ਦਿੱਤੀ। ਇਸ ਤਰ੍ਹਾਂ ਪਹਿਲੀ ਸੰਸਥਾ ਜੋ ਸਥਾਪਤ ਕੀਤੀ ਗਈ, ਉਹ 'ਸੰਗਤਿ' ਹੈ ਜਿਸ ਦੀ ਸੰਖੇਪ ਚਰਚਾ ਇਸ ਦੇ ਸਿਧਾਂਤਕ ਨਜ਼ਰੀਏ ਤੋਂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਅਸੀਂ ਜਨਮ ਸਾਖੀਆਂ ਵਿਚ ਪੜ੍ਹਦੇ ਆਏ ਹਾਂ ਕਿ ਗੁਰੂ ਨਾਨਕ ਜਿੱਥੇ ਵੀ ਗਏ, ਉਥੇ ਉਨ੍ਹਾਂ ਨੇ ਸੰਗਤਾਂ ਸਥਾਪਤ ਕੀਤੀਆਂ। ਇਹੀ ਵਜ੍ਹਾ ਹੈ ਕਿ ਸਾਨੂੰ ਹਿੰਦੋਸਤਾਨ ਤਾਂ ਕੀ ਹੋਰ ਦੂਰ-ਦੁਰਾਡੀਆਂ ਥਾਂਵਾਂ 'ਤੇ ਵੀ ਨਾਨਕ ਨਾਮ-ਲੇਵਾ ਸਿੱਖ ਅੱਜ ਵੀ ਮਿਲ ਜਾਂਦੇ ਹਨ। ਭਾਰਤ ਦੇ ਵੱਖ ਵੱਖ ਪ੍ਰਾਂਤਾਂ ਦੇ ਪੱਛੜੇ ਇਲਾਕਿਆਂ ਵਿਚ ਸਿਕਲੀਗਰ ਅਤੇ ਵਣਜਾਰੇ ਸਿੱਖ ਸਾਡੀ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿਭਾਗ ਦੇ ਪ੍ਰਚਾਰ ਦਾ ਸਿੱਟਾ ਨਹੀਂ ਹਨ, ਬਲਕਿ ਗੁਰੂ ਨਾਨਕ ਦੀਆਂ ਉਦਾਸੀਆਂ ਵੇਲੇ ਗੁਰੂ ਨਾਨਕ ਦੀ ਚਰਨ-ਛੋਹ ਪ੍ਰਾਪਤ ਸਥਾਪਤ ਕੀਤੀਆਂ ਸੰਗਤਾਂ ਦਾ ਸਿੱਟਾ ਹਨ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਤਾਂ ਸਿਰਫ ਨਾਮ ਦੀ ਧਰਮ ਪ੍ਰਚਾਰਕ ਹੈ। ਉਸ ਨੇ ਤਾਂ ਕਦੇ ਪੰਜਾਬ ਦੇ ਪਿੰਡਾਂ ਵਿਚ ਜਾ ਕੇ ਵੀ ਲੋਕਾਂ ਦੀ ਦਸ਼ਾ ਤੇ ਦਿਸ਼ਾ ਨੂੰ ਵਿਚਾਰਨ ਜਾਂ ਪ੍ਰਚਾਰਨ ਦੀ ਖੇਚਲ ਨਹੀਂ ਕੀਤੀ। ਖੈਰ! ਗੱਲ ਹੋਰ ਪਾਸੇ ਪੈ ਗਈ, ਇਸ ਦੀ ਚਰਚਾ ਵੀ ਕੀਤੀ ਜਾਵੇਗੀ।

ਅਸਲੀ ਗੱਲ ਸਤਿਸੰਗਤਿ ਦੀ ਹੈ ਜਿਸ ਦੀ ਨੀਂਹ ਗੁਰੂ ਨਾਨਕ ਨੇ ਰੱਖੀ। ਸਤਿਸੰਗਤਿ ਕਰਨੀ ਗੁਰਸਿੱਖ ਲਈ ਜਾਂ ਗੁਰਮੁਖਿ ਲਈ ਕਿਉਂ ਜ਼ਰੂਰੀ ਹੈ, ਇਸ ਦਾ ਖੁਲਾਸਾ ਗੁਰੂ ਨਾਨਕ ਦੇ ਇਸ ਸ਼ਬਦ ਤੋਂ ਹੋ ਜਾਂਦਾ ਹੈ ਜਿਸ ਵਿਚ ਉਹ ਸੁਝਾ ਦਿੰਦੇ ਹਨ ਕਿ ਮਨੁੱਖ ਅਕਾਲ ਪੁਰਖ ਦਾ ਨਾਮ ਸਿਮਰਨ ਕਰੇ ਅਤੇ ਇਹ ਨਾਮ ਸਿਮਰਨ ਗੁਰੂ ਦੀ ਮਤਿ ਉਤੇ ਚੱਲ ਕੇ ਹੋਣਾ ਹੈ। ਸਿਮਰਨ ਦੀ ਕਸਵੱਟੀ ਉਤੇ ਲਾਇਆ ਮਨ ਤੋਲ ਵਿਚ ਪੂਰਾ ਉਤਰਦਾ ਹੈ ਅਤੇ ਬੇਸ਼ਕੀਮਤੀ ਹੋ ਜਾਂਦਾ ਹੈ। ਅਕਾਲ ਪੁਰਖ ਦੇ ਇਸ ਨਾਮ ਦੀ ਪ੍ਰਾਪਤੀ ਗੁਰੂ ਪਾਸੋਂ ਹੋਣੀ ਹੈ ਅਤੇ ਗੁਰੂ ਮਨੁੱਖ ਨੂੰ ਸਾਧਸੰਗਤਿ ਵਿਚ ਮਿਲਦਾ ਹੈ। ਇਸ ਲਈ ਮਨੁੱਖ ਨੂੰ ਸਾਧ ਸੰਗਤਿ ਵਿਚ ਜਾ ਕੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਅਕਾਲ ਪੁਰਖ ਦੀ ਸਿਫਤਿ ਸਾਲਾਹ ਕਰਨ ਦੀ ਸਿੱਖਿਆ ਦਿੱਤੀ ਹੈ। ਸਤਿਸੰਗਤਿ ਅਰਥਾਤ ਗੁਰੂ ਦੀ ਸੰਗਤਿ ਵਿਚ ਮਨੁੱਖ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ ਜਿਸ ਵਿਚ ਗੁਰੂ ਦੀ ਮਿਹਰ ਸ਼ਾਮਲ ਹੈ। ਇਸ ਨਾਲ ਮਨੁੱਖ ਦੇ ਅੰਦਰ ਬਲ ਰਹੀ ਤ੍ਰਿਸ਼ਨਾ ਦੀ ਅੱਗ ਸ਼ਾਂਤ ਹੋ ਜਾਂਦੀ ਹੈ, ਮਨ ਵਿਚੋਂ ਮੌਤ ਦਾ ਭੈਅ ਮੁੱਕ ਜਾਂਦਾ ਹੈ। ਜੋ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ, ਉਸ ਨੂੰ ਝੂਠ ਚੰਗਾ ਨਹੀਂ ਲੱਗਦਾ ਕਿਉਂਕਿ ਉਸ ਦਾ ਮਨ ਸੱਚੇ ਅਕਾਲ ਪੁਰਖ ਨਾਲ ਇਕਸੁਰ ਹੋ ਜਾਂਦਾ ਹੈ। ਮਾਇਆ ਵਿਚ ਖੱਚਤ ਮਨੁੱਖ ਨੂੰ ਸੱਚ ਚੰਗਾ ਨਹੀਂ ਲੱਗਦਾ, ਉਸ ਨੂੰ ਝੂਠ ਹੀ ਪਸੰਦ ਹੁੰਦਾ ਹੈ ਅਤੇ ਅਜਿਹੇ ਮਨੁੱਖਾਂ ਦੀ ਇੱਜਤ ਵੀ ਝੂਠੀ ਹੀ ਹੁੰਦੀ ਹੈ।

ਗੁਰੂ ਨਾਨਕ ਇਥੇ ਸਾਰੇ ਮਨੁੱਖਾਂ ਦਾ ਬਰਾਬਰ ਹੋਣਾ ਵੀ ਸਪੱਸ਼ਟ ਕਰਦੇ ਹਨ ਕਿਉਂਕਿ ਸਭ ਅੰਦਰ ਉਹ ਅਕਾਲ ਪੁਰਖ ਆਪ ਵੱਸਦਾ ਹੈ ਅਤੇ ਮਨੁੱਖ ਨੇ ਸਤਿਸੰਗਤਿ ਵਿਚ ਜਾ ਕੇ ਗੁਰੂ ਰਾਹੀਂ ਇਸ ਅੰਦਰਲੀ ਪਰਮਾਤਮ-ਜੋਤਿ ਨੂੰ ਜਗਾਉਣਾ ਹੈ:

ਭਾਈ ਰੇ ਹਰਿ ਹੀਰਾ ਗੁਰ ਮਾਹਿ॥
ਸਤਸੰਗਤਿ ਸਤਗੁਰੁ ਪਾਈਐ
ਅਹਿਨਿਸਿ ਸਬਦਿ ਸਲਾਹਿ॥੧॥ਰਹਾਉ॥
(ਪੰਨਾ ੨੨)

ਗੁਰੂ ਨਾਨਕ ਸਤਿਸੰਗਤਿ ਵਿਚ ਜਾਣ ਦੀ ਮਹਿਜ਼ ਸਿੱਖਿਆ ਹੀ ਨਹੀਂ ਦਿੰਦੇ ਬਲਕਿ ਇਹ ਵੀ ਸਪੱਸ਼ਟ ਕਰਦੇ ਹਨ ਕਿ ਸਤਿਸੰਗਤਿ ਕਹਿੰਦੇ ਕਿਸ ਨੂੰ ਹਨ ਅਤੇ ਮਨੁੱਖ ਲਈ ਕਿਹੜੀ ਸੰਗਤਿ ਕਰਨੀ ਲਾਹੇਵੰਦੀ ਹੈ। ਕੀ ਹਰ ਕਿਸਮ ਦੇ ਇਕੱਠ ਨੂੰ ਸਤਿਸੰਗਤਿ ਕਿਹਾ ਸਕਦਾ ਹੈ? ਕੀ ਜਿੱਥੇ ਗੁਰੂ ਦੀ ਹਜ਼ੂਰੀ ਵਿਚ ਇੱਕ ਦੂਸਰੇ ਨੂੰ ਗਾਲੀ-ਗਲੋਚ ਕੀਤਾ ਜਾਂਦਾ ਹੈ, ਦਸਤਾਰਾਂ ਉਤਾਰੀਆਂ ਜਾਂਦੀਆਂ ਹਨ, ਕੇਸ ਪੁੱਟੇ ਜਾਂਦੇ ਹਨ ਜਿਸ ਕਰਕੇ ਪੁਲਿਸ ਨੂੰ ਸਿਰਫ ਦਖਲ-ਅੰਦਾਜ਼ੀ ਹੀ ਨਹੀਂ ਕਰਨੀ ਪੈਂਦੀ ਬਲਕਿ ਪੁਲਿਸ ਜੁੱਤੀਆਂ ਸਣੇ ਗੁਰੂ-ਘਰਾਂ ਅੰਦਰ ਦਾਖਲ ਹੁੰਦੀ ਹੈ ਅਤੇ ਸਾਰੇ ਸਿੱਖ ਜਗਤ ਲਈ ਨਮੋਸ਼ੀ ਦੀ ਵਜ੍ਹਾ ਬਣ ਜਾਂਦੀ ਹੈ, ਨੂੰ ਸਤਿਸੰਗਤਿ ਕਿਹਾ ਜਾ ਸਕਦਾ ਹੈ? ਇਹੋ ਜਿਹੀਆਂ ਵੰਨਗੀਆਂ ਵਾਲਾ ਇਕੱਠ ਗੁਰੂ ਨਾਨਕ ਸਾਹਿਬ ਦੀ ਦਿੱਤੀ ਪਰਿਭਾਸ਼ਾ 'ਤੇ ਪੂਰਾ ਉਤਰਦਾ ਨਜ਼ਰ ਨਹੀਂ ਆਉਂਦਾ ਅਤੇ ਜੋ ਇਕੱਠ ਇਸ ਕਸਵੱਟੀ 'ਤੇ ਪੂਰਾ ਨਹੀਂ ਉਤਰਦਾ, ਉਸ ਨੂੰ ਸਤਿਸੰਗਤਿ ਨਹੀਂ ਕਿਹਾ ਜਾ ਸਕਦਾ।

ਗੁਰੂ ਨਾਨਕ ਕਹਿੰਦੇ ਹਨ ਕਿ ਇਸ ਦਿਸਦੇ ਜਗਤ ਪਸਾਰੇ ਵਿਚ ਅਕਾਲ ਪੁਰਖ ਵੱਸਦਾ ਹੈ ਅਤੇ ਉਹ ਵੱਸਦਾ ਦਿਸ ਵੀ ਰਿਹਾ ਹੈ। ਹਰ ਇੱਕ ਜੀਵ ਅੰਦਰ ਉਸ ਸਰਵਵਿਆਪਕ ਅਕਾਲ ਪੁਰਖ ਦੇ ਨਾਮ ਲਈ ਅਕਾਂਖਿਆ ਹੈ, ਤਾਂਘ ਹੈ ਪ੍ਰੰਤੂ ਇਹ ਤਾਂਘ ਗੁਰੂ ਨੂੰ ਮਿਲਣ ਤੋਂ ਬਿਨਾ ਪੂਰੀ ਨਹੀਂ ਹੁੰਦੀ ਕਿਉਂਕਿ ਗੁਰੂ ਪਾਸੋਂ ਹੀ ਅਕਾਲ ਪੁਰਖ ਦੇ ਨਾਮ ਦੀ ਦਾਤ ਮਿਲਣੀ ਹੈ, ਬਾਕੀ ਦੁਨੀਆਂ ਤਾਂ ਮਾਇਆ ਵਿਚ ਮਸਰੂਫ ਹੈ। ਅਕਾਲ ਪੁਰਖ ਦਾ ਨਾਮ, ਜਿਸ ਲਈ ਮਨੁੱਖਾਂ ਤੋਂ ਲੈ ਕੇ ਦੇਵਤਿਆਂ ਤੱਕ ਹਰ ਕੋਈ ਤਰਸਦਾ ਹੈ, ਉਹ ਸਿਰਫ ਗੁਰੂ ਪਾਸੋਂ ਮਿਲਦਾ ਹੈ। ਇਸ ਲਈ ਗੁਰੂ ਤੋਂ ਸਦਕੇ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਉਪਰਲੇ ਪਦੇ ਵਿਚ ਗੁਰੂ ਨਾਨਕ ਸਮਝਾਉਂਦੇ ਹਨ ਕਿ ਗੁਰੂ ਦੇ ਦਰਸ਼ਨ ਸਤਿਸੰਗਤਿ ਵਿਚ ਜਾ ਕੇ ਪ੍ਰਾਪਤ ਹੁੰਦੇ ਹਨ, ਇਥੇ ਉਹ ਸਪੱਸ਼ਟ ਕਰਦੇ ਹਨ ਕਿ ਸਤਿਸੰਗਤਿ ਜਿੱਥੇ ਗੁਰੂ ਦੇ ਦਰਸ਼ਨ ਹੋਣੇ ਹਨ, ਗੁਰੂ ਤੋਂ ਅਕਾਲ ਪੁਰਖ ਨਾਮ ਦੀ ਦਾਤ ਮਿਲਣੀ ਹੈ, ਉਹ ਕਿਹੋ ਜਿਹੀ ਹੁੰਦੀ ਹੈ? ਸਤਿਸੰਗਤਿ ਉਸ ਨੂੰ ਕਹਿੰਦੇ ਹਨ ਜਿੱਥੇ ਅਕਾਲ ਪੁਰਖ ਦੇ ਨਾਮ ਦੀ ਸਿਫਤਿ ਸਾਲਾਹ ਹੁੰਦੀ ਹੈ, ਜਿੱਥੇ ਉਸ ਪਰਵਰਦਗਾਰ ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ। ਸਤਿਗੁਰੂ ਨੇ ਸਤਿਸੰਗਤਿ ਵਿਚ ਇਹ ਗੱਲ ਸਮਝਾ ਦਿੱਤੀ ਹੈ ਕਿ ਉਸ ਅਕਾਲ ਪੁਰਖ ਦਾ ਨਾਮ ਸਿਮਰਨਾ ਅਤੇ ਇਸ ਨਾਮ ਸਿਮਰਨ ਰਾਹੀਂ ਉਸ ਨਾਲ ਜੁੜੇ ਰਹਿਣਾ ਹੀ ਅਕਾਲ ਪੁਰਖ ਦਾ ਹੁਕਮ ਹੈ:

ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਨਾਨਕ
ਸਤਿਗੁਰਿ ਦੀਆ ਬੁਝਾਇ ਜੀਉ॥੫॥
(ਪੰਨਾ ੭੧-੭੨)

ਗੁਰੂ ਅਮਰਦਾਸ ਦੀ ਬਾਣੀ ਇਸੇ ਤੱਥ ਦੀ ਪੁਸ਼ਟੀ ਕਰਦੀ ਹੈ ਕਿ ਸਤਿਸੰਗਤਿ ਤਾਂ ਉਹ ਹੈ ਜਿੱਥੇ ਗੁਰੂ ਮਿਲਦਾ ਹੈ। ਉਹ ਸਮਝਾਉਂਦੇ ਹਨ ਕਿ ਜਦੋਂ ਮਨੁੱਖ ਨੂੰ ਗੁਰੂ ਪ੍ਰੇਮ ਨਾਲ ਮਿਲਦਾ ਹੈ ਤਾਂ ਇਹ ਗੁਰੂ ਦੀ ਮਿਹਰ ਹੁੰਦੀ ਹੈ ਅਤੇ ਉਸ ਦੀ ਮਿਹਰ ਸਦਕਾ ਸਤਿਸੰਗਤਿ ਵਿਚ ਰਹਿ ਕੇ ਮਨੁੱਖ ਦੇ ਅੰਦਰ ਉਸ ਅਕਾਲ ਪੁਰਖ ਦਾ ਨਾਮ ਪ੍ਰਗਟ ਹੁੰਦਾ ਹੈ। ਗੁਰੂ ਅਮਰਦਾਸ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਮੈਂ ਆਪਣਾ ਮਨ-ਤਨ ਗੁਰੂ ਦੇ ਹਵਾਲੇ ਕਰ ਦਿਆਂ, ਗੁਰੂ ਦੀ ਸ਼ਰਨ ਜਾ ਕੇ ਆਪਣੇ ਅੰਦਰੋਂ ਹਰ ਤਰ੍ਹਾਂ ਦਾ ਆਪਾ-ਭਾਵ ਅਰਥਾਤ ਹਉਮੈ ਦਾ ਤਿਆਗ ਕਰ ਦੇਵਾਂ ਅਤੇ ਆਪਣਾ ਸਾਰਾ ਜੀਵਨ ਗੁਰੂ ਦੇ ਪ੍ਰੇਮ ਵਿਚ ਗੁਜ਼ਾਰਾਂ, ਸਤਿਗੁਰੂ ਦੇ ਭਾਣੇ ਵਿਚ ਚੱਲਾਂ। ਉਹ ਗੁਰੂ ਤੋਂ ਸਦਕੇ ਜਾਂਦੇ ਹਨ ਕਿਉਂਕਿ ਗੁਰੂ ਮਨੁੱਖੀ ਮਨ ਨੂੰ ਅਕਾਲ ਪੁਰਖ ਨਾਲ ਜੋੜਦਾ ਹੈ-ਇਹ ਹੈ ਸਤਿਸੰਗਤਿ ਜਿੱਥੇ ਜਾ ਕੇ ਮਨੁੱਖ ਗੁਰੂ ਦੀ ਮਿਹਰ ਪ੍ਰਾਪਤ ਕਰਦਾ ਹੈ, ਅਕਾਲ ਪੁਰਖ ਦੇ ਨਾਮ ਨਾਲ ਜੁੜਦਾ ਹੈ ਅਤੇ ਤਨੋਂ, ਮਨੋਂ ਖੁਦ ਨੂੰ ਗੁਰੂ ਦੇ ਸਮਰਪਣ ਕਰਦਾ ਹੈ, ਆਪਾ-ਭਾਵ ਦਾ ਤਿਆਗ ਕਰ ਦਿੰਦਾ ਹੈ:

ਸਤਸੰਗਤਿ ਮਹਿ ਨਾਮੁ ਹਰਿ ਉਪਜੈ
ਜਾ ਸਤਿਗੁਰੁ ਮਿਲੈ ਸੁਭਾਏ॥
ਮਨੁ ਤਨੁ ਅਰਪੀ ਆਪੁ ਗਵਾਈ
ਚਲਾ ਸਤਿਗੁਰ ਭਾਏ॥
ਸਦ ਬਲਿਹਾਰੀ ਗੁਰ ਅਪੁਨੇ ਵਿਟਹੁ
ਜਿ ਹਰਿ ਸੇਤੀ ਚਿਤੁ ਲਾਏ॥ (ਪੰਨਾ ੬੭)

ਸਤਿਸੰਗਤਿ ਦਾ ਗੁਰਮਤਿ ਚਿੰਤਨ ਵਿਚ ਕਿੰਨਾ ਅਹਿਮ ਸਥਾਨ ਹੈ, ਇਸ ਦੀ ਪੁਸ਼ਟੀ ਗੁਰੂ ਅਮਰਦਾਸ ਦੇ ਬਚਨਾਂ ਤੋਂ ਹੋਰ ਪ੍ਰਤੱਖ ਹੋ ਜਾਂਦੀ ਹੈ ਜਦੋਂ ਉਹ ਕਹਿੰਦੇ ਹਨ ਕਿ ਉਹ ਸਥਾਨ ਪਵਿੱਤਰ ਅਤੇ ਸੋਹਣਾ ਬਣ ਜਾਂਦਾ ਹੈ ਜਿੱਥੇ ਅਕਾਲ ਪੁਰਖ ਦਾ ਨਿਵਾਸ ਹੁੰਦਾ ਹੈ। ਉਹ ਮਨੁੱਖੀ ਮਨ ਵੀ ਸੁਹਣਾ ਹੋ ਜਾਂਦਾ ਹੈ ਜੋ ਅਕਾਲ ਪੁਰਖ ਨੂੰ ਚੰਗਾ ਲੱਗਦਾ ਹੈ ਤੇ ਜਿਸ ਨਾਲ ਅਕਾਲ ਪੁਰਖ ਨੂੰ ਪ੍ਰੇਮ ਹੋ ਜਾਂਦਾ ਹੈ ਭਾਵ ਜੋ ਪਰਮਾਤਮ-ਜੋਤਿ ਨਾਲ ਇਕਸੁਰ ਹੋ ਜਾਂਦਾ ਹੈ।

ਮਨੁੱਖ ਦਾ ਮਨ ਕਦੋਂ ਸੋਹਣਾ ਹੁੰਦਾ ਹੈ? ਇਹ ਇੱਕ ਪ੍ਰਸ਼ਨ ਹੈ ਜਿਸ ਦਾ ਉਤਰ ਹੈ ਕਿ ਉਸ ਮਨੁੱਖ ਦਾ ਮਨ ਹਿਰਦਾ ਸੋਹਣਾ ਹੋ ਜਾਂਦਾ ਹੈ ਜੋ ਸਤਿਸੰਗਤਿ ਵਿਚ ਬੈਠ ਕੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦਾ ਹੈ, ਉਸ ਦੀ ਸਿਫਤਿ ਸਾਲਾਹ ਕਰਦਾ ਹੈ। ਅਜਿਹੇ ਸੁਹਣੇ ਮਨ ਵਾਲੇ ਮਨੁੱਖ ਨਿੱਤ ਦਿਹਾੜੇ ਉਸ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਦੇ ਗੁਣ ਗਾਉਂਦੇ ਹਨ, ਉਸ ਦੇ ਗੁਣਾਂ ਦਾ ਵਾਜਾ ਵਜਾਉਂਦੇ ਹਨ:

ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ॥
ਸਤਸੰਗਤਿ ਬਹਿ ਹਰਿ ਗੁਣ ਗਾਇਆ॥
ਅਨਦਿਨੁ ਹਰਿ ਸਾਲਾਹਹਿ ਸਾਚਾ
ਨਿਰਮਲ ਨਾਦੁ ਵਜਾਵਣਿਆ॥੬॥
(ਪੰਨਾ ੧੧੫-੧੬)

ਗੁਰੂ ਰਾਮਦਾਸ ਸਤਿਸੰਗਤਿ ਨੂੰ ਸਭ ਤੋਂ ਉਤਮ, ਸ੍ਰੇਸ਼ਟ ਸਥਾਨ ਮੰਨਦੇ ਹਨ ਕਿਉਂਕਿ ਉਥੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕੀਤਾ ਜਾਂਦਾ ਹੈ। ਗੁਰੂ ਰਾਮਦਾਸ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਨ੍ਹਾਂ 'ਤੇ ਵਾਹਿਗੁਰੂ ਮਿਹਰ ਕਰੇ ਅਤੇ ਸਾਧਸੰਗਤਿ ਵਿਚ ਮਿਲਾ ਦੇਵੇ ਜਿੱਥੇ ਜਾ ਕੇ ਉਹ ਅਕਾਲ ਪੁਰਖ ਦੇ ਭਗਤਾਂ ਦੇ ਚਰਨ ਧੋਣ, ਉਨ੍ਹਾਂ ਦੀ ਸੇਵਾ ਕਰਨ:

ਸਤਸੰਗਤਿ ਉਤਮ ਸਤਿਗੁਰ ਕੇਰੀ
ਗੁਨ ਗਾਵੈ ਹਰਿ ਪ੍ਰਭ ਕੇ॥
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ
ਹਮ ਧੋਵਹ ਪਗ ਜਨ ਕੇ॥੨॥ (ਪੰਨਾ ੭੩੧)

ਇਸ ਤੋਂ ਵੀ ਅੱਗੇ ਗੁਰੂ ਰਾਮਦਾਸ ਹਰਿ-ਧਨਿ ਨੂੰ ਸਭ ਤੋਂ ਅਮੋਲਕ ਵਸਤੂ ਮੰਨਦੇ ਹਨ ਜਿਸ ਦੇ ਤੁਲ ਹੋਰ ਕੋਈ ਸ਼ੈ ਨਹੀਂ ਹੈ ਅਤੇ ਸਤਸੰਗਤਿ ਨੂੰ ਸਭ ਤੋਂ ਉਤਮ ਸਥਾਨ ਮੰਨਦੇ ਹਨ ਕਿਉਂਕਿ ਇਹ ਇੱਕ ਅਜਿਹਾ ਸਥਾਨ ਹੈ ਜਿੱਥੇ ਹਰਿ-ਧਨ ਮਿਲਦਾ ਹੈ। ਗੁਰੂ ਰਾਮਦਾਸ ਉਸ ਪਰਮਾਤਮ-ਧਨ ਨੂੰ ਇਕੱਠਾ ਕਰਨ ਦੀ ਸਲਾਹ ਦਿੰਦੇ ਹਨ ਜੋ ਹਰ ਥਾਂ ਮਨੁੱਖ ਦਾ ਸਹਾਈ ਹੁੰਦਾ ਹੈ, ਲੋਕ-ਪਰਲੋਕ ਵਿਚ ਉਸ ਦਾ ਮਿੱਤਰ ਬਣਦਾ ਹੈ। ਜਿਸ ਥਾਂ ਉਸ ਦੀ ਅਰਾਧਨਾ ਕੀਤੀ ਜਾਂਦੀ ਹੈ, ਉਹ ਉਥੇ ਹੀ ਆ ਕੇ ਮਨੁੱਖ ਦਾ ਮਦਦਗਾਰ ਬਣਦਾ ਹੈ ਅਤੇ ਉਹ ਗੁਰੂ ਦੀ ਮਿਹਰ ਨਾਲ ਮਨੁੱਖ ਦੇ ਮਨ ਵਿਚ ਨਿਵਾਸ ਕਰਦਾ ਹੈ। ਇਹ ਅਕਾਲ ਪੁਰਖ ਦਾ ਨਾਮ-ਧਨ ਸਤਿਸੰਗੀਆਂ ਨਾਲ ਮਿਲ ਕੇ ਪ੍ਰਾਪਤ ਹੁੰਦਾ ਹੈ, ਹੋਰ ਕਿਸੇ ਵੀ ਥਾਂ, ਕਿਸੇ ਵੀ ਯਤਨ ਨਾਲ ਨਹੀਂ ਮਿਲਦਾ। ਹੋਰ ਥਾਂਵਾਂ 'ਤੇ ਸਿਰਫ ਦੁਨਿਆਵੀ ਪਦਾਰਥ ਮਿਲਦੇ ਹਨ, ਨਾਮ-ਧਨ ਨਹੀਂ ਮਿਲਦਾ:

ਸਤਸੰਗਤੀ ਸੰਗਿ ਹਰਿ ਧਨੁ ਖਟੀਐ
ਹੋਰ ਥੈ ਹੋਰਤੁ ਉਪਾਇ
ਹਰਿ ਧਨੁ ਕਿਤੈ ਨ ਪਾਈ॥
ਹਰਿ ਰਤਨੈ ਕਾ ਵਾਪਾਰੀਆ
ਹਰਿ ਰਤਨ ਧਨੁ ਵਿਹਾਝੇ
ਕਚੈ ਕੇ ਵਾਪਾਰੀਏ ਵਾਕਿ
ਹਰਿ ਧਨੁ ਲਇਆ ਨਾ ਜਾਈ॥ (ਪੰਨਾ ੭੩੪)

ਗੁਰੂ ਅਰਜਨ ਦੇਵ ਸਤਿਸੰਗਤਿ ਦੀ ਮਹਾਨਤਾ ਪ੍ਰਗਟਾਉਂਦੇ ਹਨ ਕਿ ਗੁਰੂ ਦੀ ਮਿਹਰ ਸਦਕਾ ਸਾਧ ਸੰਗਤਿ ਦੇ ਚਰਨਾਂ ਦੀ ਧੂੜ ਮੇਰੇ ਮੱਥੇ ਉਤੇ ਲੱਗ ਗਈ ਹੈ ਅਤੇ ਇਸ ਨਾਲ ਮੈਂ ਸਾਰੇ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ਇਸ ਨਾਲ ਉਹ ਅਕਾਲ ਪੁਰਖ ਦੇ ਪ੍ਰੇਮ-ਰੰਗ ਵਿਚ ਗੂੜ੍ਹੇ ਰੰਗੇ ਗਏ ਹਨ। ਮਜੀਠ ਦੇ ਪੱਕੇ ਰੰਗ ਵਾਂਗ ਇਹ ਵਾਹਿਗੁਰੂ ਦੇ ਪ੍ਰੇਮ ਦਾ ਰੰਗ ਉਨ੍ਹਾਂ ਦੇ ਮਨ ਤੋਂ ਉਤਰਦਾ ਨਹੀਂ:

ਸਤਸੰਗਤਿ ਕੀ ਰੇਣੁ ਮੁਖਿ ਲਾਗੀ
ਕੀਏ ਸਗਲ ਤੀਰਥ ਮਜਨੀਠਾ॥
ਕਹੁ ਨਾਨਕ ਰੰਗਿ ਚਲੂਲ ਭਏ ਹੈ
ਹਰਿ ਰੰਗੁ ਨ ਲਹੈ ਮਜੀਠਾ॥
(ਪੰਨਾ ੧੨੧੨)

## ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ

ਗੁਰਬਾਣੀ ਗਿਆਨ

**ਜੈਤਸਰੀ ਮਹਲਾ ੪**

ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ
ਤੇਰੇ ਮੂਰਖ ਮੁਗਧ ਇਆਨਾ॥
ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ
ਕਰਿ ਲੀਜੈ ਮੁਗਧੁ ਸਿਆਨਾ॥
ਮੇਰਾ ਮਨੁ ਆਲਸੀਆ ਉਘਲਾਨਾ॥
ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ
ਮਿਲਿ ਸਾਧੂ ਕਪਟ ਖੁਲਾਨਾ॥ ਰਹਾਉ॥
ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ
ਮੇਰੇ ਪ੍ਰੀਤਮ ਨਾਮੁ ਪਰਾਨਾ॥
ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ
ਜਿਉ ਅਮਲੀ ਅਮਲਿ ਲੁਭਾਨਾ॥
ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ
ਤਿਨ ਧੁਰਿ ਭਾਗ ਪੁਰਾਨਾ॥
ਤਿਨ ਹਮ ਚਰਣ ਸਰੇਵਹ ਖਿਨੁ ਖਿਨੁ
ਜਿਨ ਹਰਿ ਮੀਠ ਲਗਾਨਾ॥
ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ
ਜਨੁ ਬਿਛੁਰਿਆ ਚਿਰੀ ਮਿਲਾਨਾ॥
ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ
ਜਨੁ ਨਾਨਕੁ ਤਿਸੁ ਕੁਰਬਾਨਾ॥

ਸਤਿਗੁਰੂ ਉਸ ਮਿਹਰਬਾਨ ਪ੍ਰਭੂ ਅਗੇ ਅਰਦਾਸ ਕਰਦੇ ਹਨ, ਹੇ ਸੰਸਾਰ ਦੇ ਰਚਨਹਾਰ ਪਰਮੇਸ਼ਵਰ ਜੀਓ, ਅਸੀਂ ਤਾਂ ਤੇਰੇ ਇਆਣੇ ਮੂਰਖ ਜਿਹੇ ਬੱਚੇ ਹਾਂ, ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਤੂੰ ਕਿਹੋ ਜਿਹਾ ਹੈਂ ਅਤੇ ਕਿੱਡਾ ਵੱਡਾ ਹੈਂ, ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ, ਹੇ ਹਰੀ ਪਰਮਾਤਮਾ ਜੀਓ ਹੇ ਪ੍ਰਭੂ ਆਪਣੀ ਮਿਹਰ ਕਰਕੇ ਮੈਨੂੰ ਉਤਮ ਭਾਵ ਚੰਗੀ ਮੱਤ ਦੇਹ ਅਤੇ ਆਪਣੀ ਕਿਰਪਾ ਸਦਕਾ ਹੀ ਮੈਨੂੰ ਮੂਰਖ ਨੂੰ ਸਿਆਣਾ ਬਣਾ ਕੇ, ਪ੍ਰਭ ਜੀਓ ਆਪਣੇ ਚਰਨਾਂ ਨਾਲ ਜੋੜ ਲਵੋ।

ਮੇਰਾ ਮਨੁ ਆਲਸੀਆ ਉਘਲਾਨਾ॥
ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ
ਮਿਲਿ ਸਾਧੂ ਕਪਟ ਖੁਲਾਨਾ॥ ਰਹਾਉ॥

ਗੁਰੂ ਰਾਮਦਾਸ ਜੀ ਜਗਤ ਦੇ ਭਟਕੇ ਹੋਏ ਜੀਵਾਂ ਨੂੰ ਉਪਦੇਸ਼ ਕਰਦੇ ਹਨ, ਹੇ ਭਾਈ ਮੇਰਾ ਆਲਸੀਆ ਹੋਇਆ ਮਨ ਤਾਂ ਮਾਇਆ ਦੇ ਮੋਹ ਦੀ ਨੀਂਦ ਵਿਚ ਉਂਘਲਾ ਰਿਹਾ ਸੀ ਭਾਵ ਸੁਤਾ ਪਿਆ ਸੀ, ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ, ਪਰ ਉਸ ਮਿਹਰਾਂ ਦੇ ਮਾਲਕ ਪ੍ਰਭੂ ਨੇ ਮੇਰੇ 'ਤੇ ਕਿਰਪਾ ਕਰਕੇ ਮੈਨੂੰ ਗੁਰੂ ਲਿਆ ਕੇ ਮਿਲਾ ਦਿਤਾ ਅਤੇ ਗੁਰੂ ਨੂੰ ਮਿਲ ਕੇ ਮੇਰੇ ਮਨ ਦੇ ਕਪਾਟ ਭਾਵ ਕਿਵਾੜ ਖੁੱਲ੍ਹ ਗਏ।

ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ
ਮੇਰੇ ਪ੍ਰੀਤਮ ਨਾਮੁ ਪਰਾਨਾ॥
ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ
ਜਿਉ ਅਮਲੀ ਅਮਲਿ ਲੁਭਾਨਾ॥

ਗੁਰੂ ਰਾਮਦਾਸ ਜੀ ਗੁਰੂ ਕੋਲ ਬੇਨਤੀ ਕਰਦੇ ਆਖਦੇ ਹਨ, ਗੁਰੂ ਜੀਓ ਮੇਰੇ ਹਿਰਦੇ ਵਿਚ ਪ੍ਰਭੂ ਵਾਸਤੇ ਹਰ ਵੇਲੇ ਦੀ ਹੀ ਪ੍ਰੀਤ ਪੈਦਾ ਕਰ ਦੇਹ ਤਾਂ ਕਿ ਮੇਰੇ ਸੋਹਣੇ ਪ੍ਰੀਤਮ ਦਾ ਨਾਮ ਹੀ ਮੇਰੇ ਪ੍ਰਾਣ ਬਣ ਜਾਣ। ਹੇ ਮੇਰੇ ਠਾਕੁਰ ਜੀ, ਜਿਵੇਂ ਅਮਲੀ ਮਨੁਖ ਨਸ਼ੇ ਵਿਚ ਖੁਸ਼ ਰਹਿੰਦਾ ਹੈ ਅਤੇ ਨਸ਼ੇ ਤੋਂ ਬਿਨਾ ਮਰਨ ਲੱਗਦਾ ਹੈ, ਇਵੇਂ ਤੇਰੇ ਨਾਮ ਤੋਂ ਬਿਨਾ ਜਿੰਦ ਤੜਪ ਉਠਦੀ ਹੈ।

ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ
ਤਿਨ ਧੁਰਿ ਭਾਗ ਪੁਰਾਨਾ॥
ਤਿਨ ਹਮ ਚਰਣ ਸਰੇਵਹ ਖਿਨੁ ਖਿਨੁ
ਜਿਨ ਹਰਿ ਮੀਠ ਲਗਾਨਾ॥

ਗੁਰਦੇਵ ਜੀ ਆਖਦੇ ਹਨ, ਹੇ ਭਾਈ ਜਿਨਾ ਵਡਭਾਗੇ ਪ੍ਰਭੂ ਦੇ ਪਿਆਰਿਆਂ ਅੰਦਰ ਪ੍ਰਭੂ ਦੀ ਪ੍ਰੀਤ ਪੈਦਾ ਹੋ ਜਾਂਦੀ ਹੈ, ਉਨ੍ਹਾਂ ਦੇ ਧੁਰ ਦਰਗਹਾ ਤੋਂ ਮਿਲੇ ਪੁਰਾਣੇ ਭਾਗ ਜਾਗ ਉਠਦੇ ਹਨ। ਗੁਰਦੇਵ ਅਕਾਲ ਪੁਰਖ ਦੇ ਭਗਤ ਜਨਾਂ ਭਾਵ ਉਸ ਦੇ ਪਿਆਰਿਆਂ ਵੱਲ ਇਸ਼ਾਰਾ ਕਰਦਿਆਂ ਆਖਦੇ ਹਨ, ਹੇ ਭਾਈ ਜਿਨ੍ਹਾਂ ਵੱਡੇ ਭਾਗਾਂ ਵਾਲੇ ਮਨੁਖਾਂ ਨੂੰ ਉਹ ਮਿਹਰਬਾਨ ਪ੍ਰਭੂ ਮਿਠਾ ਭਾਵ ਪਿਆਰਾ ਲੱਗਣ ਲੱਗ ਪੈਂਦਾ ਹੈ, ਅਸੀਂ ਉਨ੍ਹਾਂ ਦੇ ਚਰਨਾਂ ਨੂੰ ਸਰੇਵਹ ਭਾਵ ਹਰ ਵੇਲੇ ਹੀ ਪੂਜਦੇ ਹਾਂ।

ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ
ਜਨੁ ਬਿਛੁਰਿਆ ਚਿਰੀ ਮਿਲਾਨਾ॥
ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ
ਜਨੁ ਨਾਨਕੁ ਤਿਸੁ ਕੁਰਬਾਨਾ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਆਖਦੇ ਹਨ, ਹੇ ਭਾਈ ਮੇਰੇ ਮਿਹਰਬਾਨ ਠਾਕੁਰ ਨੇ ਜਿਸ ਮਨੁਖ ਉਤੇ ਮਿਹਰ ਦੀ ਨਜ਼ਰ ਕਰ ਦਿਤੀ, ਫਿਰ ਉਸ ਚਿਰਾਂ ਤੋਂ ਵਿਛੜੇ ਹੋਏ ਨੂੰ ਆਪਣੇ ਨਾਲ ਮਿਲਾ ਲਿਆ; ਧਨੁ ਧਨੁ ਸਤਿਗੁਰ ਜਿਨਿ ਨਾਮੁ ਦ੍ਰਿੜਾਇਆ, ਭਾਈ ਧੰਨ ਹੈ ਧੰਨ ਹੈ ਗੁਰੂ ਜਿਸ ਨੇ ਉਹਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਦ੍ਰਿੜ ਪੱਕਾ ਕਰ ਦਿਤਾ; ਦਾਸ ਨਾਨਕ ਉਸ ਗੁਰੂ ਤੋਂ ਬਲਿਹਾਰ ਜਾਂਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ



# ਸਿੱਖ ਧਰਮ ਦੇ ਪ੍ਰਥਮ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ

**ਸ਼ਹੀਦ ਦਿਵਸ 'ਤੇ ਵਿਸ਼ੇਸ਼**

ਸ਼ਹੀਦ ਸ਼ਬਦ ਫਾਰਸੀ ਦੇ ਸ਼ਬਦ ਸ਼ਹਿਦ ਤੋਂ ਬਣਿਆ ਹੈ ਜਿਸ ਦੇ ਅਰਥ ਹਨ ਗਵਾਹ ਜਾਂ ਸਾਖੀ। ਇਉਂ ਸ਼ਹਾਦਤ ਸ਼ਬਦ ਦਾ ਅਰਥ ਉਹ ਗਵਾਹੀ ਜਾਂ ਸਾਖੀ ਹੈ ਜੋ ਕਿਸੇ ਮਹਾਂਪੁਰਖ ਨੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਕਿਸੇ ਮਹਾਨ ਅਤੇ ਆਦਰਸ਼ ਕਾਰਜ ਦੀ ਸਿੱਧੀ ਲਈ ਦਿੱਤੀ ਜਾਂ ਭਰੀ ਹੁੰਦੀ ਹੈ। ਸ਼ਹਾਦਤ ਦਾ ਜਾਮਾ ਪਵਿਤਰ ਹੁੰਦਾ ਹੈ ਜਿਸ ਨੂੰ ਪਹਿਨ ਕੇ ਸ਼ਹੀਦ ਦੇਸ ਅਤੇ ਕੌਮ ਦਾ ਉਹ ਸਰਮਾਇਆ ਬਣ ਜਾਂਦੇ ਹਨ ਜੋ ਆਉਣ ਵਾਲੀਆਂ ਨਸਲਾਂ ਨੂੰ ਨਾ ਸਿਰਫ (ਕੁਰਬਾਨੀਆਂ ਪੱਖੋਂ) ਅਮੀਰ ਬਣਾਉਂਦਾ ਹੈ, ਸਗੋਂ ਆਪਣੀ ਕੌਮ ਦੇ ਹੀਰਿਆਂ ਦੀ ਸ਼ਹਾਦਤ 'ਤੇ ਫਖਰ ਕਰਨ ਦੇ ਯੋਗ ਵੀ ਬਣਾਉਂਦਾ ਹੈ। ਸਿੱਖੀ ਦੇ ਸਿਧਾਂਤਾਂ ਦੀ ਕਾਇਮੀ

**ਰਮੇਸ਼ ਬੱਗਾ ਚੋਹਲਾ**
ਫੋਨ: +91-94631-32719

ਅਤੇ ਬੁਲੰਦੀ ਹਿਤ ਦਿੱਤੀ ਪੰਚਮ ਪਾਤਸ਼ਾਹ ਦੀ ਸ਼ਹਾਦਤ ਵੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਫਖਰ ਕਰਨ ਦੇ ਯੋਗ ਕਹੀ ਜਾ ਸਕਦੀ ਹੈ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ (ਧਰਮ) ਦੀ ਬੁਨਿਆਦ ਅਜਿਹੇ ਸਿਧਾਂਤਾਂ ਉਪਰ ਰੱਖੀ ਜੋ ਲੋਕਾਈ ਨੂੰ ਨਾ ਸਿਰਫ ਹਨੇਰੀਆਂ (ਵਹਿਮਾਂ-ਭਰਮਾਂ ਦੀਆਂ) ਗਲੀਆਂ ਵਿਚ ਭਟਕਣ ਤੋਂ ਰੋਕਦੇ ਹਨ, ਸਗੋਂ ਕਿਰਤ ਕਰ ਕੇ ਲੋੜਵੰਦਾਂ ਵਿਚ ਵੰਡਣ ਤੇ ਉਸ ਪਰਮ ਪਿਤਾ ਦਾ ਨਾਮ ਜਪਣ (ਸ਼ੁਕਰ ਕਰਨ) ਦੀ ਜੀਵਨ-ਜੁਗਤ ਵੀ ਦੱਸਦੇ ਹਨ। ਇਸ ਜੀਵਨ-ਜੁਗਤ ਨੂੰ ਅਪਨਾ ਕੇ ਕੋਈ ਵੀ ਮਨੁੱਖ ਜਿਥੇ ਆਪਣੇ ਲੋਕ ਨੂੰ ਸੁਖੀ ਬਣਾ ਸਕਦਾ ਹੈ, ਉਥੇ ਪ੍ਰਲੋਕ ਨੂੰ ਵੀ ਸੁਹੇਲਾ ਕਰ ਸਕਦਾ ਹੈ। ਗੁਰੂ ਸਾਹਿਬਾਨ ਵੱਲੋਂ ਦਰਸਾਇਆ ਸੱਚ ਦਾ ਇਹ ਮਾਰਗ ਅਧਿਆਤਮਕ ਪੱਖ ਪੂਰਨ ਦੇ ਨਾਲ ਨਾਲ ਮਨੁੱਖ ਦੇ ਸਮਾਜਿਕ-ਸਭਿਆਚਾਰਕ ਸਰੋਕਾਰਾਂ ਦੀ ਵੀ ਹਾਮੀ ਭਰਦਾ ਹੈ। ਇਸ ਹਾਮੀ ਵਜੋਂ ਹੀ ਗੁਰੂ ਜੀ ਨੇ ਸਿਮਰਨ ਦੇ ਨਾਲ-ਨਾਲ ਸੇਵਾ ਦਾ ਸੰਕਲਪ ਵੀ ਜੋੜਿਆ। ਇਹ ਸੰਕਲਪ ਕਿਸੇ ਜੀਅ ਨੂੰ ਨਾ ਸਿਰਫ ਧਰਮੀ ਮਨੁੱਖ ਬਣਨ ਤੱਕ ਹੀ ਸੀਮਤ ਰੱਖਦਾ ਹੈ, ਸਗੋਂ ਉਸ ਦੀ ਸਮਾਜਿਕ ਸਾਰਥਿਕਤਾ ਨੂੰ ਵੀ ਬਣਾਈ ਰੱਖਦਾ ਹੈ। ਇਹ ਸਾਰਥਿਕਤਾ ਉਸ ਦੇ ਜੀਵਨ ਦੇ ਅੰਤਿਮ ਉਦੇਸ਼ (ਮੋਕਸ਼) ਦੀ ਪ੍ਰਾਪਤੀ ਲਈ ਵੀ ਕਾਰਗਰ ਸਾਬਤ ਹੁੰਦੀ ਹੈ। ਇਹ ਕਾਰਗਰਤਾ ਹੀ ਸਿੱਖ ਧਰਮ ਦੇ ਮੁਹਾਂਦਰੇ ਨੂੰ ਬਾਕੀ ਧਰਮਾਂ ਨਾਲੋਂ ਕੁਝ ਵੱਖਰਿਆਉਂਦੀ ਹੈ।

ਵੱਖਰੇਪਣ ਭਰਪੂਰ ਵਿਸ਼ਵਾਸਾਂ ਅਤੇ ਅਹਿਸਾਸਾਂ ਦੀ ਮਲਕੀਅਤ ਰੱਖਣ ਵਾਲੇ ਇਸ ਵਿਗਿਆਨਕ ਧਰਮ ਦੀ ਚੜ੍ਹਦੀਕਲਾ ਹਿਤ ਦਸ ਗੁਰੂ ਸਾਹਿਬਾਨ ਆਪੋ-ਆਪਣੇ ਸਮਿਆਂ ਵਿਚ ਭਰਪੂਰ ਉਪਰਾਲੇ ਕਰਦੇ ਰਹੇ। ਗੁਰੂ ਸਾਹਿਬ ਵੱਲੋਂ ਕੀਤੇ ਇਹ ਸਰਬ ਕਲਿਆਣਕਾਰੀ ਉਪਰਾਲੇ ਵਕਤ ਦੀਆਂ ਹਕੂਮਤਾਂ ਅਤੇ ਗੁਰੂ ਨਾਨਕ ਜੀ ਦੇ ਦਰ-ਘਰ ਨਾਲ ਵੈਰ-ਵਿਰੋਧ ਦੀ ਭਾਵਨਾ ਰੱਖਣ ਵਾਲਿਆਂ ਦੇ ਨੇਤਰਾਂ ਵਿਚ ਹਮੇਸ਼ਾ ਰੜਕਦੇ ਰਹੇ ਹਨ। ਇਹ ਰੜਕ ਵਧਣ ਕਾਰਨ ਹੀ ਪੰਜਵੇਂ ਨਾਨਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਹੇਠ ਬਲਦੀ ਅੱਗ ਦੇ ਸੇਕ ਨੂੰ ਉਸ ਪਰਮ ਪਿਤਾ ਦੇ ਭਾਣੇ ਵਜੋਂ ਪ੍ਰਵਾਨ ਕਰਨਾ ਪਿਆ। ਇਸ ਪ੍ਰਵਾਨਗੀ ਕਾਰਨ ਹੀ ਸਿੱਖ ਜਗਤ ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਹਿ ਕੇ ਸਤਿਕਾਰਦਾ ਹੈ।

ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਆਦਿ ਗ੍ਰੰਥ ਸਾਹਿਬ ਦੇ ਸੰਪਾਦਕ, ਜ਼ੁਲਮ ਦੀ ਅੱਗ ਨੂੰ ਸਿਦਕਦਿਲੀ ਨਾਲ ਠੰਢਿਆਂ ਕਰਨ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪਰੈਲ, ਸੰਨ 1563 (ਵਿਸਾਖ ਬਿਕ੍ਰਮੀ 1620) ਨੂੰ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ ਹੋਇਆ। ਜਿਨ੍ਹਾਂ ਮਹਾਂਪੁਰਖਾਂ ਦੀ ਛਤਰ-ਛਾਇਆ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਪਨ ਪ੍ਰਵਾਨ ਚੜ੍ਹਿਆ, ਉਹ ਅਧਿਆਤਮਕ ਖੇਤਰ ਦੀਆਂ ਮਹਾਨ ਹਸਤੀਆਂ ਸਨ। ਇਸ ਤੋਂ ਇਲਾਵਾ ਬਹੁਤ ਸਾਰੇ ਗਿਆਨੀ-ਧਿਆਨੀ, ਵਿਦਵਾਨ ਅਤੇ ਸਤਿ-ਪੁਰਖ, ਸ੍ਰੀ ਗੁਰੂ ਰਾਮਦਾਸ ਅਤੇ ਖੁਦ ਉਨ੍ਹਾਂ ਦੀ ਆਪਣੀ ਸੰਗਤ ਵਿਚ ਰਹਿੰਦੇ ਸਨ। ਇਸ ਤੋਂ ਇਲਾਵਾ ਨਾਨਕੇ ਪਰਿਵਾਰ ਵਿਚੋਂ ਮਿਲਿਆ ਗੁਰਮਿਤ ਭਰਪੂਰ ਵਾਤਾਵਰਨ ਵੀ ਉਨ੍ਹਾਂ ਦੀ ਸ਼ਖਸੀਅਤ ਨੂੰ ਪ੍ਰਫੁਲਤ ਕਰਨ ਵਿਚ ਬਹੁਤ ਲਾਹੇਵੰਦਾ ਸਾਬਤ ਹੋਇਆ। ਨਾਨੇ-ਦੋਹਤਰੇ ਦੇ ਆਪਸੀ ਪਿਆਰ ਦੀ ਬਦੌਲਤ ਹੀ ਉਨ੍ਹਾਂ ਦੀ ਸ਼ਖਸੀਅਤ ਵਿਚੋਂ ਉਚੇ ਅਤੇ ਸੁੱਚੇ ਗੁਣਾਂ ਦੀ ਝਲਕ ਜੀਵਨ ਦੇ ਪਹਿਲੇ ਪੜਾਅ ਵਿਚ ਹੀ ਦਿਖਾਈ ਦੇਣ ਲੱਗ ਪਈ ਸੀ। ਇਸ ਝਲਕ ਨੂੰ ਦੇਖਣ ਤੋਂ ਬਾਅਦ ਹੀ ਨਾਨਾ ਗੁਰੂ ਨੇ ਉਨ੍ਹਾਂ ਨੂੰ 'ਦੋਹਿਤਾ ਬਾਣੀ ਦਾ ਬੋਹਿਥਾ' ਕਹਿ ਕੇ ਉਨ੍ਹਾਂ ਦੇ ਮਹਾਨ ਪੁਰਖ ਹੋਣ ਦੇ ਅਟੱਲ ਬਚਨ ਕਹੇ ਸਨ। ਨਾਨਾ ਗੁਰੂ ਦੀ ਪਿਆਰ ਭਰੀ ਅਗਵਾਈ ਤੋਂ ਛੁੱਟ ਪਿਤਾ ਗੁਰੂ ਰਾਮਦਾਸ ਜੀ ਦੀ ਨੇਤ੍ਰਤਾ ਵੀ ਉਨ੍ਹਾਂ ਦੇ ਸਾਹਾਂ ਦਾ ਸਹਾਰਾ ਬਣੀ ਹੋਈ ਸੀ।

1581 ਈਸਵੀ ਨੂੰ ਜਦੋਂ ਗੁਰੂ (ਰਾਮਦਾਸ) ਪਿਤਾ ਨੇ ਉਨ੍ਹਾਂ ਨੂੰ ਸਹਾਰੀ ਮੱਲ ਦੇ ਪੁੱਤਰ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਭੇਜਿਆ ਤਾਂ ਉਨ੍ਹਾਂ ਇਸ ਹੁਕਮ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ। ਆਨੰਦ ਕਾਰਜ ਦੀ ਸਮਾਪਤੀ ਤੋਂ ਬਾਅਦ ਜਦੋਂ ਉਹ ਵਾਪਸੀ ਪਾਉਣ ਲੱਗੇ ਤਾਂ ਚੌਥੇ ਪਾਤਸ਼ਾਹ ਨੇ ਲਾਹੌਰ ਵਿਚ ਰਹਿ ਕੇ ਸੰਗਤ ਦੀ ਅਗਵਾਈ ਕਰਨ ਦਾ ਨਵਾਂ ਹੁਕਮ ਲਗਾ ਦਿੱਤਾ। ਇਸ ਹੁਕਮ ਤੋਂ ਬਾਅਦ ਗੁਰੂ ਰਾਮਦਾਸ ਨੇ ਉਨ੍ਹਾਂ ਨੂੰ ਮਨੋਂ ਹੀ ਵਿਸਾਰ ਦਿੱਤਾ। ਦਿਨਾਂ ਦੇ ਹਫਤੇ, ਹਫਤਿਆਂ ਦੇ ਮਹੀਨੇ ਅਤੇ ਮਹੀਨਿਆਂ ਦੀਆਂ ਛਿਮਾਹੀਆਂ ਬਣ ਗਈਆਂ, ਪਰ ਗੁਰੂ ਕੇ ਚੱਕ ਤੋਂ ਕੋਈ ਸੁਨੇਹੜਾ ਨਹੀਂ ਆਇਆ। ਜਦੋਂ ਉਡੀਕ ਦੀਆਂ ਘੜੀਆਂ ਲੰਮੀਆਂ ਹੋ ਗਈਆਂ ਤਾਂ ਸਬਰ ਦਾ ਪਿਆਲਾ ਉਛਾਲੇ ਮਾਰਨ ਲੱਗ ਪਿਆ। ਇਸ ਉਛਾਲ ਕਾਰਨ ਉਨ੍ਹਾਂ ਨੇ ਇਕ ਪੱਤਰ ਗੁਰੂ ਪਿਤਾ ਵੱਲ ਲਿਖ ਭੇਜਿਆ ਜਿਸ ਦੀ ਇਬਾਰਤ ਸੀ:

ਮੇਰਾ ਮਨੁ ਲੋਚੈ ਗੁਰਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨਾ ਉਤਰੈ ਸਾਂਤਿ ਨਾ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ॥

ਇਸ ਪੱਤਰ ਅਤੇ ਇਸ ਤੋਂ ਬਾਅਦ ਇਕ ਹੋਰ ਪੱਤਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਵੱਲ ਭੇਜਿਆ ਗਿਆ, ਪਰ ਈਰਖਾਲੂ ਪ੍ਰਿਥੀ ਚੰਦ (ਭਰਾਤਾ) ਵੱਲੋਂ ਬਿਰਹਾ ਭਰੇ ਇਹ ਪੱਤਰ ਸਹੀ ਮੰਜ਼ਿਲ ਤੱਕ ਨਹੀਂ ਜਾਣ ਦਿੱਤੇ। ਅਖੀਰ ਤੀਸਰੇ ਪੱਤਰ ਨੇ ਇਹ ਭੇਤ ਖੋਲ੍ਹ ਦਿੱਤਾ ਜਿਸ ਨਾਲ ਪ੍ਰਿਥੀ ਚੰਦ ਨੂੰ ਸੰਗਤ ਦੇ ਸਨਮੁਖ ਸ਼ਰਮਿੰਦਾ ਹੋਣਾ ਪਿਆ। ਪੱਤਰਾਂ ਵਿਚਲੀ ਵੇਦਨਾ ਪੜ੍ਹ ਕੇ ਗੁਰੂ ਪਿਤਾ ਦੀਆਂ ਅੱਖਾਂ ਭਰ ਆਈਆਂ ਅਤੇ ਉਨ੍ਹਾਂ ਬਾਬਾ ਬੁੱਢਾ ਜੀ ਨੂੰ ਲਾਹੌਰ ਵੱਲ ਰਵਾਨਾ ਕਰ ਦਿੱਤਾ। ਜਦੋਂ ਵਾਪਸ ਆਏ ਤਾਂ ਪਿਤਾ ਜੀ ਦੇ ਦਰਸ਼ਨ-ਦੀਦਾਰੇ ਕਰ ਕੇ ਨਿਹਾਲ ਹੋ ਗਏ। ਲੰਮੇ ਵਿਛੋੜੇ ਤੋਂ ਬਾਅਦ ਮਿਲਾਪੀ ਪਲਾਂ ਵਿਚੋਂ ਪ੍ਰਾਪਤ ਹੋਈ ਆਪਣੀ ਆਨੰਦਮਈ ਅਵਸਥਾ ਨੂੰ ਉਨ੍ਹਾਂ ਇੰਜ ਬਿਆਨ ਕੀਤਾ ਹੈ:

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥
ਹਉ ਘੋਲੀ ਜੀਉ ਘੋਲ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ॥

ਛੋਟੀ ਉਮਰੇ ਉਨ੍ਹਾਂ ਦੀ ਸੇਵਾ ਅਤੇ ਸਿਮਰਨ ਵਾਲੀ ਬਿਰਤੀ ਨੂੰ ਦੇਖਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਦੋਵਾਂ ਪੁੱਤਰਾਂ (ਪ੍ਰਿਥੀ ਚੰਦ ਤੇ ਮਹਾਂਦੇਵ) ਨੂੰ ਛੱਡ ਕੇ ਪਹਿਲੀ ਸਤੰਬਰ 1581 ਈਸਵੀ (2 ਅਸੂ ਸੰਮਤ 1638) ਨੂੰ ਸ਼ੁਕਰਵਾਰ ਵਾਲੇ ਦਿਨ ਗੁਰੂ ਨਾਨਕ ਦੇਵ ਦੇ ਘਰ ਦਾ ਪੰਜਵਾਂ ਵਾਰਿਸ ਥਾਪ ਦਿੱਤਾ। ਇਸ ਥਾਪਣਾ ਸਮੇਂ ਉਨ੍ਹਾਂ ਦੀ ਉਮਰ 18 ਸਾਲ 4 ਮਹੀਨੇ 14 ਦਿਨ ਸੀ। ਚੌਥੇ ਪਾਤਸ਼ਾਹ ਦੀ ਇਸ ਚੋਣ ਨਾਲ ਪ੍ਰਿਥੀ ਚੰਦ ਦੀਆਂ ਉਮੀਦਾਂ ਦੇ ਮਹਿਲ ਢਹਿ ਢੇਰੀ ਹੋ ਗਏ। ਉਹ ਗੁਰੂ ਜੀ ਨਾਲ ਕਾਫੀ ਲੋਹਾ-ਲਾਖਾ ਹੋਇਆ। ਗੁਰੂ ਰਾਮਦਾਸ ਜੀ ਨੇ ਉਸ ਨੂੰ ਪਿਆਰ ਨਾਲ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਸ ਦੀ ਸਮਝ 'ਤੇ ਲਾਲਚ ਭਾਰੂ ਹੋ ਚੁੱਕਾ ਸੀ। ਇਸ ਲਾਲਚ ਅਤੇ ਬੇਸਮਝੀ ਕਾਰਨ ਹੀ ਉਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਨੂੰ ਢਾਹ ਲਾਉਣ ਦੀਆਂ ਕਈ ਨਾਕਾਮ ਕੋਸ਼ਿਸ਼ਾਂ ਕੀਤੀਆਂ। ਇਨ੍ਹਾਂ ਕੋਸ਼ਿਸ਼ਾਂ ਤਹਿਤ ਉਸ ਨੇ ਜਿਥੇ ਸਿੱਖ ਸੰਗਤਾਂ ਨੂੰ ਵਕਤੀ ਤੌਰ 'ਤੇ ਗੁੰਮਰਾਹ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ, ਉਥੇ ਗੁਰੂ ਕੇ ਲੰਗਰ ਨੂੰ ਮਸਤਾਨਾ ਕਰਨ ਵਿਚ ਵੀ ਨਾਂਹ-ਪੱਖੀ ਭੂਮਿਕਾ ਅਦਾ ਕੀਤੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਸਾਰ ਹੀ ਸਭ ਤੋਂ ਪਹਿਲਾ ਪਵਿਤਰ ਕਾਰਜ ਰਾਮਦਾਸ ਸਰੋਵਰ ਨੂੰ ਪੱਕਾ ਕਰਨ ਦਾ ਕੀਤਾ। ਇਸ ਕਾਰਜ ਦੀ ਸੰਪੂਰਨਤਾ ਨਾਲ ਉਨ੍ਹਾਂ ਦੇ ਮਨ ਦੀ ਤਸੱਲੀ ਨਹੀਂ ਹੋਈ। ਇਸ ਮੁਕੱਦਸ ਸਰੋਵਰ ਦੇ ਵਿਚਾਲੇ ਉਨ੍ਹਾਂ ਨੇ ਅਜਿਹਾ ਮੰਦਰ (ਪਰਮੇਸ਼ਰ ਦੀ ਯਾਦ ਦਿਵਾਉਣ ਲਈ) ਉਸਾਰਨ ਦੀ ਵਿਉਂਤਬੰਦੀ ਕੀਤੀ ਜੋ ਬਾਕੀ ਮੰਦਰਾਂ (ਕਿਸੇ ਖਾਸ ਦੇਵੀ-ਦੇਵਤੇ ਨੂੰ ਸਮਰਪਿਤ) ਨਾਲੋਂ ਵਿਲੱਖਣ ਹੋਵੇ। ਇਸ ਮੰਦਰ (ਹਰਿਮੰਦਰ ਸਾਹਿਬ) ਦੀ ਤਮੀਰ ਕਰਵਾਉਣੀ ਆਪਣੇ ਆਪ ਵਿਚ ਅਨੂਪ ਕਾਰਜ ਸੀ; ਕਿਉਂਕ ਇਸ ਦੇ ਚਾਰ ਦਰਵਾਜ਼ਿਆਂ ਵਿਚਲਾ ਪ੍ਰਵੇਸ਼ ਧਰਮ, ਨਸਲ, ਜਾਤ, ਰੰਗ, ਦੇਸ਼ ਅਤੇ ਕੌਮ ਨੂੰ ਆਧਾਰ ਮੰਨ ਕੇ ਕੀਤੇ ਜਾਣ ਵਾਲੇ ਵਿਤਕਰਿਆਂ ਤੋਂ ਰਹਿਤ ਸੀ।



ਦੂਜੇ ਧਰਮਾਂ ਦੇ ਧਾਰਮਿਕ ਸਥਾਨ ਆਮ ਤੌਰ 'ਤੇ ਆਲੇ ਦੁਆਲੇ ਦੇ ਬਾਕੀ ਮਕਾਨਾਂ ਤੋਂ ਕੁਝ ਉਚੇ ਉਸਾਰੇ ਜਾਂਦੇ ਹਨ, ਪਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਾਉੜੀਆਂ ਉਪਰ ਵੱਲ ਜਾਣ ਦੀ ਬਜਾਏ ਹੇਠਾਂ ਵੱਲ ਜਾਂਦੀਆਂ ਹਨ ਜੋ ਗੁਰੂ ਅਰਜਨ ਦੇਵ ਜੀ ਦੀ ਦੂਰਦ੍ਰਿਸ਼ਟੀ ਦਾ ਪ੍ਰਮਾਣ ਹਨ। ਇਸ ਦ੍ਰਿਸ਼ਟੀ ਦੇ ਅਨੁਸਾਰ ਜੋ ਵੀ ਕੋਈ ਸ਼ਰਧਾਲੂ ਆਪਣੇ ਇਸ਼ਟ ਦੇ ਸਨਮੁਖ ਹੋਣ ਲਈ ਆਵੇ, ਉਹ ਹਉਮੈ ਦੇ ਰੋਗ ਤੋਂ ਮੁਕਤ ਹੋ ਕੇ ਆਵੇ।

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਹੋਰ ਵੀ ਬਹੁਤ ਸਾਰੇ ਅਜਿਹੇ ਕਾਰਜ ਕੀਤੇ ਗਏ ਜਿਨ੍ਹਾਂ ਨੇ ਸਿੱਖੀ ਦੇ ਫੈਲਾਅ ਅਤੇ ਸਿਧਾਂਤਾਂ ਦੇ ਨਿਭਾਅ (ਅਮਲ) ਹਿਤ ਅਹਿਮ ਭੂਮਿਕਾ ਅਦਾ ਕੀਤੀ। ਇਨ੍ਹਾਂ ਕਾਰਜਾਂ ਵਿਚੋਂ ਮੁਖ ਅਤੇ ਵਡੇਰੇ ਸਤਿਕਾਰ ਵਾਲਾ ਕਾਰਜ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ। ਇਸ ਵਡਮੁੱਲੇ ਕਾਰਜ ਨੂੰ ਉਨ੍ਹਾਂ ਦੀ ਸ਼੍ਰੋਮਣੀ ਪ੍ਰਾਪਤੀ ਵਜੋਂ ਲਿਆ ਜਾਂਦਾ ਹੈ। ਧਾਰਮਿਕ ਆਗੂ ਹੋਣ ਦੇ ਨਾਲ-ਨਾਲ ਗੁਰੂ ਅਰਜਨ ਦੇਵ ਜੀ ਪ੍ਰਤਿਭਾਸ਼ਾਲੀ ਵਿਦਵਾਨ ਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਭੱਟ ਮਥੁਰਾ ਜੀ ਤਾਂ ਉਨ੍ਹਾਂ ਦੀ ਹਸਤੀ ਨੂੰ ਅਕਾਲ ਪੁਰਖ ਤੋਂ ਵੱਖ ਕਰ ਕੇ ਹੀ ਨਹੀਂ ਸਨ ਦੇਖਦੇ। ਇਸ ਗੱਲ ਨੂੰ ਤਸਦੀਕ ਕਰਦਿਆਂ ਉਹ ਲਿਖਦੇ ਹਨ:

ਧਰਨਿ ਗਗਨ ਨਵ ਖੰਡ ਮਹਿ
ਜੋਤਿ ਸਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦ ਨਹੀ
ਗੁਰੁ ਅਰਜੁਨੁ ਪਰਤਖ ਹਰਿ॥

ਉਹ (ਮਥੁਰਾ ਜੀ) ਤਾਂ ਇਥੋਂ ਤੱਕ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਨੇ ਪੰਜਵੇਂ ਨਾਨਕ ਨਾਲ ਸੱਚੀ ਪ੍ਰੀਤ ਪਾ ਲਈ, ਉਨ੍ਹਾਂ ਪਿਆਰਿਆਂ ਦਾ ਜਨਮ-ਮਰਨ ਹੀ ਕੱਟਿਆ ਜਾਂਦਾ ਹੈ। ਇਸ ਗੱਲ ਦੀ ਗਵਾਹੀ ਉਹ ਹੇਠ ਲਿਖੀਆਂ ਪੰਕਤੀਆਂ ਰਾਹੀਂ ਦੇ ਰਹੇ ਹਨ:

ਤਤੁ ਬਿਚਾਰੁ ਯਹੈ ਮਥੁਰਾ ਜਗ
ਤਾਰਨ ਕਉ ਅਵਤਾਰੁ ਬਨਾਯਉ॥
ਜਪ੍ਯਉ ਜਿਨ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ॥

ਜਿਥੇ ਗੁਰੂ ਅਰਜਨ ਦੇਵ ਜੀ ਉਤਰੀ ਭਾਰਤ ਵਿਚ ਪ੍ਰਚਲਿਤ ਭਾਸ਼ਾਵਾਂ ਦੇ ਉਸਤਾਦ ਸਨ, ਉਥੇ ਨਾਲ ਹੀ ਸੰਗੀਤਕ ਸੂਝ ਵੀ ਰੱਖਦੇ ਸਨ। ਇਸ ਸੂਝ ਸਦਕਾ ਹੀ ਜਿਥੇ ਉਨ੍ਹਾਂ ਨੇ ਆਪ ਇਲਾਹੀ ਬਾਣੀ ਦੀ ਸਿਰਜਣਾ ਕੀਤੀ, ਉਥੇ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ, ਵੱਖ-ਵੱਖ ਖਿਤਿਆਂ ਨਾਲ ਜੁੜੇ ਹੋਏ ਭਗਤਾਂ ਅਤੇ ਭੱਟਾਂ ਦੀ ਪਵਿਤਰ ਬਾਣੀ ਨੂੰ ਸੁੱਚੀ ਮਾਲਾ (ਗ੍ਰੰਥ) ਵਿਚ ਪਰੋਣ ਦਾ ਅਣਥਕ ਜਤਨ ਆਰੰਭ ਕਰ ਦਿੱਤਾ। ਆਪਣੇ ਇਸ ਜਤਨ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਲਈ ਉਨ੍ਹਾਂ ਵੱਲੋਂ ਆਪਣੇ ਸਮੇਂ ਦੇ ਪੰਥਕ ਵਿਦਵਾਨ ਭਾਈ ਗੁਰਦਾਸ (ਗੁਰੂ ਜੀ ਦੇ ਮਾਮਾ) ਜੀ ਦੀ ਸੇਵਾਵਾਂ ਲਈਆਂ ਗਈਆਂ। ਇਸ ਮਹਾਨ ਅਤੇ ਵਿਲੱਖਣ ਕਾਰਜ ਦੀ ਸੰਪੂਰਨਤਾ ਭਾਦਰੋਂ ਵਦੀ ਇਕ (1604 ਈਸਵੀ) ਨੂੰ ਹੋਈ। ਇਸ ਵੱਡਆਕਾਰੀ ਗ੍ਰੰਥ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ 16 ਅਗਸਤ 1604 ਈਸਵੀ ਦਿਨ ਵੀਰਵਾਰ ਨੂੰ ਕੀਤਾ ਗਿਆ। ਮਨੁੱਖੀ ਬਰਾਬਰੀ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦੇਣ ਵਾਲੇ ਇਸ ਗ੍ਰੰਥ ਦੇ ਪ੍ਰਕਾਸ਼ ਵਿਚ ਆਉਣ ਨਾਲ ਇਸ ਦੀ ਪਾਵਨ ਬਾਣੀ ਪ੍ਰਤੀ ਕੁਝ ਝੂਠੀਆਂ ਸ਼ਿਕਾਇਤਾਂ ਵੀ ਵਕਤ ਦੇ ਹਾਕਮ (ਅਕਬਰ) ਕੋਲ ਪਹੁੰਚਣ ਲੱਗੀਆਂ, ਪਰ ਜਦੋਂ ਇਨ੍ਹਾਂ ਸ਼ਿਕਾਇਤਾਂ ਨੂੰ ਸੱਚ ਅਤੇ ਦਲੀਲ ਦੀ ਕਸਵੱਟੀ ਉਪਰ ਲਗਾਇਆ ਗਿਆ ਤਾਂ ਸ਼ਿਕਾਇਤਕਰਤਾਵਾਂ ਨੂੰ ਸ਼ਰਮਿੰਦਗੀ ਉਠਾਉਣੀ ਪਈ।

ਸਰਬਤ ਦੇ ਭਲੇ ਵਾਲੀ ਸੋਚ ਅਤੇ ਲੋਕ ਹਿਤਕਾਰੀ ਅਮਲਾਂ ਕਾਰਨ ਗੁਰੂ ਨਾਨਕ ਦਰਬਾਰ ਦੀ ਹਰਮਨ ਪਿਆਰਤਾ ਦਿਨੋ-ਦਿਨ ਵਧ ਰਹੀ ਸੀ। ਇਹ ਹਰਮਨ ਪਿਆਰਤਾ ਤਤਕਾਲੀ ਹਕੂਮਤ (ਜਹਾਂਗੀਰ ਤੇ ਉਸ ਦੇ ਚੇਲੇ-ਚਾਟੜੇ) ਅਤੇ ਗੁਰੂ ਘਰ ਦੇ ਦੋਖੀਆਂ ਦੀ ਅੱਖ ਵਿਚ ਰੜਕਣ ਲੱਗ ਪਈ ਸੀ। ਇਸ ਰੜਕ ਨੇ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਢ ਬੰਨ੍ਹਣ ਵਿਚ ਆਪਣਾ ਨਿੰਦਣਯੋਗ ਰੋਲ ਅਦਾ ਕੀਤਾ ਸੀ।

ਗੁਰੂ ਅਰਜਨ ਦੇਵ ਜੀ ਦੇ ਸਮਕਾਲ ਸਰਹਿੰਦ ਇਲਾਕੇ ਵਿਚ ਨਕਸ਼ਬੰਦੀ ਸਿਲਸਲੇ ਨਾਲ ਸੰਬੰਧਤ ਸ਼ੇਖ ਅਹਿਮਦ ਫਾਰੂਕੀ ਦੀ ਪੂਰੀ ਚੜ੍ਹਾਈ ਸੀ। ਉਹ ਆਪਣੇ ਆਪ ਨੂੰ ਕਿਉਮ ਅਖਵਾਉਂਦਾ ਅਤੇ ਸਾਰੀ ਧਰਤੀ ਤੇ ਅਸਮਾਨ ਉਤੇ ਹੱਕ ਜਤਾਉਂਦਾ ਸੀ। ਬਾਦਸ਼ਾਹ ਅਕਬਰ ਦੀ ਦਰਿਆਦਿਲੀ ਨੂੰ ਉਹ ਇਸਲਾਮ ਦੀ ਕਮਜ਼ੋਰੀ ਸਮਝਦਾ ਸੀ। ਇਸ ਕਮਜ਼ੋਰੀ ਨੂੰ ਦੂਰ ਕਰ ਕੇ ਇਸਲਾਮ ਦਾ ਬੋਲਬਾਲਾ ਕਰਨਾ ਉਹ ਆਪਣਾ ਮੁਕੱਦਸ ਕਰਤੱਵ ਸਮਝਦਾ ਸੀ। ਇਸ ਕਰਤੱਵ ਦੀ ਪਾਲਣਾ ਹਿਤ ਹੀ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ 'ਇਮਾਮ-ਏ-ਕੁਫ਼ਰ' ਦਾ ਫ਼ਤਵਾ ਦਿੱਤਾ ਅਤੇ ਉਨ੍ਹਾਂ ਦਾ ਮਲੀਆਮੇਟ ਕਰਨ ਲਈ ਕੱਟੜ ਸੋਚ ਦੇ ਮਾਲਿਕ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨ ਲੱਗ ਪਿਆ ਕਿ '(ਗੁਰੂ) ਅਰਜਨ ਦੇਵ ਤੁਹਾਡੇ ਅੱਬਾ ਜਾਨ ਦੇ ਚਹੇਤੇ ਹਨ, ਉਨ੍ਹਾਂ ਦੇ ਪ੍ਰਚਾਰ-ਪ੍ਰਸਾਰ ਸਦਕਾ ਹਿੰਦੂ ਹੀ ਨਹੀਂ, ਵੱਡੀ ਗਿਣਤੀ ਵਿਚ ਮੁਸਲਮਾਨ ਵੀ ਗੁਰੂਕਿਆਂ ਦੇ ਪ੍ਰਸ਼ੰਸਕ ਬਣ ਗਏ ਹਨ। ਇਸ ਤੋਂ ਇਲਾਵਾ ਉਨ੍ਹਾਂ (ਗੁਰੂ) ਬਾਗੀ ਖੁਸਰੋ ਦੀ ਨਾ ਕੇਵਲ ਮਾਇਆ ਨਾਲ ਮਦਦ ਕੀਤੀ, ਸਗੋਂ ਤਿਲਕ ਲਗਾ ਕੇ ਉਸ ਨੂੰ ਤਖਤ ਦਾ ਵਰਦਾਨ ਵੀ ਦਿੱਤਾ ਹੈ।

ਬਾਦਸ਼ਾਹ ਜਹਾਂਗੀਰ ਇਕ ਤਾਂ ਕੰਨਾਂ ਦਾ ਕੱਚਾ ਸੀ, ਦੂਜਾ ਉਸ ਨੂੰ ਆਪਣੇ ਰਾਜ-ਭਾਗ ਦੀ ਲੰਮੀ ਉਮਰ ਲਈ ਕੱਟੜ-ਪੰਥੀਆਂ ਦਾ ਸਹਿਯੋਗ ਚਾਹੀਦਾ ਸੀ। ਇਸ ਲਈ ਉਸ ਨੇ ਬੁਲਾਵਾ ਭੇਜ ਕੇ ਗੁਰੂ ਸਾਹਿਬ ਨੂੰ ਲਾਹੌਰ ਬੁਲਾ ਲਿਆ। ਜੇ 'ਤੁਜ਼ਕਿ ਜਹਾਂਗੀਰੀ' ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਬਾਦਸ਼ਾਹ ਆਪ ਵੀ ਪੰਜਵੇਂ ਗੁਰਾਂ ਪ੍ਰਤੀ ਆਪਣੇ ਦਿਲ ਵਿਚ ਨਫ਼ਰਤ ਭਰੀ ਬੈਠਾ ਸੀ। ਉਸ ਦੇ ਦਿਲ ਵਿਚਲੀ ਨਫ਼ਰਤ ਅਤੇ ਮਜ਼ਹਬੀ ਤੰਗਦਿਲੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਚ ਆਪਣਾ ਅਸਰ ਦਿਖਾਇਆ।

ਜਹਾਂਗੀਰ ਦਾ ਹੁਕਮ ਪਾ ਕੇ ਮੁਰਤਜ਼ਾ ਖਾਂ ਗੁਰਦੇਵ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲੈ ਗਿਆ। ਝੂਠ-ਸੱਚ ਨਿਤਾਰਨ ਤੋਂ ਬਗੈਰ ਹੀ ਉਹਨੇ ਗੁਰੂ ਸਾਹਿਬ ਨੂੰ ਚੰਦਰੀ ਨੀਅਤ ਵਾਲੇ ਚੰਦੂ ਦੇ ਹਵਾਲੇ ਕਰ ਦਿੱਤਾ। ਚੰਦੂ ਜਾਨ ਲੈਣ ਨਾਲੋਂ ਚੰਦੂ ਗੁਰੂ ਸਾਹਿਬ ਕੋਲੋਂ ਈਨ ਮੰਨਵਾਉਣ ਨੂੰ ਵਧੇਰੇ ਤਰਜੀਹ ਦੇਣ ਲੱਗਾ ਪਿਆ। ਇਸ ਤਰਜੀਹ ਅਨੁਸਾਰ, ਉਸ ਨੇ ਗੁਰੂ ਅਰਜਨ ਦੇਵ ਜੀ ਅੱਗੇ ਤਿੰਨ ਸ਼ਰਤਾਂ ਰੱਖ ਦਿੱਤੀਆਂ: ਪਹਿਲੀ ਸ਼ਰਤ, ਮੁਸਲਮਾਨ ਬਣ ਜਾਣ ਦੀ; ਦੂਜੀ, ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਿਤ ਵਿਚ ਚਾਰ ਸਤਰਾਂ ਲਿਖ ਦੇਣ ਦੀ ਅਤੇ ਤੀਜੀ, ਸਾਹਿਬਜ਼ਾਦੇ (ਹਰਗੋਬਿੰਦ ਸਾਹਿਬ) ਵਾਸਤੇ ਉਸ (ਚੰਦੂ) ਦੀ ਬੇਟੀ ਦਾ ਸਾਕ ਸਵੀਕਾਰ ਕਰਨ ਦੀ।

ਪਹਿਲੀ ਸ਼ਰਤ ਦੇ ਜਵਾਬ ਵਿਚ ਗੁਰੂ ਸਾਹਿਬ ਨੇ ਚੰਦੂ ਨੂੰ ਦਲੀਲ ਸਹਿਤ ਸਮਝਾਉਂਦਿਆਂ ਕਿਹਾ ਕਿ ਜੋ ਇਨਸਾਨ ਕਿਸੇ ਲਾਲਚ ਜਾਂ ਡਰ ਕਾਰਨ ਆਪਣਾ ਧਰਮ ਤਿਆਗ ਦਿੰਦਾ ਹੈ, ਉਹ ਕਿਸੇ ਵੀ ਧਰਮ ਜੋਗਾ ਨਹੀਂ ਰਹਿ ਜਾਂਦਾ; ਕਿਉਂਕਿ ਧਰਮ ਕੇਵਲ ਬਾਹਰੀ ਦਿਖਾਵਾ ਨਹੀਂ, ਸਗੋਂ ਜੀਵਨ-ਜਾਚ ਵੀ ਹੁੰਦਾ ਹੈ। ਦੂਜੀ ਸ਼ਰਤ ਰੱਦ ਕਰਦਿਆਂ ਗੁਰੂ ਜੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਤਾਂ ਇਲਾਹੀ ਕਿਰਤ ਹੈ ਜੋ ਕਰਤਾ ਪੁਰਖ ਦੇ ਹੁਕਮ ਵਿਚ ਰਹਿ ਕੇ ਪ੍ਰਵਾਨ ਚੜ੍ਹੀ ਹੈ, ਹੁਣ ਇਸ ਵਿਚ ਇਕ ਅੱਖਰ ਦਾ ਵੀ ਵਾਧਾ-ਘਾਟਾ ਨਹੀਂ ਕੀਤਾ ਜਾ ਸਕਦਾ। ਤੀਜੀ ਗੱਲ ਜੋ ਤੇਰੀ ਬੇਟੀ ਦਾ ਸਾਕ ਨਾ ਲੈਣ ਬਾਰੇ ਹੈ, ਇਹ ਫ਼ੈਸਲਾ ਗੁਰੂ ਕੀ ਸੰਗਤ ਵੱਲੋਂ ਸਮੂਹਿਕ ਰੂਪ ਵਿਚ ਕੀਤਾ ਗਿਆ ਹੈ, ਜਿਸ ਨੂੰ ਪਲਟਾਉਣਾ ਸਾਡੇ ਵੱਸੋਂ ਬਾਹਰੀ ਗੱਲ ਹੈ। ਚੌਥੀ ਗੱਲ ਜੋ ਤਸੀਹੇ ਸਹਿਣ ਦੀ ਹੈ, ਉਸ ਨੂੰ ਅਸੀਂ ਪਰਮੇਸ਼ਰ ਦਾ ਭਾਣਾ ਸਮਝ ਕੇ ਖਿੜੇ-ਮੱਥੇ ਕਬੂਲ ਕਰਨ ਲਈ ਤਿਆਰ ਹਾਂ।

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਖਰੀਆਂ-ਖਰੀਆਂ ਸੁਣ ਕੇ ਚੰਦੂ ਅਤੇ ਉਸ ਦੀ ਲਾਬੀ ਨੇ ਗੁਰੂ ਸਾਹਿਬ ਨੂੰ ਯਾਸਾ (ਖ਼ੂਨ ਡੋਲ੍ਹਣ ਤੋਂ ਬਗੈਰ) ਦੇ ਕਾਨੂੰਨ ਤਹਿਤ ਸਖ਼ਤ ਸਜ਼ਾਵਾਂ ਦੇਣ ਦੀ ਠਾਣ ਲਈ। ਇਨ੍ਹਾਂ ਸਜ਼ਾਵਾਂ ਤਹਿਤ ਜਿਥੇ ਗੁਰੂ ਸਾਹਿਬ ਨੂੰ ਜੇਠ ਮਹੀਨੇ ਦੀ ਕੜਕਦੀ ਧੁੱਪੇ ਉਬਲਦੀਆਂ ਦੇਗਾਂ ਵਿਚ ਉਬਾਲਿਆ ਗਿਆ, ਉਥੇ ਤੱਤੀ ਤਵੀ ਉਤੇ ਬਿਠਾ ਕੇ ਨੰਗੇ ਜਿਸਮ ਉਪਰ ਗਰਮ ਰੇਤ ਦੇ ਕੜਛੇ ਪਾਏ ਗਏ। ਇਸ ਅਕਹਿ ਅਤੇ ਅਸਹਿ ਤਸ਼ੱਦਦ ਨੂੰ ਪੰਜਵੇਂ ਪਾਤਸ਼ਾਹ ਨੇ 'ਦੁਖ ਵਿਚਿ ਸੁਖ ਮਨਾਈ' ਦੀ ਅਵਸਥਾ ਵਜੋਂ ਲੈਂਦਿਆਂ ਉਸ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨ ਲਿਆ ਅਤੇ 30 ਮਈ 1606 ਈਸਵੀ ਨੂੰ ਸ਼ਹੀਦੀ ਪ੍ਰਾਪਤ ਕਰ ਗਏ। ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖ ਇਤਿਹਾਸ ਨੂੰ ਇਨਕਲਾਬੀ ਮੋੜ ਵੱਲ ਮੋੜਨ ਦੇ ਨਾਲ-ਨਾਲ ਸਿੱਖ ਧਰਮ ਨੂੰ ਨਵੀਨ ਮੁਹਾਂਦਰਾ ਵੀ ਮੁਹੱਈਆ ਕੀਤਾ ਜਿਸ ਨੂੰ ਮੀਰੀ ਅਤੇ ਪੀਰੀ ਦੇ ਸਮਤੋਲ ਵਜੋਂ ਲਿਆ ਜਾਂਦਾ ਹੈ।

# ਅੱਗ ਦੀ ਨਦੀ ਦੇ ਤਾਰੂ

*ਜੰਮੂ ਕਸ਼ਮੀਰ ਦੇ ਸਾਹਿਤਕਾਰ ਖਾਲਿਦ ਹੁਸੈਨ ਨੇ ਪੰਜਾਬੀ ਵਿਚ ਕਮਾਲ ਦੀਆਂ ਕਹਾਣੀਆਂ ਰਚੀਆਂ ਹਨ। ਉਹਦੀਆਂ ਕਹਾਣੀਆਂ ਵਾਂਗ ਉਸ ਦੀ ਸਵੈ-ਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' ਵੀ ਸਰਲ ਅਤੇ ਸਹਿਜ ਹੋਣ ਦੇ ਨਾਲ ਨਾਲ ਅਸਾਧਾਰਨ ਵੀ ਹੈ। ਇਸ ਕਿਤਾਬ ਦਾ ਰੰਗ ਵੀ ਆਮ ਸਵੈ-ਜੀਵਨੀਆਂ ਨਾਲੋਂ ਵੱਖਰਾ ਹੈ। 'ਅੱਗ ਦੀ ਨਦੀ ਦੇ ਤਾਰੂ' ਵਾਲੀ ਕਥਾ ਉਸ ਨੇ ਆਪਣੀ ਭੈਣ ਦੇ ਮੂੰਹੋਂ ਸੁਣਾਈ ਹੈ। -ਸੰਪਾਦਕ*

ਮਸ਼ਹੂਰ ਸਾਹਿਤਕਾਰ, ਕਹਾਣੀਕਾਰ, ਪੱਤਰਕਾਰ ਤੇ ਯਾਰਾਂ ਦਾ ਯਾਰ ਖਾਲਿਦ ਹੁਸੈਨ ਜਿਸ ਨੇ ਜੰਮੂ ਕਸ਼ਮੀਰ ਤੋਂ ਅੱਡ ਭਾਰਤ ਤੇ ਪਾਕਿਸਤਾਨ ਵਿਚ ਆਪਣੀਆਂ ਕਹਾਣੀਆਂ ਰਾਹੀਂ ਨਿਵੇਕਲਾ ਥਾਂ ਬਣਾਇਆ ਸੀ, ਉਹ ਕੱਲ੍ਹ ਸ਼ਾਮੀਂ ਫੌਤ ਹੋ ਗਿਆ। ਉਸ ਦੀ ਮੌਤ ਕਿੰਜ ਹੋਈ, ਇਸ ਬਾਰੇ ਡਾਕਟਰਾਂ ਵਲੋਂ ਕੋਈ ਉਚੇਚੀ ਰਿਪੋਰਟ ਨਹੀਂ ਆਈ, ਪਰ ਇਕ ਗੱਲ ਪੱਕੀ ਹੈ ਕਿ ਉਸ ਨੂੰ ਹਾਰਟ ਅਟੈਕ ਨਹੀਂ ਸੀ ਹੋਇਆ, ਕਿਉਂਕਿ ਉਸ ਦਾ ਹਾਰਟ ਤੇ 'ਸਵੀਟ ਹਾਰਟ' ਸੀ। ਪਿਆਰ ਸਮੁੰਦਰ ਉਸ ਦੇ ਅੰਦਰ ਠਾਠਾਂ ਮਾਰਦਾ ਸੀ। ਉਹ ਆਪ ਇਸ਼ਕ ਸੀ, ਆਸ਼ਿਕ ਸੀ ਤੇ ਮਸ਼ੂਕ ਵੀ। ਉਹ ਰੱਬ ਦੀ ਬਣਾਈ ਹੋਈ ਕਾਇਨਾਤ ਵਿਚ ਰਚਿਆ



**ਖਾਲਿਦ ਹੁਸੈਨ**

ਵਸਿਆ ਸੀ। ਉਹ ਸੱਚ ਤੇ ਹੱਕ ਦੇ ਧਰਮ ਦਾ ਆਸ਼ਿਕ ਸੀ ਤੇ ਕਰੜੇ ਮੁਲਾਵਾਂ ਤੇ ਜਨੂੰਨੀ ਤਿਲਕਧਾਰੀਆਂ ਕੋਲੋਂ ਦੁਖੀ ਸੀ। ਉਹ ਦੁਨੀਆਂ ਦੀ ਦੌਲਤ ਨੂੰ ਜੁੱਤੀ ਦੀ ਨੋਕ ਬਰਾਬਰ ਸਮਝਦਾ ਸੀ। ਇਸੇ ਲਈ ਸ਼ਾਹ ਖਰਚ ਸੀ। ਉਸ ਨੇ ਸਾਰੀ ਹਯਾਤੀ ਗਿਆਨ ਦੀ ਦੌਲਤ ਇਕੱਠਿਆਂ ਕਰਨ ਵਿਚ ਗੁਜ਼ਾਰੀ। ਉਹ ਆਪਣੇ ਦੋਸਤਾਂ ਨੂੰ ਪਿਆਰ ਸੌਗਾਤਾਂ ਵੰਡਦਾ ਰਹਿੰਦਾ। ਉਹਨੇ ਕਦੇ ਆਪਣੀ ਜ਼ਿੰਦਗੀ ਵਿਚ ਰਿਸ਼ਤੇ ਨਹੀਂ ਗੁਆਏ, ਸਗੋਂ ਰਿਸ਼ਤਿਆਂ ਨੂੰ ਬਣਾਇਆ ਤੇ ਪਾਲੀ ਰੱਖਿਆ। ਉਹਦੇ ਦਿਲ ਦੀ ਢੋਕ ਹਮੇਸ਼ਾ ਵਸਦੀ ਰਹੀ।

ਉਹਦੀ ਫੌਤਗੀ ਨਾਲ ਸਾਹਿਤਕ ਹਲਕਿਆਂ ਵਿਚ ਉਦਾਸੀ ਛਾ ਗਈ ਸੀ। ਗਵਰਨਰ, ਚੀਫ਼ ਮਨਿਸਟਰ, ਮੰਤਰੀਆਂ, ਸਮਾਜੀ ਸੰਸਥਾਵਾਂ ਤੇ ਸਾਹਿਤਕ ਅਦਾਰਿਆਂ ਦੀਆਂ ਸੋਗ ਸਭਾਵਾਂ ਵਿਚ ਮਾਤਮੀ ਕਰਾਰਦਾਦਾਂ ਪਾਸ ਕੀਤੀਆਂ ਗਈਆਂ ਅਤੇ ਖਾਲਿਦ ਹੁਸੈਨ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਉਸ ਦੀ ਸ਼ਖਸੀਅਤ ਤੇ ਸਾਹਿਤਕ ਪ੍ਰਾਪਤੀਆਂ ਤੇ ਕਾਮਯਾਬੀਆਂ ਅਤੇ ਲੋਕ ਸੇਵਾਵਾਂ ਨੂੰ ਸਲਾਹਿਆ ਗਿਆ। ਸਭਿਆਚਾਰਕ, ਸਾਹਿਤਕ ਤੇ ਸਮਾਜੀ ਸੰਗਠਨਾਂ ਨੇ ਵੀ ਬੜੇ ਦੁਖੀ ਦਿਲ ਨਾਲ ਸੋਗ ਮਨਾਇਆ। ਸਭਨਾਂ ਨੇ ਕਿਹਾ ਕਿ ਉਨ੍ਹਾਂ ਦੇ ਅਕਾਲ ਚਲਾਣਾ ਕਰਨ ਨਾਲ ਸਾਹਿਤਕ ਜਗਤ ਵਿਚ ਖਲਾਅ ਪੈਦਾ ਹੋ ਗਿਆ ਹੈ, ਪਰ ਸੱਚੇ ਤੇ ਸੁੱਚੇ ਸਾਹਿਤਕਾਰਾਂ ਦਾ ਕਹਿਣਾ ਸੀ ਕਿ ਖਾਲਿਦ ਹੁਸੈਨ ਦੇ ਮਰਨ ਨਾਲ ਦੇਸ਼, ਸਮਾਜ ਤੇ ਸਾਹਿਤਕ ਜਗਤ ਨੂੰ ਕੋਈ ਫਰਕ ਨਹੀਂ ਪੈਣਾ, ਕਿਉਂਕਿ ਲੋਕ ਮਰਦੇ ਰਹਿੰਦੇ ਨੇ ਅਤੇ ਦੂਜੇ ਲੋਕ ਉਨ੍ਹਾਂ ਦੀ ਥਾਂ ਲੈਂਦੇ ਰਹਿੰਦੇ ਹਨ; ਇਸ ਲਈ ਬਹੁਤਾ ਸੋਗ ਮਨਾਉਣ ਦੀ ਵੀ ਕੋਈ ਲੋੜ ਨਹੀਂ ਹੈ।

ਸਵਰਗਵਾਸੀ ਹੁਸੈਨ ਬੜੇ ਮਖੌਲੀਏ, ਜ਼ਿੰਦਾਦਿਲ, ਲਤੀਫੇਬਾਜ਼ ਤੇ ਕਬੂਤਰਬਾਜ਼ ਸਨ; ਉਹ ਗੱਲਾਂ ਕਰਦਿਆਂ ਦੋ ਚਾਰ ਲਤੀਫ਼ੇ ਸੁਣਾਉਣਾ ਅਤੇ ਠੇਠ ਅਖਾਣਾਂ ਭਰੀ ਭਾਸ਼ਾ ਦਾ ਇਸਤੇਮਾਲ ਕਰਨਾ ਆਪਣਾ ਫਰਜ਼ ਸਮਝਦੇ ਸਨ। ਉਨ੍ਹਾਂ ਦੇ ਅਖਾਣ ਤੇ ਮੁਹਾਵਰੇ ਸੁਣ ਕੇ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਕਈ ਪ੍ਰੋਫੈਸਰ ਅਤੇ ਸਾਹਿਤਕਾਰ ਪ੍ਰੇਸ਼ਾਨ ਹੋ ਜਾਂਦੇ ਸਨ। ਸਭਨਾਂ ਨੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਅਤੇ ਉਨ੍ਹਾਂ ਨੂੰ ਸਵਰਗਾਂ ਵਿਚ ਨੇਕ ਹੂਰਾਂ ਦੇ ਹੱਥੋਂ ਪਾਕ ਸ਼ਰਾਬ ਪਿਲਾਉਣ ਲਈ ਤੇ ਮੌਜਾਂ ਮਾਰਨ ਲਈ ਰੱਬ ਸੱਚੇ ਅੱਗੇ ਅਰਦਾਸ ਕੀਤੀ, ਪਰ ਸਾਰਿਆਂ ਨੂੰ ਪਤਾ ਸੀ ਕਿ ਜਿਸ ਜੰਨਤ ਦੀ ਪੇਸ਼ੀਨਗੋਈ ਮੁਲਾਣੇ ਅਤੇ ਭਵਿਖਬਾਣੀ ਪੰਡਿਤ ਤੇ ਪੁਜਾਰੀ ਕਰਦੇ ਹਨ, ਉਹ ਉਨ੍ਹਾਂ ਨੂੰ ਕਦੇ ਵੀ ਨਹੀਂ ਮਿਲਣੀ। ਫਿਰ ਵੀ ਦੁਆ ਮੰਗਣ ਵਿਚ ਭਲਾ ਕਿਸੇ ਦਾ ਕੀ ਜਾਂਦਾ ਸੀ ਤੇ ਇਸ ਵਿਚ ਹਰਜ ਵੀ ਕੀ ਸੀ!

ਮੈਂ ਖਾਲਿਦ ਹੁਸੈਨ ਦੀ ਵੱਡੀ ਭੈਣ ਜ਼ੁਬੇਦਾ ਹਾਂ, ਮੈਂ ਉਸ ਨੂੰ ਪਾਲਿਆ ਸੀ, ਤੇ ਉਹਨੂੰ ਪੜ੍ਹਾਇਆ ਵੀ। ਮੈਂ 1947 ਦੀ ਦੇਸ ਵੰਡ ਤੇ ਉਸ ਕਾਰਨ ਹੋਏ ਲੋਕਾਈ ਤੇ ਕਤਲ-ਓ-ਗਾਰਤ, ਬਲਾਤਕਾਰੀ, ਬਰਬਾਦੀ ਤੇ ਮੰਦਹਾਲੀ ਦੀ ਅੱਖੀਂ ਵੇਖੀ ਹਕੀਕਤ ਹਾਂ। ਇਸ ਲਈ ਮੈਂ ਖਾਲਿਦ ਹੁਸੈਨ ਦੀ ਬਚਪਨ ਤੇ ਉਸ ਨਾਲ ਜੁੜੀਆਂ ਦੂਜੀਆਂ ਗੱਲਾਂ ਦਾ ਵੇਰਵਾ ਦਿਆਂਗੀ।

ਸਾਡੇ ਵੱਡੇ-ਵਡੇਰੇ ਹਸਬੀ-ਨਸਬੀ ਕਸ਼ਮੀਰੀ ਪੰਡਿਤ ਸਨ ਤੇ ਕਸ਼ਮੀਰ ਦੀ ਸੋਹਣੀ ਧਰਤੀ ਦੇ ਵਸਨੀਕ। ਸਾਡਾ ਨੱਕੜ ਦਾਦਾ ਦਮੋਦਰ ਕੌਲ ਰਫ਼ਲ ਅਤੇ ਪਸ਼ਮੀਨੇ ਦੇ ਸ਼ਾਲ ਬਣਾਉਣ ਦਾ ਕਾਰੀਗਰ ਸੀ। ਉਹ ਲਾਹੌਰ ਤੋਂ ਆਏ ਕਿਸੇ ਸੂਫ਼ੀ ਫਕੀਰ ਦਾ ਮੁਰੀਦ (ਚੇਲਾ) ਬਣ ਗਿਆ ਤੇ ਉਹਦੇ ਨਾਲ ਰਹਿ ਕੇ ਉਸ ਦੀ ਸੇਵਾ ਕਰਨ ਲੱਗਾ। ਜਦੋਂ ਉਹ ਸੂਫ਼ੀ ਦਰਵੇਸ਼ ਮੁੜ ਲਾਹੌਰ ਵੱਲ ਜਾਣ ਲੱਗਾ ਤਾਂ ਨੱਕੜ ਦਾਦਾ ਵੀ ਉਸ ਨਾਲ ਲਾਹੌਰ ਚਲਾ ਗਿਆ। ਆਪਣੇ ਮੁਰਸ਼ਦ ਦੇ ਆਖੇ ਲੱਗ ਕੇ ਦਮੋਦਰ ਕੌਲ ਨੇ ਇਸਲਾਮ ਧਰਮ ਕਬੂਲ ਕਰ ਲਿਆ ਅਤੇ ਕਸ਼ਮੀਰੀ ਮੁਸਲਿਮ ਸ਼ਰਨਾਰਥੀ ਦੀ ਕੁੜੀ ਨਾਲ ਵਿਆਹ ਕਰ ਲਿਆ। ਉਸ ਦੀ ਸੰਤਾਨ ਵਿਚੋਂ ਇਕ ਪੁੱਤਰ ਜਦ ਜਵਾਨ ਹੋਇਆ ਤਾਂ ਲਾਹੌਰ ਛੱਡ ਕੇ ਜੰਮੂ ਆ ਗਿਆ। ਉਹ ਵੀ ਸ਼ਾਲ ਬਾਫ਼ੀ ਦੇ ਕੰਮ ਦਾ ਮਾਹਿਰ ਸੀ। ਉਸ ਨੂੰ ਰਾਮ ਨਗਰ ਦੇ ਰਾਜੇ ਨੇ ਆਪਣਾ ਮੁਲਾਜ਼ਮ ਰੱਖ ਲਿਆ ਤੇ ਇੰਜ ਉਹ ਪੱਕੇ ਪੈਰੀਂ ਰਾਮ ਨਗਰ ਜਾ ਵੱਸਿਆ, ਜਿਥੇ ਉਸ ਦਾ ਵਿਆਹ ਕਸ਼ਮੀਰੀ ਮੁਸਲਮਾਨ ਜੁਲਾਹਿਆਂ ਦੇ ਘਰ ਹੋਇਆ। ਉਹਨੇ ਉਥੇ ਆਪਣਾ ਕੱਚਾ ਕੋਠਾ ਉਸਾਰਿਆ ਤੇ ਰਾਜੇ ਦੀ ਚਾਕਰੀ ਕਰਨ ਦੇ ਨਾਲ ਨਾਲ ਸ਼ਾਲ ਬੁਣਨ ਦਾ ਕੰਮ ਵੀ ਕਰਦਾ ਰਿਹਾ। ਉਸ ਦੇ ਘਰ ਦੋ ਪੁੱਤਰ ਤੇ ਇਕ ਧੀ ਪੈਦਾ ਹੋਈ ਜਿਨ੍ਹਾਂ ਵਿਚ ਪੁੱਤਰ ਦਾ ਨਾਂ ਸ਼ੇਖ ਅਲੀ ਮੁਹੰਮਦ ਸੀ, ਜਿਸ ਨੂੰ ਲੋਕੀ ਅਲੀਆ ਸ਼ੇਖ ਸੱਦਦੇ ਸਨ ਤੇ ਇਹ ਅਲੀਆ ਸ਼ੇਖ ਸਾਡਾ ਪੜਦਾਦਾ ਸੀ, ਜਿਸ ਦਾ ਮਕਾਨ ਰਾਮ ਨਗਰ ਦੇ ਮੁਹੱਲੇ ਚਿਗਲੀ ਚੋਰੀ ਵਿਚ ਸੀ। ਸਾਡੇ ਦਾਦੇ ਦਾ ਨਾਂ ਸ਼ੇਖ ਹਬੀਬ ਉਲਾ ਸੀ, ਜਿਹੜਾ ਸ਼ਾਲ ਦੇ ਕੱਪੜਾ ਬੁਣਨ ਦੇ ਨਾਲ ਨਾਲ ਦਰਜ਼ੀਆਂ ਦਾ ਕੰਮ ਵੀ ਕਰਦਾ ਸੀ।

ਇਕ ਵਾਰੀ ਉਹ ਖਰੀਦਾਰੀ ਲਈ ਰਾਮ ਨਗਰ ਤੋਂ ਉਧਮਪੁਰ ਆਇਆ ਤਾਂ ਉਸ ਨੇ ਦਬੜ ਵਿਚ ਕਿਸੇ ਕਸ਼ਮੀਰੀ ਟੱਬਰ ਨੂੰ ਵੇਖਿਆ ਜਿਹੜਾ ਦੇਹਰਾਦੂਨ ਤੋਂ ਆਇਆ ਸੀ ਤੇ ਵਾਪਸ ਕਸ਼ਮੀਰ ਜਾ ਰਿਹਾ ਸੀ। ਉਸ ਪਰਿਵਾਰ ਦੇ ਮੁਖੀ ਦਾ ਨਾਂ ਜਾਫ਼ਰ ਅਲੀ ਸੀ। ਉਨ੍ਹਾਂ ਦਿਨਾਂ ਵਿਚ ਬਹੁਤਾ ਸਫ਼ਰ ਪੈਦਲ ਕਰਨਾ ਪੈਂਦਾ ਸੀ, ਇਸ ਲਈ ਉਹ ਕੁਝ ਦਿਨ ਉਧਮਪੁਰ ਰਹਿ ਕੇ ਵਿਸ਼ਰਾਮ ਕਰ ਕੇ ਕਸ਼ਮੀਰ ਵੱਲ ਜਾਣਾ ਚਾਹੁੰਦਾ ਸੀ। ਉਹ ਟੱਬਰ ਸ਼ੀਆ ਮਸਲਕ ਨਾਲ ਤਾਲੁਕ ਰੱਖਦਾ ਸੀ। ਪਰਿਵਾਰ ਵਿਚ ਕੁਲ ਚਾਰ ਜੀਅ ਸਨ। ਦੋ ਜੁਆਨ ਕੁੜੀਆਂ ਅਤੇ ਉਨ੍ਹਾਂ ਦੇ ਮਾਪੇ ਜਿਹੜੇ ਸ੍ਰੀਨਗਰ ਦੇ ਜ਼ੱਡੀਬਲ ਇਲਾਕੇ ਦੇ ਰਹਿਣ ਵਾਲੇ ਸਨ ਤੇ ਸਰਦੀਆਂ ਵਿਚ ਮਿਹਨਤ ਮਜ਼ਦੂਰੀ ਕਰਨ ਪੰਜਾਬ, ਦਿੱਲੀ ਜਾਂ ਉਤਰ ਪ੍ਰਦੇਸ਼ ਵੱਲ ਚਲੇ ਜਾਂਦੇ ਸਨ। ਜਾਫ਼ਰ ਅਲੀ ਦੀ ਸੁਆਣੀ ਦਾ ਨਾਂ ਜ਼ੈਨਬ ਸੀ ਤੇ ਕੁੜੀਆਂ ਦੇ ਨਾਂ ਤਾਜ ਬੇਗਮ ਤੇ ਰਾਜ ਬੇਗਮ ਸਨ। ਜਾਫ਼ਰ ਅਲੀ ਕਸਬੀ ਦਰਜ਼ੀ ਸੀ ਤੇ ਸਿਲਾਈ ਦਾ ਕੰਮ ਦਸਤੀ ਕਰਦਾ ਸੀ, ਕਿਉਂਕਿ ਉਨ੍ਹਾਂ ਦਿਨਾਂ ਵਿਚ ਸਿਲਾਈ ਮਸ਼ੀਨਾਂ ਨਹੀਂ ਸਨ ਹੁੰਦੀਆਂ ਤੇ ਦਰਜੀ ਹੱਥ ਨਾਲ ਸੀਣ ਪਰੋਣ ਦਾ ਕੰਮ ਕਰਦੇ ਸਨ। ਜਾਫ਼ਰ ਅਲੀ ਕੋਟ ਬਣਾਉਣ ਦਾ ਮਾਹਿਰ ਸੀ। ਜਦ ਇਸ ਗੱਲ ਦੀ ਸਾਰ ਉਧਮਪੁਰ ਦੇ ਤਹਿਸੀਲਦਾਰ ਨੂੰ ਲੱਗੀ ਤਾਂ ਉਸ ਨੇ ਜਾਫ਼ਰ ਅਲੀ ਨੂੰ ਕੋਟ ਬਣਾਉਣ ਲਈ ਕੱਪੜਾ ਦਿੱਤਾ। ਇਕ ਅਧ ਸੂਟ ਸੀਣ ਮਗਰੋਂ ਇਹ ਕਸ਼ਮੀਰੀ ਟੱਬਰ ਪੂਰੇ ਉਧਮਪੁਰ ਵਿਚ ਮਸ਼ਹੂਰ ਹੋ ਗਿਆ ਤੇ ਉਨ੍ਹਾਂ ਨੂੰ ਕੋਟ, ਵਾਸਕਟਾਂ ਤੇ ਹੋਰ ਕੱਪੜੇ ਸੀਣ ਦਾ ਕੰਮ ਮਿਲਦਾ ਗਿਆ। ਉਨ੍ਹਾਂ ਰਹਿਣ ਲਈ ਕਿਰਾਏ 'ਤੇ ਮਕਾਨ ਲੈ ਲਿਆ ਤੇ ਕੱਪੜੇ ਸੀਣ ਦਾ ਕੰਮ ਕਰਨ ਲੱਗੇ। ਦੋਵੇਂ ਕੁੜੀਆਂ ਆਪਣੇ ਪਿਓ ਦਾ ਹੱਥ ਵਟਾਉਂਦੀਆਂ। ਸ਼ੇਖ ਹਬੀਬ ਉਲਾ ਅਤੇ ਡੁੱਡੂ ਪਿੰਡ ਦਾ ਸਾਹਬਦੀਨ ਭੱਟ ਵੀ ਉਨ੍ਹਾਂ ਕੋਲ ਆਉਣ-ਜਾਣ ਲੱਗੇ। ਨੇੜਤਾ ਵਧਦੀ ਗਈ ਤੇ ਦੋਵੇਂ ਆਖਿਰ ਜਾਫਰ ਅਲੀ ਦੇ ਜਵਾਈ ਬਣ ਗਏ। ਰਾਜ ਬੇਗਮ ਸਾਹਬਦੀਨ ਭੱਟ ਨੇ ਵਿਆਹੀ ਅਤੇ ਤਾਜ ਬੇਗਮ ਹਬੀਬ ਉਲਾ ਦੀ ਬੀਵੀ ਬਣ ਗਈ। ਜਾਫ਼ਰ ਅਲੀ ਤੇ ਜ਼ੈਨਬ ਸ੍ਰੀਨਗਰ ਆਪਣੇ ਘਰ ਜ਼ੱਡੀਬਲ ਚਲੇ ਗਏ ਅਤੇ ਉਨ੍ਹਾਂ ਦੀਆਂ ਧੀਆਂ ਡੁੱਡੂ ਬਸੰਤਗੜ੍ਹ ਅਤੇ ਰਾਮ ਨਗਰ।

ਹਬੀਬ ਉਲਾ ਸਾਡਾ ਦਾਦਾ ਸੀ ਤੇ ਤਾਜ ਬੇਗਮ ਜਾਂ ਤਾਜੋ ਸਾਡੀ ਦਾਦੀ, ਜਦਕਿ ਸਾਹਬਦੀਨ ਭੱਟ ਸਾਡਾ ਨਾਨਾ ਸੀ ਤੇ ਰਾਜ ਬੇਗਮ ਜਾਂ ਰਾਜੋ ਸਾਡੀ ਮਤਰੇਈ ਨਾਨੀ ਸੀ। ਹਬੀਬ ਉਲਾ ਤੇ ਤਾਜੋ ਦੇ ਤਿੰਨ ਪੁੱਤਰ ਤੇ ਇਕ ਧੀ ਸੀ। ਪੁੱਤਰਾਂ ਦੇ ਨਾਂ ਸ਼ੇਖ ਗੁਲਾਮ ਹੁਸੈਨ, ਸ਼ੇਖ ਅਬਦੁਲ ਕਰੀਮ ਤੇ ਸ਼ੇਖ ਅਬਦੁਲ ਕਯੂਮ ਸਨ ਅਤੇ ਧੀ ਦਾ ਨਾਂ ਗੁਲਾਮ ਫਾਤਮਾ। ਤਾਜ ਬੇਗਮ ਬੜੀ ਸਿਆਣੀ ਜਨਾਨੀ ਸੀ, ਉਸ ਨੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣ ਲਈ ਆਪਣੇ ਖਾਵੰਦ ਨੂੰ ਮਜਬੂਰ ਕੀਤਾ ਕਿ ਉਹ ਰਾਮ ਨਗਰ ਵਾਲਾ ਘਰ ਵੇਚ ਕੇ ਉਧਮਪੁਰ ਵਿਚ ਘਰ ਬਣਾਏ ਤਾਂ ਜੋ ਬੱਚੇ ਪੜ੍ਹ ਸਕਣ। ਇੰਜ ਰਾਮ ਨਗਰ ਵਿਚ ਰਹਿਣ ਵਾਲਾ ਇਕ ਪਰਿਵਾਰ ਉਧਮਪੁਰ ਅਪੜਿਆ ਤੇ ਉਥੇ ਉਨ੍ਹਾਂ 'ਸੈਲਾਂ ਦੇ ਤਲਾ' ਕੋਲ ਬਾਜ਼ਾਰ ਦੀ ਆਖੀਰੀ ਨੁੱਕਰੇ ਆਪਣਾ ਘਰ ਉਸਾਰਿਆ। ਬੱਚਿਆਂ ਨੂੰ ਸਕੂਲੇ ਪਾਇਆ। ਤਾਜੋ ਬੜੀ ਸਰਫ਼ਾ ਕਰਨ ਵਾਲੀ ਸਵਾਣੀ ਸੀ ਤੇ ਆਪ ਵੀ ਸੀਣ ਪਰੋਣ ਦਾ ਕੰਮ ਕਰ ਕੇ ਚਾਰ ਪੈਸੇ ਕਮਾ ਲੈਂਦੀ ਸੀ। ਸਫ਼ੈਦ ਪੋਸ਼ੀ ਵਿਚ ਗ੍ਰਿਹਸਥੀ ਰਿੜ੍ਹਦੀ ਰਹੀ ਤੇ ਬੱਚੇ ਪੜ੍ਹਦੇ ਰਹੇ। ਤਿੰਨਾਂ ਪੁੱਤਰਾਂ ਚੌਦਾਂ-ਚੌਦਾਂ ਜਮਾਤਾਂ ਪਾਸ ਕਰ ਲਈਆਂ ਤੇ ਧੀ ਨੇ ਦਸਵੀਂ ਤੱਕ ਤਾਲੀਮ ਹਾਸਲ ਕਰ ਲਈ। ਗੁਲਾਮ ਹੁਸੈਨ, ਅਬਦੁਲ ਕਰੀਮ ਤੇ ਗੁਲਾਮ ਫਾਤਮਾ ਮਾਸਟਰ ਤੇ ਮਾਸਟਰਨੀ ਬਣ ਗਏ ਅਤੇ ਅਬਦੁਲ ਕਯੂਮ ਚੰਗੀ ਜਿਹੀ ਨੌਕਰੀ ਦੀ ਉਡੀਕ ਵਿਚ ਸੀ। ਤਾਜੋ ਨੇ ਆਪਣੇ ਕਮਾਊ ਪੁੱਤਰਾਂ ਦਾ ਵਿਆਹ ਕਰਵਾਇਆ। ਸ਼ੇਖ ਗੁਲਾਮ ਹੁਸੈਨ ਲਈ ਆਪਣੇ ਬਹਿਨੋਈ ਸਾਹਬਦੀਨ ਦੀ ਧੀ ਬਤੂਲ ਬੇਗਮ ਨੂੰ ਵਿਆਹ ਕੇ ਲਿਆਂਦਾ, ਜਦਕਿ ਅਬਦੁਲ ਕਰੀਮ ਦਾ ਵਿਆਹ ਉਧਮਪੁਰ ਵਿਚ ਹੀ ਲੁਹਾਰਾਂ ਦੇ ਘਰ ਕੀਤਾ ਤੇ ਗੁਲਾਮ ਫਾਤਮਾ ਦੀ ਸ਼ਾਦੀ ਰਾਮ ਨਗਰ ਦੇ ਮੁਹੰਮਦ ਦੀਨ ਨਾਲ ਕਰ ਦਿੱਤੀ। ਸਿਰਫ਼ ਅਬਦੁਲ ਕਯੂਮ ਕੁਆਰਾ ਸੀ। ਸਾਡੀ ਦਾਦੀ ਤਾਜੋ ਬੜੇ ਧਾਰਮਿਕ ਖਿਆਲਾਂ ਦੀ ਸੀ। ਸ਼ੀਆ ਮਸਲਕ 'ਤੇ ਉਸ ਦਾ ਅੰਧ ਵਿਸ਼ਵਾਸ ਸੀ। ਉਹ ਮੁਹੱਰਮ ਦੇ ਦਿਨਾਂ ਵਿਚ ਕਿਸੇ ਨੂੰ ਨਵੇਂ ਲੀੜੇ ਨਹੀਂ ਸੀ ਪਾਉਣ ਦਿੰਦੀ। ਅਸ਼ੂਰੇ ਦੀਆਂ ਬੈਠਕਾਂ ਵਿਚ ਭਾਗ ਲੈਂਦੀ ਤੇ ਮਰਸੀਏ ਪੜ੍ਹਦੀ, ਪਰ ਦਾਦਾ ਸੁੰਨੀ ਮਸਲਕ ਦਾ ਸੀ ਤੇ ਉਹ ਪੁੱਤਰਾਂ ਨੂੰ ਛਾਤੀ ਪਿਟਣ ਨਹੀਂ ਸੀ ਦਿੰਦਾ।

ਸੈਲਾਂ ਦੇ ਤਲਾ ਕੋਲ ਰਹਿਣ ਵਾਲਾ ਇਹ ਪਰਿਵਾਰ ਸੁਖੀ ਜੀਵਨ ਗੁਜ਼ਾਰ ਰਿਹਾ ਸੀ ਕਿ ਦੇਸ ਵਿਚ ਆਜ਼ਾਦੀ ਦੀ ਲੜਾਈ ਜ਼ੋਰ ਫੜਨ ਲੱਗੀ। ਅੰਗਰੇਜ਼ਾਂ ਸਵਤੰਤਰਤਾ ਦੇ ਅੰਦੋਲਨ ਨੂੰ ਨਾਕਾਮ ਕਰਨ ਲਈ ਆਪਣੀ ਰਾਜਨੀਤੀ ਵਿਚ ਮਜ਼੍ਹਬੀ ਜਨੂੰਨ ਦਾ ਤੜਕਾ ਲਾਇਆ। ਹਿੰਦੂ ਸਿੱਖ ਨੂੰ ਮੁਸਲਮਾਨ ਨਾਲ ਤੇ ਮੁਸਲਮਾਨ ਨੂੰ ਹਿੰਦੂ ਸਿੱਖ ਨਾਲ ਲੜਾਇਆ। ਮਾਸੂਮ ਤੇ ਨਿਰਦੋਸ਼ ਲੋਕਾਂ ਦਾ ਕਤਲਿਆਮ ਹੋਇਆ। ਗਾਂਧੀ ਦੀ ਅਹਿੰਸਾਵਾਦੀ, ਬਰਬਾਦੀ ਦੀਆਂ ਹੱਦਾਂ ਛੂਹਣ ਲੱਗੀ। ਸਰਦਾਰ ਪਟੇਲ, ਨਹਿਰੂ ਤੇ ਜਿਨਹਾ ਨੂੰ ਦੇਸ ਵੰਡਣ ਦੀ ਬੜੀ ਕਾਹਲ ਸੀ ਤਾਂ ਜੋ ਉਨ੍ਹਾਂ ਦੇ ਬਖਤ ਨੂੰ ਤਖ਼ਤ ਛੇਤੀ ਤੋਂ ਛੇਤੀ ਨਸੀਬ ਹੋਏ। ਅੰਗੇਰਜ਼ ਭਾਰਤ ਦੀ ਧਰਤੀ ਉਤੇ ਅਜਿਹੀ ਲਕੀਰ ਖਿੱਚ ਗਿਆ ਜੋ ਫਿਰ ਮਿਟ ਨਾ ਸਕੀ। ਲੋਕਾਈ ਦੀ ਰੂਹ ਕੰਡਿਆਲੀ ਤਾਰ ਨੇ ਛਲਣੀ ਕਰ ਦਿੱਤੀ। ਬੰਗਾਲ ਵੰਡਿਆ ਗਿਆ, ਪਰ ਬੰਗਾਲੀ ਭਾਸ਼ਾ ਤੇ ਬੰਗਾਲੀ ਗੀਤ-ਸੰਗੀਤ ਤੇ ਬੰਗਾਲੀ ਸਾਹਿਤ ਨਹੀਂ ਵੰਡੇ ਜਾ ਸਕੇ। ਪੰਜਾਬ ਵੰਡਿਆ ਗਿਆ, ਪਰ ਪੰਜਾਬੀ ਭਾਸ਼ਾ, ਸਭਿਆਚਾਰ, ਰਹਿਤਲ, ਮਾਹੀਏ, ਟੱਪੇ, ਝੂਮਰ, ਗਿੱਧੇ ਤੇ ਭੰਗੜੇ ਨਹੀਂ ਵੰਡੇ ਜਾ ਸਕੇ। ਸੂਫ਼ੀ ਸੰਤਾਂ ਦੀ ਮਿੱਠੀ ਬਾਣੀ ਨਹੀਂ ਵੰਡੀ ਜਾ ਸਕੀ। ਨਾਨਕ, ਫਰੀਦ, ਸ਼ਾਹ ਹੁਸੈਨ, ਵਾਰਿਸ, ਹਾਸ਼ਮ, ਸੁਲਤਾਨ ਬਾਹੂ, ਮੀਆਂ ਮੁਹੰਮਦ ਬਖਸ਼ ਤੇ ਬੁੱਲ੍ਹੇ ਸ਼ਾਹ ਨਹੀਂ ਵੰਡੇ ਜਾ ਸਕੇ। ਸਿਆਸਤਦਾਨਾਂ ਤੇ ਧਰਮੀ ਜਨੂੰਨੀਆਂ ਪੰਜਾਂ ਪਾਣੀਆਂ ਨੂੰ ਲਹੂ ਨਾਲ ਰੰਗਿਆ। ਇਨਸਾਨ ਮਰਿਆ, ਇਨਸਾਨੀਅਤ ਸ਼ਰਮਿੰਦਾ ਹੋਈ। ਗ੍ਰੰਥ, ਕੁਰਾਨ ਸ਼ਰਮਸਾਰ ਹੋਏ, ਗੀਤਾ ਕੁਰਲਾਈ, ਮੁਟਿਆਰਾਂ ਵਾਰਸ ਸ਼ਾਹ ਨੂੰ ਹਾਕ ਲਗਾਈ, ਸ਼ਰਮਾਂ ਵਾਲੀਆਂ ਨੰਗੀਆਂ ਹੋਈਆਂ, ਲੱਖਾਂ ਮਰੇ ਤੇ ਕਰੋੜਾਂ ਸ਼ਰਨਾਰਥੀ ਬਣੇ। ਇਹ ਸੌਗਾਤਾਂ ਤਕਸੀਮ ਨੇ ਸਾਡੀ ਝੋਲੀ ਪਾਈਆਂ।

ਜੰਮੂ ਤੇ ਕਸ਼ਮੀਰ ਵੀ ਵੰਡਿਆ ਗਿਆ। ਕਸ਼ਮੀਰ ਕਾਹਦਾ ਤਕਸੀਮ ਹੋਇਆ, ਅਸਲ ਵਿਚ ਜੰਮੂ ਪ੍ਰਾਂਤ ਦੋ ਫਾੜ ਹੋ ਗਿਆ। ਇਕੋ ਬੋਲੀ ਤੇ ਇਕੋ ਸਭਿਆਚਾਰ ਦਾ ਚੀਰ-ਹਰਨ ਹੋ ਗਿਆ। ਪੰਜਾਬੀ ਤੇ ਪੋਠੋਹਾਰੀ ਬੋਲਣ ਵਾਲੇ ਇਲਾਕੇ ਵੰਡੇ ਗਏ। ਟੀਟਵਾਲ, ਕਰਨਾਹ, ਊੜੀ, ਪੁਣਛ ਤੇ ਰਜ਼ੌਰੀ ਤਕਸੀਮ ਹੋ ਗਏ। ਬਲਤੀ ਸਭਿਆਚਾਰ ਵੰਡਿਆ ਗਿਆ। ਕਾਰਗਿਲ ਤੇ ਲਦਾਖ ਇਧਰ ਰਹਿ ਗਏ ਜਦਕਿ ਅਸਕਰਦੂ ਤੇ ਗਿਲਗਿਤ ਉਧਰ ਚਲੇ ਗਏ। ਉਨ੍ਹਾਂ ਆਪਣੇ ਕਬਜ਼ੇ ਵਿਚ ਕੀਤੇ ਹੋਏ ਇਲਾਕੇ ਨੂੰ ਆਜ਼ਾਦ ਜੰਮੂ ਕਸ਼ਮੀਰ ਕਹਿਣਾ ਸ਼ੁਰੂ ਕਰ ਦਿੱਤਾ ਤੇ ਸਾਡੇ ਵਾਲੇ ਕਸ਼ਮੀਰ ਨੂੰ ਮਕਬੂਜ਼ਾ (ਕਬਜ਼ ਕੀਤਾ ਹੋਇਆ) ਕਸ਼ਮੀਰ। ਇੰਜ ਹੀ ਸਾਡੇ ਹਾਕਮਾਂ ਨੇ ਪਾਰਲੇ ਕਸ਼ਮੀਰ ਨੂੰ ਮਕਬੂਜ਼ਾ ਕਸ਼ਮੀਰ ਕਹਿਣਾ ਸ਼ੁਰੂ ਕੀਤਾ ਤੇ ਆਪਣੇ ਵਾਲੇ ਹਿੱਸੇ ਨੂੰ ਆਜ਼ਾਦ ਭਾਰਤ ਦਾ 'ਅਟੁਟ ਅੰਗ'।

ਉਧਮਪੁਰ ਦੀ ਦੇਵਕ ਨਦੀ, ਜੰਮੂ ਦੀ ਤਵੀ, ਸਾਂਬੇ ਦੀ ਬਸੰਤਰ ਅਤੇ ਕਠੂਏ ਦੀ ਉਝ ਨਦੀਆਂ ਇਨਸਾਨ ਦੇ ਲਹੂ ਨਾਲ ਲਾਲ ਹੋਈਆਂ। ਉਧਮਪੁਰ ਵਿਚ ਕਤਲਿਆਮ ਹੋਇਆ; ਰਿਆਸੀ, ਜੰਮੂ, ਕਠੂਆ, ਮੀਰਪੁਰ, ਬਾਗ, ਕੋਟਲੀ, ਭਿੰਬਰ, ਮੁਜ਼ੱਫਰਾਬਾਦ, ਪਲੰਦਰੀ, ਪੁਣਛ ਤੇ ਹਵੇਲੀ ਨੇ ਲਹੂ ਦੇ ਪਿਆਲੇ ਪੀਤੇ।

ਰਾਜਨੀਤੀ ਤੇ ਧਰਮ ਦੇ ਨਾਂ 'ਤੇ ਰਾਕਸ਼ਾਂ ਨੇ ਇਨਸਾਨ ਨੂੰ ਮਾਰਿਆ। ਦਹਿਸ਼ਤ, ਵਹਿਸ਼ਤ ਤੇ ਗਾਰਤ ਦਾ ਨੰਗਾ ਨਾਚ ਨੱਚਿਆ ਗਿਆ। ਸਾਡਾ ਦਾਦਾ ਮਾਸਟਰ ਹਬੀਬ ਉਲਾ, ਪਿਓ ਮਾਸਟਰ ਸ਼ੇਖ ਗੁਲਾਮ ਹੁਸੈਨ, ਚਾਚਾ ਅਬਦੁਲ ਕਰੀਮ ਤੇ ਉਹਦੀ ਵਹੁਟੀ ਤੇ ਬੱਚਾ, ਚਾਚਾ ਅਬਦੁਲ ਕਯੂਮ, ਫੁੱਫੜ ਮੁਹੰਮਦ ਦੀਨ ਤੇ ਦੋ ਭਰਾ ਫਿਰਕੂ ਰੌਲਿਆਂ ਦੀ ਭੇਟ ਚੜ੍ਹ ਗਏ। ਬਚਣ ਵਾਲਿਆਂ ਵਿਚੋਂ ਮਾਂ ਬਤੂਲ ਬੇਗਮ, ਭਰਾ ਮੁਹੰਮਦ ਇਸਹਾਕ, ਮੈਂ ਤੇ ਖਾਲਿਦ ਹੁਸੈਨ ਅਤੇ ਸਾਡੀ ਫੁੱਫੀ ਗੁਲਾਮ ਫਾਤਮਾ ਸੀ ਜਿਸ ਨੇ ਆਪਣੀਆਂ ਪੰਜ ਧੀਆਂ ਡੂਮ ਤੇ ਮੇਘ ਬਰਾਦਰੀ ਦੇ ਲੋਕਾਂ ਵਿਚ ਵੰਡ ਦਿੱਤੀਆਂ ਤੇ ਉਨ੍ਹਾਂ ਨਾਲ ਇਹ ਸਮਝੌਤਾ ਕੀਤਾ ਕਿ ਅਗਰ ਅਸੀਂ ਬਚ ਗਏ ਤੇ ਹਾਲਾਤ ਸੁਧਰ ਗਏ ਤਾਂ ਕੁੜੀਆਂ ਵਾਪਸ ਲੈ ਲਵਾਂਗੇ, ਨਹੀਂ ਤਾਂ ਇਹ ਬੱਚੀਆਂ ਤੁਹਾਡੀਆਂ ਹੋਈਆਂ ਤੇ ਤੁਸੀਂ ਇਨ੍ਹਾਂ ਦੇ ਪਾਲਣ ਪੋਸ਼ਣ ਤੇ ਵਿਆਹੁਣ ਦੇ ਜ਼ਿੰਮੇਵਾਰ ਹੋਵੋਗੇ। ਇੰਜ ਫੁੱਫੀ ਗੁਲਾਮ ਫਾਤਮਾ ਸਾਡੇ ਨਾਲ ਜੁੜ ਗਈ। ਸਾਡੇ ਗੁਆਂਢ ਵਿਚ ਲਾਲਾ ਅਮਰਨਾਥ ਵਕੀਲ ਦਾ ਘਰ ਸੀ ਤੇ ਉਹ ਸਾਡੇ ਬਾਪ ਦਾ ਯਾਰ ਬੇਲੀ ਤੇ ਹਮ ਜਮਾਤੀ ਸੀ। ਦੋਵਾਂ ਨੇ ਇਕੱਠਿਆਂ ਬੀ.ਏ. ਪਾਸ ਕੀਤੀ ਸੀ। ਲਾਲਾ ਅਮਰਨਾਥ ਨੇ ਮਗਰੋਂ ਪੰਜਾਬ ਯੂਨੀਵਰਸਿਟੀ ਵਿਚ ਕਾਨੂੰਨ ਦੀ ਪੜ੍ਹਾਈ ਪੂਰੀ ਕਰ ਕੇ ਵਕਾਲਤ ਸ਼ੁਰੂ ਕੀਤੀ, ਜਦਕਿ ਗੁਲਾਮ ਹੁਸੈਨ ਮਾਸਟਰ ਲੱਗ ਗਿਆ। ਖੈਰ! ਸਾਡੀ ਫੁੱਫੀ ਆਪਣੇ ਵੀਰ ਦੇ ਗੂੜ੍ਹੇ ਯਾਰ ਲਾਲਾ ਅਮਰਨਾਥ ਦੇ ਘਰ ਦਾ ਬੂਹਾ ਖੜਕਾਇਆ ਤਾਂ ਜੋ ਸਾਨੂੰ ਪਨਾਹ ਮਿਲ ਸਕੇ। ਲਾਲਾ ਅਮਰਨਾਥ ਸੰਘ ਦਾ ਮੁਕਾਮੀ ਸੰਚਾਲਕ ਸੀ, ਪਰ ਉਸ ਨੇ ਮਾਸਟਰ ਗੁਲਾਮ ਹੁਸੈਨ ਦੀ ਯਾਰੀ ਦਾ ਲਿਹਾਜ਼ ਕਰਦਿਆਂ ਦਿਨ ਤਾਂ ਸਾਡਾ ਆਪਣੇ ਘਰ ਟਪਾਇਆ, ਪਰ ਹਨੇਰਾ ਹੁੰਦਿਆਂ ਹੀ ਆਪਣੇ ਨਿੱਕੇ ਭਰਾ ਨਾਲ ਸਾਨੂੰ ਆਪਣੇ ਪਿੰਡ ਵਾਲੇ ਮਕਾਨ ਵਿਚ ਘੱਲ ਦਿੱਤਾ ਜਿਥੇ ਉਨ੍ਹਾਂ ਦੇ ਚੌਕੀਦਾਰ ਦਾ ਟੱਬਰ ਰਹਿੰਦਾ ਸੀ। ਚੌਕੀਦਾਰ ਜਾਤ ਦਾ ਬਰਵਾਲਾ ਸੀ ਤੇ ਉਸ ਨੇਕ ਆਦਮੀ ਨੇ ਸਾਨੂੰ ਖਾਣ ਲਈ ਰੋਟੀ ਦਿੱਤੀ। ਮੱਕੀ ਦੇ ਢੋਡੇ ਤੇ ਸਰੋਂ ਦਾ ਸਾਗ ਖੁਆਉਣ ਮਗਰੋਂ ਉਸ ਨੇ ਸਾਨੂੰ ਗਾਵਾਂ ਮੱਝਾਂ ਵਾਲੇ ਗੋਤ ਵਿਚ ਲੁਕਾ ਦਿੱਤਾ। ਸਾਡੀ ਮਾਂ ਨੂੰ ਬੱਚਾ ਹੋਣ ਵਾਲਾ ਸੀ ਅਤੇ ਗਿਆਰ੍ਹਵਾਂ ਮਹੀਨਾ ਲੱਗਿਆ ਹੋਇਆ ਸੀ। ਇਹ ਸ਼ਾਇਦ ਕੁਦਰਤ ਦਾ ਕਮਾਲ ਸੀ ਕਿ ਨੌਂ ਮਹੀਨੇ ਮੁੱਕਣ ਦੇ ਬਾਵਜੂਦ ਬੱਚਾ ਨਹੀਂ ਸੀ ਹੋਇਆ। ਖੈਰ! ਗਿਆਰ੍ਹਵੇਂ ਮਹੀਨੇ ਮਾਂ ਨੇ ਇਸੇ ਡੰਗਰਾਂ ਵਾਲੇ ਖੋਲੇ ਜਾਂ ਗਵਾਲ ਵਿਚ ਹੀ ਬੇਟੇ ਨੂੰ ਜਨਮ ਦਿੱਤਾ। ਇਹ ਬੱਚਾ ਅਸਲ ਵਿਚ ਸਾਡੀ ਜ਼ਿੰਦਗੀ ਦਾ ਪੈਗਾਮ ਲੈ ਕੇ ਆਇਆ ਸੀ, ਕਿਉਂਕਿ ਦੂਜੇ ਦਿਨ ਬਲਵਈਆਂ ਨੇ ਲਾਲਾ ਅਮਰਨਾਥ ਦੇ ਪਿੰਡ ਵਾਲੇ ਘਰ ਨੂੰ ਆ ਘੇਰਿਆ। ਸਾਡੀ ਮੁਖਬਰੀ ਹੋ

*ਸਾਡੇ ਗੁਆਂਢ ਵਿਚ ਲਾਲਾ ਅਮਰਨਾਥ ਵਕੀਲ ਦਾ ਘਰ ਸੀ ਤੇ ਉਹ ਸਾਡੇ ਬਾਪ ਦਾ ਯਾਰ ਬੇਲੀ ਸੀ। ਦੋਵਾਂ ਨੇ ਇਕੱਠਿਆਂ ਬੀ.ਏ. ਪਾਸ ਕੀਤੀ ਸੀ। ਲਾਲਾ ਅਮਰਨਾਥ ਨੇ ਮਗਰੋਂ ਪੰਜਾਬ ਯੂਨੀਵਰਸਿਟੀ ਵਿਚ ਕਾਨੂੰਨ ਦੀ ਪੜ੍ਹਾਈ ਪੂਰੀ ਕਰ ਕੇ ਵਕਾਲਤ ਸ਼ੁਰੂ ਕੀਤੀ, ਜਦਕਿ ਗੁਲਾਮ ਹੁਸੈਨ ਮਾਸਟਰ ਲੱਗ ਗਿਆ। ਖੈਰ! ਸਾਡੀ ਫੁੱਫੀ ਆਪਣੇ ਵੀਰ ਦੇ ਗੂੜ੍ਹੇ ਯਾਰ ਲਾਲਾ ਅਮਰਨਾਥ ਦੇ ਘਰ ਦਾ ਬੂਹਾ ਖੜਕਾਇਆ ਤਾਂ ਜੋ ਸਾਨੂੰ ਪਨਾਹ ਮਿਲ ਸਕੇ। ਲਾਲਾ ਅਮਰਨਾਥ ਸੰਘ ਦਾ ਮੁਕਾਮੀ ਸੰਚਾਲਕ ਸੀ, ਪਰ ਉਸ ਨੇ ਮਾਸਟਰ ਗੁਲਾਮ ਹੁਸੈਨ ਦੀ ਯਾਰੀ ਦਾ ਲਿਹਾਜ਼ ਕਰਦਿਆਂ ਦਿਨ ਤਾਂ ਸਾਡਾ ਆਪਣੇ ਘਰ ਟਪਾਇਆ, ਪਰ ਹਨੇਰਾ ਹੁੰਦਿਆਂ ਹੀ ਆਪਣੇ ਨਿੱਕੇ ਭਰਾ ਨਾਲ ਸਾਨੂੰ ਆਪਣੇ ਪਿੰਡ ਵਾਲੇ ਮਕਾਨ ਵਿਚ ਘੱਲ ਦਿੱਤਾ ਜਿਥੇ ਉਨ੍ਹਾਂ ਦੇ ਚੌਕੀਦਾਰ ਦਾ ਟੱਬਰ ਰਹਿੰਦਾ ਸੀ। ਉਸ ਨੇਕ ਆਦਮੀ ਨੇ ਸਾਨੂੰ ਖਾਣ ਲਈ ਰੋਟੀ ਦਿੱਤੀ। ਮਗਰੋਂ ਉਸ ਨੇ ਸਾਨੂੰ ਗਾਵਾਂ ਮੱਝਾਂ ਵਾਲੇ ਗੋੜ ਵਿਚ ਲੁਕਾ ਦਿੱਤਾ।*



*ਯਾਦ ਨਿਸ਼ਾਨੀ: ਲਿਖਾਰੀ ਖਾਲਿਦ ਹੁਸੈਨ ਆਪਣੀ ਬੇਗਮ ਅਤੇ ਬੇਟੀ ਨਾਲ।*

*(ਬਾਕੀ ਅਗਲੇ ਸਫੇ 'ਤੇ)*

ਚੁੱਕੀ ਸੀ। ਚੌਕੀਦਾਰ ਨੂੰ ਬਲਵਈਆਂ ਨੇ ਸਾਡੇ ਬਾਰੇ ਪੁੱਛਿਆ ਕਿ ਮੁਸਲਿਆਂ ਨੂੰ ਕਿਥੇ ਲੁਕਾ ਕੇ ਰੱਖਿਆ ਹੋਇਆ ਹੈ। ਜਦ ਉਸ ਨੇ ਸਾਡੇ ਹੋਣ ਬਾਰੇ ਸਾਫ਼ ਇਨਕਾਰ ਕੀਤਾ ਤਾਂ ਬਲਵਈਆਂ ਨੇ ਉਹਨੂੰ ਰੱਜ ਕੇ ਕੁੱਟਿਆ ਤੇ ਉਹ ਮਾਰ ਖਾਂਦਾ ਰਿਹਾ, ਪਰ ਮੂੰਹੋਂ ਕੁਝ ਨਾ ਬੋਲਿਆ। ਆਖਰ ਇਕ ਬਲਵਈ ਨੇ ਤਲਵਾਰ ਦਾ ਫੱਟ ਮਾਰ ਕੇ ਉਸ ਦੀ ਧੌਣ ਵੱਢ ਦਿਤੀ। ਉਪਰ ਦਾ ਸ਼ੋਰ ਸ਼ਰਾਬਾ ਸੁਣ ਕੇ ਅਸੀਂ ਸਾਰੇ ਰੋਣ ਲੱਗ ਪਏ। ਸਾਡਾ ਚੀਕ ਚਿਹਾੜਾ ਸੁਣ ਕੇ ਬਲਵਈਆਂ ਨੇ ਸਾਨੂੰ ਵੇਖ ਲਿਆ, ਪਰ ਜਦ ਉਨ੍ਹਾਂ ਉਥੇ ਸੂਤਕ ਵਾਲੀ ਜਨਾਨੀ ਵੇਖੀ ਜਿਸ ਨੇ ਇਕ ਰਾਤ ਪਹਿਲਾਂ ਬੱਚੇ ਨੂੰ ਜਨਮ ਦਿੱਤਾ ਸੀ ਤੇ ਚੱਲਣ ਫਿਰਨ ਦੇ ਕਾਬਲ ਨਹੀਂ ਸੀ, ਤਾਂ ਉਨ੍ਹਾਂ ਬਾਕੀ ਬੱਚਿਆਂ ਨੂੰ ਫੜ ਲਿਆ। ਸਾਡੀ ਮਾਂ ਬਤੂਲ ਬੇਗਮ ਸ਼ੇਰਨੀ ਵਾਂਗ ਗਰਜੀ ਤੇ ਬਲਵਈਆਂ ਸਾਹਮਣੇ ਖਲੋ ਗਈ ਤੇ ਕਹਿਣ ਲੱਗੀ, "ਮੈਂ ਆਪਣੇ ਬੱਚੇ ਨਹੀਂ ਲਿਜਾਣ ਦਿਆਂਗੀ। ਜੇ ਤੁਸਾਂ ਇਨ੍ਹਾਂ ਨੂੰ ਮਾਰਨਾ ਹੈ ਤਾਂ ਮੇਰੀਆਂ ਅੱਖਾਂ ਸਾਹਮਣੇ ਮਾਰੋ, ਸਾਨੂੰ ਸਾਰਿਆਂ ਨੂੰ ਇਥੇ ਹੀ ਖਤਮ ਕਰ ਦਿਓ, ਪਰ ਮੈਂ ਬੱਚੇ ਆਪਣੇ ਆਪ ਤੋਂ ਜੁਦਾ ਨਹੀਂ ਹੋਣ ਦਿਆਂਗੀ।"

ਬਲਵਈ ਘੁਸਰ-ਮੁਸਰ ਕਰਨ ਲੱਗੇ ਤੇ ਇਕ ਦੂਜੇ ਨੂੰ ਕਹਿਣ ਲੱਗੇ, "ਇਸ ਸੂਤਕ ਵਾਲੀ ਸੁਆਣੀ ਨੇ ਕਿਥੇ ਜਾਣਾ ਹੈ, ਇਸ ਲਈ ਅੱਜ ਇਨ੍ਹਾਂ ਨੂੰ ਛੱਡ ਦਿੰਦੇ ਹਾਂ ਤੇ ਕੁਝ ਦਿਨਾਂ ਮਗਰੋਂ ਆ ਕੇ ਇਨ੍ਹਾਂ ਦਾ ਸਫਾਇਆ ਕਰ ਦਿਆਂਗੇ।"

ਬਲਵਈਆਂ ਦੇ ਜਾਣ ਮਗਰੋਂ ਸਾਡੀ ਫੁੱਫੀ ਤੇ ਮਾਂ ਨੇ ਫੈਸਲਾ ਕੀਤਾ ਕਿ ਰਾਤ ਪੈਂਦਿਆਂ ਹੀ ਇਥੋਂ ਨਿਕਲ ਜਾਵਾਂਗੇ। ਉਨ੍ਹਾਂ ਆਪਣੇ ਮੱਥਿਆਂ ਉਤੇ ਬਿੰਦੀਆਂ ਲਾਈਆਂ। ਮੁਹੰਮਦ ਇਸਹਾਕ ਤੇ ਖਾਲਿਦ ਹੁਸੈਨ ਦੇ ਮੱਥੇ ਤਿਲਕ ਲਾਇਆ ਤਾਂ ਜੋ ਸਾਡੀ ਮੁਸਲਮ ਸ਼ਨਾਖਤ ਖਤਮ ਕੀਤੀ ਜਾ ਸਕੇ ਤੇ ਉਥੋਂ ਚਲ ਪਏ। ਸਵੇਰ ਵੇਲੇ ਅਸੀਂ ਦੂਜੇ ਪਿੰਡ ਅਪੜੇ, ਉਥੇ ਇਕ ਬੰਦੇ ਨੇ ਸਾਨੂੰ ਪਛਾਣ ਲਿਆ। ਪਿੰਡ ਵਾਲਿਆਂ ਸਾਨੂੰ ਮਾਰਨ ਲਈ ਤਲਵਾਰਾਂ ਫੜ ਲਈਆਂ। ਫੁੱਫੀ ਗੁਲਾਮ ਫਾਤਮਾ ਸਾਨੂੰ ਬਚਾਉਣ ਲਈ ਪਿੰਡ ਵਾਲਿਆਂ ਅੱਗੇ ਖਲੋ ਗਈ ਤੇ ਬਲਵਈਆਂ ਨੂੰ ਪੁੱਛਣ ਲੱਗੀ, "ਹਿੰਦੂ ਧਰਮ ਵਿਚ ਕਿਥੇ ਲਿਖਿਆ ਹੈ ਕਿ ਔਰਤਾਂ ਤੇ ਬੱਚਿਆਂ ਨੂੰ ਕਤਲ ਕਰੋ? ਦੁਨੀਆਂ ਦੇ ਕਿਸ ਧਰਮ ਵਿਚ ਤੀਵੀਆਂ ਤੇ ਬੱਚਿਆਂ ਨੂੰ ਮਾਰਨ ਦਾ ਹੁਕਮ ਹੈ? ਤੁਸਾਂ ਸਾਡੇ ਮਰਦ ਤਾਂ ਮਾਰ ਦਿੱਤੇ, ਹੁਣ ਸਾਡੇ ਕੋਲੋਂ ਤੁਹਾਨੂੰ ਕੀ ਖਤਰਾ ਹੈ?" ਫੁੱਫੀ ਨੇ ਗੀਤਾ ਦੇ ਕੁਝ ਸਲੋਕ ਵੀ ਪੜ੍ਹ ਕੇ ਸੁਣਾਏ, ਰਮਾਇਣ ਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਹਵਾਲੇ ਦਿੱਤੇ। ਫੁੱਫੀ ਦੀਆਂ ਗੱਲਾਂ ਸੁਣ ਕੇ ਪਿੰਡ ਵਾਲੇ ਉਥੋਂ ਚਲੇ ਗਏ। ਇੰਜ ਦੋ ਬੇਵਾਵਾਂ ਤੇ ਬੱਚੇ ਪਿੰਡ ਤੋਂ ਬਚ ਕੇ ਨਿਕਲ ਗਏ।

ਸਾਡੀ ਘਰ ਗ੍ਰਹਿਸਥੀ ਢਹਿ ਢੇਰੀ ਹੋ ਚੁੱਕੀ ਸੀ। ਮਕਾਨ ਅੱਗ ਦੇ ਭਾਂਬੜਾਂ ਵਿਚ ਖੋਲੇ ਬਣ ਚੁੱਕੇ ਸਨ, ਕੋਈ ਸਹਾਰਾ ਨਹੀਂ ਸੀ। ਆਪਣਾ ਕੋਈ ਜ਼ਿੰਦਾ ਨਹੀਂ ਸੀ ਬਚਿਆ। ਇਸ ਲਈ ਸਾਡਾ ਨਿੱਕਾ ਜਿਹਾ ਕਾਫਲਾ ਰੱਖ ਗਜਾਨੂੰ ਅਤੇ ਬਾਰਤਾਂ ਦੇ ਜੰਗਲ ਵਿਚ ਜਾ ਕੇ ਲੁਕ ਗਿਆ। ਜੰਗਲੀ ਬੇਰ, ਗਰਨੇ, ਅਮਰੂਦ ਤੇ ਪੱਤਰ ਖਾ ਕੇ ਗੁਜ਼ਾਰਾ ਕਰਦੇ ਰਹੇ। ਦਸਾਂ ਦਿਨਾਂ ਮਗਰੋਂ ਅਮਨ ਕਾਇਮ ਕਰਨ ਵਾਲੀ 'ਪੀਸ ਬ੍ਰਿਗੇਡ' ਬਖਸ਼ੀ ਗੁਲਾਮ ਮੁਹੰਮਦ ਦੀ ਅਗਵਾਈ ਵਿਚ ਸਾਰੇ ਜੰਮੂ ਪ੍ਰਾਂਤ ਵਿਚ ਫੈਲ ਗਈ ਅਤੇ ਮੌਤ ਕੋਲੋਂ ਡਰਦੇ ਭੱਜਦੇ ਲੋਕਾਂ ਨੂੰ ਢੂੰਡਣ ਲੱਗੀ। ਸ਼ਖਸੀ ਰਾਜ ਖਤਮ ਹੋ ਚੁੱਕਾ ਸੀ ਤੇ ਸ਼ੇਖ ਮੁਹੰਮਦ ਅਬਦੁਲਾ ਨੇ ਜੰਮੂ ਕਸ਼ਮੀਰ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ ਸੀ। ਬਖਸ਼ੀ ਗੁਲਾਮ ਮੁਹੰਮਦ ਨੂੰ ਨਾਇਬ ਵਜ਼ੀਰ-ਏ-ਆਜ਼ਮ ਬਣਾਇਆ ਗਿਆ ਸੀ ਤੇ ਉਸ ਕੋਲ ਗ੍ਰਹਿ ਮੰਤਰਾਲਾ ਵੀ ਸੀ। ਸਾਨੂੰ ਸਾਰਿਆਂ ਨੂੰ ਜੰਮੂ ਰਿਫਿਊਜੀ ਕੈਂਪ ਵਿਚ ਲਿਆਂਦਾ ਗਿਆ ਅਤੇ ਦੋ ਚਾਰ ਮਹੀਨੇ ਮੁਹੱਲਾ ਉਸਤਾਦ ਗੌਸ ਮੁਹੰਮਦ ਖਾਨ ਦੇ ਅਹਾਤੇ ਵਿਚ ਰੱਖਣ ਮਗਰੋਂ ਪੰਦਰਾਂ ਸੌਲਾਂ ਹਜ਼ਾਰ ਪੰਜਾਬੀ, ਡੋਗਰੀ, ਪਹਾੜੀ ਤੇ ਗੋਜਰੀ ਬੋਲਣ ਵਾਲੇ ਸ਼ਰਨਾਰਥੀਆਂ ਨੂੰ ਕਸ਼ਮੀਰ ਘੱਲ ਦਿੱਤਾ ਗਿਆ ਜਿਥੇ ਅੱਜ ਦੇ ਸਿਵਲ ਸਕੱਤਰੇਤ ਕੋਲ ਨੀਲਮ ਥੀਏਟਰ ਲਾਗੇ ਸ਼ਰਨਾਰਥੀਆਂ ਨੂੰ ਸਿਨੇਮਾ ਹਾਲ ਅਤੇ ਮੈਦਾਨ ਵਿਚ ਲਾਏ ਤੰਬੂਆਂ ਵਿਚ ਰੱਖਿਆ ਗਿਆ। ਇੰਜ ਹੀ ਮੀਰਪੁਰ, ਬਾਗ, ਪਲੰਦਰੀ, ਕੋਟਲੀ ਤੇ ਮੁਜ਼ੱਫਰਾਬਾਦ ਦੇ ਸ਼ਰਨਾਰਥੀਆਂ ਨੂੰ ਜੰਮੂ, ਪੰਜਾਬ ਤੇ ਦਿੱਲੀ ਦੇ ਕੈਂਪਾਂ ਵਿਚ ਰੱਖਿਆ ਗਿਆ। ਸਰਕਾਰੀ ਮੁਲਾਜ਼ਮ ਹੋਣ ਕਾਰਨ ਸਾਡੀ ਫੁੱਫੀ ਨੂੰ ਕੈਂਪ ਕਮਾਂਡਰ ਬਣਾਇਆ ਗਿਆ। ਮੇਰੀ ਉਮਰ ਉਸ ਵੇਲੇ ਗਿਆਰਾਂ ਸਾਲ ਦੀ ਸੀ, ਭਰਾ ਮੁਹੰਮਦ ਇਸਹਾਕ ਦੀ ਸੱਤ ਸਾਲ ਅਤੇ ਖਾਲਿਦ ਹੁਸੈਨ ਦੀ ਢਾਈ ਸਾਲ।

ਸਾਡਾ ਬਚਪਨ ਸ੍ਰੀਨਗਰ ਵਿਚ ਗੁਜ਼ਰਿਆ। ਉਥੇ ਹੀ ਅਸੀਂ ਸਕੂਲਾਂ ਵਿਚ ਦਾਖਿਲ ਹੋਏ। ਬਾਪੂ ਦੀ ਫੈਮਿਲੀ ਪੈਨਸ਼ਨ, ਜੀ.ਪੀ. ਫੰਡ ਅਤੇ ਇੰਸ਼ੋਰੈਂਸ ਕਲੇਮ ਦੀ ਰਕਮ ਮਿਲਣ ਨਾਲ ਘਰ ਗ੍ਰਹਿਸਥੀ ਚੱਲਣ ਲੱਗੀ। ਮਾਂ ਸੀਣ ਪਰੋਣ ਦਾ ਕੰਮ ਜਾਣਦੀ ਸੀ, ਉਸ ਨੇ ਮਸ਼ੀਨ ਖਰੀਦ ਲਈ ਤੇ ਲੋਕਾਂ ਦੇ ਕੱਪੜੇ ਸੀਣ ਲੱਗੀ ਤੇ ਸਾਨੂੰ ਪਾਲਣ ਲੱਗੀ। ਫੁੱਫੀ ਨੇ ਆਪਣੀਆਂ ਸਾਰੀਆਂ ਬੱਚੀਆਂ ਵਾਪਸ ਬਰਾਮਦ ਕਰਵਾਈਆਂ ਤੇ ਕਸ਼ਮੀਰ ਵਿਚ ਹੀ ਇਕ ਸਰਕਾਰੀ ਮਕਾਨ ਵਿਚ ਰਹਿਣ ਲੱਗੀ। ਉਸ ਨੇ ਉਸੇ ਘਰ ਵਿਚੋਂ ਆਪਣੀ ਚਾਰ ਕੁੜੀਆਂ ਦਾ ਵਿਆਹ ਕਰਵਾਇਆ। ਮਗਰੋਂ ਸ੍ਰੀਨਗਰ ਦੀ ਨਵੀਂ ਬਸਤੀ ਜਵਾਹਰ ਨਗਰ ਵਿਚ ਸਰਕਾਰੀ ਪਲਾਟ ਲੈ ਕੇ ਮਕਾਨ ਬਣਾਇਆ ਤੇ ਪੰਜਵੀਂ ਧੀ ਵੀ ਵਿਆਹੀ। ਫੁੱਫੀ ਸਾਨੂੰ ਬੜਾ ਪਿਆਰ ਕਰਦੀ ਸੀ ਤੇ ਵਾਰ ਵਾਰ ਕਹਿੰਦੀ ਕਿ ਇਹ ਮੇਰੇ ਸ਼ਹੀਦ ਭਰਾ ਦੀਆਂ ਨਿਸ਼ਾਨੀਆਂ ਹਨ ਤੇ ਰੋਣ ਲੱਗਦੀ। ਉਹ ਆਖਰੀ ਦਮ ਤੱਕ ਆਪਣੇ ਭਰਾਵਾਂ ਨੂੰ ਯਾਦ ਕਰਦੀ ਤੇ ਸਾਡੇ ਗਲ ਲੱਗ ਕੇ ਰੋਂਦੀ।

1947 ਵਿਚ ਸਾਡੀ ਮਾਂ ਦੀ ਉਮਰ 32-34 ਸਾਲ ਸੀ। ਲੋਕਾਂ ਦੀ ਬੁਰੀ ਨਜ਼ਰ ਤੋਂ ਬਚਣ ਅਤੇ ਆਪਣੇ ਬੱਚਿਆਂ ਲਈ ਸਹਾਰਾ ਲੱਭਣ ਲਈ ਉਹਨੇ ਵਿਆਹ ਕਰਵਾ ਲਿਆ ਤੇ ਇਹ ਸੋਚਿਆ ਕਿ ਘਰ ਵਿਚ ਮਰਦ ਹੋਣ ਕਾਰਨ ਬੱਚਿਆਂ ਨੂੰ ਬਾਪ ਮਿਲ ਜਾਏਗਾ ਤੇ ਕੋਈ ਭੈੜੀ ਅੱਖ ਨਾਲ ਉਨ੍ਹਾਂ ਨੂੰ ਨਹੀਂ ਦੇਖੇਗਾ। ਸਾਡੇ ਮਤਰੇਏ ਪਿਓ ਦਾ ਨਾਂ ਸ਼ੁਕਰ ਉਲਾ ਖਾਨ ਸੀ ਉਸ ਦਾ ਖਾਨਦਾਨ ਲੰਮਾ ਚਿਰ ਪਹਿਲਾਂ ਮੀਰਪੁਰ ਤੋਂ ਸ੍ਰੀਨਗਰ ਆ ਕੇ ਆਬਾਦ ਹੋਇਆ ਸੀ। ਉਸ ਦਾ ਪਿਓ ਪੁਲਿਸ ਇੰਸਪੈਕਟਰ ਸੀ ਤੇ ਉਹ ਆਪ ਵੀ ਸਰਕਾਰੀ ਮੁਲਾਜ਼ਮ ਸੀ ਤੇ ਦਰਬਾਰ ਮੂਵ ਨਾਲ ਛੇ ਮਹੀਨੇ ਜੰਮੂ ਤੇ ਛੇ ਮਹੀਨੇ ਸ੍ਰੀਨਗਰ ਜਾਂਦਾ ਸੀ। ਇੰਜ ਅਸੀਂ ਸਰਦੀਆਂ ਵਿਚ ਜੰਮੂ ਰਹਿੰਦੇ ਸਾਂ ਜਿਥੇ ਸਾਨੂੰ ਕਸਟੋਡੀਅਨ ਦਾ ਨਿੱਕਾ ਜਿਹਾ ਮਕਾਨ ਅਲਾਟ ਹੋਇਆ ਸੀ। ਇਸ ਵਿਚ ਸਿਰਫ ਦੋ ਕਮਰੇ ਤੇ ਰਸੋਈ ਸੀ; ਜਦਕਿ ਸ੍ਰੀਨਗਰ ਵਿਚ ਅਸੀਂ ਬਟਮਾਲੂ ਬਾਰਾਂ ਪੱਥਰ ਵਿਚ ਸ਼ੁਕਰ ਉਲਾ ਖਾਨ ਦੇ ਮਕਾਨ ਵਿਚ ਰਹਿੰਦੇ ਸਾਂ। ਸਾਡੇ ਮਕਾਨ ਦੇ ਬਿਲਕੁਲ ਸਾਹਮਣੇ ਬ੍ਰਿਗੇਡੀਅਰ ਖ਼ੁਦਾ ਬਖ਼ਸ਼ ਦਾ ਮਕਾਨ ਸੀ ਜਿਸ ਦਾ ਪੁੱਤਰ ਤਾਜ ਮਹੀਉ-ਦੀਨ, ਖਾਲਿਦ ਹੁਸੈਨ ਦਾ ਬਾਲੜੀ ਉਮਰ ਦਾ ਯਾਰ ਸੀ।

ਖਾਲਿਦ ਹੁਸੈਨ ਨੂੰ ਬਟਮਾਲੂ ਵਿਚ ਹੀ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਦਾਖਿਲ ਕੀਤਾ ਗਿਆ। ਉਸ ਨੇ ਉਥੋਂ ਹੀ ਪੰਜਵੀਂ ਜਮਾਤ ਤੱਕ ਪੜ੍ਹਾਈ ਕੀਤੀ। ਕਸ਼ਮੀਰ ਵਿਚ ਪੜ੍ਹਾਈ ਕਰਨ ਅਤੇ ਕਸ਼ਮੀਰੀ ਬੱਚਿਆਂ ਨਾਲ ਪੜ੍ਹਨ ਕਾਰਨ ਖਾਲਿਦ ਹੁਸੈਨ ਕਸ਼ਮੀਰੀ ਚੰਗੀ ਤਰ੍ਹਾਂ ਬੋਲ ਲੈਂਦਾ ਸੀ। ਜਦੋਂ ਮੈਂ ਦਸਵੀਂ ਜਮਾਤ ਪਾਸ ਕੀਤੀ, ਮੈਂ ਵੀ ਟੀਚਰ ਲੱਗ ਗਈ ਤੇ ਮੇਰੀ ਕਮਾਈ ਨਾਲ ਸਾਡਾ ਜੀਵਨ ਸੌਖਿਆਂ ਗੁਜ਼ਰਨ ਲੱਗਾ। ਸਾਡਾ ਮਤਰੇਆ ਪਿਓ ਮਾਂ ਦੀਆਂ ਉਮੀਦਾਂ 'ਤੇ ਪੂਰਾ ਨਹੀਂ ਉਤਰਿਆ ਅਤੇ ਨਾ ਹੀ ਸਾਡੇ ਨਾਲ ਉਸ ਦਾ ਸਲੂਕ ਚੰਗਾ ਰਿਹਾ। ਗੱਲ ਗੱਲ ਪਿਛੇ ਉਸ ਦੀ ਮਤਰੇਈ ਰਗ ਫੜਕਣ ਲੱਗਦੀ। ਸਾਡੀ ਮਾਂ ਨੇ ਉਸ ਦੇ ਦੋ ਬੱਚਿਆਂ ਨੂੰ ਵੀ ਜਨਮ ਦਿੱਤਾ ਅਤੇ ਉਸ ਦੇ ਚਲਾਣਾ ਕਰਨ ਮਗਰੋਂ ਉਹ ਦੋ ਬੱਚੇ ਵੀ ਸਾਨੂੰ ਹੀ ਪਾਲਣੇ ਪਏ, ਕਿਉਂਕਿ ਉਹ ਸਾਡੇ ਮਾਂ ਜਾਏ ਸਨ।

ਖਾਲਿਦ ਹੁਸੈਨ ਬਚਪਨ ਵਿਚ ਬੜਾ ਸ਼ਰਾਰਤੀ ਸੀ, ਪਰ ਪੜ੍ਹਨ ਲਿਖਣ ਵਿਚ ਹੁਸ਼ਿਆਰ। ਦਸ ਜਮਾਤਾਂ ਮਗਰੋਂ ਉਸ ਨੂੰ ਵੀ ਕਲਰਕ ਦੀ ਸਰਕਾਰੀ ਨੌਕਰੀ ਮਿਲ ਗਈ। ਇੰਜ ਸਾਡੀ ਗ੍ਰਹਿਸਥੀ ਵਾਹ ਵਾਹ ਚੱਲਣ ਲੱਗੀ। ਅਸਾਂ ਸ੍ਰੀਨਗਰ ਵਿਚ ਆਪਣਾ ਮਕਾਨ ਬਣਾ ਲਿਆ। ਮੇਰੀ ਸ਼ਾਦੀ ਕਸ਼ਮੀਰੀ ਖਾਨਦਾਨ ਵਿਚ ਹੋਈ ਅਤੇ ਮੈਂ ਪੇਕੇ ਘਰ ਤੋਂ ਸਹੁਰੇ ਘਰ ਆ ਗਈ, ਤੇ ਖਾਲਿਦ ਹੁਸੈਨ ਅਪਣੀ ਕਮਾਈ ਨਾਲ ਮਾਂ, ਵੱਡੇ ਭਰਾ ਮੁਹੰਮਦ ਇਸਹਾਕ ਜਿਹੜਾ ਇਕ ਹਿਸਾਬ ਨਾਲ ਵਿਕਲਾਂਗ ਸੀ ਤੇ ਮਤਰੇਏ ਭੈਣ ਭਰਾ ਨੂੰ ਪਾਲਣ ਲੱਗਾ।



ਮਿੱਤਰ ਮੰਡਲੀ: ਖਾਲਿਦ ਹੁਸੈਨ (ਐਨ ਖੱਬੇ) ਆਪਣੇ ਕੁਝ ਮਿੱਤਰਾਂ ਨਾਲ।

*ਖਾਲਿਦ ਹੁਸੈਨ ਨੂੰ ਬਟਮਾਲੂ ਵਿਚ ਹੀ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਦਾਖਿਲ ਕੀਤਾ ਗਿਆ। ਉਸ ਨੇ ਉਥੋਂ ਹੀ ਪੰਜਵੀਂ ਜਮਾਤ ਤੱਕ ਪੜ੍ਹਾਈ ਕੀਤੀ। ਕਸ਼ਮੀਰ ਵਿਚ ਪੜ੍ਹਾਈ ਕਰਨ ਅਤੇ ਕਸ਼ਮੀਰੀ ਬੱਚਿਆਂ ਨਾਲ ਪੜ੍ਹਨ ਕਾਰਨ ਖਾਲਿਦ ਹੁਸੈਨ ਕਸ਼ਮੀਰੀ ਚੰਗੀ ਤਰ੍ਹਾਂ ਬੋਲ ਲੈਂਦਾ ਸੀ। ਜਦੋਂ ਮੈਂ ਦਸਵੀਂ ਜਮਾਤ ਪਾਸ ਕੀਤੀ, ਮੈਂ ਵੀ ਟੀਚਰ ਲੱਗ ਗਈ ਤੇ ਮੇਰੀ ਕਮਾਈ ਨਾਲ ਸਾਡਾ ਜੀਵਨ ਸੌਖਿਆਂ ਗੁਜ਼ਰਨ ਲੱਗਾ। ਸਾਡਾ ਮਤਰੇਆ ਪਿਓ ਮਾਂ ਦੀਆਂ ਉਮੀਦਾਂ 'ਤੇ ਪੂਰਾ ਨਹੀਂ ਉਤਰਿਆ ਅਤੇ ਨਾ ਹੀ ਸਾਡੇ ਨਾਲ ਉਸ ਦਾ ਸਲੂਕ ਚੰਗਾ ਰਿਹਾ। ਗੱਲ ਗੱਲ ਪਿਛੇ ਉਸ ਦੀ ਮਤਰੇਈ ਰਗ ਫੜਕਣ ਲੱਗਦੀ।*

# ਦਸਮ ਗ੍ਰੰਥ ਦੀ ਪ੍ਰਮਾਣਿਕਤਾ ਅਤੇ ਇਤਿਹਾਸਕਾਰ

ਵਿਚਾਰ-ਚਰਚਾ

'ਪੰਜਾਬ ਟਾਈਮਜ਼' ਦੇ 27 ਮਈ ਦੇ ਅੰਕ ਵਿਚ ਸ. ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ 'ਸਿੱਖ ਪੰਥ ਦੇ ਅੰਦਰੂਨੀ ਸੰਕਟ ਦਾ ਵਿਸ਼ਲੇਸ਼ਣ ਤੇ ਹੱਲ' ਵਿਚ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਦਾ ਜ਼ਿਕਰ ਨਹੀਂ ਕੀਤਾ ਗਿਆ। ਮੇਰੇ ਖਿਆਲ ਵਿਚ ਸਿੱਖ ਪੰਥ ਦੇ ਅਜੋਕੇ ਹਾਲਾਤ ਦੀ ਜੜ੍ਹ ਇਸੇ ਝਗੜੇ ਵਿਚੋਂ ਨਿਕਲਦੀ ਹੈ।

ਮਸਲਾ ਇਹ ਹੈ ਕਿ ਦਸਮ ਗ੍ਰੰਥ ਦੇ ਉਪਾਸ਼ਕ ਉਸ ਨੂੰ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਤ ਮੰਨਦੇ ਹਨ ਅਤੇ ਉਨ੍ਹਾਂ ਦੇ ਵਿਰੋਧੀ ਉਸ ਨੂੰ ਗੁਰੂ ਸਾਹਿਬ ਦੀ ਰਚਨਾ ਨਹੀਂ ਮੰਨਦੇ। ਦਮਦਮੀ ਟਕਸਾਲ, ਹਜ਼ੂਰ ਸਾਹਿਬ, ਪਟਨਾ ਸਾਹਿਬ, ਕਈ ਡੇਰਿਆਂ ਅਤੇ ਸੰਸਥਾਵਾਂ ਵਿਚ ਦਸਮ ਗ੍ਰੰਥ ਦਾ ਬਾਕਾਇਦਾ ਪ੍ਰਕਾਸ਼ ਅਤੇ ਅਖੰਡ ਪਾਠ ਕੀਤਾ ਜਾਂਦਾ ਹੈ। ਸਿੱਖ ਪਰੰਪਰਾ ਦੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਦੀ ਸ਼ਰਧਾ ਭਾਵਨਾ ਇਸ ਗ੍ਰੰਥ ਨਾਲ ਜੁੜੀ ਹੋਈ ਹੈ ਅਤੇ ਉਨ੍ਹਾਂ ਸ਼ਰਧਾਲੂਆਂ ਵਿਚੋਂ ਕਈ ਜਿਸਮਾਨੀ-ਹਿੰਸਾ ਵਿਚ ਵਿਸ਼ਵਾਸ ਵੀ ਰਖਦੇ ਹਨ। ਉਨ੍ਹਾਂ ਦੇ ਸ਼ਾਬਦਿਕ ਵਿਰੋਧੀ, ਜਿਨ੍ਹਾਂ ਵਿਚ ਕਈ ਮਿਸ਼ਨਰੀ, ਜਾਗਰੂਕ ਪ੍ਰਚਾਰਕ ਅਤੇ ਹੋਰ ਲੋਕ ਸ਼ਾਮਲ ਹਨ, ਇਸ ਨੂੰ ਇੱਕ ਜਾਅਲੀ ਗ੍ਰੰਥ ਦੱਸਦੇ ਹਨ। ਉਨ੍ਹਾਂ ਦਾ ਤਰਕ ਹੈ ਕਿ:

1\. ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹੀ ਸਿੱਖ ਧਰਮ ਦਾ ਗੁਰੂ ਘੋਸ਼ਿਤ ਕੀਤਾ ਸੀ, ਹੋਰ ਕਿਸੇ ਗ੍ਰੰਥ ਜਾਂ ਬਾਣੀ ਨੂੰ ਨਹੀਂ। ਕਿਉਂਕਿ ਗੁਰੂ ਸਾਹਿਬ ਨੇ ਦਸਮ ਗ੍ਰੰਥ ਜਾਂ ਉਸ ਦੀ ਬਾਣੀ ਨੂੰ ਗੁਰੂ ਦੀ ਪਦਵੀ ਨਹੀਂ ਬਖਸ਼ੀ ਸੀ, ਉਸ ਨੂੰ ਦਸਮ ਗੁਰੂ ਗ੍ਰੰਥ ਆਖਣਾ ਅਤੇ ਉਸ ਦਾ ਪ੍ਰਕਾਸ਼ ਜਾਂ ਅਖੰਡ ਪਾਠ ਕਰਨਾ ਉਚਿਤ ਨਹੀਂ ਹੈ।

2\. ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਨਾਨਕਬਾਣੀ ਹੈ। ਕਿਸੇ ਵੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਵਖਰੀ ਸ਼ਖਸੀਅਤ ਦਾ ਪ੍ਰਗਟਾਵਾ ਨਹੀਂ ਕੀਤਾ ਹੈ। ਇਸ ਦੇ ਦੋ ਕਾਰਨ ਹਨ-ਇੱਕ ਤਾਂ ਗੁਰੂ ਸਾਹਿਬਾਨ ਗੁਰਬਾਣੀ ਨੂੰ 'ਖਸਮ ਕੀ ਬਾਣੀ' ਜਾਂ 'ਧੁਰ ਕੀ ਬਾਣੀ' ਮੰਨਦੇ ਹਨ। ਦੂਜਾ, ਉਹ ਬਾਣੀ ਰਚਣ ਸਮੇਂ ਆਪਣੇ ਆਪ ਨੂੰ ਨਾਨਕ ਜੋਤ ਵਿਚ ਅਭੇਦ ਸਮਝਦੇ ਹਨ ਜਿਸ ਨੂੰ ਗੁਰਬਾਣੀ ਵਿਚ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥' (ਪੰਨਾ ੯੬੬) ਆਖਿਆ ਗਿਆ ਹੈ।

ਜੇ ਗੁਰੂ ਗੋਬਿੰਦ ਸਿੰਘ ਨੇ ਕੋਈ ਗੁਰਬਾਣੀ ਰਚੀ ਹੁੰਦੀ ਤਾਂ ਉਨ੍ਹਾਂ ਵੀ ਉਸ ਬਾਣੀ ਨੂੰ ਨਾਨਕਬਾਣੀ ਹੀ ਆਖਣਾ ਸੀ ਕਿਉਂਕਿ ਉਹ ਗੁਰੂ ਨਾਨਕ ਜੋਤ ਗੁਰੂ ਸਨ। ਦਸਮ ਗ੍ਰੰਥ ਦੀਆਂ ਰਚਨਾਵਾਂ ਵਿਚ ਸ਼ਾਮ ਜਾਂ ਹੋਰਨਾਂ ਦੇ ਨਾਂ ਤਾਂ ਆਉਂਦੇ ਹਨ ਪਰ ਨਾਨਕ ਪਦ ਦੀ ਕਿਤੇ ਵੀ ਵਰਤੋਂ ਕੀਤੀ ਨਹੀਂ ਮਿਲਦੀ।

3\. ਦਸਮ ਗ੍ਰੰਥ ਦਾ ਪਹਿਲਾ ਅਤੇ ਅਸਲੀ ਨਾਂ 'ਬਚਿਤਰ ਨਾਟਕ' ਹੈ, ਦਸਮ ਗ੍ਰੰਥ ਨਹੀਂ। ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਤੋਂ ਕਾਫੀ ਸਮੇਂ ਬਾਅਦ ਪ੍ਰਗਟ ਹੋਇਆ ਸੀ। ਇਸ ਦੇ ਪ੍ਰਗਟਾਵੇ ਅਤੇ ਨਾਂ ਵਿਚ ਬਦਲਾਵੇ ਨਾਲ ਕਾਫੀ ਦਿਲਚਸਪ ਰਹੱਸ ਜੁੜਿਆ ਹੋਇਆ ਹੈ। ਇਸ ਬਾਰੇ ਇਤਿਹਾਸਕਾਰ ਵਧੇਰੇ ਜਾਣਦੇ ਹਨ। ਪਰ ਇਤਿਹਾਸ ਦਾ ਵਿਸ਼ਾ ਹੋਣ ਦੇ ਬਾਵਜੂਦ ਉਹ ਇਸ ਬਾਰੇ ਆਪਣੀ ਰਾਏ ਦੇਣ ਤੋਂ ਝਿਜਕਦੇ ਹਨ ਕਿਉਂਕਿ ਡਾ. ਰਤਨ ਸਿੰਘ ਜੱਗੀ ਅਤੇ ਗਿਆਨੀ ਭਾਗ ਸਿੰਘ ਨੂੰ ਐਸਾ ਕਰਨ ਦਾ ਖਮਿਆਜ਼ਾ ਭੁਗਤਣਾ ਪੈ ਗਿਆ ਸੀ। ਕੁਝ ਇਤਿਹਾਸਕਾਰ ਇਸ ਗ੍ਰੰਥ ਦੀ ਲੱਭਤ ਦੀ ਕਹਾਣੀ ਨੂੰ ਮਿਥਿਹਾਸ ਮੰਨਦੇ ਹਨ।

4\. ਦਸਮ ਗ੍ਰੰਥ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਅੰਗਰੇਜ਼ ਨਾਨਕਬਾਣੀ ਦੇ ਮਾਨਵਵਾਦੀ ਉਪਦੇਸ਼ ਅਤੇ ਸਿੱਖਾਂ ਦੀ ਆਜ਼ਾਦ ਰੂਚੀ ਤੋਂ ਤੰਗ ਆਏ ਹੋਏ ਸਨ। ਇਸ ਲਈ ਸਿੱਖਾਂ ਵਿਚ ਫੁੱਟ ਪਾਉਣ ਅਤੇ ਗੁਰਬਾਣੀ ਉਪਦੇਸ਼ ਬਾਰੇ ਦੁਚਿੱਤੀ ਪੈਦਾ ਕਰਨ ਦੇ ਮਨੋਰਥ ਨਾਲ ਅੰਗਰੇਜ਼ਾਂ ਨੇ ਆਪਣੇ ਏਜੰਟਾਂ ਰਾਹੀਂ ਇਸ ਜਾਅਲੀ ਗ੍ਰੰਥ ਨੂੰ ਸਿੱਖਾਂ ਵਿਚ ਪ੍ਰਚਲਿਤ ਕੀਤਾ ਸੀ। ਭਾਰਤ ਦੀ ਆਜ਼ਾਦੀ ਮਗਰੋਂ ਸਰਕਾਰਾਂ ਇਸ ਗ੍ਰੰਥ ਨੂੰ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨਾਲੋਂ ਤੋੜਨ ਲਈ ਵਰਤਦੀਆਂ ਰਹੀਆਂ ਹਨ।

5\. ਇਸ ਗ੍ਰੰਥ ਵਿਚ ਅਸ਼ਲੀਲ ਕਵਿਤਾਵਾਂ ਦੀ ਭਰਮਾਰ ਹੈ ਜਿਨ੍ਹਾਂ ਵਿਚ ਔਰਤ ਜ਼ਾਤ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰਮਤਿ ਦੇ ਉਲਟ ਇਸ ਵਿਚ ਦੇਵੀ ਪੂਜਾ ਅਤੇ ਜੰਗਾਂ ਜੁੱਧਾਂ ਦਾ ਵਰਣਨ ਹੈ। ਜਾਪ ਸਾਹਿਬ ਨੂੰ ਛੱਡ ਕੇ ਇਸ ਗ੍ਰੰਥ ਦੀਆਂ ਹੋਰ ਸਾਰੀਆਂ ਰਚਨਾਵਾਂ ਗੁਰਬਾਣੀ ਉਪਦੇਸ਼ ਦੇ ਵਿਪਰੀਤ ਹਨ। ਕਈ ਵਿਦਵਾਨ ਇਸ ਗ੍ਰੰਥ ਦੀਆਂ ਅਸ਼ਲੀਲ ਰਚਨਾਵਾਂ ਨੂੰ ਵੀ ਗੁਰੂ ਸਾਹਿਬ ਦੀ ਸਿਖਿਆ ਆਖਦੇ ਹਨ।

ਦਸਮ ਗ੍ਰੰਥ ਦੀ ਅਸਲੀਅਤ ਜਾਣਨ ਲਈ ਦੋਵਾਂ ਧਿਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸ਼ਾਂਤੀ ਨਾਲ ਬੈਠ ਕੇ ਇੱਕ ਦੂਜੇ ਦੇ ਵਿਚਾਰ ਸੁਣਨ ਤੇ ਸਮਝਣ ਦੀ ਲੋੜ ਹੈ। ਸਿੱਖ ਜਗਤ ਦੇ ਵਿਦਵਾਨਾਂ ਦੀ ਕਮੇਟੀ ਵੀ ਇਸ ਸਮੱਸਿਆ ਦਾ ਹੱਲ ਲੱਭਣ ਵਿਚ ਸਹਾਇਕ ਹੋ ਸਕਦੀ ਹੈ। ਅਸਲ ਮਸਲਾ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਦਾ ਹੈ ਜੋ ਇਤਿਹਾਸਕ ਖੋਜ ਦਾ ਵਿਸ਼ਾ ਹੈ। ਇਸ ਲਈ ਉਘੇ ਇਤਿਹਾਸਕਾਰ ਇਸ ਗ੍ਰੰਥ ਦੀ ਰਚਨਾ ਅਤੇ ਪਿਛੋਕੜ ਬਾਰੇ ਖੋਜ ਕਰਕੇ ਸੱਚ ਜਾਣ ਸਕਦੇ ਹਨ ਅਤੇ ਉਸ ਦੇ ਆਧਾਰ 'ਤੇ ਸ਼ਾਇਦ ਝਗੜਾ ਵੀ ਨਿਪਟਾਇਆ ਜਾ ਸਕਦਾ ਹੈ।

*-ਹਾਕਮ ਸਿੰਘ*

# ਸੁਆਹ ਦੀ ਭਾਲ

ਲਿਖਣ ਦੇ ਸ਼ੌਕੀਨ ਬਹੁਤੇ ਪਰਵਾਸੀਆਂ ਵਾਂਗ ਮੈਂ ਵੀ ਮਾਤ ਭੂਮੀ ਦੇ ਹੇਰਵੇ ਕਾਰਨ ਅਕਸਰ ਆਪਣੀਆਂ ਲਿਖਤਾਂ ਵਿਚ ਬੜੀ ਰੀਝ ਨਾਲ ਪਿਛੋਕੇ ਦਾ ਜ਼ਿਕਰ ਕਰਦਾ ਰਹਿੰਦਾ ਹਾਂ। ਲਗਭਗ ਅੱਧੀ ਸਦੀ ਪੰਜਾਬ ਆਪਣੇ ਪਿੰਡ ਵਿਚ ਗੁਜ਼ਾਰੀ ਹੋਣ ਕਰ ਕੇ ਪੇਂਡੂ ਜਨ-ਜੀਵਨ ਨਾਲ ਸਬੰਧਤ ਹੋਈਆਂ-ਬੀਤੀਆਂ ਕੌੜੀਆਂ ਫਿੱਕੀਆਂ ਘਟਨਾਵਾਂ ਦੇ ਵੇਰਵੇ ਲਿਖਦਿਆਂ ਮੇਰੀ ਰੂਹ ਨੂੰ ਸਕੂਨ ਮਿਲਦਾ ਹੈ। ਮੇਰੇ ਜਿਹੀ ਸੋਚ ਰੱਖਣ ਵਾਲੇ ਜਾਂ ਆਪਣੀ ਜੰਮਣ ਭੂਮੀ ਲਈ ਤੜਫ ਰੱਖਦੇ ਬਹੁਤ ਸਾਰੇ ਪਾਠਕ ਤਾਂ ਖੁਸ਼ ਹੋ ਜਾਂਦੇ ਹਨ, ਪਰ ਐਸੇ ਵੀ ਬਹੁਤ ਹੈਣ ਜਿਨ੍ਹਾਂ ਦੇ ਦਿਲ-ਦਿਮਾਗਾਂ ਵਿਚ ਅਮਰੀਕਾ-ਕੈਨੇਡਾ ਜਾਂ ਕੋਈ ਹੋਰ ਮੁਲਕ ਪੂਰੀ ਤਰ੍ਹਾਂ ਧਸ ਚੁੱਕਿਆ ਹੁੰਦਾ ਹੈ। ਉਹ ਮੇਰੀਆਂ ਲਿਖਤਾਂ 'ਤੇ ਨੱਕ ਬੁੱਲ੍ਹ ਜਿਹਾ ਵੱਟਦੇ ਹੋਏ, ਆਪਣੇ ਵਤਨ ਦੀਆਂ ਬੁਰਿਆਈਆਂ ਗਿਣਾਉਣ ਲੱਗ ਜਾਂਦੇ ਹਨ। ਅੰਗਰੇਜ਼ੀ ਘੋਟਦਿਆਂ ਅਜਿਹੇ ਕਈ ਸੱਜਣ ਆਪਣੇ ਦੇਸ ਨੂੰ 'ਡਰਟੀ ਇੰਡੀਆ' ਦਾ ਖਿਤਾਬ ਵੀ ਛੱਟ ਦੇ ਦਿੰਦੇ ਹਨ।

ਅਜਿਹੇ ਵਿਦੇਸ਼ੀ ਰੰਗ ਵਿਚ ਪੂਰੀ ਤਰ੍ਹਾਂ ਰੰਗੀ ਹੋਈ ਇਕ ਅਮਰੀਕਨ ਪੰਜਾਬੀ ਬੀਬੀ ਨੇ ਪਿਛੋਕੜ ਪ੍ਰਤੀ ਬਾਹਲੇ ਹੀ ਮੋਹ-ਮੁਹੱਬਤ ਵਾਲੀ ਮੇਰੀ ਕੋਈ ਰਚਨਾ ਪੜ੍ਹੀ ਤੇ ਫੋਨ ਉਤੇ ਲੱਗ ਪਈ ਦੇਸ ਖਿਲਾਫ ਭੰਡੀ ਪ੍ਰਚਾਰ ਕਰਨ। ਚੋਰ ਸਿਆਸਤਦਾਨਾਂ ਅਤੇ ਭ੍ਰਿਸ਼ਟ ਅਫਸਰਸ਼ਾਹੀ ਤੋਂ ਲੈ ਕੇ ਪਿੰਡਾਂ ਵਿਚਲੀ ਗੰਦਗੀ ਬਿਆਨ ਕਰਦਿਆਂ, ਉਹ ਥੋੜ੍ਹੀ ਤਲਖੀ ਵਿਚ ਆ ਗਈ, "ਕੀ ਭਾਅ ਜੀ ਤੁਸੀਂ ਪਿੰਡ ਪਿੰਡ ਦੇਸ ਦੇਸ ਦੀ ਰਟ ਲਾਉਂਦਿਆਂ ਪਿਛੋਕੇ ਨੂੰ ਹੀ ਝੁਰਦੇ ਰਹਿੰਦੇ ਹੋ?... ਸੁਆਹ ਰੱਖੀਓ ਐ ਪਿੰਡਾਂ ਵਿਚ ਹੁਣ?"

ਪੇਂਡੂ ਸਭਿਆਚਾਰ ਪ੍ਰਤੀ ਘਿਰਣਾ ਨਾਲ ਨੱਕੋ-ਨੱਕ ਭਰੇ ਉਸ ਦੇ 'ਸੁਆਹ ਰੱਖੀਓ' ਵਾਲੇ ਮਿਹਣੇ ਨੂੰ 'ਖੁੰਢਾ' ਕਰਨ ਲਈ ਮੈਂ ਦੋ ਕੁ ਦਲੀਲਾਂ ਦਿੱਤੀਆਂ ਕਿ ਆਪਣੀ ਜਨਮ ਭੂਮੀ ਨੂੰ ਨਿੰਦਣਾ ਨਹੀਂ ਚਾਹੀਦਾ। ਚੰਗੀ ਚਾਹੇ ਮਾੜੀ, ਉਹ ਸਾਡੇ ਪੁਰਖਿਆਂ ਦੀ ਧਰਤੀ ਹੈ। ਹਾਂ, ਉਥੋਂ ਦੇ ਸੁਧਾਰ ਲਈ ਕੋਈ ਹੀਲੇ-ਵਸੀਲੇ ਕੀਤੇ ਜਾ ਸਕਦੇ ਹਨ; ਪਰ ਉਹ ਵਿਦੇਸ਼ੀ ਸਹੂਲਤਾਂ ਦਾ ਗੁਣ-ਗਾਣ ਕਰਦਿਆਂ ਮੈਨੂੰ ਨਿਰਉੱਤਰ ਕਰ ਕੇ ਹੀ ਹਟੀ।

ਉਸ ਦੇ ਇਹ ਤਲਖ ਬੋਲ ਕਈ ਦਿਨ ਮੇਰੇ ਸੀਨੇ ਵਿਚ ਰੜਕਦੇ ਰਹੇ; ਖਾਸ ਕਰ ਕੇ ਸੁਆਹ ਵਾਲੀ ਮਾਰੀ ਹੋਈ 'ਬੋਲੀ' ਮੇਰੇ ਕੰਡੇ ਵਾਂਗ ਚੁਭਦੀ ਰਹੀ, ਪਰ ਹਫਤੇ ਦੇ ਵਿਚ ਵਿਚ ਹੀ ਪੰਜਾਬ ਦੇ ਘੁੱਗ ਵਸਦੇ ਇਕ ਪਿੰਡ ਦੇ ਇਕ ਵਾਸੀ ਤੋਂ ਐਸੀ ਅਜੀਬੋ-ਗਰੀਬ ਜਾਣਕਾਰੀ ਮਿਲੀ ਜਿਸ ਨੂੰ ਸੁਣ ਕੇ ਉਸ ਬੀਬੀ ਪ੍ਰਤੀ ਮੇਰਾ ਗੁੱਸਾ ਇਕ ਦਮ ਉਡ ਗਿਆ, ਸਗੋਂ ਉਹ ਬੀਬੀ ਮੈਨੂੰ ਸੱਚੀ ਜਾਪਣ ਲੱਗੀ।

ਹੋਇਆ ਇੰਜ ਕਿ ਖੇਤੀਬਾੜੀ ਕਰਦੇ ਇਕ ਜਾਣੂ ਦੀ ਰਾਜ਼ੀ ਖੁਸ਼ੀ ਪੁੱਛਣ ਲਈ ਮੈਂ ਪਿੰਡ ਫੋਨ ਕੀਤਾ। ਉਹ ਆਪਣੇ ਖੇਤਾਂ ਵਿਚ ਹੀ ਘੁੰਮ ਫਿਰ ਰਿਹਾ ਸੀ। 'ਕੀ ਕਰ ਰਹੇ ਓ ਅੱਜ ਕੱਲ੍ਹ?' ਦੇ ਜਵਾਬ 'ਚ ਉਹ ਕਹਿਣ ਲੱਗਾ ਕਿ ਮੈਂ ਕਈ ਵਾਰ ਭਿੰਡੀਆਂ ਅਤੇ ਕੱਦੂ ਕਰੇਲਿਆਂ ਦੇ ਬੀਜ ਬੀਜੇ ਹਨ, ਪਰ ਜਦ ਵੀ ਦੋ ਦੋ ਚਾਰ ਚਾਰ ਪੱਤੇ ਨਿਕਲਦੇ ਐ, ਕੋਈ ਭੂੰਡੀ ਜਾਂ ਤੇਲਾ ਪੱਤੇ ਖਾ ਜਾਂਦਾ। ਮੈਂ ਉਸ ਨੂੰ ਆਮ ਪੇਂਡੂ ਸਲਾਹ ਦਿੱਤੀ ਕਿ ਜਦੋਂ ਬੀਜ ਉਗ ਪੈਣ, ਦੋ ਚਾਰ ਦਿਨ ਤੜਕੇ ਤ੍ਰੇਲ ਪਈ ਤੋਂ ਇਨ੍ਹਾਂ 'ਤੇ ਸੁਆਹ ਧੂੜ ਦੇਣੀ ਚਾਹੀਦੀ ਹੈ, ਇਉਂ ਨਵੇਂ ਪੁੰਗਰੇ ਵੇਲ-ਬੂਟਿਆਂ ਦਾ ਬਚਾਅ ਹੋ ਜਾਂਦਾ ਹੈ। ਮੇਰੇ ਮੂੰਹੋਂ 'ਨੁਸਖਾ' ਸੁਣ ਕੇ ਉਹ ਹੱਸਦਾ ਕਹਿੰਦਾ, "ਸੁਆਹ? ਹੁਣ ਪਿੰਡਾਂ 'ਚ ਸੁਆਹ ਕਿਥੇ ਆ? ਘਰ ਘਰ ਤਾਂ ਸਲੰਡਰ ਬਲਦੇ ਐ। ਕੱਲ੍ਹ ਨੂੰ ਬੱਠਲ ਚੁੱਕ ਕੇ ਪਿੰਡ 'ਚ ਗੇੜੀ ਲਾਊਂ! ਸ਼ਾਇਦ ਕਿਸੇ ਦੇ ਘਰੋਂ ਸੁਆਹ ਦੀ 'ਪੂਰੀ' ਪੈ ਹੀ ਜਾਵੇ!"

*-ਤਰਲੋਚਨ ਸਿੰਘ ਦੁਪਾਲਪੁਰ*

*ਫੋਨ: 408-915-1268*



ਬਲਰਾਜ ਸਾਹਨੀ ਦੀ ਕਲਮ ਤੋਂ

# ਜ਼ਮੀਰ

***ਪੰਜਾਬ ਦੇ ਪੁੱਤਰ ਬਲਰਾਜ ਸਾਹਨੀ (ਪਹਿਲੀ ਮਈ 1913-13 ਅਪਰੈਲ 1973) ਨੇ ਅਦਾਕਾਰੀ ਦੇ ਖੇਤਰ ਵਿਚ ਹੀ ਬੱਲੇ ਬੱਲੇ ਨਹੀਂ ਕਰਵਾਈ, ਕਲਮ ਨਾਲ ਵੀ ਲੋਕਾਂ ਨਾਲ ਖੂਬ ਸਾਂਝ ਪਾਈ। ਉਹਦੇ ਲਿਖੇ ਦੋ ਸਫਰਨਾਮੇ- 'ਮੇਰਾ ਪਾਕਿਸਤਾਨੀ ਸਫਰਨਾਮਾ' ਤੇ 'ਮੇਰਾ ਰੂਸੀ ਸਫਰਨਾਮਾ' ਅੱਜ ਵੀ ਪੜ੍ਹੇ ਜਾ ਰਹੇ ਹਨ। ਇਸ ਤੋਂ ਇਲਾਵਾ ਉਹਨੇ ਨਸਰ (ਵਾਰਤਕ) ਦੀਆਂ ਕਈ ਕਿਤਾਬਾਂ ਲਿਖੀਆਂ। ਇਨ੍ਹਾਂ ਲਿਖਤਾਂ ਦਾ ਰੰਗ ਦੇਖਣ ਹੀ ਵਾਲਾ ਹੈ। ਇਨ੍ਹਾਂ ਅੰਦਰ ਭਰਪੂਰ ਜਾਣਕਾਰੀ ਤਾਂ ਉਛਾਲੇ ਮਾਰਦੀ ਹੀ ਹੈ, ਭਾਵਨਾਤਮਕ ਛੱਲਾਂ ਇਸ ਤੋਂ ਵੀ ਉਚੀਆਂ ਉਠਦੀਆਂ ਹਨ ਅਤੇ ਪਾਠਕ ਦੇ ਆਪੇ ਨੂੰ ਭਿਉਂ ਭਿਉਂ ਜਾਂਦੀਆਂ ਹਨ। 'ਜ਼ਮੀਰ' ਉਸ ਦੀ ਅਜਿਹੀ ਹੀ ਲਿਖਤ ਹੈ। -ਸੰਪਾਦਕ***

ਸਤਾਰਾ ਜ਼ਿਲ੍ਹੇ ਦੇ ਆਸ ਪਾਸ ਦਾ ਇਲਾਕਾ। ਸੰਨ 42 ਦੇ 'ਭਾਰਤ ਛੋੜੋ' ਅੰਦੋਲਨ ਵਿਚ ਇਥੇ ਕਿਸਾਨਾਂ ਨੇ ਬੜਾ ਨਾਮਣਾ ਖੱਟਿਆ ਸੀ। ਕੋਈ ਵਕਤ ਸੀ ਜਦ ਭਾਸ਼ਨਾਂ ਵਿਚ ਇਸ ਇਲਾਕੇ ਦਾ ਬਹੁਤ ਜ਼ਿਕਰ ਸੁਣਿਆ ਕਰਦੇ ਸਾਂ। ਅੱਜ ਪਹਿਲੀ ਵਾਰ ਦੇਖ ਰਿਹਾ ਹਾਂ ਇਹ ਇਲਾਕਾ। ਬਹੁਤ ਕੁਝ ਮੇਰੇ ਪੋਠੋਹਾਰ ਨਾਲ ਮਿਲਦਾ ਜੁਲਦਾ ਹੈ। ਗੱਡੀ ਬੜੇ ਮਜ਼ੇ ਦੀ ਰਫ਼ਤਾਰ ਨਾਲ ਭੱਜੀ ਜਾ ਰਹੀ ਸੀ। ਮੈਂ ਡਾਈਨਿੰਗ ਕਾਰ ਦੀ ਖਿੜਕੀ ਦੇ ਪਾਸ ਬੈਠਾ ਸੂਰਜ ਅਸਤ ਹੋਣ ਦਾ ਨਜ਼ਾਰਾ ਵੇਖ ਰਿਹਾ ਹਾਂ। ਅਸਤ ਹੋ ਗਿਆ ਹੈ ਸੂਰਜ। ਪਹਾੜਾਂ ਤੇ ਘਾਟੀਆਂ ਨੇ ਕਾਵਿ ਮਈ ਰੂਪ ਧਾਰਣ ਕਰਨੇ ਸ਼ੁਰੂ ਕਰ ਦਿੱਤੇ ਹਨ। ਮੇਰੇ ਮਨ ਵਿਚ ਚੰਚਲਤਾ ਦੀ ਲਹਿਰ ਜਿਹੀ ਉਠਣ ਲਗ ਪਈ ਹੈ। ਕੁਝ ਫੁਟ ਪਏ ਮੇਰੇ ਅੰਦਰੋਂ ਜਿਸ ਨੂੰ ਮੈਂ ਲਿਖ ਲਵਾਂ। ਕੋਈ ਅਨੋਖੀ ਗੱਲ। ਮਨ ਵਿਚ ਅਮੋੜ ਉਮੰਗ ਹੈ ਪਰ ਕਾਗਜ਼, ਪੈਂਸਲ, ਕਿਤਾਬ; ਕੋਲ ਕੁਝ ਵੀ ਨਹੀਂ।

ਅਗਲੇ ਸਟੇਸ਼ਨ 'ਤੇ ਉਤਰ ਕੇ ਆਪਣੇ ਕੰਪਾਰਟਮੈਂਟ ਵਲ ਚਲ ਪਿਆ, ਪਰ ਮਨ ਅਜੇ ਵੀ ਬਾਗੀ। ਕੀ ਕਰਾਂਗਾ ਉਸ ਏਅਰ ਕੰਡੀਸ਼ਨ ਪਿੰਜਰੇ ਵਿਚ ਬੰਦ ਹੋ ਕੇ? ਸਿਰਫ਼ ਇਕ ਹੀ ਪੱਥਰ ਜਿਹਾ ਬਣਿਆ ਹੋਇਆ ਸਾਥੀ ਸਟੈਨਲੇ ਗਰਡਨਰ ਦੇ ਉਪਨਿਆਸਾਂ ਵਿਚ ਡੁਬਿਆ ਹੋਇਆ। ਪੂਰਨ ਰੂਪ ਵਿਚ ਸੰਤੁਸ਼ਟ, ਪਜਾਮਾ ਸੂਟ ਵਿਚ, ਆਪਣੇ ਸਟੂਕੇਸ 'ਤੇ ਲੱਗੇ ਵਿਦੇਸ਼ ਫੇਰੀ ਦੇ ਲੇਬਲਾਂ ਅਤੇ ਆਲੇ ਦੁਆਲੇ ਵੱਲੋਂ ਬੇਖਬਰ। ਚੇਤਨਾ ਸੁੰਨ ਹੋ ਜਾਵੇਗੀ ਉਸ ਕੰਪਾਰਟਮੈਂਟ ਵਿਚ ਜਾ ਕੇ। ਕਿਉਂ ਨਾ ਕਿਸੇ ਥਰਡ ਕਲਾਸ ਡੱਬੇ ਵਿਚ ਜਾ ਕੇ ਕੁਝ ਦੇਰ ਬੈਠਾਂ। ਦੇਖਾਂ ਕਿਸਾਨਾਂ ਦੀਆਂ ਮੋਟੀਆਂ ਮੋਟੀਆਂ ਪੱਕੇ ਰੰਗਾਂ ਦੀਆਂ ਪਗੜੀਆਂ ਜਿਨ੍ਹਾਂ ਨੂੰ ਕਦੇ 'ਪਰਦੇਸੀ' ਫਿਲਮ ਦੀ ਸ਼ੂਟਿੰਗ ਵੇਲੇ ਬੜੀ ਮਿਹਨਤ ਨਾਲ ਬੰਨ੍ਹਣਾ ਸਿੱਖਿਆ ਸੀ। ਇਕ ਘੜੀ ਲਈ ਤਾਂ ਅਸਲੀਅਤ ਦੀ ਛੋਹ ਮਿਲੇ!

ਡਾਈਨਿੰਗ ਕਾਰ ਵੱਲ ਡਿਨਰ ਖਾਣ ਵਾਲਿਆਂ ਦੀ ਲਾਈਨ ਠੱਲ੍ਹੀ ਆ ਰਹੀ ਸੀ। ਸ਼ਾਮ ਦੇ ਹਨ੍ਹੇਰੇ ਵਿਚ ਇਕ ਜਾਣੀ ਪਹਿਚਾਣੀ ਸ਼ਕਲ ਦਿਖਾਈ ਦਿੱਤੀ ਮਿਸਟਰ ਕਾਮਲੇ ਦੀ, ਜਿਸ ਨੇ ਚਾਰ ਸਾਲ ਪਹਿਲਾਂ ਆਪਣੀ ਪਹਿਲੀ ਹਿੰਦੀ ਫਿਲਮ ਦਾ ਮੇਰੇ ਨਾਲ ਕੰਟਰੈਕਟ ਕੀਤਾ ਸੀ। ਪਹਿਲੇ ਉਸ ਨੇ ਇਹ ਫਿਲਮ ਮਰਾਠੀ ਵਿਚ ਬਣਾਈ ਸੀ ਤੇ ਬਹੁਤ ਕਾਮਯਾਬ ਹੋਈ ਸੀ। ਹਿੰਦੀ ਫ਼ਿਲਮ ਦੀ ਛੇ ਸੱਤ ਦਿਨ ਸ਼ੂਟਿੰਗ ਹੋਈ। ਬੜਾ ਮਜ਼ਾ ਆਇਆ ਸੀ, ਇਕ ਅੱਛੇ ਡਾਇਰੈਕਟਰ ਨਾਲ ਕੰਮ ਕਰ ਕੇ। ਫਿਰ ਪਤਾ ਨਹੀਂ ਕੀ ਹੋਇਆ, ਸ਼ਾਇਦ ਡਿਸਟਰੀਬਿਊਟਰ ਨੇ ਖਰੀਦਣ ਦੀ ਹਾਮੀ ਨਹੀਂ ਭਰੀ, ਜਾਂ ਫੇਰ ਰੁਪਿਆ ਲਾਉਣ ਵਾਲੇ ਸੇਠ ਨੂੰ ਅਕਲ ਆ ਗਈ। ਰਾਸ਼ਟਰ ਭਾਸ਼ਾ ਦਾ ਦਰਜਾ ਦੇਣ ਤੋਂ ਬਾਅਦ ਅੱਛੀਆਂ ਫ਼ਿਲਮਾਂ ਬਣਾ ਕੇ ਹਿੰਦੀ ਆ ਅਪਮਾਨ ਨਹੀਂ ਕੀਤਾ ਜਾਂਦਾ, ਜਿਸ ਤਰ੍ਹਾਂ 'ਪਦਮਸ੍ਰੀ' ਦੀ ਪਦਵੀ ਪਾਉਣਾ ਐਕਟਰ ਦੇ ਰਿਟਾਇਰ ਹੋਣ ਦੀ ਸੂਚਨਾ ਹੁੰਦੀ ਹੈ। ਦੇਸ਼ ਭਗਤੀ ਦੀਆਂ ਨਵੀਆਂ ਕੀਮਤਾਂ ਅਨੁਸਾਰ, ਇਹ ਗੱਲ ਠੀਕ ਹੀ ਹੋਵੇਗੀ ਸ਼ਾਇਦ। ਫਿਰ ਸੁਣਿਆ, ਕਾਮਲੇ ਬੰਬਈ ਛੱਡ ਗਿਆ ਹੈ। ਪੂਨੇ ਰਹਿੰਦਾ ਹੈ ਅਤੇ ਛੋਟੀਆਂ ਛੋਟੀਆਂ ਡਾਕੂਮੈਂਟਰੀ ਫ਼ਿਲਮਾਂ ਬਣਾ ਕੇ ਵਿਦੇਸ਼ੀ ਖਰੀਦਾਰਾਂ ਕੋਲ ਵੇਚ ਦਿੰਦਾ ਹੈ। ਤਰਸ ਆਇਆ ਉਸ ਨੂੰ ਅਚਾਨਕ ਦੇਖ ਕੇ। ਪਤਾ ਨਹੀਂ ਕਿੰਨਾ ਘਾਟਾ ਖਾ ਚੁਕਾ ਹੋਵੇਗਾ, ਫਿਲਮ ਬੰਦ ਹੋਣ ਕਰ ਕੇ। ਮਿਲਾਂ ਜਾਂ ਮੂੰਹ ਫੇਰ ਲਵਾਂ?

ਪਰ ਉਸ ਨੇ ਮੈਨੂੰ ਦੇਖ ਲਿਆ। ਨਿਰਸੰਕੋਚ ਕੋਲ ਆ ਗਿਆ। ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਿਹਤਵੰਦ ਤੇ ਪ੍ਰਸ਼ਨ ਨਜ਼ਰ ਆ ਰਿਹਾ ਸੀ। ਮੇਰਾ ਪ੍ਰਭਾਵ ਉਸ 'ਤੇ ਪੈਣ ਨਾਲੋਂ ਉਸ ਦੀ ਸ਼ਖਸੀਅਤ ਮੇਰੇ 'ਤੇ ਹਾਵੀ ਹੋ ਰਹੀ ਸੀ।

"ਹੈਲੋ, ਮਿਸਟਰ ਸਾਹਨੀ, ਤੁਸੀਂ ਕਿਥੇ ਜਾ ਰਹੇ ਹੋ?"

"ਬੰਗਲੌਰ।... ਤੇ ਤੁਸੀਂ?"

ਉਹ ਉਮਰ 'ਚ ਮੇਰੇ ਨਾਲੋਂ ਕਾਫ਼ੀ ਛੋਟਾ ਹੈ।

"ਗੋਆ। ਤੁਸੀਂ ਖਾਣਾ ਖਾ ਲਿਆ?

"ਨਹੀਂ ਯਾਰ, ਕੰਪਾਰਟਮੈਂਟ ਤੋਂ ਉਤਰ ਕੇ ਡਾਈਨਿੰਗ ਕਾਰ ਵਿਚ ਜਾ ਬੈਠਾ ਸਾਂ, ਹੁਣ ਇਥੋਂ ਕਿਵੇਂ ਜਾਵਾਂ, ਇਹੀ ਸੋਚ ਰਿਹਾ ਸਾਂ।"

"ਮੇਰੇ ਡੱਬੇ ਵਿਚ ਚਲੋ। ਥੋੜ੍ਹੀ ਰੰਮ ਹੈ ਮੇਰੇ ਪਾਸ, ਕੁਝ ਗੱਪ-ਸ਼ੱਪ (ਕਰ) ਲਾਵਾਂਗੇ। ਡਿਨਰ ਲਈ ਦੂਸਰੀ ਟੋਲੀ ਵੀ ਤਾਂ ਬੈਠਦੀ ਹੈ।"

"ਨਹੀਂ ਭਈ, ਰੰਮ ਵੰਮ ਨਹੀਂ। ਮੈਂ ਤਾਂ ਕਿਸੇ ਥਰਡ ਕਲਾਸ ਦੇ ਡੱਬੇ ਦੀ ਗੱਲ ਸੋਚ ਰਿਹਾ ਸਾਂ- ਸੰਨ ਬਤਾਲੀ ਦੇ ਮਰਦ ਮਰਾਠਿਆਂ ਦੇ ਦਰਸ਼ਨ ਕਰਨ ਲਈ।"

"ਵਾਹ ਵਾਹ, ਇਸ ਤੋਂ ਅੱਛੀ ਗੱਲ ਹੋਰ ਕੀ ਹੋ ਸਕਦੀ। ਮੈਂ ਵੀ ਤੁਹਾਡੇ ਨਾਲ ਹੀ ਚਲਦਾ ਹਾਂ।"

ਉਹ ਪੈਗ ਲਗਾ ਕੇ ਆਇਆ ਲੱਗਦਾ ਸੀ। ਪਤਾ ਨਹੀਂ ਕਿੰਨੀ ਕੁ ਪੀਤੀ ਹੋਵੇਗੀ?

"ਨਹੀਂ... ਨਹੀਂ, ਤੁਸੀਂ ਬੇਸ਼ਕ ਖਾਣਾ ਖਾ ਲਵੋ, ਬਾਅਦ ਵਿਚ...।"

"ਛਡੋ ਜੀ।"

ਗਾਰਡ ਸੀਟੀ ਦੇ ਚੁਕਿਆ ਸੀ, ਗੱਡੀ ਚੱਲਣ ਵਾਲੀ ਸੀ। ਕਾਮਲੇ ਨੇ ਮੈਨੂੰ ਬਾਹੋਂ ਪਕੜ ਲਿਆ, ਦੋਨੋਂ ਦੌੜੇ।

ਇਕ ਲੰਬੇ ਕੰਪਾਰਟਮੈਂਟ ਵਿਚ ਜਾ ਵੜੇ। ਵਿਚੋਂ ਦੀ ਚੱਲਣ ਦਾ ਰਸਤਾ। ਦੋਨੋਂ ਪਾਸੇ ਦੋ ਦੋ ਵਿਅਕਤੀਆਂ ਦੇ ਬੈਠਣ ਦੀਆਂ ਸੀਟਾਂ ਜਿਸ ਤਰ੍ਹਾਂ ਥੀਏਟਰ ਵਿਚ ਹੁੰਦੀਆਂ ਹਨ। ਮੱਧਮ ਬੱਤੀਆਂ ਅਤੇ ਬੀੜੀਆਂ ਦੇ ਧੂਏਂ ਕਰ ਕੇ ਹਨ੍ਹੇਰਾ ਜਿਹਾ ਸੀ। ਭੀੜ ਜ਼ਿਆਦਾ ਨਹੀਂ, ਪਰ ਉਸੇ ਤਰ੍ਹਾਂ ਦੀ ਜਿਸ ਤਰ੍ਹਾਂ ਦੀ ਅਨੁਮਾਨ ਲਗਾਇਆ ਸੀ। ਅਗਲੇ ਪ੍ਰਾਂਤ ਦੀ ਸੀਮਾ ਪਾਰ ਕਰਨ ਤੱਕ ਆਪਣੇ ਆਪ ਹੀ ਇਸ ਭੀੜ ਦਾ ਰੂਪ ਬਦਲ ਜਾਏਗਾ। ਜਦੋਂ ਸ਼ਾਂਤੀ ਨਿਕੇਤਨ ਵਿਚ ਪੜ੍ਹਾਉਂਦਾ ਸਾਂ, ਤਦ ਪਿੰਡੀ ਤੋਂ ਕਲਕੱਤੇ ਥਰਡ ਕਲਾਸ ਵਿਚ ਹੀ ਜਾਂਦਾ ਸਾਂ ਤੇ ਪ੍ਰਾਂਤ-ਪ੍ਰਾਂਤ ਹੋਣ ਵਾਲੇ ਪਰਿਵਰਤਨ ਦੇਖ ਕੇ ਬੜਾ ਮਜ਼ਾ ਆਉਂਦਾ ਸੀ। ਸਕੈਚ ਬਣਾਉਣ ਦਾ ਅੱਛਾ ਖਾਸਾ ਅਭਿਆਸ ਹੋ ਗਿਆ ਸੀ ਉਹਨੀਂ ਦਿਨੀਂ। ਇਕ ਖਾਲੀ ਬੈਂਚ ਚੁਣ ਕੇ ਬੈਠ ਗਏ ਦੋਨੋਂ। ਸਾਹਮਣੇ ਗੋਆ ਵੱਲ ਦਾ ਬੁੱਢਾ ਈਸਾਈ ਤੇ ਉਸ ਦੀ ਪਤਨੀ ਬੈਠੇ ਸਨ। ਸਕੈਚ ਬਣਾਉਣ ਲਈ ਉਨ੍ਹਾਂ ਦੇ ਚਿਹਰੇ ਲਾਜਵਾਬ ਸਨ, ਪਰ ਹੁਣ ਸਕੈਚ ਬਣਾਉਣ ਦੀ ਜਾਚ ਕਿਹਨੂੰ ਸੀ? ਫੇਰ ਵੀ ਇਥੇ ਆ ਕੇ ਖੁਲ੍ਹੇਪਣ ਦਾ ਇਹਸਾਸ ਹੋਇਆ।

"ਬੰਗਲੌਰ ਕਿਸੇ ਸ਼ੂਟਿੰਗ 'ਤੇ ਜਾ ਰਹੇ ਹੋ ਜਾਂ ਕਿਸੇ ਹੋਰ ਕੰਮ ਲਈ?"

ਮੈਂ ਅੱਖਾਂ ਪਾੜ ਕੇ ਵਿਅੰਗ ਭਰੀ ਨਜ਼ਰ ਨਾਲ ਉਸ ਵਲ ਵੇਖਦਿਆਂ ਕਿਹਾ... "ਇਕ ਸਭਿਆਚਾਰਕ ਸਮਾਰੋਹ ਦਾ ਉਦਘਾਟਨ ਕਰਨ।"

"ਮੈਂ ਸਮਝ ਗਿਆ... ਅਤੇ ਉਹ ਜ਼ੋਰ ਨਾਲ ਹੱਸਿਆ। ਏਨੇ ਜ਼ੋਰ ਨਾਲ ਹੱਸਣਾ ਕੁਝ ਬੇਮੌਕਾ ਜਿਹਾ ਲੱਗਾ ਮੈਨੂੰ। ਵਿਅੰਗ ਨੂੰ ਸਮਝਣ ਦੀ ਮਹਾਂਰਾਸ਼ਟਰੀਆਂ ਦੀ ਸ਼ਕਤੀ ਅਸਾਧਾਰਣ ਹੁੰਦੀ ਹੈ, ਜਾਂ ਸ਼ਾਇਦ ਰੰਮ ਜ਼ਿਮੇਂਦਾਰ ਸੀ।

"ਤੇ ਤੁਸੀਂ ਗੋਆ ਕੀ ਕਰਨ ਜਾ ਰਹੇ ਹੋ?"

"ਮੈਂ ਵੀ ਭਾੜ-ਝੋਂਕਣ ਹੀ ਜਾ ਰਿਹਾ ਹਾਂ...।" ਕਹਿ ਕੇ ਉਹ ਹੋਰ ਵੀ ਜ਼ੋਰ ਨਾਲ ਹੱਸਿਆ। ਏਨਾ ਕਿ ਕੁਝ ਮੁਸਾਫਰ ਚੌਂਕ ਪਏ।

"ਭਾੜ-ਝੋਂਕਣ ਦੀ ਦੁਨੀਆਂ ਤੋਂ ਹੁਣ ਤੁਸੀਂ ਬਾਹਰ ਜਾ ਚੁੱਕੇ ਹੋ। ਪਹਿਲੇ ਸੁਣਦਾ ਸਾਂ, ਪਰ ਅੱਜ ਮੈਨੂੰ ਦੇਖ ਕੇ ਯਕੀਨ ਹੀ ਹੋ ਗਿਆ ਹੈ।"

"ਤੁਸੀਂ ਵੀ ਤਾਂ ਉਸ ਦੁਨੀਆਂ ਵਿਚ ਖੁਸ਼ ਨਹੀਂ ਹੋ, ਕਿਉਂ ਨਹੀਂ ਫ਼ਿਲਮਾਂ ਤੋਂ ਬਾਹਰ ਆ ਜਾਂਦੇ? ਅਚਯੁਤ ਨਾਲ ਅਕਸਰ ਤੁਹਾਡਾ ਜ਼ਿਕਰ ਹੁੰਦਾ ਰਹਿੰਦਾ ਹੈ।"

ਮੇਰੇ ਬਹੁਤ ਨਜ਼ਦੀਕੀ ਮਿੱਤਰਾਂ ਵਿਚੋਂ ਪਹਿਲਾਂ ਅੰਮ੍ਰਿਤ ਲਾਲ ਨਾਗਰ ਭੱਜ ਗਿਆ ਸੀ ਫ਼ਿਲਮਾਂ ਨੂੰ ਲੰਮੀ ਸਲਾਮ ਕਰ ਕੇ। ਜਾ ਬੈਠਾ ਆਪਣੇ ਵਤਨ ਲਖਨਊ ਦੀਆਂ ਗਲੀਆਂ ਵਿਚ। ਇਕ ਤੋਂ ਬਾਅਦ ਇਕ ਕਿੰਨੇ ਹੀ ਅਨੂਪਮ ਉਪਨਿਆਸ ਲਿਖ ਮਾਰੇ। ਦੂਜਾ ਭੱਜਿਆ ਸੀ ਅਚਯੁਤ ਰਾਨਾਡੇ। ਦਸ ਸਾਲਾਂ ਤੋਂ ਜਰਵਾੜਾ ਜੇਲ੍ਹ ਦੇ ਕੈਦੀਆਂ ਨੂੰ ਮੁੜ ਵਸਾਉਣ ਦੀ ਸੇਵਾ ਕਰਦਾ ਹੈ... ਬਿਨਾ ਕਿਸੇ ਤਨਖਾਹ ਦੇ। ਅਸਚਰਜਮਈ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਉਸ ਤੋਂ, ਜਦੋਂ ਵੀ ਉਹ ਮਿਲਦਾ ਹੈ। ਜਿਸ ਤਰ੍ਹਾਂ ਜ਼ਿੰਦਗੀ ਦੀ ਕੁੱਖ ਤੋਂ ਤਾਜ਼ਾ ਲਹੂ ਮਾਸ ਦੇ ਟੁਕੜੇ ਨਿਕਾਲ ਕੇ ਲਿਆਇਆ ਹੋਵੇ।

ਉਸ ਨੇ ਦੱਸਿਆ ਕਿ ਇਕ ਵਾਰੀ ਉਹ ਫਾਂਸੀ ਵਾਲੇ ਵਾਰਡ ਵਿਚੋਂ ਦੀ ਗੁਜ਼ਰ ਰਿਹਾ ਸੀ, ਇਕ ਕੈਦੀ ਨੇ ਉਸ ਨੂੰ ਬੁਲਾਇਆ... "ਮੈਨੂੰ ਫਾਂਸੀ ਦੀ ਸਜ਼ਾ ਹੋ ਗਈ ਹੈ, ਮੇਰੀ ਦਸਤਾਂ ਸੁਣੋ! ਮੈਂ ਕੁਝ ਨਹੀਂ ਕੀਤਾ ਸੀ।"

ਜਦੋਂ ਉਹ ਕੈਦੀ ਸੋਲ੍ਹਾਂ ਵਰ੍ਹਿਆਂ ਦਾ ਸੀ, ਉਸ ਦੇ ਪਿੰਡ ਝਗੜਾ ਹੋਇਆ। ਪਿੰਡ ਕੋਲ੍ਹਾਪੁਰ ਇਲਾਕੇ ਵਿਚ ਸੀ। ਓਦੋਂ ਕੋਲ੍ਹਾਪੁਰ ਰਿਆਸਤ ਸੀ। ਦੋ ਦਲ ਲੜੇ। ਇਕ ਆਦਮੀ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ। ਬਾਅਦ ਵਿਚ ਮਰ ਗਿਆ। ਪੁਲਿਸ ਨੇ ਸ਼ੱਕ ਵਿਚ ਕਈ ਹੋਰ ਆਦਮੀਆਂ ਦੇ ਨਾਲ ਇਸ ਲੜਕੇ ਨੂੰ ਵੀ ਫੜ ਲਿਆ ਅਤੇ ਹਵਾਲਾਤ ਬੰਦ ਕਰ ਦਿੱਤਾ। ਜਿਸ ਕੋਠੜੀ ਵਿਚ ਇਹ ਬੰਦ ਸੀ, ਉਸ ਵਿਚ ਇਕ ਛਟਿਆ ਹੋਇਆ ਬਦਮਾਸ਼ ਵੀ ਸੀ। ਉਸ ਬਦਮਾਸ਼ ਨੇ ਰਾਤ ਸਮੇਂ ਹਵਾਲਾਤ ਤੋੜੀ ਅਤੇ ਇਸ ਨੂੰ ਵੀ ਨਾਲ ਹੀ ਭਜਾ ਕੇ ਬੰਬਈ ਲੈ ਗਿਆ। ਉਥੇ ਇਸ ਨੂੰ ਕਾਰਖਾਨੇ ਵਿਚ ਨੌਕਰੀ ਮਿਲ ਗਈ। ਪਿਛੋਂ ਮੁਕੱਦਮਾ ਚੱਲਿਆ। ਇਕ ਵਿਅਕਤੀ ਨੂੰ ਉਮਰ ਕੈਦ ਹੋ ਗਈ ਤੇ ਇਸ ਨੂੰ ਭਗੌੜਾ (ਮਫ਼ਰੂਰ) ਕਰਾਰ ਦੇ ਦਿਤਾ ਗਿਆ।

ਦੋ ਤਿੰਨ ਸਾਲ ਬੀਤ ਗਏ। ਇਕ ਦਿਨ ਇਸ ਨੂੰ ਆਪਣੇ ਪਿੰਡ ਦਾ ਇਕ ਆਦਮੀ ਮਿਲਿਆ। ਉਸ ਨੇ ਦੱਸਿਆ ਕਿ ਉਸ ਦੀ ਮਾਂ ਬਹੁਤ ਬੀਮਾਰ ਹੈ। ਰਹਿ ਨਾ ਸਕਿਆ। ਮਾਂ ਨੂੰ ਮਿਲਣ ਚਲਾ ਗਿਆ। ਪਿੰਡ ਵਾਲਿਆਂ ਨੇ ਤਰਸ ਖਾ ਕੇ ਉਸ ਨੂੰ ਲੁਕੋ ਲਿਆ। ਮਾਂ ਮਰ ਗਈ। ਉਸ ਦੇ ਬਾਅਦ ਤੇਰਾਂ ਸਾਲ ਉਸ ਨੇ ਘਰ ਨੂੰ ਸੰਭਾਲਿਆ। ਭੈਣਾਂ ਭਰਾਵਾਂ ਦੇ ਵਿਆਹ ਕੀਤੇ। ਜਦੋਂ ਕਦੇ ਪੁਲਿਸ ਉਸ ਪਾਸੇ ਚੱਕਰ ਮਾਰਦੀ, ਪਿੰਡ ਵਾਲੇ ਉਸ ਨੂੰ ਛੁਪਾ ਲੈਂਦੇ।

ਤੇਰਾਂ ਸਾਲ ਬਾਅਦ ਉਹ ਆਦਮੀ ਜਿਸ ਨੂੰ ਉਮਰਕੈਦ ਹੋਈ ਸੀ, ਮਿਆਦ ਪੂਰੀ ਕਰ ਕੇ ਆ ਗਿਆ। ਉਸ ਨੇ ਇਸ ਨੂੰ ਕਿਹਾ, "ਹੁਣ ਲੁਕਣ ਦੀ ਕੋਈ ਜ਼ਰੂਰਤ ਨਹੀਂ ਹੈ। ਸਜ਼ਾ ਭੁਗਤੀ ਜਾ ਚੁੱਕੀ ਹੈ।" ਇਸ ਨੇ ਥਾਣੇ ਜਾ ਕੇ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਮੁਕੱਦਮਾ ਚਲਿਆ। ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਜਿਸ ਜ਼ਮਾਨੇ ਵਿਚ ਖੂਨ ਹੋਇਆ ਸੀ, ਉਸ ਵੇਲੇ ਰਿਆਸਤੀ ਕਾਨੂੰਨ ਮੁਤਾਬਕ ਨਾਬਾਲਗ ਅਪਰਾਧੀ ਨੂੰ ਕੋਈ ਰਿਆਇਤ ਨਹੀਂ ਸੀ।

ਅਚਯੁਤ ਨੇ ਸੁਣੀ ਇਸ ਦੀ ਕਹਾਣੀ। ਸੱਚ ਲੱਗੀ! ਉਹ ਉਸ ਲਈ ਲੜਿਆ। ਕਿਸੇ ਤਰ੍ਹਾਂ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਾ ਦਿੱਤੀ।

ਐਸੀਆਂ ਅਨੇਕ ਕਹਾਣੀਆਂ ਉਹ ਸੁਣਾਉਂਦਾ ਹੈ। ਫਿਲਮਾਂ ਅਤੇ ਮਾਸਕ ਪੱਤਰਾਂ ਦੀਆਂ ਢੇਰ ਸਾਰੀਆਂ ਕਹਾਣੀਆਂ ਉਹਨਾਂ ਉਪਰੋਂ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ।

"ਕੀ ਹਾਲ ਹੈ ਅਚਯੁਤ ਦਾ? ਪਿਛਲੀ ਦਿਨੀਂ ਸੁਣਿਆ ਕੁਝ ਬੀਮਾਰ ਸੀ।"

"ਬਲੱਡ ਪ੍ਰੈਸ਼ਰ ਹੋ ਗਿਆ ਸੀ। ਹੁਣ ਠੀਕ ਹੈ, ਬਲਕਿ ਅੱਜ ਹੀ ਸਟੇਸ਼ਨ ਆਉਂਦਿਆਂ ਹੋਇਆਂ ਉਸ ਨਾਲ ਮੁਲਾਕਾਤ ਹੋਈ ਸੀ। ਬੜਾ ਦੁਖੀ ਨਜ਼ਰ ਆ ਰਿਹਾ ਸੀ ਵਿਚਾਰਾ। ਇਕ ਕੈਦੀ ਨੂੰ ਕੱਲ੍ਹ ਸਵੇਰੇ ਫਾਂਸੀ ਲਗਣ ਵਾਲੀ ਹੈ। ਕਈ ਦਿਨਾਂ ਤੋਂ ਅਚਯੁਤ ਉਸ ਦੇ ਪਿਛੇ ਲਗਿਆ ਹੋਇਆ ਸੀ ਕਿ ਰਾਸ਼ਟਰਪਤੀ ਨੂੰ ਭੇਜੀ ਜਾਣ ਵਾਲੀ ਰਹਿਮ ਦੀ ਅਪੀਲ 'ਤੇ ਦਸਤਖ਼ਤ ਕਰ ਦੇਵੇ। ਇਸ ਤਰ੍ਹਾਂ ਘੱਟ ਤੋਂ ਘੱਟ ਇਕ ਸਾਲ ਲਈ ਉਸ ਨੂੰ ਫਾਂਸੀ ਲੱਗਣ ਤੋਂ ਬਚਾਇਆ ਜਾ ਸਕਦਾ ਸੀ। ਹਾਈਕੋਰਟ, ਸੁਪਰੀਮ ਕੋਰਟ ਸਭ ਜਗ੍ਹਾ ਅਪੀਲਾਂ ਖਾਰਜ ਹੋ ਚੁੱਕੀਆਂ ਸਨ, ਪਰ ਉਹ ਦਸਤਖ਼ਤ ਕਰਨ ਲਈ ਤਿਆਰ ਨਹੀਂ ਹੋਇਆ। ਇਹੀ ਕਹਿੰਦਾ ਰਿਹਾ ਕਿ ਅਜਿਹਾ ਕਰਨ ਨਾਲ ਜੁਰਮ ਦਾ ਇਕਬਾਲ ਹੋ ਜਾਵੇਗਾ। ਇਹ ਗੱਲ ਉਸ ਦੇ ਦਿਮਾਗ ਵਿਚ ਆਉਂਦੀ ਹੀ ਨਹੀਂ ਸੀ ਕਿ ਦਸਤਖ਼ਤ ਨਾ ਕਰਨ ਕਰ ਕੇ ਕੁਝ ਦਿਨਾਂ ਦੇ ਅੰਦਰ ਹੀ ਉਸ ਨੂੰ ਫਾਂਸੀ ਹੋ ਜਾਵੇਗੀ। ਉਸ ਨੂੰ ਯਕੀਨ ਸੀ ਕਿ ਉਸ ਨੂੰ ਫਸਾਉਣ ਵਾਲੀ ਕੋਈ ਚਾਲ ਖੇਡੀ ਜਾ ਰਹੀ ਹੈ। ਅੱਜ ਤੱਕ ਕਿਸੇ ਕੈਦੀ ਨੇ ਅਚਯੁਤ 'ਤੇ ਅਜਿਹਾ ਸ਼ੱਕ ਨਹੀਂ ਕੀਤਾ ਸੀ। ਅੱਜ ਅਖੀਰੀ ਦਿਨ ਸੀ। ਅੱਜ ਵੀ ਨਹੀਂ ਮੰਨਿਆ ਉਹ ਮੂਰਖ। ਕੱਲ੍ਹ ਸਵੇਰੇ ਜ਼ਰੂਰ ਉਸ ਨੂੰ ਅਚਯੁਤ ਦੀ ਗੱਲ ਸਮਝ ਵਿਚ ਆਏਗੀ, ਪਰ ਓਦੋਂ ਤੱਕ ਫਾਂਸੀ ਦਾ ਰੱਸਾ ਉਸ ਦੇ ਗਲ ਵਿਚ ਪੈ ਚੁੱਕਿਆ ਹੋਵੇਗਾ।"

"ਕੀ ਪਤਾ ਉਹ ਨਿਰਦੋਸ਼ ਹੀ ਹੋਵੇ।"

"ਮੈਂ ਵੀ ਅਚਯੁਤ ਨੂੰ ਇਹ ਹੀ ਕਿਹਾ ਸੀ, ਪਰ ਉਹ ਕਹਿੰਦਾ ਸੀ, ਇਹ ਗੱਲ ਨਹੀਂ ਹੈ। ਖੂਨ ਤਾਂ ਉਸ ਨੇ ਕੀਤਾ ਹੈ ਅਤੇ ਬੜਾ ਭਿਆਨਕ ਖੂਨ।"

ਸਾਹਮਣੇ ਵਾਲੀ ਸੀਟ 'ਤੇ ਬੈਠੇ ਈਸਾਈ ਬਜ਼ੁਰਗ ਨੇ ਇਕ ਲੰਮਾ ਸਾਹ ਭਰਿਆ ਅਤੇ ਸੱਜੇ ਹੱਥ ਨਾਲ ਆਪਣੇ ਮੋਢਿਆਂ ਤੇ ਮੱਥੇ ਨੂੰ ਛੋਹ ਕੇ ਸਲੀਬੀ ਨਿਸ਼ਾਨ ਬਣਾਇਆ। ਸਪਸ਼ਟ ਸੀ ਕਿ ਇਸ ਉਮਰ ਵਿਚ ਵੀ ਉਸ ਦੀ ਸੁਣਨ ਦੀ ਸ਼ਕਤੀ ਕਾਫ਼ੀ ਤੇਜ਼ ਸੀ। ਕਤਲ-ਖੂਨ ਦੀ ਦਾਸਤਾਂ ਸੁਣਨ ਲਈ ਹੋਰ ਤੇਜ਼ ਹੋ ਗਈ ਹੋਵੇਗੀ। ਫੇਰ ਵੀ ਫਾਂਸੀ ਲਗਣ ਵਾਲੇ ਲਈ ਉਸ ਦਾ ਹਮਦਰਦੀ ਦਿਖਾਉਣਾ ਸੀ, ਮੈਨੂੰ ਚੰਗਾ ਲਗਾ।

ਕਾਮਲੇ ਕਹਿ ਰਿਹਾ ਸੀ- "ਅਚਯੁਤ ਕਹਿੰਦਾ ਸੀ, ਅਗਰ ਕੈਦੀ ਦੇ ਆਪਣੇ ਦੇਸ਼ ਦਾ ਕੋਈ ਆਦਮੀ ਨਾਲ ਹੁੰਦਾ ਤਾਂ ਸ਼ਾਇਦ ਉਸ ਨੂੰ ਠੀਕ ਰਸਤੇ 'ਤੇ ਲਿਆਂਦਾ ਜਾ ਸਕਦਾ ਸੀ, ਪਰ ਉਸ ਦਾ ਕੋਈ ਵੀ ਸਾਕ ਸਬੰਧੀ ਉਸ ਨੂੰ ਮਿਲਣ ਨਹੀਂ ਆਇਆ। ਗੜ੍ਹਵਾਲ ਦੇ ਪਾਸੇ ਦਾ ਅਨਪੜ੍ਹ ਜਿਹਾ ਆਦਮੀ ਹੈ।"

ਮੇਰਾ ਧਿਆਨ ਖਿੜਕੀ ਤੋਂ ਬਾਹਰ ਚਲਾ ਗਿਆ। ਧਰਤੀ 'ਤੇ ਖਿੜਕੀਆਂ ਵਿਚੋਂ ਡਲ੍ਹਕ ਰਹੀ ਰੋਸ਼ਨੀ ਸੁਨਹਿਰੀ ਜ਼ੰਜੀਰੀ ਦੀ ਤਰ੍ਹਾਂ ਗੱਡੀ ਦੇ ਨਾਲ ਨਾਲ ਦੌੜੀ ਜਾ ਰਹੀ ਸੀ, ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਮੈਂ ਆਪਣੇ ਬਚਪਨ ਵਿਚ ਪੋਠੋਹਾਰ ਦੀ ਧਰਤੀ 'ਤੇ ਦੇਖਦਾ ਹੁੰਦਾ ਸਾਂ। ਕਦੇ ਉਹ ਜ਼ੰਜੀਰੀ ਟਿੱਲਿਆਂ ਤੋਂ ਦੀ ਛਲਾਂਗ ਮਾਰ ਕੇ ਗੱਡੀ ਦੇ ਬਰਾਬਰ ਆ ਜਾਂਦੀ ਸੀ, ਕਦੀ ਘੜੀ ਪਲ ਲਈ ਘੜੰਮ ਕਰ ਕੇ ਕਿਸੇ ਨਾਲੇ ਦੀ ਛਾਤੀ 'ਤੇ ਗਿਰ ਪੈਂਦੀ ਸੀ, ਕਦੇ ਕਿਸੇ ਸੁਰੰਗ ਦੀ ਦੀਵਾਰ ਨੂੰ ਪੁਸਤਕ ਦੇ ਛਾਪੇ ਦੀ ਤਰ੍ਹਾਂ ਚਿਤਰ ਜਾਂਦੀ ਸੀ। ਅਤੇ ਗੱਡੀ ਇਨ੍ਹਾਂ ਪਰਛਾਵਿਆਂ ਦੀ ਦੌੜ ਤੋਂ ਬੇਖਬਰ, ਜਿਸ ਤਰ੍ਹਾਂ ਆਪਣੇ ਵੱਛੇ ਦੀ ਉਛਲ ਕੁੱਦ ਤੋਂ ਮਾਂ ਬੇਖ਼ਬਰ ਹੁੰਦੀ ਹੈ, ਸਾਫ ਬਰਾਬਰ ਰਫ਼ਤਾਰ ਨਾਲ ਤੁਰੀ ਜਾ ਰਹੀ ਸੀ। ਐਵੇਂ ਹੀ ਮੈਨੂੰ ਖਿਆਲ ਆਇਆ ਕਿ ਜੇ ਅਚਯੁਤ ਉਸ ਕੈਦੀ ਨੂੰ ਕਹਿੰਦਾ ਕਿ 'ਰਹਿਮ ਵਾਲੀ' ਅਪੀਲ ਕੇਵਲ ਉਸ ਨੂੰ ਪੂਨਾ ਦੀ ਬਜਾਏ ਉਸ ਦੇ ਆਪਣੇ ਵਤਨ ਗੜ੍ਹਵਾਲ ਲੈ ਜਾ ਕੇ ਫਾਂਸੀ ਦੇਣ ਲਈ ਕੀਤੀ ਜਾ ਰਹੀ ਹੈ ਤਾਂ ਉਹ ਦਸਤਖ਼ਤ ਕਰਨ ਲਈ ਜ਼ਰੂਰ ਮੰਨ ਜਾਂਦਾ।

ਕਾਮਲੇ ਨੇ ਕਿਹਾ- "ਮੈਂ ਜੇਲ੍ਹ ਦੇ ਬਾਰੇ ਵੀ ਇਕ ਡਾਕੂਮੈਂਟਰੀ ਬਣਾਈ ਹੈ। ਬਹੁਤ ਮੌਕਾ ਮਿਲਿਆ ਕੈਦੀਆਂ ਦੀ ਜ਼ਿੰਦਗੀ ਨੂੰ ਸਟੱਡੀ ਕਰਨ ਦਾ। ਮੇਰਾ ਅਨੁਮਾਨ ਹੈ ਕਿ ਦੋ ਚਾਰ ਮਹੀਨੇ ਫਾਂਸੀ ਦੀ ਕੋਠੜੀ ਵਿਚ ਰਹਿਣ ਬਾਅਦ ਕੈਦੀ ਨੀਮ ਪਾਗਲ ਜਿਹਾ ਹੋ ਜਾਂਦਾ ਹੈ। ਵਹਿਮ ਦੀ ਦੁਨੀਆਂ ਹੀ ਉਸ ਲਈ ਅਸਲੀ ਦੁਨੀਆਂ ਬਣ ਜਾਂਦੀ ਹੈ।

"ਠੀਕ ਗੱਲ ਹੈ। ਚਾਰ ਪੰਜ ਮਹੀਨੇ ਮੈਂ ਵੀ ਜੇਲ੍ਹ ਕੱਟ ਚੁੱਕਿਆ ਹਾਂ, ਬਲਕਿ ਕੁਛ ਲੋਕ ਤਾਂ ਕਹਿੰਦੇ ਹਨ ਕਿ ਮੇਰੇ ਚਿਹਰੇ ਦਾ ਐਕਸਪ੍ਰੈਸ਼ਨ ਅਜੇ ਵੀ ਜੇਲ੍ਹ ਦੇ ਕੈਦੀਆਂ ਵਰਗਾ ਹੈ।"

ਕਾਮਲੇ ਠਹਾਕਾ ਮਾਰ ਕੇ ਹੱਸ ਪਿਆ, "ਹੋ ਸਕਦਾ ਹੈ। ਮੈਂ ਗੌਰ ਨਹੀਂ ਕੀਤਾ।"

"ਪਰ ਮੈਂ ਖੁਦ ਸਹਿਮਤ ਨਹੀਂ ਹਾਂ।" ਮੈਂ ਕਿਹਾ- "ਪੰਦਰਾਂ ਸਾਲ ਫ਼ਿਲਮਾਂ ਵਿਚ ਕੰਮ ਕਰਨ ਬਾਅਦ ਮੇਰੇ ਚਿਹਰੇ ਦਾ ਐਕਸਪ੍ਰੈਸ਼ਨ ਕਿਸੇ ਵੇਸਵਾ ਜਾਂ ਜੁਆਰੀ ਵਰਗਾ ਹੋਣਾ ਜ਼ਿਆਦਾ ਸੁਭਾਵਿਕ ਹੈ।"

ਕਾਮਲੇ ਹੋਰ ਵੀ ਜ਼ਿਆਦਾ ਜ਼ੋਰ ਨਾਲ ਹੱਸਿਆ। ਮੁਸਾਫਰ ਫੇਰ ਮੁੜ ਮੁੜ ਕੇ ਦੇਖਣ ਲੱਗੇ।

"ਅਚਯੁਤ ਦੀ ਤਰ੍ਹਾਂ ਤੁਸੀਂ ਵੀ ਹੁਣ ਜੀਵਨ ਤੋਂ ਜ਼ਿਆਦਾ ਸੰਤੁਸ਼ਟ ਲਗਦੇ ਹੋ। ਕਿਉਂ, ਠੀਕ ਹੈ ਨਾ?" ਮੈਂ ਕਿਹਾ।

"ਬਿਲਕੁਲ, ਸਾਹਨੀ ਸਾਹਿਬ। ਇਕ ਤਾਂ ਪੂਨੇ ਮੇਰਾ ਆਪਣਾ ਘਰ ਹੈ। ਬੰਬਈ ਵਿਚ ਮੋਟਰ ਬਿਨਾਂ ਸੜਕ 'ਤੇ ਆਉਂਦਿਆਂ ਮੈਨੂੰ ਝਿਜਕ ਮਹਿਸੂਸ ਹੁੰਦੀ ਸੀ। ਇਥੋਂ ਮਜ਼ੇ ਨਾਲ ਸਾਈਕਲ 'ਤੇ ਘੁੰਮਦਾ ਹਾਂ, ਜਿਸ ਤਰ੍ਹਾਂ ਕਾਲਜ ਦੇ ਜ਼ਮਾਨੇ ਕਰਿਆ ਕਰਦਾ ਸਾਂ। ਦੋਸਤਾਂ ਦੇ ਘਰ ਜਾਣਾ ਹੋਵੇ ਤਾਂ ਪਹਿਲਾਂ ਟੈਲੀਫੋਨ ਕਰ ਕੇ ਅਪਾਇੰਟਮੈਂਟ ਨਹੀਂ ਲੈਣੀ ਪੈਂਦੀ। ਜਦੋਂ ਵੀ ਚਾਹੋ ਕਿਸੇ ਦੋਸਤ ਨਾਲ ਘੰਟਿਆਂ ਬੱਧੀ ਬੈਠਿਆ ਜਾ ਸਕਦਾ ਹੈ। ਦਿਮਾਗ਼ ਤਾਜ਼ਾ ਹੁੰਦਾ ਹੈ, ਨਵੀਆਂ ਗੱਲਾਂ ਸੁਝਦੀਆਂ ਹਨ, ਮਾਲੂਮ ਹੁੰਦਾ ਹੈ, ਜੀ ਰਹੇ ਹਾਂ। ਬੰਬਈ ਵਿਚ ਤਾਂ ਆਦਮੀ ਦਿਨ ਕੱਟਦਾ ਹੈ। ਖਾਸ ਤੌਰ 'ਤੇ ਫਿਲਮਾਂ ਵਾਲਿਆਂ ਨੇ ਤਾਂ ਆਰਟਫੀਸ਼ੈਲਿਟੀ ਦੀ ਹੱਦ ਕਰ ਰੱਖੀ ਹੈ।"

"ਭਈ, ਕਿਸਮਤ ਵਾਲੇ ਹੋ। ਬੰਬਈ ਵੀ ਤੁਹਾਡਾ, ਪੂਨਾ ਵੀ ਤੁਹਾਡਾ। ਅਸੀਂ ਲੋਕ ਛੱਡ ਕੇ ਜਾਈਏ ਵੀ ਤਾਂ ਕਿਥੇ? ਸਾਡਾ ਤਾਂ ਵਤਨ ਵੀ ਸਾਥੋਂ ਖੋਹਿਆ ਜਾ ਚੁੱਕਾ ਹੈ।"

"ਤੁਸੀਂ ਮੈਥੋਂ ਹਮਦਰਦੀ ਮੰਗ ਰਹੇ ਹੋ?"

"ਥੋੜ੍ਹੀ ਬਹੁਤ।"

***ਦੋ ਤਿੰਨ ਸਾਲ ਬੀਤ ਗਏ। ਇਕ ਦਿਨ ਇਸ ਨੂੰ ਪਿੰਡ ਦਾ ਆਦਮੀ ਮਿਲਿਆ। ਉਸ ਨੇ ਦੱਸਿਆ ਕਿ ਉਸ ਦੀ ਮਾਂ ਬਹੁਤ ਬੀਮਾਰ ਹੈ। ਰਹਿ ਨਾ ਸਕਿਆ। ਮਾਂ ਨੂੰ ਮਿਲਣ ਚਲਾ ਗਿਆ। ਪਿੰਡ ਵਾਲਿਆਂ ਨੇ ਤਰਸ ਖਾ ਕੇ ਉਸ ਨੂੰ ਲੁਕੋ ਲਿਆ।... ਤੇਰਾਂ ਸਾਲ ਬਾਅਦ ਉਮਰਕੈਦ ਵਾਲਾ ਆਦਮੀ ਘਰ ਆ ਗਿਆ। ਉਸ ਨੇ ਇਸ ਨੂੰ ਕਿਹਾ, "ਹੁਣ ਲੁਕਣ ਦੀ ਜ਼ਰੂਰਤ ਨਹੀਂ। ਸਜ਼ਾ ਭੁਗਤੀ ਜਾ ਚੁੱਕੀ ਹੈ।" ਇਸ ਨੇ ਥਾਣੇ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਮੁਕੱਦਮਾ ਚਲਿਆ। ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਜਿਸ ਜ਼ਮਾਨੇ ਵਿਚ ਖੂਨ ਹੋਇਆ ਸੀ, ਰਿਆਸਤੀ ਕਾਨੂੰਨ ਮੁਤਾਬਕ ਨਾਬਾਲਗ ਅਪਰਾਧੀ ਨੂੰ ਕੋਈ ਰਿਆਇਤ ਨਹੀਂ ਸੀ।...***



*ਸਤਾਰਾ ਜ਼ਿਲ੍ਹੇ ਦਾ ਇਲਾਕਾ ਜੋ ਲਿਖਾਰੀ ਨੂੰ ਉਹਦੇ ਪੋਠੋਹਾਰ ਵਰਗਾ ਲੱਗਿਆ।*

***(ਬਾਕੀ ਅਗਲੇ ਸਫੇ 'ਤੇ)***

"ਇਹ ਤਾਂ ਤੁਹਾਡੀ ਸ਼ਾਨ ਵਿਚ ਗੁਸਤਾਖੀ ਹੋਵੇਗੀ।"

"ਰਹਿਣ ਦਿਓ ਫੇਰ।"

"ਤੁਸੀਂ ਕਹੋਗੇ, ਛੋਟਾ ਮੂੰਹ ਤੇ ਵੱਡੀ ਗੱਲ, ਪਰ ਸਾਹਨੀ ਸਾਹਿਬ, ਮੈਂ ਤੁਹਾਨੂੰ ਸੱਚ ਦੱਸਾਂ, ਅਸੀਂ ਲੋਕ ਜ਼ਿੰਦਗੀ ਤੋਂ ਖਾਹ-ਮਖਾਹ ਡਰਦੇ-ਦਬਦੇ ਰਹਿੰਦੇ ਹਾਂ। ਆਪਣੀ ਡਾਕੂਮੈਂਟਰੀ ਦੇ ਸਿਲਸਿਲੇ ਵਿਚ ਮੈਂ ਦੇਸ਼ ਭਰ ਵਿਚ ਘੁੰਮਿਆ ਹਾਂ। ਕਈ ਜਗ੍ਹਾ ਸ਼ਹਿਰ ਤੋਂ ਸੈਂਕੜੇ ਮੀਲ ਦੂਰ ਭਿਆਨਕ ਜੰਗਲਾਂ ਵਿਚ, ਏਨੇ ਸੰਘਣੇ ਜੰਗਲ ਕਿ ਮੋਟਰ ਤਾਂ ਕੀ, ਬੈਲ ਗੱਡੀ ਵੀ ਉਥੋਂ ਦੀ ਨਾ ਲੰਘ ਸਕੇ, ਆਦਿ ਵਾਸੀਆਂ ਦੀ ਕਿਸੇ ਛੋਟੀ ਜਿਹੀ ਬਸਤੀ ਵਿਚ ਕਿਸੇ ਯੂਰਪੀਅਨ ਜਾਂ ਅਮਰੀਕਨ ਪਾਦਰੀ ਨੂੰ ਬੈਠੇ ਹੋਏ ਦੇਖਿਆ ਹੈ। ਬੁੱਢਾ ਹੋ ਗਿਆ ਹੈ ਉਹ, ਸਾਰੀ ਉਮਰ ਉਨ੍ਹਾਂ ਲੋਕਾਂ ਵਿਚ ਰਹਿੰਦੇ ਰਹਿੰਦੇ; ਆਪਣੇ ਦ੍ਰਿਸ਼ਟੀਕੋਣ ਅਨੁਸਾਰ ਉਨ੍ਹਾਂ ਦੀ ਸੇਵਾ ਕਰਦੇ ਕਰਦੇ, ਪਰ ਉਹ ਖੁਸ਼ ਹੈ। ਬੇਹੱਦ ਖੁਸ਼। ਪੈਸੇ ਦਾ ਲਾਲਚ ਇਨਸਾਨ ਨੂੰ ਕਾਇਰ ਬਣਾ ਦਿੰਦਾ ਹੈ ਸਾਹਨੀ ਸਾਹਿਬ। ਵਰਨਾ ਇਨਸਾਨ ਕਿਧਰੇ ਵੀ ਸੰਤੁਸ਼ਟ ਹੋ ਸਕਦਾ ਹੈ। ਸ਼ਰਤ ਇਹ ਕਿ ਜੀਵਨ ਵਿਚ ਕੋਈ ਲਗਨ ਹੋਵੇ। ਕੰਮ ਆਪਣੀ ਪਸੰਦ ਦਾ ਹੋਵੇ ਅਤੇ ਫੇਰ ਸਾਡਾ ਦੇਸ਼ ਏਨਾ ਵਿਸ਼ਾਲ ਹੁੰਦਾ ਹੋਏ ਵੀ ਇਸ ਵਿਚ ਸਭਿਆਚਾਰਕ ਏਕਤਾ ਇਸ ਹੱਦ ਤੱਕ ਹੈ। ਸਾਡੇ ਨੇਤਾ ਕਹਿੰਦੇ ਹਨ ਕਿ 'ਸਾਨੂੰ ਭਾਵਾਤਮਕ ਏਕਤਾ ਪੈਦਾ ਕਰਨੀ ਚਾਹੀਦੀ ਹੈ, ਪਰ ਭਾਵਾਤਮਕ ਏਕਤਾ ਤਾਂ ਪਹਿਲੇ ਹੀ ਮੌਜੂਦ ਹੈ। ਜ਼ਰੂਰਤ ਹੈ ਸਿਰਫ਼ ਪੁਰਾਣੇ ਪਿੱਟੇ ਹੋਏ ਰਸਤਿਆਂ ਨੂੰ ਛੱਡ ਕੇ ਨਵੇਂ ਰਸਤਿਆਂ ਨੂੰ ਫੜਨ ਦੀ। ਆਪਣੇ ਦੇਸ਼ ਨੂੰ ਦੇਖਣ ਅਤੇ ਪਛਾਣਨ ਦੀ...।"

ਮੈਨੂੰ ਉਸ ਦੀਆਂ ਗੱਲਾਂ ਦਾ ਸੁਆਦ ਆਉਣ ਲੱਗਾ ਅਤੇ ਹੁਣ ਉਸ ਨੇ ਵੀ ਆਪਣੀ ਯਾਦ ਅਨੁਸਾਰ ਅਸਚਰਜ ਜਨਕ ਆਪਬੀਤੀਆਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ। ਵਿਨੋਭਾ ਭਾਵੇ ਨਾਲ ਪਦ ਯਾਤਰਾ ਦਾ ਹਾਲ। ਕੋਇਲੇ ਦੀਆਂ ਖਾਨਾਂ ਵਿਚ ਮਜ਼ਦੂਰਾਂ ਨਾਲ ਕੀ ਕੀ ਹੁੰਦਾ ਹੈ। ਜੇ ਜ਼ਿੰਦਾ ਹੀ ਦੱਬੇ ਜਾਣ ਤਾਂ ਇਹ ਦੱਸਣ ਲਈ, ਕਿ ਉਸ ਦਿਨ ਉਹ ਕੰਮ 'ਤੇ ਹੀ ਨਹੀਂ ਆਏ, ਹਾਜ਼ਰੀ ਦੇ ਦੋਹਰੇ ਰਜਿਸਟਰ ਰੱਖੇ ਜਾਂਦੇ ਹਨ। ਦੱਬੇ ਹੋਏ ਮਜ਼ਦੂਰਾਂ ਨੂੰ ਕੱਢਣ ਲਈ ਕੌਣ ਪੈਸਾ ਤੇ ਸਮਾਂ ਬਰਬਾਦ ਕਰਦਾ ਫਿਰੇ! ਕਿਸ ਤਰ੍ਹਾਂ ਖਾਨ ਦੇ ਇੰਸਪੈਕਟਰ ਦੀ ਮੁੱਠੀ ਗਰਮ ਕਰ ਕੇ ਥੱਲੇ ਸਾਫ਼ ਹਵਾ ਲੈ ਜਾਣ ਲਈ ਖੁੱਲ੍ਹੇ ਪਾਈਪ ਲਗਾਉਣ ਦੀ ਬਜਾਏ ਤੰਗ ਪਾਈਪ ਲਗਾ ਦਿੱਤੇ ਜਾਂਦੇ ਹਨ। ਕਿਸ ਤਰ੍ਹਾਂ ਸਾਹ ਘੁਟਣ ਨਾਲ ਵਾਰ ਵਾਰ ਬੇਹੋਸ਼ ਹੋ ਜਾਂਦੇ ਹਨ ਮਜ਼ਦੂਰ। ਕਿਸ ਤਰ੍ਹਾਂ ਦੇਸ਼ ਦੇ ਕੋਨੇ ਕੋਨੇ ਵਿਚ ਉਦਯੋਗਕ ਕ੍ਰਾਂਤੀ ਆ ਰਹੀ ਹੈ ਜਿਸ ਨੂੰ ਅੱਖੀਂ ਦੇਖਣ ਤੋਂ ਬਿਨਾਂ ਮਨੁੱਖ ਕਲਪਨਾ ਵੀ ਨਹੀਂ ਕਰ ਸਕਦਾ। ਕਿਸ ਤਰ੍ਹਾਂ ਪੰਚਾਇਤੀ ਇਲੈਕਸ਼ਨਾਂ ਵਿਚ ਡਾਕੂਆਂ ਤੇ ਗੁੰਡਿਆਂ ਨੂੰ ਵੋਟਾਂ ਦਿਵਾਈਆਂ ਜਾਂਦੀਆਂ ਹਨ। ਕਿਸ ਕਿਸ ਤਰ੍ਹਾਂ ਦੇ ਲੋਕ ਕਿਸ ਕਿਸ ਤਰ੍ਹਾਂ ਦੇ ਪਾਤਰ। ਕਦੀ ਵੀ ਖਤਮ ਨਾ ਹੋਣ ਵਾਲਾ ਸਿਲਸਿਲਾ ਕਹਾਣੀਆਂ ਦਾ।

ਉਸ ਨੇ ਦੱਸਿਆ, ਇਕ ਵਾਰੀ ਮਛੇਰਿਆ ਨਾਲ ਘੁੱਪ ਹਨ੍ਹੇਰੀ ਰਾਤ ਵਿਚ ਡੂੰਘੇ ਸਮੁੰਦਰ ਵਿਚ ਮਛਲੀਆਂ ਪਕੜਨ ਦੇ ਦ੍ਰਿਸ਼ ਦੀ ਸ਼ੂਟਿੰਗ ਕਰ ਰਿਹਾ ਸੀ। ਤੇਜ਼ ਰੋਸ਼ਨੀਆਂ ਲਈ ਲਾਂਚ ਵਿਚ ਜੈਨਰੇਟਰ ਲਗਾਇਆ ਹੋਇਆ ਸੀ। ਇਕ ਉਧੇੜ ਉਮਰ ਦੇ ਮਛੇਰੇ ਦਾ ਪੈਰ ਬਿਜਲੀ ਦੀ ਨੰਗੀ ਤਾਰ 'ਤੇ ਰੱਖਿਆ ਗਿਆ ਅਤੇ ਸ਼ਾਕ ਲਗਦੇ ਹੀ ਉਹ ਸਮੁੰਦਰ ਵਿਚ...!

ਅਚਾਨਕ ਮੈਂ ਦੇਖਿਆ, ਸਾਹਮਣੇ ਬੈਠੇ ਬੁੱਢੇ ਈਸਾਈ ਦਾ ਚਿਹਰਾ ਬੇਚੈਨ ਹੋ ਰਿਹਾ ਸੀ। ਜਿਸ ਤਰ੍ਹਾਂ ਸਾਡੀਆਂ ਗੱਲਾਂ ਸੁਣਨਾ ਉਸ ਲਈ ਅਸਹਿ ਹੋ ਰਿਹਾ ਹੋਵੇ। ਉਸ ਦੀਆਂ ਅੱਖਾਂ ਬਾਹਰ ਦੇਖ ਰਹੀਆਂ ਸਨ। ਚਿਹਰਾ ਤਮਤਮਾ ਰਿਹਾ ਸੀ। ਉਹ ਇਸ ਤਰ੍ਹਾਂ ਸਾਹ ਲੈ ਰਿਹਾ ਸੀ ਜਿਸ ਤਰ੍ਹਾਂ ਪੌੜੀਆਂ ਚੜ੍ਹ ਰਿਹਾ ਹੋਵੇ। ਉਸ ਦੀ ਪਤਨੀ ਵੀ ਚੌਕੰਨੀ ਹੋ ਕੇ ਬੈਠ ਗਈ ਸੀ। ਬੁੱਢੇ ਦੀ ਹਾਲਤ ਦੇਖ ਕੇ ਕਾਮਲੇ ਵੀ ਚੁੱਪ ਹੋ ਗਿਆ।

ਬੁੱਢੀ ਨੇ ਬੁੱਢੇ ਦੀ ਬਾਂਹ ਪਕੜੀ ਅਤੇ ਉਸ ਨੂੰ ਪਲੋਸਣ ਲੱਗੀ। ਕਿਤੇ ਉਸ ਨੂੰ ਕੋਈ ਦੌਰਾ ਤਾਂ ਨਹੀਂ ਸੀ ਪੈ ਰਿਹਾ? ਏਨੇ ਵਿਚ ਗੱਡੀ ਇਕ ਪੁਲ ਤੋਂ ਦੀ ਲੰਘਦੀ ਘੜ ਘੜ ਕਰਨ ਲੱਗੀ। ਬੁੱਢੇ ਨੇ ਫੇਰ ਇਕ ਵਾਰੀ ਮੋਢੇ ਅਤੇ ਮੱਥੇ ਨੂੰ ਛੋਹ ਕੇ ਸਲੀਬ ਦਾ ਨਿਸ਼ਾਨ ਬਣਾਇਆ। ਉਸ ਦੀ ਦੇਖਾ ਦੇਖੀ ਬੁੱਢੀ ਨੇ ਵੀ ਉਸ ਤਰ੍ਹਾਂ ਹੀ ਕੀਤਾ। ਕੋਈ ਬੜਾ ਵੱਡਾ ਪੁਲ ਸੀ। ਪੁਲ ਦਾ ਜੰਗਲਾ ਨਹੀਂ ਸੀ। ਦੂਰ ਥੱਲੇ ਥੋੜ੍ਹਾ ਜਿਹਾ ਪਾਣੀ ਅਤੇ ਚੱਟਾਨਾਂ ਦੇ ਆਕਾਰ ਦਿਖਾਈ ਦੇ ਰਹੇ ਸਨ।

ਪੁਲ ਗੁਜ਼ਰ ਜਾਣ ਤੋਂ ਬਾਅਦ ਬੁੱਢੇ ਦੀ ਤਬੀਅਤ ਕੁਝ ਠੀਕ ਹੋਣ ਲੱਗੀ। ਅਸੀਂ ਦੋਨੋਂ ਕਾਫ਼ੀ ਹੈਰਾਨ ਸਾਂ। ਕਾਮਲੇ ਨੇ ਅੰਗਰੇਜ਼ੀ ਵਿਚ ਕਿਹਾ- "ਆਰ ਯੂ ਫੀਲਿੰਗ ਆਲ ਰਾਈਟ, ਸਰ? ਆਈ ਹੋਪ, ਦਿਅਰ ਇਜ਼ ਨਥਿੰਗ ਰਾਂਗ?"

"ਆਈ ਐਮ ਆਲ ਰਾਈਟ।" ਬੁੱਢੇ ਨੇ ਜਵਾਬ ਦਿੱਤਾ। ਪਲ ਭਰ ਤੋਂ ਬਾਅਦ ਕਾਮਲੇ ਵਲ ਵਕੀਲਾਂ ਦੀ ਤਰ੍ਹਾਂ ਉਂਗਲ ਉਠਾ ਕੇ ਕਹਿਣ ਲੱਗ, "ਆਈ ਐਮ ਆਲਸੋ ਏ ਮਰਡਰਰ।"

"ਇਹ ਤੁਸੀਂ ਕੀ ਕਹਿ ਰਹੇ ਹੋ?" ਕਾਮਲੇ ਨੇ ਕਿਹਾ।

ਬੁੱਢਾ ਗ਼ਲਤ ਕਿਸਮ ਦੀ ਅੰਗਰੇਜ਼ੀ ਤੇਜ਼ੀ ਨਾਲ ਬੋਲਣ ਲੱਗਾ, ਜਿਸ ਤਰ੍ਹਾਂ ਰੁਕੇ ਹੋਏ ਪਾਣੀ ਦਾ ਬੰਨ੍ਹ ਖੋਲ੍ਹ ਦਿੱਤਾ ਜਾਵੇ। ਸਿਗਾਰ ਪੀ ਕੇ ਉਸ ਨੇ ਆਵਾਜ਼ ਕਾਫੀ ਖਰਾਬ ਕਰ ਲਈ ਸੀ। ਦੰਦ ਨਾ ਹੋਣ ਕਰ ਕੇ ਸ਼ਬਦ ਵੀ ਮੂੰਹ ਵਿਚੋਂ ਇਸ ਤਰ੍ਹਾਂ ਨਿਕਲਦੇ ਸਨ ਜਿਸ ਤਰ੍ਹਾਂ ਕੋਈ ਚਿੱਕੜ ਵਿਚ ਸਲੀਪਰ ਪਾ ਕੇ ਚਲ ਰਿਹਾ ਹੋਵੇ।

"ਇਹ ਜਿਹੜਾ ਪੁਲ ਸੀ ਨਾ", ਉਹ ਕਹਿ ਰਿਹਾ ਸੀ- "ਇਥੇ ਮੈਂ ਇਕ ਆਦਮੀ ਦੀ ਹੱਤਿਆ ਕੀਤੀ ਸੀ। ਖੂਨ ਦਾ ਬੋਝ ਸਾਰੀ ਉਮਰ ਛਾਤੀ 'ਤੇ ਰੱਖਣ ਨਾਲੋਂ ਇਕ ਵਾਰੀ ਫਾਂਸੀ ਲੱਗ ਜਾਣਾ ਅੱਛਾ ਹੁੰਦਾ ਹੈ। ਮੈਂ ਰੇਲਵੇ ਡਰਾਈਵਰ ਸੀ। ਬਹੁਤ ਪੁਰਾਣੀ ਗੱਲ ਹੈ ਇਹ... 1910 ਦੀ, 18 ਮਈ 1910 ਦੀ। ਬੜੇ ਜਾਹਿਲ ਹੁੰਦੇ ਸੀ ਲੋਕ ਇਸ ਇਲਾਕੇ ਦੇ ਉਦੋਂ। ਬਿਲਕੁਲ ਜਾਨਵਰ...।"

ਉਸ ਨੇ ਗੁੱਸੇ ਵਿਚ ਚਾਰ ਪੰਜ ਗੰਦੀਆਂ ਗਾਲੀਆਂ ਵੀ ਕੱਢ ਦਿੱਤੀਆਂ, ਮਾਨੋਂ ਉਨ੍ਹਾਂ ਦਿਨਾਂ ਦੇ ਲੋਕ ਉਸ ਦੇ ਸਾਹਮਣੇ ਖੜ੍ਹੇ ਹੋਣ, ਜਿਸ ਤਰ੍ਹਾਂ ਅਜੇ ਤੱਕ ਉਨ੍ਹਾਂ ਨੂੰ ਮੁਆਫ ਨਾ ਕਰ ਸਕਿਆ ਹੋਵੇ।

"ਜਦੋਂ ਵੀ ਉਨ੍ਹਾਂ ਗੰਵਾਰ ਲੋਕਾਂ ਨੇ ਕਿਸੇ ਸਟੇਸ਼ਨ 'ਤੇ ਚੜ੍ਹਨਾ ਉਤਰਨਾ ਹੁੰਦਾ, ਇਕ ਦਮ ਘਬਰਾ ਕੇ ਭੱਜ ਦੌੜ ਮਚਾ ਦਿੰਦੇ। ਬਿਲਕੁਲ ਹੀ ਆਪਣਾ ਖਿਆਲ ਨਹੀਂ ਸੀ ਰਹਿੰਦਾ ਉਨ੍ਹਾਂ ਨੂੰ। ਰਾਤ ਨੂੰ ਕਿਸੇ ਉਜਾੜ ਇਲਾਕੇ ਵਿਚ ਗੱਡੀ ਊਂ ਹੀ ਖੜ੍ਹੀ ਹੋ ਜਾਵੇ ਤਾਂ ਉਹ ਸਮਝਦੇ ਕਿ ਸਟੇਸ਼ਨ ਆ ਗਿਆ ਹੈ ਅਤੇ ਬਿਨਾਂ ਦੇਖੇ ਹੇਠਾਂ ਉਤਰ ਜਾਂਦੇ।... ਉਨ੍ਹਾਂ ਦਾ ਖਿਆਲ ਸੀ ਕਿ ਗੱਡੀ ਬਿਨਾਂ ਸਟੇਸ਼ਨ ਕਿਸੇ ਹੋਰ ਜਗ੍ਹਾ ਖੜ੍ਹੀ ਹੀ ਨਹੀਂ ਹੋ ਸਕਦੀ। ਜੇ ਗੱਡੀ ਕਦੇ ਕਿਸੇ ਪੁਲ 'ਤੇ ਖੜ੍ਹੀ ਹੋ ਜਾਂਦੀ, ਕਿੰਨੇ ਹੀ ਥੱਲੇ ਨਦੀ ਵਿਚ ਡਿੱਗ ਪੈਂਦੇ, ਖਾਸ ਕਰ ਕੇ ਰਾਤ ਦੇ ਸਮੇਂ। ਸੈਂਕੜੇ ਜਾਨਾਂ ਇਸ ਤਰ੍ਹਾਂ ਬਰਬਾਦ ਹੋ ਚੁੱਕੀਆਂ ਸਨ। ਸਾਨੂੰ ਹੁਕਮ ਮਿਲਿਆ, ਚਾਹੇ ਕੁਝ ਵੀ ਕਿਉਂ ਨਾ ਹੋ ਜਾਵੇ, ਰਾਤ ਦੇ ਸਮੇਂ ਗੱਡੀ ਪੁਲ 'ਤੇ ਨਾ ਰੋਕੀ ਜਾਵੇ... ਇਹੀ ਪੁਲ ਜਿਹੜਾ ਹੁਣੇ ਲੰਘਿਆ ਹੈ... (ਕਿਸੇ ਨੰਬਰ ਦੀ ਅੱਪ ਗੱਡੀ ਦਾ ਨਾਮ ਲਿਆ ਉਸ ਨੇ) ਅਚਾਨਕ ਇਕ ਰਾਤ ਦੂਰ ਤੋਂ ਇੰਜਨ ਦੀ ਸਰਚ-ਲਾਈਟ ਨਾਲ ਮੈਂ ਇਕ ਆਦਮੀ ਨੂੰ ਇਸ ਪੁਲ 'ਤੇ ਖੜ੍ਹੇ ਦੇਖਿਆ, ਇਸੇ ਤਰ੍ਹਾਂ ਜਿਵੇਂ ਤੇਜ਼ ਰੌਸ਼ਨੀ ਵਿਚ ਗਾਂ ਜਾਂ ਮੱਝ ਸੁੰਨ ਹੋ ਜਾਂਦੀ ਹੈ। ਮੈਂ ਝਟ ਬ੍ਰੇਕ ਲਗਾਏ ਤੇ ਸੀਟੀਆਂ ਦੇਣੀਆਂ ਸ਼ੁਰੂ ਕੀਤੀਆਂ, ਪਰ ਉਹ ਮੂਰਖ ਪੁਲ ਪਾਰ ਕਰਨ ਦੀ ਬਜਾਏ ਲਾਈਨ ਦੇ ਏਧਰ ਓਧਰ ਭੱਜਣ ਲੱਗਾ। ਏਧਰੋਂ ਓਧਰ, ਓਧਰੋਂ ਏਧਰ। ਕਦੇ ਥੱਲੇ ਨਦੀ ਵਲ ਝਾਕੇ। ਮੇਰੀ ਸਪੀਡ ਅੱਛੀ ਸੀ, ਪਰ ਏਨੀ ਨਹੀਂ ਕਿ ਗੱਡੀ ਰੋਕ ਨਾ ਸਕਦਾ, ਪਰ ਜਦ ਪੁਲ ਪਹੁੰਚਾ ਤਾਂ ਮੈਨੂੰ ਯਾਦ ਆਇਆ ਕਿ ਗੱਡੀ ਰੋਕਣ ਦੀ ਮੈਨੂੰ ਇਜਾਜ਼ਤ ਨਹੀਂ ਸੀ। ਸਪੀਡ ਰਹਿ ਗਈ ਹੋਵੇਗੀ ਉਸ ਵੇਲੇ ਕੋਈ ਦਸ ਮੀਲ ਦੀ। ਹੁਣ ਕੀ ਕਰਾਂ? ਮੈਂ ਫੇਰ ਜ਼ੋਰ ਦੀ ਸੀਟੀ ਮਾਰੀ, ਪਰ ਉਹ ਡਰ ਨਾਲ ਹੋਰ ਵੀ ਪਾਗਲ ਹੋ ਰਿਹਾ ਸੀ। ਹੁਣ ਉਹ ਲਾਈਨ ਦੇ ਐਨ ਵਿਚਕਾਰ ਆ ਕੇ ਖੜ੍ਹਾ ਹੋ ਗਿਆ, ਹੱਥ ਖੜ੍ਹੇ ਕਰ ਕੇ। ਜਦ ਗੱਡੀ ਫੇਰ ਵੀ ਨਾ ਰੁਕੀ ਅਤੇ ਬਿਲਕੁਲ ਉਸ ਦੇ ਪਾਸ ਆ ਗਈ ਤਾਂ ਜਾ ਕੇ ਕਿਤੇ ਉਸ ਨੂੰ ਭੱਜਣ ਦਾ ਖਿਆਲ ਆਇਆ। ਭੱਜਿਆ ਅੱਗੇ ਅੱਗੇ। ਭੱਜਦਾ ਜਾਏ ਤੇ ਮੁੜ ਮੁੜ ਕੇ ਪਿਛੇ ਦੇਖਦਾ ਜਾਏ। ਹੱਥ ਜੋੜੇ ਮੇਰੇ ਵੱਲ। ਕੀ ਕੀ ਨਾ ਕਹੇ... 'ਮਾਲਾ ਨਕੋ ਮਾਰੇਲਾ... ਮਾਲਾ ਨਕੋ ਮਾਰੇਲਾ'... ਹੜਬੜਾ ਕੇ ਚੀਕਦਾ ਜਾਵੇ ਨਾਲ ਨਾਲ। ਪਗੜੀ ਡਿੱਗ ਕੇ ਉਸ ਦੇ ਪੈਰਾਂ ਵਿਚ ਫਸ ਰਹੀ ਸੀ। ਬੇਵਕੂਫ਼! ਏਨਾ ਵੀ ਨਹੀਂ ਕਿ ਲਾਈਨ ਤੋਂ ਇਕ ਪਾਸੇ ਹਟ ਕੇ ਖੜ੍ਹਾ ਹੋ ਜਾਵੇ। ਬਹੁਤ ਚੀਖਿਆ ਮੈਂ ਵੀ। ਪਤਾ ਨਹੀਂ ਕੀ ਕੀ ਕਿਹਾ ਉਸ ਨੂੰ। 'ਲੌਕਰ, ਲੌਕਰ... ਲੌਕਰ' ਪਰ ਉਹ ਕਹੀ ਜਾਵੇ... 'ਮਾਲਾ ਨਕੋ ਮਾਰੇਲਾ'... ਮੇਰੀ ਹੀ ਉਮਰ ਦਾ ਬੜਾ ਸੁੰਦਰ ਨੌਜਵਾਨ ਸੀ। ਹੱਥ ਦੇ ਝਟਕੇ ਨਾਲ ਮੈਂ ਗੱਡੀ ਰੋਕ ਸਕਦਾ ਸਾਂ, ਪਰ ਪਤਾ ਨਹੀਂ, ਮੇਰੇ 'ਤੇ ਹੁਕਮ ਪਾਲਣ ਦਾ ਕਿਹੋ ਜਿਹਾ ਭੂਤ ਸੁਆਰ ਸੀ। ਮੈਂ ਗੱਡੀ ਹੌਲੀ ਕਰ ਸਕਦਾ ਸਾਂ, ਪਰ ਨਹੀਂ। ਤਦ ਮੇਰੇ ਆਪਣੇ ਹੋਸ਼ ਵੀ ਸ਼ਾਇਦ ਗੁੰਮ ਹੋ ਗਏ ਸਨ। ਇਸ ਤਰ੍ਹਾਂ ਜਿਸ ਤਰ੍ਹਾਂ ਚੁਟਕੀ ਵਜਾਈ ਜਾਂਦੀ ਹੈ, ਉਸ ਦਾ ਪੈਰ ਡਗਮਗਾਇਆ, ਉਪਰ ਦਾ ਧੜ ਕਟ ਕੇ ਨਦੀ ਦੀ ਡੂੰਘੀ ਖੱਡ ਵਿਚ ਰੁੜ੍ਹ ਪਿਆ, ਇਸ ਸਫ਼ਾਈ ਨਾਲ...। ਮੈਂ ਪਿਛੇ ਮੁੜ ਕੇ ਵੇਖਿਆ, ਮੇਰਾ ਫਾਇਰਮੈਨ ਸੀਟ ਦੇ ਨਾਲ ਸਹਿਮਿਆ ਖੜ੍ਹਾ ਮੇਰੀ ਵੱਲ ਇਸ ਤਰ੍ਹਾਂ ਦੇਖ ਰਿਹਾ ਸੀ ਕਿ ਕਿਤੇ ਮੈਂ ਉਸ ਦਾ ਖੂਨ ਵੀ ਨਾ ਕਰ ਦੇਵਾਂ... ਚਾਰ ਮੀਲ ਅੱਗੇ ਜਾ ਕੇ ਮੈਂ ਸਟੇਸ਼ਨ 'ਤੇ ਗੱਡੀ ਰੋਕੀ ਅਤੇ ਉਤਰ ਗਿਆ। ਫੇਰ ਮੈਥੋਂ ਗੱਡੀ ਨਹੀਂ ਚਲਾਈ ਗਈ। ਦੂਸਰਾ ਡਰਾਈਵਰ ਪੂਨਾ ਤੋਂ ਬੁਲਾਇਆ ਗਿਆ। ਮੈਂ ਬੜੀ ਕੋਸ਼ਿਸ਼ ਕੀਤੀ, ਪਰ ਫੇਰ ਕੰਮ 'ਤੇ ਨਹੀਂ ਜਾ ਸਕਿਆ। ਅਖੀਰ ਵਿਚ ਮੇਰੀ ਬਦਲੀ ਸਟੇਸ਼ਨ ਸਟਾਫ਼ ਵਿਚ ਕਰ ਦਿੱਤੀ ਗਈ। ਸਟੇਸ਼ਨ ਮਾਸਟਰ ਰੀਟਾਇਰ ਹੋਇਆ, ਮਾਮੂਲੀ ਜਿਹਾ। ਸਾਰਾ ਕੈਰੀਅਰ ਹੀ ਖਰਾਬ ਕਰ ਦਿੱਤਾ ਮੇਰਾ ਉਸ ਮੂਜ਼ੀ ਨੇ।"

"ਲੇਕਿਨ ਸਰ, ਤੁਸੀਂ ਖਾਹਮਖਾਹ ਆਪਣੇ ਆਪ ਨੂੰ ਦੋਸ਼ ਦੇ ਰਹੇ ਹੋ। ਸਿਪਾਹੀ ਨੂੰ ਬਿਨਾਂ ਸਵਾਲ ਜਵਾਬ ਕੀਤੇ ਹੁਕਮ ਮੰਨਣਾ ਪੈਂਦਾ ਹੈ ਅਤੇ ਉਹ ਹੁਕਮ ਵੀ ਤਾਂ ਠੀਕ ਸੀ। ਜੇ ਤੁਸੀਂ ਗੱਡੀ ਖੜ੍ਹੀ ਕਰ ਲੈਂਦੇ ਤਾਂ ਕੀ ਪਤਾ, ਹੋਰ ਕਿੰਨੀਆਂ ਜਾਨਾਂ ਬਰਬਾਦ ਹੋ ਸਕਦੀਆਂ ਸਨ।"

"ਮੈਂ ਸਭ ਤਸੱਲੀਆਂ ਦੇ ਚੁੱਕਾ ਹਾਂ ਅਤੇ ਆਪ ਨੂੰ", ਉਸ ਨੇ ਅੰਗਰੇਜ਼ੀ ਵਿਚ ਹੀ ਜਵਾਬ ਦਿੱਤਾ- "ਇਨਸਾਨ ਨੂੰ ਪਰਮਾਤਮਾ ਨੇ ਸਭ ਤੋਂ ਪਵਿੱਤਰ ਚੀਜ਼ ਦਿੱਤੀ ਹੈ। ਉਸ ਦੀ ਜ਼ਮੀਰ, ਆਤਮਾ ਅਤੇ ਮੇਰੀ ਜ਼ਮੀਰ ਨੇ ਹਮੇਸ਼ਾ ਮੈਨੂੰ ਖੂਨੀ ਠਹਿਰਾਇਆ ਹੈ। ਪਵਿੱਤਰ ਅੰਜੀਲ ਦਾ ਹੁਕਮ ਹੈ- 'ਦਾਊ ਸ਼ੈੱਲ ਨਾੱਟ ਕਿੱਲ (ਹਿੰਸਾ ਨਾ ਕਰ) ਆਈ ਬਿਲਟ ਦੈਟ ਮੈਨ...।' ਖੈਰ ਹੁਣ ਬਹੁਤ ਦੇਰ ਨਹੀਂ ਰਹਿ ਗਈ। ਜਲਦੀ ਹੀ ਉਸ ਜਹਾਨ ਵਿਚ ਮੇਰੇ ਕੇਸ ਦਾ ਫੈਸਲਾ ਹੋ ਜਾਏਗਾ। ਪਤਾ ਨਹੀਂ ਨੇਕ ਪਰਮਾਤਮਾ ਕੀ ਇਨਸਾਫ਼ ਕਰੇਗਾ ਮੇਰੇ ਨਾਲ।"

ਗੱਲ ਮੁਕਾ ਕੇ ਉਸ ਨੇ ਬੁਝੇ ਹੋਏ ਸਿਗਾਰ ਨੂੰ ਫੇਰ ਇਸ ਤਰ੍ਹਾਂ ਜਲਾਇਆ ਜਿਸ ਤਰ੍ਹਾਂ ਸਾਰਾ ਗੁੱਸਾ ਉਸ 'ਤੇ ਉਤਾਰ ਰਿਹਾ ਹੋਵੇ। ਫੇਰ ਸਰੀਰ ਸਿੱਧਾ ਕਰ ਕੇ ਕਿਹਾ, "ਲਾਰਡ, ਫਾਰਗਿਵ ਮੀ।" ਅਤੇ ਇਕ ਵਾਰੀ ਫੇਰ ਉਸ ਨੇ ਆਪਣੇ ਆਪ ਨੂੰ 'ਕ੍ਰਾਸ' ਕੀਤਾ। ਇਸ ਦੌਰਾਨ ਬੁੱਢੀ ਸਾਰਾ ਸਮਾਂ ਸਾਡੇ ਵੱਲ ਇਸ ਤਰ੍ਹਾਂ ਦੇਖਦੀ ਰਹੀ ਜਿਵੇਂ ਕਹਿ ਰਹੀ ਹੋਵੇ- 'ਭਲਾ ਇਸ ਵਿਚ ਮੇਰਾ ਕੀ ਕਸੂਰ?'

ਅਗਲੇ ਸਟੇਸ਼ਨ 'ਤੇ ਅਸੀਂ ਕੰਪਾਰਟਮੈਂਟ ਵਿਚੋਂ ਨਿਕਲ ਕੇ ਬਾਹਰ ਆ ਗਏ। ਮੈਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਸ ਤਰ੍ਹਾਂ ਕਿਸੇ ਥੀਏਟਰ ਵਿਚੋਂ ਨਿਕਲ ਰਿਹਾ ਹੋਵਾਂ, ਨਾਟਕ ਦੇਖ ਕੇ ਅਤੇ ਟਿਕਟ 'ਤੇ ਖਰਚ ਕੀਤੇ ਪੈਸੇ ਵਿਅਰਥ ਨਾ ਗਏ ਹੋਣ। ਓਹੀ ਸਟੇਸ਼ਨ ਸੀ ਇਹ ਜਿਸ ਦੇ ਇਰਦ ਗਿਰਦ ਬੁੱਢੇ ਦੇ ਸੰਪੂਰਨ ਜੀਵਨ ਦਾ ਇਤਿਹਾਸ ਘੁੰਮ ਰਿਹਾ ਸੀ।

# ਪਾਕਿਸਤਾਨ 'ਚ ਪੰਜਾਬੀ ਨੂੰ ਹੁਲਾਰਾ

ਪਾਕਿਸਤਾਨ ਵਿਚ ਪੰਜਾਬੀ ਜ਼ੁਬਾਨ ਨੂੰ ਸਰਕਾਰੇ-ਦਰਬਾਰੇ ਮਾਨਤਾ ਦੇਣ ਅਤੇ ਇਸ ਦਾ ਸਨਮਾਨ ਬਹਾਲ ਕਰਨ ਦੇ ਸੰਜੀਦਾ ਯਤਨ ਸ਼ੁਰੂ ਹੋ ਗਏ ਹਨ। ਸੈਨੇਟ ਦੀ ਅਹਿਮ ਕਮੇਟੀ ਨੇ ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਰੁਤਬਾ ਦੇਣ ਸਬੰਧੀ ਬਿਲ ਦੇ ਖਰੜੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕਾਨੂੰਨ ਅਤੇ ਇਨਸਾਫ਼ ਬਾਰੇ ਸੈਨੇਟ ਦੀ ਸਥਾਈ ਕਮੇਟੀ ਨੇ ਪੰਜਾਬੀ ਬਾਰੇ ਸੰਵਿਧਾਨਕ ਸੋਧ ਬਿਲ ਦੇ ਖਰੜੇ ਨੂੰ 11 ਮਈ ਨੂੰ ਮਨਜ਼ੂਰੀ ਦਿੱਤੀ। ਪੰਜਾਬੀ ਤੋਂ ਇਲਾਵਾ ਸਿੰਧੀ, ਪਸ਼ਤੋ ਤੇ ਬਲੋਚੀ ਨੂੰ ਵੀ ਕੌਮੀ ਜ਼ੁਬਾਨਾਂ ਦਾ ਦਰਜਾ ਦਿੱਤੇ ਜਾਣਾ ਇਸ ਬਿਲ ਦੀ ਅਹਿਮ ਮੱਦ ਹੈ। ਜ਼ਿਕਰਯੋਗ ਹੈ ਕਿ ਇਸ ਸਮੇਂ ਪਾਕਿਸਤਾਨ ਵਿਚ ਸਿਰਫ਼ ਉਰਦੂ ਨੂੰ ਕੌਮੀ ਜ਼ੁਬਾਨ ਵਜੋਂ ਮਾਨਤਾ ਮਿਲੀ ਹੋਈ ਹੈ, ਜਦੋਂਕਿ ਅੰਗਰੇਜ਼ੀ ਨੂੰ ਆਲਮੀ ਲਿੰਕ ਭਾਸ਼ਾ ਦਾ ਰੁਤਬਾ ਪ੍ਰਾਪਤ ਹੈ। ਦਰਅਸਲ, ਇਕ ਸਮੇਂ ਉਰਦੂ ਤੇ ਅੰਗਰੇਜ਼ੀ, ਦੋਵਾਂ ਨੂੰ ਕੌਮੀ ਜ਼ੁਬਾਨ ਦਾ ਦਰਜਾ ਹਾਸਲ ਸੀ, ਪਰ 2015 ਵਿਚ ਅੰਗਰੇਜ਼ੀ ਤੋਂ ਇਹ ਰੁਤਬਾ ਖੋਹ ਲਿਆ ਗਿਆ। ਅਜਿਹਾ ਹੋਣ ਦੇ ਬਾਵਜੂਦ ਸਰਕਾਰੇ-ਦਰਬਾਰੇ ਅੰਗਰੇਜ਼ੀ ਦਾ ਹੀ ਦਬਦਬਾ ਹੈ। ਕੌਮੀ ਸੰਵਿਧਾਨ, ਕਾਨੂੰਨ, ਕਾਨੂੰਨੀ ਇਕਰਾਰ ਅਤੇ ਹੋਰ ਸਾਰੇ ਅਹਿਮ ਦਸਤਾਵੇਜ਼ ਅੰਗਰੇਜ਼ੀ ਵਿਚ ਹੀ ਹਨ। ਕੌਮੀ ਸਰਕਾਰ ਦਾ ਕਹਿਣਾ ਹੈ ਕਿ ਬ੍ਰਿਟਿਸ਼ ਸਾਮਰਾਜ ਨਾਲ ਜੁੜੀ ਵਿਰਾਸਤ ਦੇ ਨਿਸ਼ਾਨ ਮਿਟਾਉਣਾ ਅਜੇ ਸੰਭਵ ਨਹੀਂ।

ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਦਰਜਾ ਦਿੱਤੇ ਜਾਣ ਦੀ ਮੰਗ ਕਈ ਦਹਾਕਿਆਂ ਤੋਂ ਕੀਤੀ ਜਾ ਰਹੀ ਹੈ, ਪਰ ਇਸ ਨੂੰ ਹੁਲਾਰਾ ਪਿਛਲੇ ਕੁਝ ਸਾਲਾਂ ਤੋਂ ਹੀ ਮਿਲਿਆ। ਦਰਅਸਲ, ਸੂਬਾ ਪੰਜਾਬ ਵਿਚ ਕੁਝ ਅਤਿਵਾਦੀ ਗਰੁਪਾਂ ਨੇ ਵੀ ਇਸ ਮੰਗ ਦੀ ਹਮਾਇਤ ਕੀਤੀ ਹੈ। ਲਸ਼ਕਰ-ਏ-ਤੋਇਬਾ ਦੇ ਮੁਖੀ ਹਾਫਿਜ਼ ਸਈਦ ਨੇ 2015 ਵਿਚ ਧਮਕੀ ਦਿੱਤੀ ਸੀ ਕਿ ਜੇ ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਦਰਜਾ ਨਾ ਦਿੱਤਾ ਗਿਆ ਤਾਂ ਉਹ ਸੂਬਾਈ ਪੱਧਰ 'ਤੇ ਜੱਦੋਜਹਿਦ ਸ਼ੁਰੂ ਕਰੇਗਾ। ਹੁਣ ਤਾਂ ਅੰਗਰੇਜ਼ੀ ਭਾਸ਼ਾਈ ਮੀਡੀਆ ਨੇ ਵੀ ਇਸ ਮੁਹਿੰਮ ਵਿਚ ਸਾਥ ਦੇਣਾ ਸ਼ੁਰੂ ਕਰ ਦਿੱਤਾ ਹੈ। 2011 ਦੀ ਕੌਮੀ ਰਾਇਸ਼ੁਮਾਰੀ ਦਾ ਹਵਾਲਾ ਦਿੰਦਿਆਂ ਅੰਗਰੇਜ਼ੀ ਰੋਜ਼ਨਾਮੇ 'ਡਾਅਨ' ਨੇ ਸੰਪਾਦਕੀ ਵਿਚ ਲਿਖਿਆ ਕਿ ਜਦੋਂ 54 ਫ਼ੀਸਦੀ ਪਾਕਿਸਤਾਨੀ ਪੰਜਾਬੀ ਬੋਲਦੇ ਹਨ ਤਾਂ 7.6 ਫ਼ੀਸਦੀ ਉਰਦੂ ਭਾਸ਼ਾਈਆਂ ਦੀ ਇੰਨੀ ਚੜ੍ਹਤ ਕਿਉਂ?

ਉਂਜ, ਸੈਨੇਟ ਦੀ ਸਥਾਈ ਕਮੇਟੀ ਦੀਆਂ ਸਿਫ਼ਾਰਸ਼ਾਂ ਤੋਂ ਹਰ ਕੋਈ ਖ਼ੁਸ਼ ਨਹੀਂ। ਪੰਜਾਬ ਤੋਂ ਹੀ ਪਾਕਿਸਤਾਨ ਮੁਸਲਿਮ ਲੀਗ (ਐਨ) ਦੇ ਸੈਨੇਟਰ ਰਜ਼ਾ ਬਖ਼ਸ਼ ਖ਼ੁਦਾਦਾਦ ਨੇ ਸੰਵਿਧਾਨ ਸੋਧ ਬਿਲ ਦੇ ਵਿਰੋਧ ਦਾ ਇਰਾਦਾ ਜ਼ਾਹਿਰ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਉਰਦੂ ਨੂੰ ਕੌਮੀ ਤੇ ਸਰਕਾਰੀ ਜ਼ੁਬਾਨ ਦਾ ਦਰਜਾ ਦੇਣ ਦੇ ਫ਼ੈਸਲੇ ਦਾ ਮਨੋਰਥ ਕੌਮੀ ਯਕਜਹਿਤੀ ਨੂੰ ਹੁਲਾਰਾ ਦੇਣਾ ਸੀ। ਇਹ ਫ਼ੈਸਲਾ ਪਾਕਿਸਤਾਨ ਦੇ ਬਾਨੀ, ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਦਾ ਸੀ। ਇਸ ਨਾਲ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਉਸ ਤੋਂ ਇਲਾਵਾ ਕੁਝ ਹੋਰ ਸੈਨੇਟਰ ਇਹ ਤਰਕ ਦੇ ਰਹੇ ਹਨ ਕਿ 40-50 ਫ਼ੀਸਦੀ ਪਾਕਿਸਤਾਨੀ ਪੰਜਾਬੀ ਨਹੀਂ ਬੋਲਦੇ ਤੇ ਸਮਝਦੇ, ਜਦੋਂਕਿ ਸੌ ਫ਼ੀਸਦੀ ਪਾਕਿਸਤਾਨੀ ਉਰਦੂ ਸਮਝਦੇ ਹਨ।



ਪਾਕਿਸਤਾਨ ਵਿਚ ਪੰਜਾਬੀ ਦੇ ਹੱਕ ਕੀਤੇ ਵਿਖਾਵੇ ਦੀ ਝਲਕ।

ਅਜਿਹੇ ਵਿਰੋਧ ਦੇ ਬਾਵਜੂਦ ਪੰਜਾਬੀ ਦੇ ਸ਼ੈਦਾਈ ਉਮੀਦਾਂ ਲਾਈ ਬੈਠੇ ਹਨ ਕਿ ਘੱਟੋ-ਘੱਟ ਹੁਣ ਤਾਂ ਪੰਜਾਬੀ ਨੂੰ ਕੌਮੀ ਜ਼ੁਬਾਨ ਵਾਲੀ ਮਾਨਤਾ ਮਿਲ ਹੀ ਜਾਵੇਗੀ। ਅਜਿਹਾ ਸੰਭਵ ਵੀ ਜਾਪਦਾ ਹੈ, ਕਿਉਂਕਿ ਪੰਜਾਬੀਆਂ ਦੀ ਨਵੀਂ ਪੀੜ੍ਹੀ ਵੀ ਪੰਜਾਬੀ ਬਾਰੇ ਮੰਗ ਦੀ ਹਮਾਇਤ ਕਰ ਰਹੀ ਹੈ। ਇਹ ਆਪਣੇ ਆਪ ਵਿਚ ਨਵੀਂ ਪੇਸ਼ਕਦਮੀ ਹੈ।

*('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)*

# ਪੰਜਾਬੀ ਨੇ ਕਰਾਈ ਬੱਲੇ ਬੱਲੇ

ਗੱਲ 1995 ਦੀ ਹੈ ਜਦੋਂ ਮੈਂ ਅੰਬਾਲਾ ਸ਼ਹਿਰ ਦੇ ਜੈਨ ਸਕੂਲ ਤੋਂ 11ਵੀਂ ਪਾਸ ਕਰ ਕੇ 12ਵੀਂ ਵਿਚ ਦਾਖਲਾ ਲਿਆ। ਦਾਖਲਾ ਬੜੀ ਜਦੋਜਹਿਦ ਨਾਲ ਮਿਲਿਆ। ਪਰਿਵਾਰ ਵਾਲੇ ਕਹਿਣ ਕਿ ਬਹੁਤ ਹੋ ਗਈ ਪੜ੍ਹਾਈ, ਆਪਣੀ ਵਰਕਸ਼ਾਪ ਉਪਰ ਕੰਮ ਕਰਿਆ ਕਰ, ਪੜ੍ਹ ਕੇ ਕਿਹੜੀ ਕੋਈ ਨੌਕਰੀ ਮਿਲ ਜਾਣੀ ਹੈ। ਉਂਜ ਉਹ ਪੜ੍ਹਾਈ ਦੇ ਖਿਲਾਫ਼ ਨਹੀਂ ਸਨ। ਮੇਰੇ ਅਧਿਆਪਕਾਂ, ਖਾਸ ਕਰ ਕੇ ਸੰਦੀਪ ਸ਼ਰਮਾ ਵੱਲੋਂ ਮੇਰੇ ਪਰਿਵਾਰ ਉਪਰ ਜ਼ੋਰ ਪਾਉਣ 'ਤੇ ਮੇਰਾ ਦਾਖਲਾ ਹੋ ਗਿਆ। 11ਵੀਂ ਵਿਚ ਚੋਣਵੇਂ ਵਿਸ਼ਿਆਂ ਵਿਚੋਂ ਰਾਜਨੀਤੀ ਵਿਗਿਆਨ ਵਿਸ਼ਾ ਲਿਆ ਸੀ। ਉਹ 12ਵੀਂ ਵਿਚ ਵੀ ਲੈਣਾ ਪੈਣਾ ਸੀ, ਲਿਆ ਵੀ; ਪਰ ਉਸ ਨੂੰ ਪੜ੍ਹਨ ਦਾ ਸ਼ੌਕ ਨਾ ਜਾਗਿਆ। ਪੰਜਾਬ 'ਚੋਂ ਗਏ ਹੋਣ ਕਰ ਕੇ ਮੇਰਾ ਚਿਤ ਕਰੇ ਕਿ ਮੈਂ ਇਸ ਵਿਸ਼ੇ ਦੀ ਥਾਂ ਪੰਜਾਬੀ ਪੜ੍ਹਾਂ। ਹਰਿਆਣਾ ਹੋਣ ਕਰ ਕੇ ਸਕੂਲ ਵਿਚ ਉਸ ਸਮੇਂ ਨਾ ਪੰਜਾਬੀ ਸੀ ਤੇ ਨਾ ਹੀ ਪੰਜਾਬੀ ਪੜ੍ਹਾਉਣ ਲਈ ਅਧਿਆਪਕ। ਮੇਰੇ ਅੰਦਰ ਪੰਜਾਬੀ ਪੜ੍ਹਨ ਦੀ ਬਹੁਤ ਇੱਛਾ ਸੀ, ਪਰ ਗੱਲ ਨਾ ਬਣੇ।

ਇਕ ਦਿਨ ਹਿੰਮਤ ਕਰ ਕੇ ਪ੍ਰਿੰਸੀਪਲ ਕੋਲ ਗਿਆ ਤੇ ਆਪਣੀ ਇੱਛਾ ਜ਼ਾਹਿਰ ਕੀਤੀ। ਉਨ੍ਹਾਂ ਸਾਫ ਜੁਆਬ ਦਿੱਤਾ- ਤੇਰੇ ਇਕੱਲੇ ਵਾਸਤੇ ਅਧਿਆਪਕ ਨਹੀਂ ਲਾਇਆ ਜਾ ਸਕਦਾ। ਮੈਂ ਹਿੰਮਤ ਕਰ ਕੇ ਕਿਹਾ ਕਿ ਜੇ ਤੁਸੀਂ ਅਧਿਆਪਕ ਨਹੀਂ ਲਾ ਸਕਦੇ, ਕੋਈ ਗੱਲ ਨਹੀਂ; ਮੈਂ ਆਪਣੇ ਆਪ ਪੜ੍ਹ ਲਵਾਂਗਾ। ਪ੍ਰਿੰਸੀਪਲ ਕਹਿਣ ਲੱਗੇ, "ਤੁਮ ਕਿਆ ਲਾਟ ਸਾਬ੍ਹ ਹੋ, ਜੋ ਅਕੇਲੇ ਪੰਜਾਬੀ ਪੜ੍ਹੋਗੇ, ਔਰ ਸਾਰੀ ਕਲਾਸ ਪੁਲੀਟੀਕਲ ਸਾਇੰਸ! ਆਠ, ਦਸ ਬੱਚੇ ਹੋਂ ਤੋ ਇਸ ਬਾਰੇ ਮੇਂ ਸੋਚਾ ਜਾ ਸਕਤਾ ਹੈ।" ਜਦੋਂ ਉਨ੍ਹਾਂ ਕਿਹਾ ਕਿ ਸੋਚਿਆ ਜਾ ਸਕਦਾ ਹੈ ਤਾਂ ਮੈਂ ਇਕਦਮ ਕਿਹਾ- "ਸਰ, ਅਗਰ ਪਾਂਚ ਸਾਤ ਬੱਚੇ ਤਿਆਰ ਹੋ ਜਾਏਂ ਤੋ ਬਾਤ ਬਨ ਜਾਏਗੀ?" "ਮੈਂ ਕੋਸ਼ਿਸ਼ ਕਰੂੰਗਾ" ਕਹਿ ਕੇ ਉਹ ਆਪਣੇ ਕੰਮ ਵਿਚ ਜੁਟ ਗਏ।

ਮੈਂ ਕੁਝ ਜਮਾਤੀਆਂ ਨਾਲ ਇਹ ਗੱਲ ਸਾਂਝੀ ਕੀਤੀ। ਉਨ੍ਹਾਂ ਝੱਟ ਹਾਂ ਕਰ ਦਿੱਤੀ, ਕਿਉਂਕਿ ਉਹ ਰਾਜਨੀਤੀ ਵਿਗਿਆਨ ਤੋਂ ਅੱਕੇ ਹੋਏ ਸਨ। ਫਿਰ ਕੁਝ ਸੋਚ ਕੇ ਕਹਿਣ ਲੱਗੇ- "ਬਿਨਾ ਅਧਿਆਪਕ ਤੋਂ ਆਪਾਂ ਕਿਵੇਂ ਪੜ੍ਹਾਂਗੇ?" ਮੈਂ ਕਿਹਾ, "ਤੁਸੀਂ ਪ੍ਰਵਾਹ ਨਾ ਕਰੋ, ਮੈਂ ਸਾਰਾ ਸਲੇਬਸ ਵੇਖ ਲਿਐ, ਆਪਾਂ ਆਪਣੇ ਆਪ ਤਿਆਰੀ ਕਰ ਲਵਾਂਗੇ।" ਸਭ ਨੇ ਹਾਮੀ ਭਰ ਦਿੱਤੀ। ਬਸ ਫਿਰ ਕੀ ਸੀ, ਸਾਰਿਆਂ ਨੂੰ ਪ੍ਰਿੰਸੀਪਲ ਅੱਗੇ ਪੇਸ਼ ਕਰਦਿਆਂ ਕਿਹਾ, "ਸਰ, ਇਹ ਪੰਜਾਬੀ ਪੜ੍ਹਨ ਨੂੰ ਤਿਆਰ ਨੇ ਜੀ।" "ਤੁਮ ਅਪਨੀ ਮਰਜ਼ੀ ਸੇ ਆਏ ਹੋ?" "ਜੀ ਸਰ।" ਸਾਰਿਆਂ ਦਾ ਜਵਾਬ ਸੀ। ਪ੍ਰਿੰਸੀਪਲ ਨੇ ਕਈ ਸਵਾਲ ਕਰਨ ਬਾਅਦ ਆਖਿਰ 'ਹਾਂ' ਕਰ ਦਿੱਤੀ।

ਇਮਤਿਹਾਨ ਆਇਆ ਤਾਂ ਸਾਰੇ ਪੇਪਰ ਵਧੀਆ ਹੋ ਗਏ। ਛੁੱਟੀਆਂ ਹੋ ਗਈਆਂ। ਸਮਾਂ ਖਰਾਬ ਨਾ ਹੋਵੇ, ਮੈਂ ਭਰਾ ਨਾਲ ਆਪਣੀ ਵਰਕਸ਼ਾਪ 'ਤੇ ਕੰਮ ਕਰਨ ਲੱਗ ਪਿਆ। ਤਿੰਨ ਮਹੀਨਿਆਂ ਬਾਅਦ ਨਤੀਜਾ ਆਇਆ। ਦੋਸਤ ਨੇ ਵਰਕਸ਼ਾਪ 'ਤੇ ਆ ਕੇ ਦੱਸਿਆ ਕਿ ਨਤੀਜਾ ਆ ਗਿਆ ਹੈ ਤੇ ਤੂੰ ਅੰਬਾਲੇ ਵਿਚ ਪਹਿਲੇ ਨੰਬਰ 'ਤੇ ਆਇਆ ਹੈਂ। ਵਰਕਸ਼ਾਪ ਤੋਂ ਹੀ ਅਸੀਂ ਸਾਈਕਲ 'ਤੇ ਸਕੂਲ ਚਲੇ ਗਏ। ਜਾ ਕੇ ਦੇਖਿਆ, ਸਕੂਲ ਦੇ ਗੇਟ 'ਤੇ ਪੋਸਟਰ ਲੱਗੇ ਹੋਏ ਸੀ ਜਿਨ੍ਹਾਂ ਵਿਚ ਮੇਰੀ ਫੋਟੋ ਪਹਿਲੇ ਨੰਬਰ 'ਤੇ ਲੱਗੀ ਹੋਈ ਸੀ ਅਤੇ ਨਾਲ ਲਿਖਿਆ ਸੀ- 'ਸਥਾਨੀਯ ਵਿਦਿਆਲਿਓਂ ਮੇਂ ਸਰਵ ਪ੍ਰਥਮ'। ਮੈਂ ਵਰਕਸ਼ਾਪ ਤੋਂ ਹੀ ਮੈਲੇ ਕੱਪੜਿਆਂ ਵਿਚ ਸਕੂਲ ਚਲਾ ਗਿਆ ਸੀ, ਇਸ ਕਰ ਕੇ ਸੇਵਾਦਾਰ ਨੇ ਪਛਾਣਿਆ ਨਹੀਂ ਕਿ ਇਹ ਓਹੀ ਹੈ ਜਿਸ ਦੀ ਫੋਟੋ ਪੋਸਟਰ ਉਤੇ ਲੱਗੀ ਹੋਈ ਹੈ। ਉਸ ਨੇ ਪੋਸਟਰ ਦੇਣ ਤੋਂ ਮਨ੍ਹਾਂ ਕਰ ਦਿੱਤਾ। ਮੇਰੇ ਦੋਸਤ ਨੇ ਕਿਹਾ ਕਿ ਇਸ ਦੀ ਫੋਟੋ ਪਹਿਲੇ ਨੰਬਰ 'ਤੇ ਲੱਗੀ ਹੈ ਤਾਂ ਉਸ ਨੇ 15-20 ਪੋਸਟਰ ਮੈਨੂੰ ਲਿਆ ਕੇ ਦੇ ਦਿੱਤੇ ਜੋ ਮੈਂ ਅੱਜ ਵੀ ਸਾਂਭੇ ਹੋਏ ਹਨ।

ਮੈਂ ਪੰਜਾਬੀ, ਹਿੰਦੀ ਅਤੇ ਇਤਿਹਾਸ ਵਿਚ ਹਰਿਆਣਾ ਬੋਰਡ 'ਚੋਂ ਪਹਿਲੇ ਨੰਬਰ 'ਤੇ ਰਿਹਾ। ਪ੍ਰਿੰਸੀਪਲ ਨੇ ਮੈਨੂੰ ਸਨਮਾਨਿਤ ਕੀਤਾ ਤੇ ਕਿਹਾ- "ਤੁਮਨੇ ਤੋ ਵਾਕਈ ਹੀ ਬੱਲੇ-ਬੱਲੇ ਕਰਾ ਦੀ।" ਮੇਰੀ ਫੋਟੋ ਸਕੂਲ ਦੇ ਟੌਪਰ ਵਿਦਿਆਰਥੀਆਂ ਦੀ ਲਿਸਟ ਵਿਚ ਲਾਈ ਗਈ। ਸਾਡਾ ਨਤੀਜਾ ਦੇਖ ਕੇ ਉਸ ਸਕੂਲ ਵਿਚ ਪੰਜਾਬੀ ਵਿਸ਼ਾ ਵੀ ਸ਼ੁਰੂ ਕਰ ਦਿਤਾ ਗਿਆ ਅਤੇ ਪੰਜਾਬੀ ਦਾ ਅਧਿਆਪਕ ਵੀ ਰੱਖਿਆ ਗਿਆ ਜੋ ਅੱਜ ਵੀ ਪੜ੍ਹਾ ਰਿਹਾ ਹੈ।

*-ਪ੍ਰੋ. ਦਲਬੀਰ ਸਿੰਘ*

*ਫੋਨ: 91-94164-47468*

**ਭਾਰਤੀ ਸਿਆਸਤ ਅਤੇ ਨਕਸਲਬਾੜੀ ਦੇ 50 ਵਰ੍ਹੇ-2**

# ਸਿਆਸੀ ਬਦਲ ਵਾਲੀ ਵੰਗਾਰ

*ਮਈ 1967 ਨੂੰ ਪੱਛਮੀ ਬੰਗਾਲ ਦੇ ਨਿੱਕੇ ਜਿਹੇ ਪਿੰਡ ਨਕਸਲਬਾੜੀ ਤੋਂ ਉਠੀ ਬਗਾਵਤ ਨੂੰ ਅੱਧੀ ਸਦੀ ਬੀਤ ਗਈ ਹੈ। ਬੇਪਛਾਣ ਜਿਹੇ ਇਲਾਕੇ ਵਿਚੋਂ ਸ਼ੁਰੂ ਹੋਈ ਕਿਸਾਨ ਬਗਾਵਤ ਦਿਨਾਂ ਵਿਚ ਹੀ ਪੂਰੇ ਮੁਲਕ ਅੰਦਰ ਚਰਚਾ ਦਾ ਵਿਸ਼ਾ ਬਣ ਗਈ। ਇਸ ਬਗਾਵਤ ਦਾ ਆਉਣ ਵਾਲੀ ਸਿਆਸਤ ਉਤੇ ਸਿੱਧਾ ਅਸਰ ਪਿਆ ਜੋ ਅੱਜ ਵੀ ਦੇਖਿਆ ਜਾ ਸਕਦਾ ਹੈ। ਇਸ ਬਗਾਵਤ ਦੇ ਪਿਛੋਕੜ ਅਤੇ ਇਸ ਦੇ ਖਾਸੇ ਬਾਰੇ ਉਚੇਚਾ ਲੇਖ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਭੇਜਿਆ ਹੈ। ਐਤਕੀਂ ਇਸ ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ*

ਹੁਕਮਰਾਨ ਜਮਾਤ ਵਲੋਂ ਭਾਵੇਂ ਇਕਜੁਟ ਹੋ ਕੇ ਕੀਤੇ ਕਤਲੇਆਮ ਅਤੇ ਲੀਡਰਸ਼ਿਪ ਦੀਆਂ ਆਪਣੀਆਂ ਸਿਧਾਂਤਕ-ਸਿਆਸੀ ਗ਼ਲਤੀਆਂ ਤੇ ਕਮੀਆਂ ਕਾਰਨ 1970 ਦਾ ਇਨਕਲਾਬੀ ਉਭਾਰ ਵਕਤੀ ਤੌਰ 'ਤੇ ਦਬਾ ਦਿੱਤਾ ਗਿਆ, ਪਰ ਇਸ ਨੇ ਦੱਬੇ-ਕੁਚਲੇ ਅਵਾਮ ਵਿਚ ਹਥਿਆਰਬੰਦ ਇਨਕਲਾਬ ਰਾਹੀਂ ਸੱਚੀ ਮੁਕਤੀ ਦੀ ਨਵੀਂ ਉਮੀਦ ਜਗਾ ਦਿੱਤੀ। ਨਕਸਲਬਾੜੀ ਦੀ ਵਿਸ਼ੇਸ਼ ਖ਼ੂਬੀ ਹੈ। ਜਦੋਂ ਇਸ ਲਹਿਰ ਨੂੰ ਇਕ ਇਲਾਕੇ ਵਿਚ ਦਬਾ

ਬੂਟਾ ਸਿੰਘ
ਫੋਨ: +91- 94634-74342

ਦਿੱਤਾ ਜਾਂਦਾ ਹੈ ਤਾਂ ਕਿਸੇ ਹੋਰ ਇਲਾਕੇ ਵਿਚ ਉਠ ਖੜ੍ਹਦੀ ਹੈ; ਕਈ ਵਾਰ ਤਾਂ ਐਸੇ ਇਲਾਕੇ ਵਿਚ ਜਿਥੇ ਹੁਕਮਰਾਨਾਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਇਸ ਦਾ ਆਧਾਰ ਮੁਲਕ ਦੇ ਰਾਜਕੀ ਢਾਂਚੇ ਦੀ ਵਜੂਦ-ਸਮੋਈ ਨਾਬਰਾਬਰੀ ਤੇ ਅਨਿਆਂ ਹੈ ਅਤੇ ਇਨਕਲਾਬੀ ਗਤੀਸ਼ੀਲਤਾ ਨਕਸਲਬਾੜੀ ਸਿਆਸਤ ਦਾ ਧੁਰਾ ਹੈ। ਇਹ ਗਤੀਸ਼ੀਲਤਾ ਹੀ ਇਸ ਨੂੰ ਜਿਉਂਦਾ ਰੱਖ ਰਹੀ ਹੈ। ਚਾਰੂ ਮਜੂਮਦਾਰ ਦੀ ਪੇਸ਼ੀਨਗੋਈ ਵਾਰ-ਵਾਰ ਸਹੀ ਸਾਬਤ ਹੋਈ ਹੈ। ਉਸ ਨੇ ਲਹਿਰ ਨੂੰ ਪੈ ਰਹੀਆਂ ਪਛਾੜਾਂ ਨੂੰ ਦੇਖਦਿਆਂ ਦਾਅਵੇ ਨਾਲ ਕਿਹਾ ਸੀ ਕਿ ਨਕਸਲਬਾੜੀ ਜ਼ਿੰਦਾ ਹੈ ਅਤੇ ਜ਼ਿੰਦਾ ਰਹੇਗੀ, ਕਿਉਂਕਿ ਇਹ ਅਜਿੱਤ ਮਾਰਕਸਵਾਦ 'ਤੇ ਆਧਾਰਤ ਹੈ।

ਸੌ ਕਰੋੜ ਦੇ ਕਰੀਬ ਦੱਬੇ-ਕੁਚਲੇ ਅਤੇ ਮਿਹਨਤਕਸ਼ ਅਵਾਮ ਅਖੌਤੀ 'ਮੁੱਖਧਾਰਾ' ਸਿਆਸਤ ਦੇ ਮਕੜਜਾਲ ਵਿਚ ਘਿਰੇ ਹੋਏ ਹਨ ਜਿਨ੍ਹਾਂ ਨੂੰ ਬਿਹਤਰ ਭਵਿਖ ਦੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ, ਪਰ ਆਦਿਵਾਸੀ ਵਸੋਂ ਵਾਲੇ 10 ਸੂਬਿਆਂ ਅੰਦਰ ਡੇਢ ਦਹਾਕੇ ਤੋਂ ਚੱਲ ਰਹੀ ਗਹਿਗਚ ਲੜਾਈ ਵਿਚ ਉਮੀਦ ਦਾ ਸੂਰਜ ਮਘਦਾ ਅੱਜ ਵੀ ਦੇਖਿਆ ਜਾ ਸਕਦਾ ਹੈ। ਸਟੇਟ ਦਾ ਜਬਰ ਕਿੰਨਾ ਵੀ ਵਹਿਸ਼ੀ ਹੋਵੇ, ਇਹ ਅਵਾਮ ਦੀ ਬਿਹਤਰ ਜ਼ਿੰਦਗੀ ਦੀ ਤਾਂਘ ਅਤੇ ਸੱਚੀ ਜਮਹੂਰੀਅਤ ਦੇ ਸੁਪਨੇ ਨੂੰ ਕਤਲ ਨਹੀਂ ਕਰ ਸਕਦਾ। ਲੜਾਈ ਦੇ ਲੇਖੇ-ਜੋਖੇ ਅਤੇ ਸਵੈ-ਪੜਚੋਲ ਦੇ ਆਧਾਰ 'ਤੇ ਬਿਖਰੀ ਹੋਈ ਤਾਕਤ ਨੂੰ ਮੁੜ ਜਥੇਬੰਦ ਕਰਨ ਦੇ ਗੰਭੀਰ ਯਤਨਾਂ ਨਾਲ ਸਮਾਂ ਪਾ ਕੇ ਇਹ ਲਹਿਰ ਹਿੰਦੁਸਤਾਨੀ ਸਟੇਟ ਲਈ ਪਹਿਲਾਂ ਤੋਂ ਵੀ ਵੱਡੀ ਇਨਕਲਾਬੀ ਚੁਣੌਤੀ ਅਤੇ ਹਥਿਆਰਬੰਦ ਸਿਆਸੀ ਤਾਕਤ ਬਣ ਕੇ ਉਭਰ ਆਈ। ਆਂਧਰਾ ਪ੍ਰਦੇਸ਼ ਅਤੇ ਬਿਹਾਰ ਮੁੜ ਜਥੇਬੰਦ ਹੋਈ ਲਹਿਰ ਦੇ ਮੁੱਖ ਕੇਂਦਰ ਬਣ ਕੇ ਉਭਰੇ ਜਿਥੇ ਸਦੀਵੀ ਲੁੱਟ, ਜਗੀਰੂ ਧੌਂਸ ਅਤੇ ਉਚਜਾਤੀ ਦਾਬੇ ਨੂੰ ਚੁਣੌਤੀ ਦਿੰਦਿਆਂ ਬੇਵਸ ਗ਼ਰੀਬਾਂ ਦੀ ਇਨਕਲਾਬੀ ਤਾਕਤ ਉਸਾਰੀ ਗਈ। ਫਿਰ ਇਸ ਦਾ ਵਿਸਤਾਰ ਉਨ੍ਹਾਂ ਸਾਰੇ ਇਲਾਕਿਆਂ ਵਿਚ ਹੋ ਗਿਆ ਜਿਨ੍ਹਾਂ ਨੂੰ ਹੁਣ ਮੁਲਕ ਦੇ ਹੁਕਮਰਾਨ 'ਲਾਲ ਲਾਂਘਾ' ਕਹਿੰਦੇ ਹਨ। ਇਸ ਨੂੰ ਜਬਰ ਨਾਲ ਦਬਾਉਣਾ ਹੁਣ ਸੁਖਾਲਾ ਨਹੀਂ, ਕਿਉਂਕਿ ਇਹ ਹੁਣ ਮਜ਼ਬੂਤ ਲੋਕ ਆਧਾਰ ਵਾਲੀ ਪ੍ਰਪੱਕ ਸਿਆਸੀ ਲਹਿਰ ਬਣ ਚੁੱਕੀ ਹੈ। ਇਸ ਕੋਲ ਨਾ ਕੇਵਲ ਮੁਲਕ ਦੇ ਸਮਾਜੀ ਢਾਂਚੇ ਦੀ ਕਾਇਆਪਲਟੀ ਦਾ ਠੋਸ ਮੁਤਵਾਜ਼ੀ ਪ੍ਰੋਗਰਾਮ ਹੈ, ਸਗੋਂ ਐਸੇ ਆਦਰਸ਼ਕ ਸਮਾਜ ਨੂੰ ਹੋਂਦ ਵਿਚ ਲਿਆਉਣ ਦੇ ਕਾਜ ਨੂੰ ਪ੍ਰਨਾਏ ਹਜ਼ਾਰਾਂ ਗੱਭਰੂ-ਮੁਟਿਆਰਾਂ ਦੀ ਆਪਾਵਾਰੂ ਤਾਕਤ ਹੈ ਜਿਨ੍ਹਾਂ ਨੇ ਆਪਣੀ ਨਿੱਜੀ ਤਰੱਕੀ ਤੇ ਸੁਖ-ਸਹੂਲਤਾਂ ਵਾਲੀ ਜ਼ਿੰਦਗੀ ਦੀ ਸੋਚ ਤਿਆਗ ਕੇ ਮਨੁੱਖੀ ਜ਼ਿੰਦਗੀ ਦੀਆਂ ਮੁੱਢਲੀਆਂ ਜ਼ਰੂਰਤਾਂ ਤੋਂ ਵਾਂਝੇ ਜੰਗਲੀ-ਪਹਾੜੀ ਇਲਾਕਿਆਂ ਵਿਚ ਦਹਾਕੇ ਗੁਜ਼ਾਰ ਕੇ ਗ਼ਰੀਬਾਂ ਵਿਚੋਂ ਸਭ ਤੋਂ ਗ਼ਰੀਬ ਅਤੇ ਵਾਂਝੇ ਹਿੱਸਿਆਂ ਦੇ ਦਿਲ ਜਿੱਤ ਲਏ ਹਨ।

ਮੋਟੇ ਅੰਦਾਜ਼ੇ ਅਨੁਸਾਰ, 1970 ਤੋਂ ਲੈ ਕੇ ਹੁਣ ਤਕ ਵੀਹ ਹਜ਼ਾਰ ਤੋਂ ਵੱਧ ਨਕਸਲੀ ਮਾਰੇ ਜਾ ਚੁੱਕੇ ਹਨ, ਫਿਰ ਵੀ ਲਹਿਰ ਦੀ ਲੜਾਕੂ ਸਮਰੱਥਾ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਹੈ ਜਿਸ ਦਾ ਚੰਦ ਮਹੀਨਿਆਂ ਦੇ ਅੰਦਰ ਹੀ ਮੁਕੰਮਲ ਸਫ਼ਾਇਆ ਕਰ ਦੇਣ ਦੇ ਦਾਅਵੇ ਹੁਕਮਰਾਨਾਂ ਨੂੰ ਹਰ ਛੇ ਮਹੀਨੇ ਜਾਂ ਸਾਲ ਬਾਅਦ ਵਾਰ-ਵਾਰ ਦੁਹਰਾਉਣੇ ਪੈਂਦੇ ਹਨ, ਪਰ ਇਸ ਮੂੰਹ ਜ਼ੋਰ ਹਕੀਕਤ ਨੂੰ ਲੁਕੋਣਾ ਸਰਕਾਰਾਂ ਲਈ ਸੰਭਵ ਨਹੀਂ ਕਿ ਇਹ ਮਾਓਵਾਦੀ ਇਨਕਲਾਬੀ ਹੀ ਹਨ ਜਿਨ੍ਹਾਂ ਨੇ ਅਖੌਤੀ ਮੁਖਧਾਰਾ ਹਿੰਦੁਸਤਾਨ ਤੋਂ ਪੂਰੀ ਤਰ੍ਹਾਂ ਅਟੰਕ ਜੰਗਲਾਂ-ਪਹਾੜਾਂ ਦੇ ਆਦਿਵਾਸੀਆਂ ਦੀ ਜ਼ਿੰਦਗੀ ਵਿਚ ਗੌਲਣਯੋਗ ਆਰਥਿਕ, ਸਮਾਜੀ, ਸਭਿਆਚਾਰਕ ਅਤੇ ਸਿਆਸੀ ਤਬਦੀਲੀ ਲਿਆਂਦੀ ਹੈ। ਮਾਓਵਾਦੀ ਇਨਕਲਾਬੀਆਂ ਨੇ ਲੋਕ ਸਭਿਆਚਾਰ ਨੂੰ ਇਨਕਲਾਬੀ ਰੰਗ ਵਿਚ ਰੰਗ ਕੇ ਜੰਗਲਾਂ ਦਾ ਮਾਹੌਲ ਹੀ ਬਦਲ ਦਿੱਤਾ ਹੈ। ਆਦਿਵਾਸੀ ਸਮਾਜ ਅੰਦਰ ਸਥਾਈ ਖੇਤੀ ਦੀ ਸ਼ੁਰੂਆਤ, ਆਦਿਵਾਸੀ ਜ਼ੁਬਾਨ ਗੌਂਡੀ ਦੀ ਲਿਪੀ ਤਿਆਰ ਕਰ ਕੇ ਮਾਂ-ਬੋਲੀ ਵਿਚ ਆਦਿਵਾਸੀਆਂ ਨੂੰ ਮੁੱਢਲੀ ਪੜ੍ਹਾਈ ਤੇ ਸਿਹਤ ਸਹੂਲਤਾਂ ਮੁਹੱਈਆ ਕਰਾਉਣਾ, ਆਦਿਵਾਸੀ ਔਰਤਾਂ ਨੂੰ ਰਵਾਇਤੀ ਮੁਖੀਆਂ ਦੇ ਦਾਬੇ ਤੇ ਜੰਗਲਾਤ ਅਧਿਕਾਰੀਆਂ ਤੇ ਗ਼ੈਰ-ਆਦਿਵਾਸੀਆਂ ਵਲੋਂ ਕੀਤੇ ਜਾ ਰਹੇ ਜਿਨਸੀ ਸ਼ੋਸ਼ਣ ਤੋਂ ਮੁਕਤ ਕਰਾ ਕੇ ਉਨ੍ਹਾਂ ਨੂੰ ਆਪਣੀ ਗੁਰੀਲਾ ਤਾਕਤ ਦੇ 60 ਫ਼ੀਸਦੀ ਹਿੱਸੇ ਤਕ ਵਿਕਸਤ ਕਰਨਾ 'ਮੁੱਖਧਾਰਾ' ਹਿੰਦੁਸਤਾਨ ਦੀ ਸੱਤ ਦਹਾਕੇ ਦੀ ਨਾਕਾਮੀ ਨਾਲ ਮੁਕਾਬਲਾ ਕਰ ਕੇ ਦੇਖਿਆਂ ਛੋਟੀਆਂ ਪ੍ਰਾਪਤੀਆਂ ਨਹੀਂ। ਦਿੱਲੀ ਵਰਗੀ ਮਹਾਂਨਗਰੀ 'ਤਹਿਜ਼ੀਬ' ਅੰਦਰ ਔਰਤਾਂ ਦੇ ਅਗਵਾ ਅਤੇ ਸਮੂਹਿਕ ਜਬਰ-ਜਨਾਹ ਆਮ ਹੋ ਰਹੇ ਹਨ, ਪਰ ਜੰਗਲਾਂ ਵਿਚ ਜਦੋਂ ਤਕ ਸਰਕਾਰੀ ਲਸ਼ਕਰ ਅਤੇ ਸਟੇਟ ਦੀ ਸਰਪ੍ਰਸਤੀ ਵਾਲੇ ਗ਼ੈਰਕਾਨੂੰਨੀ ਗਰੋਹ ਆਦਿਵਾਸੀ ਰਿਹਾਇਸ਼ਾਂ ਉਪਰ ਹਮਲੇ ਨਹੀਂ ਕਰਦੇ, ਉਥੇ ਔਰਤਾਂ ਆਜ਼ਾਦੀ ਨਾਲ ਦਿਨ-ਰਾਤ ਘੁੰਮਦੀਆਂ ਹਨ। ਜ਼ਿਆਦਾਤਰ ਪੜ੍ਹੇ-ਲਿਖੇ ਲੋਕਾਂ ਨੂੰ ਸਮਾਜ ਨੂੰ ਬਿਹਤਰ ਬਣਾਉਣ ਦੀ ਹਥਿਆਰਬੰਦ ਨਕਸਲੀ ਸਿਆਸਤ ਪਸੰਦ ਨਹੀਂ, ਉਹ ਜਮਹੂਰੀਅਤ ਨੂੰ ਹਕੀਕੀ ਰੋਜ਼ਮਰਾ ਜ਼ਿੰਦਗੀ ਦੇ ਅੰਦਰ ਨਹੀਂ ਮਹਿਜ਼ ਚੋਣਾਂ ਦੀ ਰੁੱਤੇ ਵੋਟ ਪਰਚੀ ਪਾਉਣ ਦੇ ਰੂਪ ਵਿਚ ਹੀ ਦੇਖਦੇ ਹਨ, ਪਰ ਇਹ ਸਚਾਈ ਹੈ ਕਿ ਮਹਾਂ ਖ਼ੁਦਗਰਜ਼, ਸੱਤਾ ਦੀ ਲਾਲਚੀ, ਜ਼ਮੀਰਫ਼ਰੋਸ਼ ਅਤੇ ਕੁਨਬਾਪ੍ਰਸਤ ਹੁਕਮਰਾਨ ਜਮਾਤ ਇਨਕਲਾਬੀ ਆਦਰਸ਼ ਦੀ ਉਸ ਪਰਵਾਜ਼ ਦਾ ਸੁਪਨਾ ਵੀ ਨਹੀਂ ਲੈ ਸਕਦੀ ਜਿਸ ਲਈ ਮਾਓਵਾਦੀ ਇਨਕਲਾਬੀ ਆਪਣੀਆਂ ਜ਼ਿੰਦਗੀਆਂ ਦਾਅ ਉਤੇ ਲਾ ਕੇ ਸਮੁੱਚੀ ਮਨੁੱਖਤਾ ਦਾ ਭਵਿਖ ਰੌਸ਼ਨ ਬਣਾਉਣ ਅਤੇ ਆਮ ਇਨਸਾਨ ਦੀ ਜ਼ਿੰਦਗੀ ਵਿਚ ਸੱਚੀਮੁੱਚੀਂ ਦੀ ਜਮਹੂਰੀਅਤ ਲਈ ਲੜ ਰਹੇ ਹਨ; ਜਦਕਿ ਸੱਤਾਧਾਰੀ ਠੱਗਾਂ ਦੀ ਖ਼ੁਦ ਦੀ ਪੂਰੀ ਜ਼ਿੰਦਗੀ ਹੀ ਘੁਟਾਲਿਆਂ, ਵਾਅਦਾਖ਼ਿਲਾਫ਼ੀਆਂ, ਬੇਈਮਾਨੀਆਂ ਦੀ ਸੜਿਆਂਦ ਨੂੰ ਬਚਾਉਣ ਅਤੇ ਜਮਹੂਰੀਅਤ ਦਾ ਝੂਠਾ ਰਾਗ ਅਲਾਪਦੇ ਰਹਿਣ ਦੇ ਲੇਖੇ ਲੱਗਦੀ ਹੈ।

50ਵੀਂ ਵਰ੍ਹੇਗੰਢ ਮਨਾਉਣਾ ਕੇਵਲ ਨਕਸਲਬਾੜੀ ਦੀ ਵਿਰਾਸਤ ਨੂੰ ਮੁੜ ਚੇਤੇ ਕਰਨ ਦਾ ਸਵਾਲ ਨਹੀਂ ਹੈ, ਇਸ ਦੇ ਮੁੱਖ ਸਿਧਾਂਤਕ ਅਤੇ ਸਿਆਸੀ ਨਿਰਣੇ ਵੀ ਚਰਚਾ ਦੀ ਮੰਗ ਕਰਦੇ ਹਨ। ਨਕਸਲਬਾੜੀ ਦੀ ਇਨਕਲਾਬੀ ਧਾਰਾ ਨੇ 1960ਵਿਆਂ ਦੇ ਸੋਵੀਅਤ ਯੂਨੀਅਨ ਨੂੰ ਸਮਾਜਵਾਦੀ ਸਟੇਟ ਮੰਨਣਾ ਬੰਦ ਕਰ ਦਿੱਤਾ ਸੀ ਅਤੇ ਇਸ ਨੂੰ ਸਮਾਜਵਾਦ ਦੇ ਮਖੌਟੇ ਵਾਲਾ ਸਾਮਰਾਜਵਾਦ ਅਤੇ ਦੁਨੀਆ ਦੇ ਲੋਕਾਂ ਦਾ ਦੁਸ਼ਮਣ ਸਟੇਟ ਕਰਾਰ ਦਿੱਤਾ ਸੀ। ਦੋ ਦਹਾਕੇ ਬਾਅਦ ਸੋਵੀਅਤ ਯੂਨੀਅਨ ਵਿਚ ਵਿਕਸਤ ਹੋ ਚੁੱਕੇ ਨਕਲੀ ਸਮਾਜਵਾਦ ਦੇ ਪਤਨ ਨੇ ਉਨ੍ਹਾਂ ਦੀ ਪੇਸ਼ੀਨਗੋਈ ਸਹੀ ਸਾਬਤ ਕਰ ਦਿੱਤੀ। ਇਨਕਲਾਬੀ ਧਾਰਾ ਦਾ ਵਿਸ਼ਲੇਸ਼ਣ ਸੀ ਕਿ ਹਿੰਦੁਸਤਾਨ ਵਿਚ ਸਮਾਜੀ ਪ੍ਰਬੰਧ ਦੇ ਜਮਹੂਰੀਕਰਨ ਦਾ ਬੁਨਿਆਦੀ ਅਮਲ ਅਧੂਰਾ ਹੈ, ਇਸ ਲਈ ਪਹਿਲਾਂ ਜਮਹੂਰੀ ਇਨਕਲਾਬ ਨੂੰ ਪੂਰਾ ਕਰਨਾ ਹੋਵੇਗਾ। ਉਨ੍ਹਾਂ ਨੇ ਸਥਾਪਤ ਕਮਿਊਨਿਸਟ ਲੀਡਰਸ਼ਿਪ ਵਲੋਂ ਅਖ਼ਤਿਆਰ ਕੀਤੀ ਚੋਣਾਂ ਰਾਹੀਂ ਸਰਕਾਰਾਂ ਬਣਾਉਣ ਦੀ ਸਿਆਸੀ ਲਾਈਨ ਨੂੰ ਰੱਦ ਕਰ ਕੇ ਮਾਰਕਸਵਾਦ ਦੀ ਇਨਕਲਾਬੀ ਭਾਵਨਾ ਨੂੰ ਬਹਾਲ ਕੀਤਾ ਸੀ ਕਿ ਇਨਕਲਾਬੀ ਤਬਦੀਲੀ ਕੇਵਲ ਸੱਤਾ ਖ਼ਿਲਾਫ਼ ਹਥਿਆਰਬੰਦ ਲੋਕ ਯੁੱਧ ਨਾਲ ਹੀ ਲਿਆਂਦਾ ਜਾ ਸਕਦਾ ਹੈ। ਨਕਸਲਬਾੜੀ ਨੇ ਸੱਤਾ ਲਈ ਸੰਘਰਸ਼ ਵਿਚ ਇਨਕਲਾਬੀ ਜ਼ਰੱਈ ਸੁਧਾਰਾਂ ਦੀ ਅਹਿਮੀਅਤ ਨੂੰ ਸਾਹਮਣੇ ਲਿਆਂਦਾ। ਪੰਜ ਦਹਾਕਿਆਂ ਵਿਚ ਹੁਕਮਰਾਨਾਂ ਵਲੋਂ ਬੇਸ਼ਕ ਆਪਣੇ ਹਿੱਤ ਲਈ ਜ਼ਰੱਈ ਖੇਤਰ ਵਿਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਗਈਆਂ ਹਨ, ਪਰ ਬੇਜ਼ਮੀਨੇ ਗ਼ਰੀਬ ਲੋਕਾਂ ਲਈ ਜ਼ਮੀਨ ਦੀ ਮੁੜ ਵੰਡ ਦੇ ਮੁੱਦੇ ਦੀ ਅਹਿਮੀਅਤ ਅਜੇ ਵੀ ਬਣੀ ਹੋਈ ਹੈ। ਘੋਰ ਸੰਕਟ ਵਿਚ ਫਸੀ ਛੋਟੀ ਕਿਸਾਨੀ ਦੇ ਹਾਲਾਤ ਜ਼ਰੱਈ ਸੁਧਾਰਾਂ ਦੀ ਅਣਸਰਦੀ ਜ਼ਰੂਰਤ ਦੀ ਮੰਗ ਕਰਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਖੇਤੀ ਨੂੰ ਗੁਜ਼ਾਰੇ ਯੋਗ ਬਣਾ ਕੇ ਅਤੇ ਖੇਤੀ ਆਧਾਰਤ ਸਨਅਤਾਂ ਦਾ ਪ੍ਰੋਗਰਾਮ ਲੈ ਕੇ ਬਹੁਤ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾ ਸਕਦਾ ਹੈ ਅਤੇ ਵਿਸ਼ਾਲ ਅਵਾਮ ਦੀ ਖ਼ਰੀਦ ਸ਼ਕਤੀ ਵਧਾ ਕੇ ਵਿਕਾਸਮੁਖੀ ਸਨਅਤੀਕਰਨ ਨੂੰ ਪ੍ਰਫੁੱਲਤ ਕੀਤਾ ਜਾ ਸਕਦਾ ਹੈ। ਸੀ.ਪੀ.ਆਈ.(ਐਮ.ਐਲ.) ਨੇ 1960ਵਿਆਂ ਦੇ ਅਖ਼ੀਰ ਵਿਚ ਨਿਰਣਾ ਪੇਸ਼ ਕੀਤਾ ਸੀ ਕਿ ਹਿੰਦੁਸਤਾਨ ਦੀ ਸਰਮਾਏਦਾਰੀ ਆਜ਼ਾਦ ਸਰਮਾਏਦਾਰੀ ਨਹੀਂ, ਸਗੋਂ ਸਾਮਰਾਜਵਾਦ ਨਾਲ ਸਮਝੌਤਾ ਕਰ ਕੇ ਚੱਲਣ ਵਾਲੀ ਦਲਾਲ ਸਰਮਾਏਦਾਰੀ ਹੈ। ਪਿਛਲੇ ਦੋ ਦਹਾਕਿਆਂ ਵਿਚ ਜਿਵੇਂ 'ਕੌਮੀ ਹਿਤਾਂ' ਨੂੰ ਤਿਲਾਂਜਲੀ ਦੇ ਕੇ ਹਾਕਮ ਜਮਾਤਾਂ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਵਲੋਂ ਆਲਮੀ ਕਾਰਪੋਰੇਟ ਸਰਮਾਏਦਾਰੀ ਦੀ ਚਾਕਰੀ ਕਰਦਿਆਂ ਮੁਲਕ ਦੇ ਵਸੀਲੇ ਧੜਾਧੜ ਉਨ੍ਹਾਂ ਦੇ ਹਵਾਲੇ ਕੀਤੇ ਜਾ ਰਹੇ ਹਨ, ਤੇ ਮੁਲਕ ਦੀ ਰਸਮੀ ਪ੍ਰਭੁਸੱਤਾ ਖ਼ਤਮ ਕਰ ਕੇ ਹਿੰਦੁਸਤਾਨ ਦੀਆਂ ਨੀਤੀਆਂ ਨੂੰ ਅਮਰੀਕਾ ਦੀ ਅਗਵਾਈ ਵਾਲੇ ਪਿਛਾਖੜੀ ਧੁਰੇ ਦੀਆਂ ਪਿਛਲਗ ਬਣਾ ਦਿੱਤਾ ਹੈ, ਉਸ ਨੇ ਸਾਮਰਾਜਵਾਦੀ ਗ਼ਲਬੇ ਤੋਂ ਸੱਚੀ ਸੁਤੰਤਰਤਾ ਦੇ ਸਵਾਲ ਨੂੰ ਹੋਰ ਅਹਿਮ ਬਣਾ ਦਿੱਤਾ ਹੈ। ਲਹਿਰ ਦੀ ਬੁਨਿਆਦੀ ਸਿਧਾਂਤਕ-ਸਿਆਸੀ ਸੇਧ ਦੀ ਇਹ ਸੰਖੇਪ ਜਾਣ-ਪਛਾਣ ਉਸ ਬੇਮਿਸਾਲ ਦੇਣ ਦੀ ਅਹਿਮੀਅਤ ਨੂੰ ਉਜਾਗਰ ਕਰਦੀ ਹੈ ਜੋ ਦੇਣ ਇਸ ਨੇ ਕਮਿਊਨਿਸਟ ਲਹਿਰ ਦੀ ਸਮਝੌਤਾਵਾਦੀ ਲੀਡਰਸ਼ਿਪ ਨੂੰ ਬੇਨਕਾਬ ਕਰਨ ਵਿਚ ਦਿੱਤੀ। ਇਸ ਲਈ ਲਹਿਰ ਦੇ ਸਿਆਸੀ ਢੰਗ-ਤਰੀਕਿਆਂ ਵਿਚਲੀਆਂ ਗ਼ਲਤੀਆਂ ਅਤੇ ਕਾਰਵਾਈਆਂ ਵਿਚਲੀਆਂ ਘਾਟਾਂ-ਉਕਾਈਆਂ ਨੂੰ ਆਧਾਰ ਬਣਾ ਕੇ ਇਸ ਦੀ ਸਿਆਸੀ ਅਹਿਮੀਅਤ ਨੂੰ ਨਕਾਰਿਆ ਨਹੀਂ ਜਾ ਸਕਦਾ। ਨਕਸਲੀ ਸਿਆਸਤ ਦਾ ਮੁਲਕ ਦੀ ਸਿਆਸਤ, ਸਭਿਆਚਾਰ ਅਤੇ ਸਾਹਿਤ ਉਪਰ ਅਮਿੱਟ ਪ੍ਰਭਾਵ ਹੈ। ਇਹ ਪ੍ਰਭਾਵ ਅੱਜ ਵੀ ਦੇਖਿਆ ਜਾ ਸਕਦਾ ਹੈ।



ਲਾਲਗੜ੍ਹ ਵਿਚ ਉਠੇ ਵਿਦਰੋਹ ਦੌਰਾਨ ਜਲਸੇ ਦੀ ਤਸਵੀਰ।

ਅੱਜ ਇਸ ਲਹਿਰ ਦੀ ਮੁੱਖ ਨੁਮਾਇੰਦਾ ਤਾਕਤ ਮਾਓਵਾਦੀ ਲਹਿਰ ਹੈ ਜਿਸ ਨੂੰ ਦਰਕਿਨਾਰ ਕਰ ਕੇ 50 ਸਾਲਾ ਜਸ਼ਨ ਕੋਈ ਮਾਇਨੇ ਨਹੀਂ ਰੱਖਦੇ। 'ਆਜ਼ਾਦੀ' ਤੋਂ ਪਿੱਛੋਂ ਦੇ ਸੱਤ ਦਹਾਕਿਆਂ ਦੌਰਾਨ ਆਜ਼ਾਦੀ ਦੇ ਸੁਪਨਿਆਂ ਨਾਲ ਹੁਕਮਰਾਨ ਜਮਾਤ ਦੀ ਗ਼ਦਾਰੀ ਅਕੱਟ ਸਚਾਈ ਹੈ। ਇਸ ਲਹਿਰ ਦੀ ਬੁਨਿਆਦੀ ਅਹਿਮੀਅਤ ਆਜ਼ਾਦੀ ਦੇ ਉਸ ਸੁਪਨੇ ਅਨੁਸਾਰ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਆਮ ਲੋਕਾਂ ਦੇ ਸੰਘਰਸ਼ ਦੀ ਆਗੂ ਟੁਕੜੀ ਬਣਨ ਅਤੇ ਇਸ ਦੀ ਆਗੂ ਭੂਮਿਕਾ ਅਖ਼ਤਿਆਰ ਕਰਨ ਵਿਚ ਹੈ। ਜਦੋਂ ਮੁਲਕ ਵਿਚ ਨਾਬਰਾਬਰੀ, ਅਨਿਆਂ ਅਤੇ ਦਾਬੇ ਤੋਂ ਮੁਕਤੀ ਦੀ ਜ਼ਰੂਰਤ ਹੁਣ ਆਮ ਲੋਕਾਂ ਵਲੋਂ ਪਹਿਲਾਂ ਤੋਂ ਵਧੇਰੇ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ ਤਾਂ ਨਕਸਲਬਾੜੀ ਸਿਆਸੀ ਧਾਰਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਮੌਜੂਦਾ ਰਾਜਕੀ ਢਾਂਚੇ ਨੂੰ ਚਕਨਾਚੂਰ ਕਰ ਕੇ ਸੱਚੀ ਤਬਦੀਲੀ ਲਿਆਉਣ ਵਾਲੇ ਤਾਜ਼ਾ ਦਮ ਅਤੇ ਨਰੋਏ ਸੰਘਰਸ਼ ਦੀ ਨੁਮਾਇੰਦਗੀ ਕਰਦੀ ਹੈ ਜੋ ਅਨਿਆਂ ਅਤੇ ਦਾਬੇ ਦਾ ਸਾਧਨ ਹੋਣ ਕਾਰਨ ਇਸ ਦੇ ਅੰਦਰ ਅਵਾਮ ਲਈ ਜਮਹੂਰੀਅਤ ਤੇ ਤਰੱਕੀ ਦੇ ਮੌਕੇ ਸੰਭਵ ਨਹੀਂ। ਇਹ ਰਾਜਕੀ ਢਾਂਚਾ ਅਤੇ ਇਸ ਦੀ ਬੁਨਿਆਦ ਸਮਾਜੀ ਪ੍ਰਬੰਧ ਆਪਣੇ ਹੀ ਨਜ਼ਰਅੰਦਾਜ਼ ਕੀਤੇ ਅਤੇ ਸਦੀਆਂ ਤੋਂ ਦਬਾਏ ਬਹੁਗਿਣਤੀ ਅਵਾਮ ਦੀ ਤਰਜਮਾਨੀ ਨਹੀਂ ਕਰ ਸਕਦੇ। ਇਨਕਲਾਬੀ ਸਿਆਸਤ ਦੀ ਜਾਗ ਲੱਗਣ 'ਤੇ ਭੁੱਖੇ-ਨੰਗੇ, ਸਾਧਨਾਂ ਤੋਂ ਵਾਂਝੇ, ਦਬਾਏ ਹੋਏ ਨਿਤਾਣੇ ਲੋਕ ਦੁਨੀਆ ਦੇ ਤਾਕਤਵਰ ਸਟੇਟ ਖ਼ਿਲਾਫ ਮੈਦਾਨੇ-ਜੰਗ ਵਿਚ ਆ ਨਿੱਤਰਦੇ ਹਨ ਜੋ ਦੁਨੀਆ ਦੀ ਆਧੁਨਿਕ ਫ਼ੌਜੀ ਸਾਜ਼ੋ-ਸਮਾਨ ਵਾਲੀ ਤਾਕਤਵਰ ਫ਼ੌਜ ਨਾਲ ਲੈਸ ਹੈ। ਇਹੀ ਵਜ੍ਹਾ ਹੈ ਕਿ ਹੁਕਮਰਾਨਾਂ ਦੇ ਕੂੜ ਪ੍ਰਚਾਰ ਦੇ ਉਲਟ ਮਾਓਵਾਦੀ ਲਹਿਰ ਹਿੰਦੁਸਤਾਨ ਦੇ ਵਿਸ਼ਾਲ ਦੱਬੇ-ਕੁਚਲੇ ਅਵਾਮ ਦੇ ਹਿਤਾਂ ਦੀ ਤਰਜਮਾਨੀ ਕਰਦੀ ਹੈ ਜਿਨ੍ਹਾਂ ਦੀ ਹੋਂਦ ਹੀ ਖ਼ਤਰੇ ਮੂੰਹ ਆ ਗਈ ਹੈ। ਹੁਕਮਰਾਨ ਜਮਾਤ ਆਮ ਲੋਕਾਂ ਦੇ ਜੀਵਨ-ਗੁਜ਼ਾਰੇ ਦੇ ਨਿਗੂਣੇ ਸਾਧਨ ਜਲ, ਜੰਗਲ ਤੇ ਜ਼ਮੀਨ ਹਥਿਆ ਕੇ ਸਾਮਰਾਜਵਾਦ ਅਤੇ ਸਥਾਨਕ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਦੀ ਧਾੜਵੀ ਨੀਤੀ 'ਤੇ ਚੱਲ ਰਹੀ ਹੈ। ਇਸ ਲੁਕਵੇਂ ਮਨੋਰਥ ਨਾਲ ਡੇਢ ਦਹਾਕੇ ਤੋਂ ਹਿੰਦੁਸਤਾਨੀ ਸਟੇਟ 'ਅੰਦਰੂਨੀ ਸੁਰੱਖਿਆ ਨੂੰ ਖ਼ਤਰਾ' ਦੇ ਨਾਂ ਹੇਠ ਆਪਣੇ ਹੀ ਨਾਗਰਿਕਾਂ ਖ਼ਿਲਾਫ਼ ਜੰਗ ਲੜ ਰਿਹਾ ਹੈ। ਇਸ ਦੀ ਮਾਰ ਹੇਠ ਸਿਰਫ਼ ਜੰਗਲਾਂ ਦੇ ਆਦਿਵਾਸੀ ਹੀ ਨਹੀਂ, ਸਗੋਂ ਸ਼ਹਿਰਾਂ ਵਿਚਲੇ ਜਮਹੂਰੀ ਕਾਰਕੁਨਾਂ ਅਤੇ ਉਨ੍ਹਾਂ ਬੁੱਧੀਜੀਵੀਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜੋ ਆਦਿਵਾਸੀ ਕਤਲੇਆਮ ਦੇ ਆਲੋਚਕ ਹਨ। ਮੋਦੀ ਦੀ ਅਗਵਾਈ ਵਿਚ ਭਗਵੇਂ ਬ੍ਰਿਗੇਡ ਦੇ ਸੱਤਾਧਾਰੀ ਬਣਨ ਨਾਲ ਕਾਰਪੋਰੇਟ ਨੀਤੀਆਂ ਅਤੇ ਹਿੰਦੂਤਵ ਦੇ ਜੁੜਵੇਂ ਹਮਲੇ ਨੇ ਦੱਬੇ-ਕੁਚਲੇ ਅਤੇ ਹਾਸ਼ੀਆਗ੍ਰਸਤ ਲੋਕਾਂ ਦਾ ਜਿਉਣਾ ਹੋਰ ਵੀ ਦੁੱਭਰ ਕਰ ਦਿੱਤਾ ਹੈ। ਉਨ੍ਹਾਂ ਲਈ ਆਪਣੇ ਜਮਹੂਰੀ ਹੱਕਾਂ ਅਤੇ ਜ਼ਿੰਦਗੀ ਦੀ ਰਾਖੀ ਲਈ ਜੁਝਾਰੂ ਸੰਘਰਸ਼ ਦੀ ਅਹਿਮੀਅਤ ਹੋਰ ਵਧ ਗਈ ਹੈ। ਪਾਰਲੀਮੈਂਟਰੀ ਕਮਿਊਨਿਸਟਾਂ ਦੀ ਸਮਝੌਤਾਵਾਦੀ ਸਿਆਸਤ ਸਿਆਸੀ ਤੌਰ 'ਤੇ ਗ਼ੈਰ-ਪ੍ਰਸੰਗਕ ਹੋ ਚੁੱਕੀ ਹੈ।

ਇਨ੍ਹਾਂ ਹਾਲਾਤ ਵਿਚ ਵੱਡੀ ਨੀਮ-ਫ਼ੌਜੀ ਘੇਰਾਬੰਦੀ ਦੇ ਬਾਵਜੂਦ ਇਹ ਨਕਸਲਬਾੜੀ ਦੀ ਇਨਕਲਾਬੀ ਸਪਿਰਟ ਹੀ ਹੈ ਜੋ ਆਦਿਵਾਸੀਆਂ, ਦਲਿਤਾਂ, ਔਰਤਾਂ, ਘੱਟ ਗਿਣਤੀਆਂ ਸਮੇਤ ਤਮਾਮ ਦੱਬੇ-ਕੁਚਲੇ ਅਤੇ ਮਿਹਨਤਕਸ਼ ਅਵਾਮ ਨੂੰ ਵੱਡੇ ਸੰਘਰਸ਼ਾਂ ਲਈ ਉਭਾਰ ਰਹੀ ਹੈ ਅਤੇ ਇਹ ਮੁਲਕ ਪੱਧਰ ਦਾ ਟਿਕਾਊ ਸਿਆਸੀ ਬਦਲ ਮੁਹੱਈਆ ਕਰਨ ਦਾ ਦਮ ਰੱਖਦੀ ਹੈ। ਜੰਗਲ ਦੀ ਮਜ਼ਬੂਤ ਲਹਿਰ ਨੂੰ ਸ਼ਹਿਰੀ ਅਤੇ ਮੈਦਾਨੀ ਇਲਾਕਿਆਂ ਵਿਚ ਫੈਲਾਉਣ ਲਈ ਢੁੱਕਵਾਂ ਪ੍ਰੋਗਰਾਮ ਘੜਨਾ ਮਾਓਵਾਦੀ ਲੀਡਰਸ਼ਿਪ ਅੱਗੇ ਸਭ ਤੋਂ ਵੱਡੀ ਚੁਣੌਤੀ ਹੈ। ਇਸ ਵਿਸਤਾਰ ਦੁਆਰਾ ਹੀ ਸਟੇਟ ਵਲੋਂ ਆਪਣੇ ਹੀ ਲੋਕਾਂ ਵਿਰੁੱਧ ਵਿੱਢੀ ਜੰਗ ਨੂੰ ਪਛਾੜਨਾ ਸੰਭਵ ਹੋਵੇਗਾ। ਗ਼ਰੀਬਾਂ ਵਿਚੋਂ ਸਭ ਤੋਂ ਗ਼ਰੀਬ ਨਾਗਰਿਕਾਂ ਨੂੰ ਦਬਾਉਣ ਲਈ ਉਨ੍ਹਾਂ ਖ਼ਿਲਾਫ਼ ਨੀਮ-ਫ਼ੌਜੀ ਤਾਕਤਾਂ ਅਤੇ ਅਸਿੱਧੇ ਤੌਰ 'ਤੇ ਫ਼ੌਜ ਦਾ ਇਸਤੇਮਾਲ ਹਾਕਮ ਜਮਾਤੀ ਸਿਆਸਤ ਦੇ ਦੀਵਾਲੀਏਪਨ ਅਤੇ ਨਕਸਲਬਾੜੀ ਸਿਆਸਤ ਦੀ ਮਜ਼ਬੂਤੀ ਦਾ ਸੂਚਕ ਹੈ। ਇਨ੍ਹਾਂ ਮਾਇਨਿਆਂ ਵਿਚ ਨਕਸਲਬਾੜੀ ਨੂੰ ਇਨਕਲਾਬੀ ਜਜ਼ਬੇ ਨਾਲ ਬੁਲੰਦ ਕਰਨਾ, ਮਾਓਵਾਦੀ ਇਲਾਕਿਆਂ ਵਿਚ ਬੁਨਿਆਦੀ ਪੱਧਰ 'ਤੇ ਉਸਾਰੇ ਜਾ ਰਹੇ ਸੱਚੇ ਲੋਕਤੰਤਰ ਦੀ ਅਹਿਮੀਅਤ ਨੂੰ ਸਮਝਣਾ ਅਤੇ ਅਪਰੇਸ਼ਨ ਗਰੀਨ ਹੰਟ ਤੇ ਹੋਰ ਨਾਵਾਂ ਹੇਠ ਆਦਿਵਾਸੀਆਂ ਅਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਅਤੇ ਜਮਹੂਰੀ ਹੱਕਾਂ ਦੇ ਘਾਣ ਨੂੰ ਬੰਦ ਕਰਨ ਲਈ ਆਵਾਜ਼ ਉਠਾਉਣਾ ਹੀ ਉਨ੍ਹਾਂ ਦਹਿ ਹਜ਼ਾਰਾਂ ਕਮਿਊਨਿਸਟ ਇਨਕਲਾਬੀਆਂ ਦੀ ਸੂਰਮਗਤੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਜਿਨ੍ਹਾਂ ਨੇ ਇਨ੍ਹਾਂ ਪੰਜ ਦਹਾਕਿਆਂ ਵਿਚ ਸਾਡੇ ਲੋਕਾਂ ਨੂੰ ਹਰ ਤਰ੍ਹਾਂ ਦੀ ਲੁਟ-ਖਸੁਟ, ਦਾਬੇ ਅਤੇ ਜਬਰ ਤੋਂ ਮੁਕਤ ਕਰਾਉਣ ਲਈ ਆਪਣੀਆਂ ਜ਼ਿੰਦਗੀਆਂ ਵਾਰ ਦਿੱਤੀਆਂ।

(ਸਮਾਪਤ)

## ਜੂਝਦੇ ਯੁੱਧ ਸੰਗੀਆਂ ਦੀ ਸੰਵੇਦਨਾ...

*3 ਮਈ 1975 ਨੂੰ ਹਾਵੜਾ ਜੇਲ੍ਹ ਵਿਚ ਪੰਜ ਨਕਸਲੀ ਕੈਦੀਆਂ ਦੀ ਹੱਤਿਆ ਕਰ ਦਿੱਤੀ ਗਈ। 22 ਵਰ੍ਹਿਆਂ ਦਾ ਪਰਬੀਰ ਰਾਏ ਚੌਧਰੀ ਉਨ੍ਹਾਂ ਵਿਚੋਂ ਇਕ ਸੀ ਜਿਸ ਦਾ ਲਾਡਲਾ ਨਾਂ ਪਾਖੀ ਸੀ। ਜਦੋਂ ਕਲਕੱਤਾ ਦੀ ਪ੍ਰੈਜ਼ੀਡੈਂਸੀ ਜੇਲ੍ਹ ਵਿਚ ਬੰਦ ਪਰਬੀਰ ਦੇ ਸਾਥੀਆਂ ਨੂੰ ਉਸ ਦੀ ਸ਼ਹਾਦਤ ਦੀ ਖ਼ਬਰ ਮਿਲੀ, ਉਨ੍ਹਾਂ ਨੇ ਆਪਣੀ ਜੇਲ੍ਹ ਕੋਠੜੀ ਦੀ ਦੀਵਾਰ ਉਪਰ ਕੰਕਰ ਨਾਲ ਇਹ ਸਤਰਾਂ ਉਸ ਦੀ ਯਾਦ ਵਿਚ ਲਿਖੀਆਂ; ਕਿਉਂਕਿ ਜੇਲ੍ਹ ਵਿਚ ਕਾਗਜ਼, ਕਲਮ ਵਰਤਣ ਦੀ ਇਜਾਜ਼ਤ ਨਹੀਂ ਸੀ:*

*ਖ਼ਾਮੋਸ਼!*
*ਇਥੇ ਸੁੱਤਾ ਪਿਆ ਏ ਮੇਰਾ ਵੀਰ।*
*ਮੁਰਝਾਏ ਚਿਹਰੇ ਅਤੇ ਉਦਾਸ ਮਨ ਨਾਲ*
*ਉਸ ਨੂੰ ਨਾ ਬੁਲਾਓ*



*ਉਹ ਤਾਂ ਖ਼ੁਦ ਮੁਸਕਾਨ ਹੈ!*
*ਫੁੱਲਾਂ ਨਾਲ ਉਸ ਨੂੰ ਨਾ ਢਕੋ*
*ਫੁੱਲ ਉਪਰ ਫੁੱਲ*
*ਚੜ੍ਹਾਉਣ ਦਾ ਕੀ ਫ਼ਾਇਦਾ?*
*ਜੇ ਹੋ ਸਕੇ*
*ਤਾਂ ਉਸ ਨੂੰ*
*ਆਪਣੇ ਦਿਲ ਵਿਚ ਵਸਾ ਲਓ।*
*ਤੁਸੀਂ ਦੇਖੋਗੇ*
*ਦਿਲ ਦੇ ਪਰਿੰਦੇ ਦੇ ਚਹਿਕਣ ਨਾਲ*
*ਤੁਹਾਡੀ ਸੁੱਤੀ ਹੋਈ ਆਤਮਾ*
*ਜਾਗ ਉਠੀ ਹੈ।*
*ਜੇ ਹੋ ਸਕੇ*
*ਤਾਂ ਕੁਝ ਹੰਝੂ ਵਹਾ ਦੇਣਾ।*
*ਤੇ... ਦੇ ਦੇਣਾ*
*ਆਪਣੇ ਜਿਸਮ ਦਾ ਪੂਰਾ ਲਹੂ।*

# ਕੋਠੀ ਲੱਗੇ ਐਨ. ਆਰ. ਆਈ. ਬਜ਼ੁਰਗ

**ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ ਕੋਠੀ ਲੱਗਣਾ ਕਿਹਾ ਹੈ। ਇਸ ਲੇਖ ਲੜੀ ਵਿਚ ਉਨ੍ਹਾਂ ਕੋਠੀ ਲੱਗੇ ਬਜ਼ੁਰਗਾਂ ਦੀ ਪੀੜਾ ਦੀ ਸਾਰ ਲਈ ਹੈ। -ਸੰਪਾਦਕ**

ਅਕਤੂਬਰ-ਨਵੰਬਰ ਦਾ ਸਮਾਂ। ਲਗਭਗ ਉਦੋਂ ਹੀ ਬਹੁਤੇ ਐਨ. ਆਰ. ਆਈ. ਬਜ਼ੁਰਗ ਪਰਿਵਾਰ ਆਪਣੀ ਮਾਤਭੂਮੀ ਪੰਜਾਬ ਵੱਲ ਵਹੀਰਾਂ ਘੱਤ ਤੁਰਦੇ ਹਨ। ਵਾਇਨਾ ਤੋਂ ਆਸਟਰੀਅਨ ਜਹਾਜ਼ ਉਡ ਪਿਆ। ਸਫਰ ਨੂੰ ਰੌਚਕ ਬਣਾਉਣ ਲਈ ਨਾਲ ਬੈਠੇ ਹਮਉਮਰ ਪੰਜਾਬੀ ਬਾਈ ਨਾਲ ਫਤਿਹ ਬੁਲਾ ਸਹਿਵਨ ਗੱਲ ਤੋਰੀ, "ਕਿਵੇਂ ਆ ਬਾਈ ਏਧਰਲਾ, ਓਧਰਲਾ ਹਾਲ-ਹਵਾਲ।"

"ਹਾਲ ਕੀ ਐ ਬਾਈ, ਮੇਰਾ ਤਾਂ ਇੱਕ ਅੜੇ ਹੋਏ ਇੰਤਕਾਲ ਨੇ ਅੰਤਕਾਲ ਹੀ ਨੇੜੇ ਲਿਆਂਦਾ ਹੋਇਐ।"

ਇਉਂ ਲੱਗਾ ਬੰਦਾ ਜਿਵੇਂ ਕਿਸੇ ਮਸਲੇ ਨਾਲ ਉਲਝਿਆ, ਬਹੁਤਾ ਹੀ ਦੁਖੀ ਤੇ ਪ੍ਰੇਸ਼ਾਨ ਹੋਵੇ।

ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

ਗੱਲਬਾਤ ਤੋਂ ਪੜ੍ਹਿਆ ਲਿਖਿਆ ਲੱਗਾ। ਵੇਖਣੀ-ਚਾਖਣੀ ਤੋਂ ਚੰਗਾ-ਭਲਾ ਜਾਪਿਆ। ਮੈਨੂੰ ਉਸ ਦੇ ਇੱਕ ਧੁਨੀ ਵਾਲੇ ਜੁਟ ਸ਼ਬਦ ਇੰਤਕਾਲ ਤੇ ਅੰਤਕਾਲ ਪਿੱਛੇ ਕਿਸੇ ਕਹਾਣੀ ਤੇ ਪਾਣੀ ਦੇ ਚੜ੍ਹਦੇ-ਉਤਰਦੇ ਵਹਿਣ ਵਰਗੀ ਗਾਥਾ ਭਾਸੀ। ਸੋਚਾਂ ਇੰਤਕਾਲ ਦਾ ਇੱਕ ਮਤਲਬ ਜ਼ਮੀਨ, ਜਾਇਦਾਦ ਨੂੰ ਆਪਣੇ ਨਾਂ ਕਰਾਉਣਾ ਹੁੰਦੈ। ਦੂਜਾ, ਸਵਾਸ ਤਿਆਗਣ ਦਾ ਸਮਾਂ, ਮ੍ਰਿਤੂ ਸਮਾਂ, ਆਖਰੀ ਸਮਾਂ। ਭੰਬਲਭੂਸਾ ਜਿਹਾ ਭਾਸਿਆ। ਅੰਤ ਹੋਣ ਵਾਲੇ ਉਸ ਦੇ ਚਿਹਰੇ 'ਤੇ ਕੋਈ ਵਿਸ਼ੇਸ਼ ਚਿੰਨ੍ਹ ਨਹੀਂ ਸਨ ਦਿੱਸੇ। ਮੇਰੀ ਚੇਤਨਾ ਟੁੰਬੀ ਗਈ। ਉਹਦੀ ਕਹਾਣੀ 'ਚ ਮੇਰੀ ਉਤਸੁਕਤਾ ਵਧ ਗਈ।

"ਨੌਕਰੀ ਸੀ ਜਾਂ ਕੁਝ ਹੋਰ ਸ਼ੁਗਲ?"

"ਰਾਮਗੜ੍ਹੀਆ ਕਾਲਜ ਫਗਵਾੜਾ ਵਿਚ ਪੰਜਾਬੀ, ਪੜ੍ਹਾਉਂਦਾ ਰਿਹਾਂ ਬਾਈ। ਸਾਹਿਤ ਪੜ੍ਹਨ-ਪੜ੍ਹਾਉਣ 'ਚ ਹੀ ਖੁੱਭਾ ਰਹਿੰਦਾ, ਅਮਲੀ ਦੁਨਿਆਵੀ ਝਮੇਲਿਆਂ ਤੋਂ ਬੇਖਬਰ, ਉਥੋਂ ਹੀ ਰਿਟਾਇਰ ਹੋਇਆ। ਬੱਚੇ ਬਾਹਰ ਸਨ, ਜੱਕੋ ਤੱਕੀ 'ਚ ਏਧਰ ਦਾ ਅੰਨ-ਜਲ ਬਣ ਗਿਆ।"

"ਤਾਂ ਤੇ ਬਾਈ ਅਸੀਂ ਹਮਪੇਸ਼ਾ ਹਮਸਫਰ ਹੋਏ।" ਕੁਝ ਸਾਂਝ ਜਿਹੀ ਬਣਦੀ ਜਾਪੀ। 'ਮਨਸਾਂ, ਮਰਦਾਂ, ਸੂਰਿਆਂ ਕੰਮ ਪੈਣ ਅਵੱਲੇ' ਇੱਕ ਹੌਸਲਾ ਵਧਾਊ ਕਹਾਵਤ ਨਾਲ ਗੱਲ ਮੁੜ ਛੋਹੀ। ਉਹ ਮੇਰੇ ਵੱਲ ਅਪਣੱਤ ਜਿਹੀ ਨਾਲ ਝਾਕਿਆ। ਦੁਖੀਆ ਹਮਸਫਰ, ਹਮਪੇਸ਼ਾ ਖੁੱਲ੍ਹ ਪਿਆ।

"ਭਾਅ ਕੀ ਪੁੱਛਦੈਂ, ਅੱਸੀਵਿਆਂ ਦੇ ਆਖੀਰਲੇ ਸਾਲਾਂ 'ਚ, ਜਲੰਧਰ ਨੇੜੇ ਇੱਕ ਨਵੀਂ ਕੱਟੀ ਜਾ ਰਹੀ, ਵਧੀਆ ਕਾਲੋਨੀ 'ਚ, ਵੇਖੋ ਵੇਖੀ ਚੰਗਾ ਖੁੱਲ੍ਹਾ-ਡੁੱਲ੍ਹਾ ਪਲਾਟ ਲੈ ਲਿਆ, ਉਦੋਂ ਭਾਅ ਵੀ ਸਸਤੇ ਸਨ, ਪਰ ਡੀਲਰ ਠੱਗ, ਚਾਲਬਾਜ਼ ਸਿੱਧ ਹੋਇਆ। ਸਾਡੇ ਵਰਗੇ ਪੜ੍ਹਨ ਪੜ੍ਹਾਉਣ ਵਾਲਿਆਂ ਨੂੰ ਰਜਿਸਟਰੀਆਂ ਰਜੂਸਟਰੀਆਂ ਦੀਆਂ ਬਾਰੀਕੀਆਂ ਦਾ, ਇੰਤਕਾਲਾਂ ਦਾ, ਬਹੁਤਾ ਪਤਾ ਨਹੀਂ ਸੀ। ਰਜਿਸਟਰੀ ਮਿਲ ਗਈ, ਮਨ ਖੁਸ਼ ਹੋ ਗਿਆ। ਬੁਰਜੀਆਂ ਲੱਗੀਆਂ ਹੋਈਆਂ ਸਨ। ਕੁਝ ਪਲਾਟਾਂ 'ਚ ਉਸਾਰੀ ਵੀ ਅਰੰਭ ਹੋ ਗਈ ਹੋਈ ਸੀ। ਹੌਲੀ ਹੌਲੀ, ਮਾਇਕ ਵਸੀਲੇ ਜੋੜ ਕੇ, ਅਸੀਂ ਵੀ ਕੋਠੀ ਬਣਾਉਣੀ ਸ਼ੁਰੂ ਕਰ ਦਿੱਤੀ। ਮਾਇਕ ਤੰਗੀ 'ਚ, ਦੋਹਾਂ ਜੀਆਂ ਦੀ ਤਨਖਾਹ, ਵਿੱਤੀ ਵਸੀਲੇ ਇਹੋ ਸਨ, ਕੁਝ ਏਧਰੋਂ ਓਧਰੋਂ ਫੜ-ਫੁੜ ਕੰਮ ਚੱਲਦਾ ਰਿਹਾ। ਤਿੰਨ ਕੁ ਸਾਲਾਂ 'ਚ ਕੋਠੀ ਰਹਿਣਯੋਗ ਹੋ ਗਈ। ਪੰਜ ਕੁ ਸਾਲ ਪਿੱਛੋਂ ਪਤਾ ਲੱਗਾ ਕਿ ਪਲਾਟ ਦਾ ਇੰਤਕਾਲ ਵੀ ਕਰਾਈਦੈ। ਪਤਾ ਕੀਤਾ, ਇੰਤਕਾਲ ਲਈ ਭੱਜ ਨੱਠ ਕੀਤੀ, ਸਿਫਾਰਸ਼ਾਂ ਪਵਾਈਆਂ, ਪਟਵਾਰੀ ਕਾਨੂੰਨਗੋ ਆਦਿ ਕਹਿਣ, ਡੀਲਰ ਆਪਣੇ ਮੁਖਤਿਆਰ ਤੋਂ ਵੱਧ ਦਾ, ਰਕਬਾ (ਹਿੱਸਾ) ਵੇਚ ਗਿਆ ਹੋਇਐ। ਰੋਟੀਆਂ ਦਸ ਨੇ, ਇੰਤਕਾਲ ਕਰਾਉਣ ਵਾਲੇ ਬਾਰਾਂ ਤੇਰਾਂ ਤੁਰੇ ਫਿਰਦੇ ਨੇ, ਤੇਰੇ ਵਰਗੇ ਹੋਰ ਵੀ। ਅਸੀਂ ਕੀ ਕਰੀਏ? ਕਈ ਕਹਿਣ, ਰਜਿਸਟਰੀ ਹੈ, ਤੇ ਏਨੇ ਸਾਲਾਂ ਦਾ ਕਬਜ਼ਾ ਹੈ ਤੇਰਾ, ਕੋਠੀ ਬਣੀ ਹੋਈ ਐ। ਕੋਈ ਫਿਕਰ ਨਾ ਕਰ, ਮਸਤ ਰਹੋ, ਤੁਹਾਡੇ 'ਤੇ ਕਿਸੇ ਦਾ ਕੋਈ ਇਤਰਾਜ਼ ਦਾਅਵਾ ਨਹੀਂ। ਕਿਸੇ ਨੇ ਤੁਹਾਡੇ 'ਤੇ ਕੋਈ ਕੇਸ ਨਹੀਂ ਪਾਇਆ, ਕਾਰਪੋਰੇਸ਼ਨ ਵੱਲੋਂ ਹੁਣ ਤਾਂ ਤੁਹਾਡੇ ਨੰਬਰ ਵੀ ਲੱਗ ਗਏ ਹੋਏ ਨੇ। ਪ੍ਰਾਪਰਟੀ ਟੈਕਸ ਬਾਕਾਇਦਾ ਭਰੀ ਜਾ ਰਹੇ ਓ।" ਸਭ ਕੁਝ ਉਧੜੀ ਗਿਆ।

"ਫਿਰ ਸਮੱਸਿਆ, ਕੀ ਹੈ ਬਾਈ?"

"ਕਾਹਨੂੰ ਵੀਰਿਆ ਏਧਰਲੇ ਬੱਚੇ ਤਾਂ ਓਧਰ ਜਾਣ ਦਾ ਨਾਂ ਨਹੀਂ ਲੈਂਦੇ, ਨਾ ਹੀ ਉਨ੍ਹਾਂ ਕੋਲ ਜਾਣ-ਆਉਣ ਦਾ ਵਕਤ ਹੈ। ਪੁੱਤ, ਪੋਤੇ-ਪੋਤੀਆਂ ਏਧਰ ਆ ਕੇ ਰਾਜੀ ਨਹੀਂ, ਰਾਜੀ ਛੱਡ, ਗੱਲ ਵੀ ਸੁਣਨ ਨੂੰ ਤਿਆਰ ਨਈਂ। ਕਹਿੰਦੇ ਆ, ਵੇਚੋ ਪਰੇ, ਪੈਸੇ ਲਿਆਓ ਏਧਰ, ਮੌਰਗੇਜਾਂ ਹੋਲੀਆਂ ਕਰੀਏ। ਐਵੇਂ ਕੋਈ ਸਾਂਭ ਲਊ, ਪੱਲੇ ਕੁਝ ਨਹੀਂ ਪੈਣਾ। ਉਥੇ ਦੇ ਅਦਾਲਤੀ ਚੱਕਰਾਂ 'ਚ ਕੌਣ ਭੱਜਾ ਫਿਰੂ?"

"ਫਿਰ ਵੇਚ ਦੇ, ਕਿਉਂ ਚੱਕਰਾਂ 'ਚ ਪਿਐਂ।" ਇੱਕ ਦਮ ਵਿਚੋਂ ਹੀ ਕੱਟ ਕੇ ਬੋਲਿਆ, "ਬਾਈ ਇਹੋ ਤਾਂ ਪੰਗਾ ਪਿਆ ਹੋਇਐ, ਅੱਗੇ ਵੇਚਣ ਵਾਲਾ ਦਲਾਲ ਇੰਤਕਾਲ ਦੀ ਕਾਪੀ, ਫਰਦ ਗਾਹਕ ਦੀ ਪੂਰੀ ਤਸੱਲੀ ਲਈ ਮੰਗਦੈ, ਕਿੱਥੋਂ ਦਿਆਂ? ਇੰਤਕਾਲ ਤਾਂ ਹੋਇਆ ਈ ਨਈਂ, ਫਸੇ ਪਏ ਆਂ।"

"ਪਿੱਛੇ ਜਿਹੇ ਬਾਈ, ਅਖਬਾਰ 'ਚ ਇੱਕ ਖਬਰ ਸੀ, ਬੱਸੀ ਪਠਾਣਾਂ ਤੋਂ, ਟੀ ਐਸ-1 ਰਜਿਸਟਰੀਆਂ ਅੱਗੇ ਹੋ ਜਾਂਦੀਆਂ ਸਨ, ਪਰ ਇੱਕ ਰਜਿਸਟਰਾਰ ਨੇ ਬਿਨਾ ਮਾਲਕਾਨਾ ਇੰਤਕਾਲ ਫਰਦ ਦੇ, ਰਜਿਸਟਰੀ ਕਰਨੋਂ ਨਾਂਹ ਕਰ ਦਿੱਤੀ। ਲੋਕ ਮੁਜ਼ਾਹਰੇ ਕਰਨ ਲੱਗੇ, ਮੰਗ ਕਰ ਰਹੇ ਹਨ ਕਿ ਟੀ ਐਸ-1 'ਤੇ ਰਜਿਸਟਰੀਆਂ ਜਾਰੀ ਰਹਿਣ। ਨਗਰ ਕੌਂਸਲਰ, ਲੀਡਰ ਸਮਰਥਨ ਦੇ ਰਹੇ ਹਨ, ਕੀ ਤੁਸੀਂ ਟੀ ਸੀ 1 ਲੈ ਲਿਆ ਹੋਇਐ?"

ਵਿਚ ਵਿਚਾਲੇ ਖਾਣੇ ਦੀ ਟਰਾਲੀ ਵੀ ਆਪਣਾ ਕੰਮ ਨਬੇੜੀ ਗਈ। ਗੱਲਾਂ ਰੁਕ ਗਈਆਂ। ਖਾ ਪੀ ਕੇ ਕਿੱਸਾ ਅੱਗੇ ਤੁਰਿਆ, "ਪੈਸਾ ਅੱਜ ਦੇ ਦੌਰ 'ਚ, ਸਭ ਮਰਜ਼ਾਂ ਦਾ ਦਾਰੂ, ਹਰ ਸਮੱਸਿਆ ਦਾ ਹੱਲ, ਸਭ ਤੋਂ ਵੱਧ ਸਫਲ ਤਰੀਕਾ, ਸਿੱਧ ਹੁੰਦੈ।"

ਗੱਲ ਕੱਟ ਕੇ ਬੋਲਿਆ, "ਬੱਸ ਬਾਈ ਹੁਣ ਏਸੇ 'ਚ ਹੀ ਫਸਿਆ ਹੋਇਆਂ, ਪੈਸਾ ਵੀ ਕਾਫੀ ਦੇ ਬੈਠਾਂ ਦਲਾਲ ਦੇ ਕਹੇ 'ਤੇ। ਲਾਰੇ ਲੱਪਿਆਂ ਦੀ ਲੜੀ ਹੀ ਤੁਰੀ ਜਾ ਰਹੀ ਆ, ਪਰ ਉਠ ਦਾ ਬੁੱਲ੍ਹ, ਪਤਾ ਨਹੀਂ ਕਦੋਂ ਡਿੱਗੇ। ਇੱਕ ਵਾਰ ਦਲਾਲ ਦਾ ਫੋਨ ਆਇਆ, ਰਜਿਸਟਰੀ ਘੱਟ ਦੀ ਹੋਈ ਐ, ਰਜਿਸਟਰੀ ਦੇ ਪੈਸੇ ਹੋਰ ਲੱਗਣਗੇ। ਪੁੱਛਿਆ, ਕਹਿੰਦਾ ਸਰਕਾਰ ਨੰਗ ਐ, ਟੈਕਸ ਤੇ ਰਜਿਸਟਰੀ ਫੀਸਾਂ ਵਧਾਈ ਜਾਂਦੀ ਐ, ਤਾਂ ਹੀ ਤਾਂ ਕਹਿੰਦਾਂ, ਬਾਈ ਇਸ ਇੰਤਕਾਲ ਨੇ ਤਾਂ ਮੇਰਾ ਅੰਤਕਾਲ ਈ ਨੇੜੇ ਲਿਆ ਦਿੱਤਾ ਹੋਇਐ। ਐਤਕੀਂ ਜਾਣ ਦਾ ਵੱਡਾ ਕੰਮ ਬੱਸ ਇਹੀ ਆ, ਵੇਖੋ ਕੀ ਬਣਦਾ?"

ਦਿੱਲੀ ਤੱਕ ਦੇ ਬਾਕੀ ਸਫਰ ਵਿਚ ਉਸੇ ਦੀ ਸਮੱਸਿਆ ਬਾਰੇ ਸੋਚਦਾ ਰਿਹਾ। ਇਹ ਵੀ ਵੇਲੇ ਆਉਣੇ ਸਨ। ਬਜ਼ੁਰਗ ਤਾਂ ਕੋਠੀ ਛੱਡਦੇ ਨੇ, ਪਰ ਉਹ ਨਹੀਂ ਛੱਡਦੀ। ਬੰਦਾ ਤਾਂ ਕੰਬਲ ਛੱਡਦੈ, ਪਰ ਰਿੱਛ ਨਈਂ ਛੱਡਦਾ ਵਾਂਗ। ਇਉਂ ਲੱਗਦੈ ਜਿਵੇਂ ਆਪਣਾ ਸੁਪਨਈ ਰੈਣ ਬਸੇਰਾ ਈ ਜੱਫਾ ਮਾਰ ਬੈਠਾ। ਸਾਡੀ ਦੋਹਾਂ ਦੀ ਕੀ, ਸਾਡੇ ਵਰਗੇ ਸਾਰਿਆਂ ਦੀ ਹੀ ਇਹੋ ਸਮੱਸਿਆ ਹੈ, ਅਟਕ ਦਰਿਆ ਪਾਰ ਕਰਨ ਵਰਗੀ!

ਛੋਟੇ ਹੁੰਦੇ ਕਤਲ ਕੇਸ ਦੇ ਮੁਕੱਦਮੇ ਦੀ ਤਰੀਕ ਭੁਗਤ ਕੇ ਆਏ ਬੰਦਿਆਂ ਕੋਲੋਂ ਸੁਣਦੇ ਸਾਂ, ਬਈ ਫਲਾਣਾ 'ਕੋਠੀ ਲੱਗ ਗਿਆ।' ਕੋਠੀ ਲੱਗਣਾ ਕੀ ਹੁੰਦੈ? ਅਜੀਬ ਜਿਹਾ ਲੱਗਦਾ। ਉਦੋਂ ਬਹੁਤਾ ਪਤਾ ਨਹੀਂ ਸੀ ਹੁੰਦਾ। ਹੁਣ ਪੂਰਾ ਪਤਾ ਲੱਗਾ। ਇਹ ਸ਼ਬਦ ਉਨ੍ਹਾਂ ਕੈਦੀਆਂ ਲਈ ਵਰਤੇ ਜਾਂਦੇ ਹਨ, ਜਿਨ੍ਹਾਂ ਨੂੰ ਮੌਤ ਦੀ ਸਜ਼ਾ ਹੋ ਜਾਂਦੀ ਹੈ। ਕੋਠੀ ਲੱਗਣਾ ਭਾਵ 'ਮੌਤ-ਘਰ' ਪਹੁੰਚਣਾ। ਹੁਣ ਗੱਲਾਂ ਤਾਂ ਹੋਈਆਂ ਬੀਤੇ ਦੀਆਂ। ਅੱਜ-ਕੱਲ੍ਹ ਕਈ ਚੰਗੇ ਭਲੇ, ਸਾਹਿਬੇ ਇਕਬਾਲ, ਜਾਇਦਾਦੇ ਇਕਬਾਲ ਐਨ. ਆਰ. ਆਈ. ਬਜ਼ੁਰਗ ਆਪਣੇ ਆਪ ਨੂੰ ਕੋਠੀ ਲੱਗੇ ਮਹਿਸੂਸ ਕਰਦੇ ਹਨ। ਹੁਣੇ ਹੁਣੇ ਹੀ ਪੰਜਾਬ ਫੇਰਾ ਪਾ ਕੇ ਮੁੜਿਆ ਹਾਂ। ਜਾਂਦੇ ਵਕਤ ਵੀ ਉਥੇ ਰਹਿੰਦਿਆਂ, ਦੋਸਤਾਂ, ਸਨੇਹੀਆਂ, ਮਿੱਤਰਾਂ ਨੂੰ ਮਿਲਦਿਆਂ ਗਿਲਦਿਆਂ ਤੇ ਵਾਪਸੀ ਦੌਰਾਨ ਵੀ ਐਨ. ਆਰ. ਆਈ. ਬਜ਼ੁਰਗਾਂ ਨਾਲ ਏਦਾਂ ਦੀ ਹੀ ਕਥਾ, ਵਾਰਤਾ ਸਾਂਝੀ ਹੋਈ।

ਉਥੇ ਰਹਿੰਦਿਆਂ ਅਤੇ ਜਹਾਜ਼ 'ਚ ਬੋਰਡ ਹੋਣ ਤੋਂ ਪਹਿਲਾਂ ਇੰਤਜ਼ਾਰ ਹਾਲ 'ਚ ਬੈਠਿਆਂ ਦਿੱਲੀ ਤੋਂ ਟੋਰਾਂਟੋ, ਵੈਨਕੂਵਰ, ਕੈਲੀਫੋਰਨੀਆ ਆਦਿ ਜਾ ਰਹੇ ਹਮਸਫਰਾਂ ਨਾਲ ਗੱਲਾਂ 'ਕਿੱਥੋਂ ਆਏ ਓ', 'ਕਿੱਥੇ ਜਾ ਰਹੇ ਹੋ', 'ਕੀ ਸ਼ੁਗਲ, ਰੁਝੇਵਾਂ ਸੀ' ਸਵਾਲਾਂ ਨਾਲ ਦੁੱਖ-ਸੁੱਖ ਦੇ ਗਲੋਟੇ ਖੁੱਲ੍ਹਣ ਲੱਗ ਪੈਂਦੇ। ਬੜੇ ਰੌਚਕ ਕਿੱਸੇ ਕਹਾਣੀਆਂ ਸੁਣਨ ਨੂੰ ਮਿਲੀਆਂ।

ਪੰਜਾਬ ਠਹਿਰ ਸਮੇਂ ਇੱਕ ਦਿਨ ਫਰਵਰੀ ਮਹੀਨੇ ਅਸੀਂ ਦੋਵੇਂ ਜੀਅ ਆਪਣੇ ਨਿੱਕੇ ਜਿਹੇ ਪੱਕੇ ਸੰਭਰੇ-ਸੰਵਾਰੇ ਬੈਕਯਾਰਡ 'ਚ ਬੈਠੇ ਸ਼ਾਮ ਦੀ ਕੋਸੀ ਧੁੱਪ ਮਾਣ ਰਹੇ ਸਾਂ। ਗੇਟ ਖੜਕਿਆ। ਘੰਟੀ ਵੀ ਟਨਕੀ। ਸਾਡੇ ਪੱਕੇ ਸੇਵਕ ਪਰਿਵਾਰ ਦੇ ਬੱਚਿਆਂ ਨੇ ਗੇਟ ਖੋਲ੍ਹਿਆ। ਕੋਈ ਮਿਲਣ ਵਾਲਾ ਬਾਹਰ ਖੜ੍ਹਾ ਸੀ। ਵੇਖਿਆ ਤਾਂ ਇੱਕ ਬੜਾ ਹੀ ਪੁਰਾਣਾ ਸਨੇਹੀ ਮਿੱਤਰ ਖੜ੍ਹਾ ਸੀ। ਕਾਲੀ ਸੰਵਾਰੀ ਦਾੜ੍ਹੀ, ਚਿਹਰੇ ਦੇ ਹਾਵ-ਭਾਵ ਜਾਣੇ-ਪਛਾਣੇ। ਉਹ ਮੇਰਾ ਅੱਧੀ ਸਦੀ ਪੁਰਾਣਾ ਬੀ.ਟੀ. ਦਾ ਵਿਦਿਆਰਥੀ ਸੀ। ਪੂਰੀ ਪਛਾਣ ਆ ਗਈ, ਪਰ ਨਾਂ ਚੇਤੇ 'ਚ ਨਾ ਆਵੇ। ਗੁਰਚਰਨ ਏਂ, ਗੁਰਦੇਵ ਏਂ, ਕਹਾਂ... ਗੱਲ ਨਾ ਬਣੇ। ਉਹ ਹੱਸ ਪਏ। ਹੱਸਦਾ ਚਿਹਰਾ ਵਾਕਫੀ ਹੋਰ ਪੱਕੀ ਕਰੀ ਜਾਵੇ। ਇੱਕ ਦਮ ਸਿਮ੍ਰਤੀ 'ਚ ਲਿਸ਼ਕ ਪਈ, ਬਈ ਤੂੰ ਰੰਗੀਆਂ ਵਾਲਾ ਤਾਂ ਨਹੀਂ। ਕੀ ਨਾਂ ਸੀ, ਚੇਤੇ 'ਚ ਫਿਰਦੈ। ਉਹੋ! ਹਾਂ ਪ੍ਰੋ. ਮਹਾਜਨ ਵਾਲੇ ਬੰਬੇ ਵਿਦਿਅਕ ਟੂਰ ਦਾ ਮੋਹਰੀ ਗੁਰਦੀਪ ਰੰਗੀਆਂ ਤਾਂ ਨਹੀਂ। ਗਲਵਕੜੀ ਪੈ ਗਈ। ਬਹਿ ਗਏ। ਗੱਲਾਂ ਤੁਰ ਪਈਆਂ। ਇੱਟੇ ਮੂੰਹ ਮੇਰੇ ਚੇਤੇ ਦਾ, ਬਈ। ਅਸੀਂ ਇੱਕ ਦੋ ਵਾਰੀ ਟੋਰਾਂਟੋ ਵੀ ਮਿਲੇ ਹੋਏ ਸੀ। ਜਥੇਦਾਰ ਕਮਿੱਕਰ ਸਿੰਘ ਮੁਕੰਦਪੁਰੀਏ ਦੇ ਮਾਣ-ਤਾਣ 'ਚ ਬਰੈਂਪਟਨ ਵਿਚ ਹੋਏ ਸਮਾਗਮ ਵਿਚ। ਕਮਿੱਕਰ ਨੇ ਆਪਣੇ ਪਿੰਡ ਵਾਲੀ ਵੱਡੀ ਹਵੇਲੀ ਪਿੰਡ 'ਚ ਹਸਪਤਾਲ ਲਈ ਦਾਨ ਕਰ ਦਿੱਤੀ ਸੀ। ਉਹ ਸਮਾਗਮ ਉਹਦੇ ਇਲਾਕਾ ਨਿਵਾਸੀਆਂ ਵੱਲੋਂ ਹਸਪਤਾਲ ਲਈ ਫੰਡ ਉਗਰਾਉਣ ਲਈ ਕੀਤਾ ਗਿਆ ਸੀ।

## ਦੁੱਖ ਪਰਦੇਸਾਂ ਦੇ

ਇਨ੍ਹੀਂ ਦਿਨੀਂ ਗੁਰਦੀਪ ਮੇਰੀ ਰਿਹਾਇਸ਼ ਦੇ ਨਾਲ ਲੱਗਦੀ ਕਲੋਨੀ ਵਿਚ ਆਪਣੀ ਵਧੀਆ ਬਣੀ ਕੋਠੀ 'ਚ ਰਹਿ ਰਿਹੈ। ਕੱਲ-ਮੁਕੱਲਾ। ਸਾਡੇ ਵਾਂਗ ਹੀ ਗਰਮੀਆਂ ਸਰਦੀਆਂ, ਜਾਇਦਾਦ ਦੀ ਸੰਭਾਲ ਦੇ ਚੱਕਰ ਵਿਚ ਤਕਰੀਬਨ ਹਰ ਸਾਲ ਹੀ ਜਾਂਦਾ-ਆਉਂਦਾ। ਅੱਜ ਗੁਰਦੁਵਾਰੇ ਦੇ ਗ੍ਰੰਥੀ ਨੂੰ ਪੁੱਛ, ਮਿਲਣ ਆ ਗਿਆ। ਨਿਜੀ, ਸਮਾਜਕ ਮਸਲਿਆਂ ਦੇ ਦੁੱਖਾਂ, ਗਿਲ੍ਹਿਆਂ ਤੇ ਯਾਦਾਂ ਦੇ ਗਲੋਟੇ ਖੁੱਲ੍ਹਣ ਲੱਗ ਪਏ। ਪਿੱਛੋਂ ਅਸੀਂ ਸ਼ਾਮ ਦੀ ਰੰਗੀਨੀ ਵਿਚ ਇੱਕ ਦੂਜੇ ਦੇ ਨਾਲ ਕਈ ਵਾਰ ਬੈਠਦੇ-ਉਠਦੇ ਰਹੇ। ਪੁਰਾਣੇ ਵੇਲੇ ਦੀਆਂ ਗੱਲਾਂ ਕਰਦੇ ਰਹੇ। ਇੱਕ ਦਿਨ ਕਹਿੰਦਾ, ਯਾਦ ਹੈ ਤੁਹਾਨੂੰ 1965 ਦੀਆਂ ਰਾਏਪੁਰ ਖੇਡਾਂ ਵੇਖਣ ਅਸੀਂ ਸੁਧਾਰ ਤੋਂ ਸਾਈਕਲਾਂ 'ਤੇ ਗਏ ਸੀ। ਸਾਡੇ ਨਾਲ ਸਾਈਕਾਲੋਜੀ ਵਾਲਾ ਪ੍ਰੋ. ਹਰਚਰਨ ਸਿੰਘ ਗਿੱਲ, ਮੇਰਾ ਬੀ.ਟੀ. ਦਾ ਜਮਾਤੀ ਡੇਹਲੋਂ ਵਾਲਾ ਸ਼ੇਰ ਸਿੰਘ ਵੀ ਸੀ। ਉਹ ਮੇਰਾ ਸਰਕਾਰੀ ਕਾਲਜ, ਲੁਧਿਆਣੇ ਵਿਚ ਵੀ ਜਮਾਤੀ ਸੀ। ਸ਼ਾਮ ਨੂੰ ਖੇਡਾਂ ਪਿੱਛੋਂ ਰਾਤ ਨੂੰ ਅਸੀਂ ਰੰਗੀਆਂ ਜਾ ਰਹੇ। ਰੰਗੀਆਂ ਰਾਏਪੁਰ ਦੇ ਨਾਲ ਹੀ ਲੱਗਦੈ। ਉਹਦੇ ਆੜੀਆਂ ਨੇ ਰਾਤ ਲਈ ਮੁਰਗੇ ਬਣਾਉਣ ਦਾ ਜੁਗਾੜ ਫਿੱਟ ਕਰ ਲਿਆ। ਸਬੱਬੀਂ ਉਨ੍ਹਾਂ ਨੂੰ ਮੁਰਗੇ ਝਟਕਾਉਣ ਲਈ ਟੋਕੀ, ਟੋਕਾ ਨਾ ਮਿਲੇ। ਏਧਰ ਓਧਰ ਟੋਲਦੇ ਫਿਰਨ। ਗੱਲ ਤੁਹਾਡੇ ਕੰਨੀਂ ਪਈ। ਮੈਨੂੰ ਯਾਦ ਐ ਮੈਂ ਕਿਹਾ ਸੀ, ਲਿਆਓ ਓਏ ਮੁੰਡਿਓ! ਇਹ ਵੀ ਕੋਈ ਔਖਾ ਕੰਮ ਐ। ਮੈਂ ਕਮੀਜ਼ ਦੀ ਬਾਂਹ ਟੁੰਗੀ ਤੇ ਮਝੈਲੀ ਵਿਧੀ ਨਾਲ ਮੁਰਗੇ ਦੀ ਗਿੱਚੀ ਫੜਨੀ ਤੇ ਮਰੋੜ ਕੇ ਧੌਣ ਭਰੇ ਰੱਖ ਦੇਣੀ, ਥੋੜ੍ਹੀ ਦੇਰ ਦੱਬੀ ਰੱਖਣਾ। ਏਦਾਂ ਹੀ ਦੂਜੇ ਨਾਲ ਕੀਤਾ। ਉਹ ਸਾਰੇ ਪ੍ਰੋਫੈਸਰ ਦੇ ਇਸ ਢੰਗ ਤੋਂ ਬੜੇ ਹੈਰਾਨ। ਉਨ੍ਹੇ ਅੱਜ ਉਸ ਮੌਕੇ ਨੂੰ ਮੁੜ ਯਾਦ ਕਰਾਇਆ।

ਉਸੇ ਸਾਲ ਮਾਰਚ ਜਿਹੇ 'ਚ ਸ਼ੇਰ ਡੇਹਲੋਂ ਦੀ ਬਰਾਤੇ ਵੀ ਅਸੀਂ ਇਕੱਠੇ ਗਏ ਸੀ। ਬਰਾਤ 'ਜਰਗ' ਢੁੱਕੀ ਸੀ। ਉਹੀ ਜਰਗ ਜਿੱਥੇ ਮਲਵਈ ਜਿਦੋ ਜਿਦੀ ਬੋਲੀਆਂ ਪਾਉਂਦੇ। ਮੇਲੇ ਦਾ ਨਾਂ ਸੁਣਦਿਆਂ ਹੀ 'ਚੱਲ ਚਲੀਏ ਜਰਗ ਦੇ ਮੇਲੇ' ਬੋਲੀ ਬੁੱਲਾਂ 'ਤੇ ਆ ਜਾਂਦੀ। ਉਹ ਮੌਕਾ ਵੀ ਯਾਦ ਕੀਤਾ ਜਦੋਂ ਬਰਾਤੀ ਮੁੰਡਿਆਂ ਦੀ ਢਾਣੀ ਇਕੱਠੀ ਹੀ ਇੱਕ ਵੱਡੇ ਕਮਰੇ ਵਿਚ ਮੰਜਿਆਂ 'ਤੇ ਸਜ ਗਈ। ਪੰਦਰਾਂ ਕੁ ਬੋਲੀ ਸਨ। ਤਰੀਕਾ ਚੱਲ ਪਿਆ। ਇੱਕ ਪਾਸਿਉਂ ਗਲਾਸੀ, ਬੋਤਲ ਤੇ ਪਾਣੀ ਤੁਰੇਗਾ। ਗੇੜੇ ਦੇ ਅੰਤ 'ਤੇ ਬੋਤਲ ਮੁੱਕਣੀ ਚਾਹੀਦੀ। ਏਦਾਂ ਖੂਬ ਸ਼ੁਗਲ ਬੱਝਾ। ਰੋਟੀ ਖਾਣ ਜਾਂਦਿਆਂ ਦੀ ਗਲੀ 'ਚ ਖਿੱਚੀ ਗਈ ਇੱਕ ਫੋਟੋ ਹਾਲੀ ਵੀ ਮੇਰੇ ਪੁਰਾਣੇ ਕਾਗਜ਼ਾਂ ਪੱਤਰਾਂ, ਫੋਟੋਆਂ 'ਚ ਸਾਂਭੀ ਪਈ ਹੋਈ ਹੈ। ਉਹਨੂੰ ਲਿਆ ਵਿਖਾਈ। ਭਰ ਜਵਾਨੀ ਦੇ ਦਿਨ ਸਨ। ਸਰੀਰ ਸਰੂ ਵਾਂਗ ਖੜ੍ਹਦਾ, ਤੁਰਦਾ ਤੇ ਹੁਲਾਰੇ ਮਾਰਦਾ। ਹੁਣ ਉਹ ਵੇਲੇ ਬਹੁਤ ਪਿੱਛੇ ਰਹਿ ਗਏ ਹਨ। ਹੁਣ ਤਾਂ ਤੁਰਨਾ ਔਖੈ। ਅੱਜ-ਕੱਲ੍ਹ ਤਾਂ ਬੱਸ ਏਥੇ ਆਪਣੀ ਬਣਾਈ ਜਾਇਦਾਦ ਦਾ ਚੌਕੀਦਾਰਾ ਕਰਨ ਜੋਗੇ ਹੀ ਰਹਿ ਗਏ ਆਂ।

## ਕਾਵਿ ਜਗਤ

### ਖਜ਼ਾਨਾ ਖਾਲੀ ਹੈ

ਕੈਪਟਨ ਦੀ ਸਰਕਾਰ, ਖਜ਼ਾਨਾ ਖਾਲੀ ਹੈ
ਲਿਖਦੇ ਨੇ ਅਖਬਾਰ, ਖਜ਼ਾਨਾ ਖਾਲੀ ਹੈ।
ਨੱਬੇ ਹਜ਼ਾਰ ਕਰੋੜ ਕਰਜ਼ ਕਿਸਾਨਾਂ 'ਤੇ
ਕਿਵੇਂ ਲਾਹੂ ਸਰਕਾਰ, ਖਜ਼ਾਨਾ ਖਾਲੀ ਹੈ।

ਬਿਲ ਤੇ ਚੈਕ ਖਜ਼ਾਨੇ 'ਚੋਂ ਫੇਲ੍ਹ ਹੋਏ
ਰੋਊਗਾ ਤਨਖਾਹਦਾਰ, ਖਜ਼ਾਨਾ ਖਾਲੀ ਹੈ।
ਸਰਕਾਰੀ ਜਾਇਦਾਦਾਂ ਵੀ ਬਾਦਲ ਵੇਚ ਗਿਆ
ਕੈਪਟਨ ਹੈ ਲਾਚਾਰ, ਖਜ਼ਾਨਾ ਖਾਲੀ ਹੈ।

'ਸਿੱਕੀ' ਆਖੇ ਪੁਲਸੀਆ ਜਿਹੜਾ ਨਾ ਮੰਨੇ
ਲੰਮ ਪਾ ਲਓ ਯਾਰ, ਖਜ਼ਾਨਾ ਖਾਲੀ ਹੈ।
ਮੰਤਰੀ ਨੇ ਹੀ ਫੜ੍ਹ ਲਏ, ਰਿਸ਼ਵਤ ਲੈਂਦੇ ਦੋ
ਲਾਲ ਬੱਤੀ ਬਿਨਾ ਸੀ ਕਾਰ, ਖਜ਼ਾਨਾ ਖਾਲੀ ਹੈ।

ਗੰਨਮੈਨ ਗੈਰ ਜਰੂਰੀ ਖੋਹ ਲਏ ਕੈਪਟਨ ਨੇ
ਟੁੱਟ ਗਿਆ ਹੰਕਾਰ, ਖਜ਼ਾਨਾ ਖਾਲੀ ਹੈ।
ਤਿੰਨ ਮਹੀਨੇ ਕੋਈ ਵੀ ਅਰਜ਼ੀ ਨਹੀਂ ਲੈਣੀ
ਨਹੀਂ ਲੱਗਣਾ ਦਰਬਾਰ, ਖਜ਼ਾਨਾ ਖਾਲੀ ਹੈ।

ਦੇਸ਼-ਵਿਦੇਸ਼ ਦੇ ਦੌਰੇ-ਫੇਰੇ ਬੰਦ ਕਰੋ
ਬੱਚਤ ਕਰੋ ਮੇਰੇ ਯਾਰ, ਖਜ਼ਾਨਾ ਖਾਲੀ ਹੈ।
ਕਾਲਾ ਧਨ ਵਿਦੇਸ਼ੋਂ ਕੌਣ ਲਿਆਵੇਗਾ
ਅਫਸਰ ਭੇਜੋ ਚਾਰ, ਖਜ਼ਾਨਾ ਖਾਲੀ ਹੈ।

ਦੇਸ਼-ਵਿਦੇਸ਼ 'ਚ ਮੋਟੇ ਸ਼ਾਹੂਕਾਰਾਂ ਨੂੰ
ਪਾਓ ਹੁਣ ਵੰਗਾਰ, ਖਜ਼ਾਨਾ ਖਾਲੀ ਹੈ।
ਐਸ.ਵਾਈ.ਐਲ. ਦਾ ਰੌਲਾ ਫੇਰ ਪਿਆ
ਕੇਂਦਰ ਹੈ ਵਿਚਕਾਰ, ਖਜ਼ਾਨਾ ਖਾਲੀ ਹੈ।

ਬਾਰਾਂ ਦੀ ਥਾਂ ਅੱਠ ਸੌ ਕਰੋੜ ਹੀ ਮਿਲਿਆ ਏ
ਹੋ ਜੂ ਬੇੜਾ ਪਾਰ, ਖਜ਼ਾਨਾ ਖਾਲੀ ਹੈ।
ਜੋ ਵੀ ਦੇਵੇ ਮੋਦੀ, ਲੈ ਲਓ ਚੁੱਪ ਕਰ ਕੇ
ਡੰਗ ਲਵਾਂਗੇ ਸਾਰ, ਖਜ਼ਾਨਾ ਖਾਲੀ ਹੈ।

ਟਿਊਬਵੈਲਾਂ ਕੀਤੇ ਕੌੜੇ ਪਾਣੀ ਧਰਤੀ ਦੇ
ਕੱਟੋ ਬਿਜਲੀ ਤਾਰ, ਖਜ਼ਾਨਾ ਖਾਲੀ ਹੈ।
ਬਰਸਾਤਾਂ ਤੇ ਗੜਿਆਂ ਕਣਕਾਂ ਝਾੜ'ਤੀਆਂ
ਪੱਲੇ ਦਾਣੇ ਚਾਰ, ਖਜ਼ਾਨਾ ਖਾਲੀ ਹੈ।

ਪਟਵਾਰੀ ਨੂੰ ਜੇ ਕਮਿਸ਼ਨ ਮਿਲਿਆ ਨਾ
ਗਿਰਦੌਰੀ ਹੋਊ ਬੇਕਾਰ, ਖਜ਼ਾਨਾ ਖਾਲੀ ਹੈ।
ਲੰਬੀ-ਬਾਦਲ ਵਾਂਗੂ ਮੁਆਵਜ਼ਾ ਜੇ ਮਿਲਿਆ
ਹੋ ਜੂ ਜੈ ਜੈਕਾਰ, ਖਜ਼ਾਨਾ ਖਾਲੀ ਹੈ।

ਲੁੱਟਾਂ, ਖੋਹਾਂ, ਗੈਂਗ, ਭੁੱਖਮਰੀ, ਬਦਅਮਨੀ
ਭਲੀ ਕਰੇ ਕਰਤਾਰ, ਖਜ਼ਾਨਾ ਖਾਲੀ ਹੈ।
ਸਿੱਧੂ ਟੀ.ਵੀ. ਦੇ ਵਿਚ ਤਾਲੀ ਠੋਕ ਰਿਹਾ
ਪੈਸੇ ਖਾਤਰ ਚਾਰ, ਖਜ਼ਾਨਾ ਖਾਲੀ ਹੈ।

ਨਸ਼ੇਬਾਜ਼ ਫੜਾ ਕੇ ਪੁਲਿਸ ਤੋਂ ਲਓ ਇਨਾਮ
ਮੇਰੇ ਨੇਕ ਵਿਚਾਰ, ਖਜ਼ਾਨਾ ਖਾਲੀ ਹੈ।
ਬੇਇਨਸਾਫੀ ਹੋਈ ਤਾਂ ਬਦਲਣਗੇ ਸਰਕਾਰ
ਵੋਟਰ ਹੈ ਹੁਸ਼ਿਆਰ, ਖਜ਼ਾਨਾ ਖਾਲੀ ਹੈ।

ਵਿਜੀਲੈਂਸ ਵਾਲੇ ਫੜਨ ਜੇ ਰਿਸ਼ਵਤਖੋਰਾਂ ਨੂੰ
ਹੋ ਜੂ ਬੇੜਾ ਪਾਰ, ਖਜ਼ਾਨਾ ਖਾਲੀ ਹੈ।
ਰੇਤੇ, ਬਜਰੀ, ਫਲੈਟ 'ਚ ਅੰਨਾ ਪੈਸਾ ਸੀ
ਬੰਦ ਪਿਆ ਬਾਜ਼ਾਰ, ਖਜ਼ਾਨਾ ਖਾਲੀ ਹੈ।

ਚਿੱਟੇ ਦੀ ਥਾਂ ਠੇਕੇ ਖੋਲੋ ਭੁੱਕੀ ਦੇ
ਖੇਤੀ ਕਰੋ ਤਿਆਰ, ਖਜ਼ਾਨਾ ਖਾਲੀ ਹੈ।
ਹਾਈਵੇਅ 'ਤੇ ਵੀ ਹਟਵਾਂ ਠੇਕਾ ਖੋਲ੍ਹ ਦਿਓ
ਅਮਲੀ ਕਰੇ ਪੁਕਾਰ, ਖਜ਼ਾਨਾ ਖਾਲੀ ਹੈ।

ਚਿੱਟੇ ਦੇ ਵਪਾਰੀ ਜੇਲ੍ਹਾਂ ਵਿਚ ਬੰਦ ਕਰੋ
ਕੁਰਕ ਕੋਠੀਆਂ, ਕਾਰ, ਖਜ਼ਾਨਾ ਖਾਲੀ ਹੈ।
ਪਾਕਿਸਤਾਨ ਬਿਜਲੀ ਵੇਚ ਕੇ ਦੁਸ਼ਮਣ ਨੂੰ
ਫੇਰ ਬਣਾਓ ਯਾਰ, ਖਜ਼ਾਨਾ ਖਾਲੀ ਹੈ।

ਹਿਮਾਚਲ ਤੋਂ ਮੋੜ ਲਿਅਵੋ ਖਿਸਕੇ ਜੋ
ਸਭ ਕਾਰਖਾਨੇਦਾਰ, ਖਜ਼ਾਨਾ ਖਾਲੀ ਹੈ।
ਭਗਵਾਂ ਨਾਗ ਨਾਗਪੁਰੋਂ ਉਗਲ ਕੇ ਜ਼ਹਿਰ
ਕਰੇ ਘੱਟਗਿਣਤੀ 'ਤੇ ਵਾਰ, ਖਜ਼ਾਨਾ ਖਾਲੀ ਹੈ।

ਪਿਛਲੀਆਂ ਚੋਣਾਂ ਵਿਚ ਜੇ ਬਾਦਲ ਹਰ ਜਾਂਦਾ
ਹੁੰਦੇ ਨਾ ਖੁਆਰ, ਖਜ਼ਾਨਾ ਖਾਲੀ ਹੈ।
ਸੁੱਖੇ ਗੱਪੀ ਨੂੰ ਹੁਣ ਹਰ ਕੋਈ ਕਹਿੰਦਾ ਏ
ਹੁਣ ਤਾਂ ਗੱਪ ਨਾ ਮਾਰ, ਖਜ਼ਾਨਾ ਖਾਲੀ ਹੈ।

ਕਿੱਥੇ ਕਿੱਥੇ ਜਬਰੀ ਹਿੱਸਾ-ਪੱਤੀ ਹੈ
ਕੱਢ ਕੇ ਮਾਰੋ ਬਾਹਰ, ਖਜ਼ਾਨਾ ਖਾਲੀ ਹੈ।
ਅਠਾਈ ਲੱਖ ਬਿਜਲੀ ਬਿਲ ਕੋਲਿਆਂਵਾਲੇ ਦਾ
ਮੀਟਰ ਪੁੱਟੋ ਤਾਰ, ਖਜ਼ਾਨਾ ਖਾਲੀ ਹੈ।

ਰਾਜੇ ਕੱਢੀ ਖੁੰਦਕ ਸੱਜਣ ਕਹਿ ਦੁਸ਼ਮਣ
ਮਿਲਣ ਨੂੰ ਨਹੀਂ ਤਿਆਰ, ਖਜ਼ਾਨਾ ਖਾਲੀ ਹੈ।
ਦੜ ਵੱਟ, ਜ਼ਮਾਨਾ ਕੱਟ ਭਲੇ ਦਿਨ ਆਵਣਗੇ
ਭਲੀ ਕਰੂ ਕਰਤਾਰ, ਖਜ਼ਾਨਾ ਖਾਲੀ ਹੈ।
ਮਿੱਠੀ ਜੇਲ੍ਹ ਅਮਰੀਕਾ, ਸਵਰਗਵਾਸੀ 'ਗਿੱਲ'
ਪੱਲੇ ਡਾਲਰ ਚਾਰ, ਖਜ਼ਾਨਾ ਖਾਲੀ ਹੈ।

-ਜੁਗਰਾਜ ਗਿੱਲ, ਅਬੋਹਰਵੀ
ਫੋਨ: 704-257-6693

---

### ਧੀ ਦੀ ਪੁਕਾਰ

ਪੁੱਤ ਨੂੰ ਕਲੇਜੇ ਨਾਲ ਲਾਵੇਂ
ਧੀ ਕਾਹਤੋਂ ਭਾਰ ਬਾਬਲਾ?
ਪੁੱਤ ਬੋਲੇ ਬੋਲ ਤੇ ਕੁਬੋਲ
ਧੀ ਨੂੰ ਦੇਵੇਂ ਮਾਰ ਬਾਬਲਾ।

ਤੇਰੇ ਲਾਡਲੇ ਪੁੱਤ ਨਾਲੋਂ ਵੱਧ
ਕਰਾਂ ਤੇਰਾ ਮੈਂ ਸਤਿਕਾਰ ਬਾਬਲਾ।
ਪੁੱਤ ਦੇ ਘਟੀਆ ਸ਼ੌਕਾਂ ਉਤੋਂ
ਤੂੰ ਧਨ ਦੇਵੇਂ ਵਾਰ ਬਾਬਲਾ।
ਜਦੋਂ ਧੀ ਨੂੰ ਪੈਂਦੀ ਲੋੜ ਕੋਈ
ਤੂੰ ਖਾ ਜਾਵੇਂ ਖਾਰ ਬਾਬਲਾ।

ਮੈਂ ਅੱਜ ਤੱਕ ਨਹੀਂ ਹਾਂ ਬੋਲੀ
ਉਚੇ ਨੀਵੇਂ ਬੋਲ ਬਾਬਲਾ।
ਹਰ ਪਲ ਰੱਖਿਆ ਮੈਂ ਤੇਰੀ
ਪੱਗ ਦਾ ਖਿਆਲ ਬਾਬਲਾ।
ਪੁੱਤ ਵਾਂਗੂ ਕਰਿਆ ਕਰ
ਮੇਰੇ ਨਾਲ ਵੀ ਵਿਹਾਰ ਬਾਬਲਾ।

ਉਮਰ ਭਰ ਨਹੀਂ ਬੈਠੀ ਰਹਿਣਾ
ਮੈਂ ਹਾਂ ਦਿਨ ਦੋ-ਚਾਰ ਬਾਬਲਾ।
ਚਿੜੀਆਂ ਦੇ ਚੰਬੇ ਵਾਂਗੂ ਤੇਰਾ
ਇਹ ਸਾਰਾ ਘਰ-ਬਾਰ ਬਾਬਲਾ।
ਅਸੀਂ ਮਾਰ ਉਡਾਰੀ ਉਡ ਜਾਣਾ
ਦੇਸੋਂ ਪਰਦੇਸ ਹੋ ਕੇ ਪਾਰ ਬਾਬਲਾ।
ਪੁੱਤ ਨੂੰ ਕਲੇਜੇ ਨਾਲ ਲਾਵੇਂ
ਧੀ ਕਾਹਤੋਂ ਭਾਰ ਬਾਬਲਾ।

-ਕੁਲਦੀਪ ਕੌਰ ਕਾਲਝਰਾਣੀ
ਫੋਨ: 91-81467-54883

# ਸਿਆਸੀ ਮਿੱਥਾਂ ਅਤੇ ਕਟੱਪਿਆਂ ਦੀ ਤ੍ਰਾਸਦੀ

*ਇਹ ਕੋਈ ਇਤਫਾਕ ਨਹੀਂ ਕਿ 'ਬਾਹੂਬਲੀ 2- ਦਿ ਕਨਕਲੂਜ਼ਨ' ਅਤੇ ਇਸ ਤੋਂ ਪਹਿਲਾਂ 'ਬਾਹੂਬਲੀ- ਦਿ ਬਿਗਨਿੰਗ' ਫਿਲਮਾਂ ਉਸ ਵਕਤ ਆਈਆਂ ਹਨ ਜਦੋਂ ਮੁਲਕ ਅੰਦਰ ਹਿੰਦੂਤਵ ਸਿਆਸਤ ਦਾ ਰੱਥ ਤੇਜ਼ੀ ਨਾਲ ਗੇੜਿਆ ਜਾ ਰਿਹਾ ਹੈ। ਜ਼ਿੰਦਗੀ ਦੇ ਹਰ ਖੇਤਰ ਉਤੇ ਇਸ ਨੂੰ ਅਸਰਅੰਦਾਜ਼ ਕਰਨ ਦੇ ਹੀਲੇ ਕੀਤੇ ਜਾ ਰਹੇ ਹਨ। ਸਾਡੀ ਕਾਲਮਨਵੀਸ ਕੁਲਦੀਪ ਕੌਰ ਨੇ ਇਸ ਪੱਖ ਤੋਂ ਫਿਲਮ 'ਬਾਹੂਬਲੀ 2- ਦਿ ਕਨਕਲੂਜ਼ਨ' ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਉਸ ਨੇ ਇਸ ਫਿਲਮ ਦੀ ਅਸਲ ਸਿਆਸਤ ਵੱਲ ਦਰਸ਼ਕਾਂ ਦਾ ਧਿਆਨ ਦਿਵਾਉਣ ਦਾ ਯਤਨ ਕੀਤਾ ਹੈ। -ਸੰਪਾਦਕ*



**ਕੁਲਦੀਪ ਕੌਰ**
ਫੋਨ: +91-98554-04330

ਫਿਲਮ 'ਬਾਹੂਬਲੀ 2- ਦਿ ਕਨਕਲੂਜ਼ਨ' ਰਿਲੀਜ਼ ਹੋਣ ਤੋਂ ਕੁਝ ਦਿਨ ਪਹਿਲਾਂ ਉਘੀ ਇਤਿਹਾਸਕਾਰ ਰੋਮਿਲਾ ਥਾਪਰ ਨੇ ਸਮਕਾਲੀ ਸਿਆਸੀ ਸੱਤਾ ਦੁਆਰਾ ਮਿੱਥਾਂ ਅਤੇ ਧਾਰਨਾਵਾਂ ਨੂੰ ਇਤਿਹਾਸ ਦੇ ਤੌਰ 'ਤੇ ਸਵੀਕਾਰ ਕਰਨ ਖਿਲਾਫ ਚਿਤਾਵਨੀ ਦਿੱਤੀ ਸੀ ਕਿ ਕਿਸੇ ਵੀ ਰਾਸ਼ਟਰ ਦਾ ਸਰਵ-ਪ੍ਰਮਾਣਿਤ ਸਾਹਿਤ ਵੀ ਇਤਿਹਾਸ ਨਹੀਂ ਹੁੰਦਾ, ਸਗੋਂ ਇਤਿਹਾਸ ਨੂੰ ਦੇਖਣ ਤੇ ਸਮਝਣ ਦਾ ਨਜ਼ਰੀਆ ਮਾਤਰ ਹੁੰਦਾ ਹੈ। 'ਬਾਹੂਬਲੀ 2' ਨੇ ਕਈ ਪੱਖਾਂ ਤੋਂ ਭਾਰਤੀ ਸਿਨੇਮਾ ਦੇ ਇਤਿਹਾਸ ਵਿਚ ਨਵਾਂ ਪੰਨਾ ਜੋੜਿਆ ਹੈ। ਫਿਲਮ ਨੇ ਆਧੁਨਿਕ ਤਕਨੀਕਾਂ ਅਤੇ ਗਰਾਫਿਕ ਡਿਜ਼ਾਈਨਿੰਗ ਦੀ ਸਹਾਇਤਾ ਨਾਲ ਜਿੰਨੇ ਵੱਡੇ ਪੱਧਰ 'ਤੇ ਕਿਸੇ ਫੈਂਟਸੀ ਦੀ ਅਸਲੀਅਤ ਸਿਰਜੀ ਹੈ, ਉਹ ਬਾਕਮਾਲ ਹੈ। ਫਿਲਮ ਬਾਕਸ ਆਫਿਸ 'ਤੇ ਸੁਪਰ-ਹਿੱਟ ਰਹੀ ਹੈ ਅਤੇ ਨਿਰਮਾਤਾ ਤੇ ਵਿਤਰਕਾਂ ਦੇ ਦੋਹਾਂ ਹੱਥਾਂ ਵਿਚ ਲੱਡੂ ਆ ਗਏ।

ਫਿਲਮ ਦਾ ਹਾਸਲ ਇਹ ਮੰਨਿਆ ਜਾ ਰਿਹਾ ਹੈ ਕਿ ਇਸ ਦੀ ਟੀਮ ਨੇ ਫਿਲਮ ਦੇ ਕੇਂਦਰੀ ਸਵਾਲ 'ਕਟੱਪਾ ਨੇ ਬਾਹੂਬਲੀ ਕੋ ਕਿਉਂ ਮਾਰਾ?' ਨੂੰ ਇੰਨੀ ਪਵਿੱਤਰਤਾ ਨਾਲ ਦਰਸ਼ਕਾਂ ਤੋਂ ਲਕੋ ਕੇ ਰੱਖਿਆ ਕਿ ਦਰਸ਼ਕਾਂ ਅੰਦਰ ਇਸ ਦਾ ਜਵਾਬ ਜਾਨਣ ਲਈ ਜਨੂੰਨ ਪੈਦਾ ਕਰ ਦਿੱਤਾ। ਇਥੇ ਇਹ ਨੁਕਤਾ ਅਹਿਮ ਨਹੀਂ ਰਿਹਾ ਕਿ ਇਸ ਸਵਾਲ ਦਾ ਅਸਲ ਜਵਾਬ ਕੀ ਹੈ, ਸਗੋਂ ਪੁੱਛਣ ਵਾਲਾ ਸਵਾਲ ਇਹ ਬਣ ਗਿਆ ਕਿ ਪਹਿਲੂ ਖਾਨ, ਰੋਹਿਤ ਵੇਮੁਲਾ, ਅਖਲਾਕ, ਨਰਿੰਦਰ ਦਾਭੋਲਕਰ, ਪ੍ਰੋਫੈਸਰ ਕੁਲਬਰਗੀ ਦੇ ਕਤਲਾਂ ਦਾ ਗਵਾਹ ਇਸ ਮੁਲਕ ਦਾ ਦਰਸ਼ਕ, ਸਾਮੰਤੀ ਸਿਆਸਤ ਦੀ ਕਹਾਣੀ ਦੇ ਫਿਲਮੀ ਕਿਰਦਾਰ ਦੇ ਕਤਲ ਬਾਰੇ ਇੰਨਾ ਜਾਗਰੂਕ ਕਿਵੇਂ ਹੋ ਜਾਂਦਾ ਹੈ? ਕੀ ਇਸ ਮੁਲਕ ਦੀ ਇਸ 'ਸਮੂਹਿਕ ਪ੍ਰਤੀਕਿਰਿਆ' ਦੀਆਂ ਕੜੀਆਂ ਸਮਕਾਲੀ ਸਿਆਸਤ ਦੀਆਂ ਪੇਚਦਗੀਆਂ ਨਾਲ ਜੁੜਦੀਆਂ ਹਨ, ਜਾਂ ਇਸ ਦਾ ਸਬੰਧ ਸੰਵੇਦਨਸ਼ੀਲ ਸ਼ਹਿਰੀ ਦੇ ਤੌਰ 'ਤੇ ਸਾਡੀ ਇਤਿਹਾਸ ਪ੍ਰਤੀ ਧੁੰਦਲੀ ਮਾਨਸਿਕਤਾ ਨੂੰ ਦਰਸਾਉਂਦਾ ਹੈ?

ਫਿਲਮ ਦੇਖਦਿਆਂ ਵਾਰ ਵਾਰ ਮੁਲਕ ਦੀ ਸਰਕਾਰ ਵੱਲੋਂ ਜਲਾਵਤਨ ਕੀਤੇ ਮਰਹੂਮ ਚਿਤਰਕਾਰ ਐਮ.ਐਫ. ਹੁਸੈਨ ਦੀ ਯਾਦ ਆਉਂਦੀ ਰਹੀ। ਆਪਣੀ ਜਲਾਵਤਨੀ ਦੌਰਾਨ ਦਿੱਤੇ ਸਾਰੇ ਇੰਟਰਵਿਊਆਂ ਵਿਚ ਉਹਦੀ ਆਪਣੇ ਵਤਨ ਲਈ ਸਿੱਕ ਰੁਆ ਦੇਣ ਵਾਲੀ ਹੈ। ਆਪਣੇ ਆਖਰੀ ਸਾਲਾਂ ਵਿਚ ਉਹਨੇ 'ਦਿ ਹਿੰਦੂ' ਅਖਬਾਰ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਸੀ ਕਿ ਹੁਣ ਕਲਾ ਦੇ ਸਿਆਸੀ ਹੋ ਜਾਣ ਦਾ ਵਕਤ ਹੈ। ਹੁਸੈਨ ਨੂੰ ਭਾਰਤੀ ਇਤਿਹਾਸ ਅਤੇ ਮਿਥਿਹਾਸ ਦਾ ਬਿਹਤਰੀਨ ਚਿਤੇਰਾ ਮੰਨਿਆ ਗਿਆ ਹੈ। ਉਹਨੇ 'ਮਹਾਂਭਾਰਤ' ਅਤੇ 'ਰਮਾਇਣ' ਦੇ ਅਹਿਮ ਭਾਗਾਂ ਨੂੰ ਆਪਣੇ ਬੁਰਸ਼ ਦੀ ਛੋਹ ਨਾਲ ਅਮਰ ਕਰ ਦਿੱਤਾ। ਦੁਨੀਆਂ ਉਹਨੂੰ 'ਭਾਰਤ ਦਾ ਪਿਕਾਸੋ' ਕਹਿ ਕੇ ਮਾਣ ਦਿੰਦੀ ਹੈ। ਉਸ ਦਾ ਸਿਰਜਿਆ 'ਮਹਾਂਭਾਰਤ' ਤੇ 'ਰਮਾਇਣ' ਦਰਸ਼ਕ ਨੂੰ ਇਨ੍ਹਾਂ ਪੁਰਾਤਨ ਗ੍ਰੰਥਾਂ ਦੀ ਦਾਰਸ਼ਿਨਕਤਾ ਅਤੇ ਸਾਰਥਿਕਤਾ ਦੀ ਥਾਹ ਪੁਆਉਂਦਾ ਹੈ। ਉਹ ਇਨ੍ਹਾਂ ਨੂੰ ਭਾਰਤੀ ਲੋਕਾਂ ਦੀ ਸਾਂਝੀ ਹੋਂਦ ਅਤੇ ਭਾਰਤੀ ਖਿੱਤੇ ਦੇ ਜੀਵਨ-ਪ੍ਰਬੰਧ ਦੀਆਂ ਕਦਰਾਂ-ਕੀਮਤਾਂ ਦੇ ਸਤਰੰਗੇ ਪ੍ਰਿਜ਼ਮ ਵਜੋਂ ਬੁਣਦੇ ਹਨ। ਫਿਲਮ 'ਬਾਹੂਬਲੀ 2' ਇਸ ਪ੍ਰਿਜ਼ਮ ਵਿਚੋਂ ਬਹੁਤ ਬੇਦਰਦੀ ਨਾਲ ਕੁਝ ਖਾਸ ਰੰਗ ਚੁਣਦੀ ਹੈ ਅਤੇ ਬਾਕੀ ਰੰਗਾਂ ਨੂੰ ਬਦਰੰਗ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ। ਫਿਲਮ ਇਕ ਖਾਸ ਜਾਤ ਦੇ ਸਰਬ-ਕਲਾ ਸੰਪੂਰਨ ਵਰਗ ਦੀ ਸ਼ਾਸਨ-ਕੁਸ਼ਲਤਾ ਅਤੇ ਬਾਕੀ ਜਾਤਾਂ ਦੇ ਗੀਦੀ ਹੋਣ ਦੀ ਇੰਨੀ ਜ਼ਬਰਦਸਤ ਦਲੀਲ ਘੜਦੀ ਹੈ ਕਿ ਸਿਨੇਮਾ ਦੀ ਇਹ ਕਹਾਣੀ, ਕਹਾਣੀ ਨਾ ਰਹਿ ਕੇ ਮੱਧ-ਯੁਗੀ ਵਰਤਾਰਿਆਂ ਦੀ ਅਸ਼ਟਾਮੀ ਮੋਹਰ ਬਣਦੀ ਨਜ਼ਰ ਆਉਂਦੀ ਹੈ।

'ਬਾਹੂਬਲੀ 2' ਦੇਖਦਿਆਂ ਰਾਹੀ ਮਾਸੂਮ ਰਜ਼ਾ ਦਾ ਲਿਖਿਆ 'ਮਹਾਂਭਾਰਤ' ਵੀ ਦਿਮਾਗ ਵਿਚ ਖੌਰੂ ਪਾਉਂਦਾ ਰਿਹਾ। ਕਿਸੇ ਸਿਆਸੀ ਪਰਿਵਾਰ ਦੇ ਆਪਸੀ ਕਲੇਸ਼ 'ਤੇ ਆਧਾਰਿਤ ਇਸ ਮਹਾਂਗਾਥਾ ਵਿਚ 'ਰਾਜ ਧਰਮ', 'ਪਰਜਾ ਤੇ ਰਾਜਾ ਦੇ ਸਬੰਧ', 'ਆਦਰਸ਼ ਰਾਜਾ', 'ਖਾਨਦਾਨੀ ਉਚਤਾ' ਅਤੇ 'ਔਰਤਾਂ ਉਰਫ ਏਜੰਸੀ' ਬਾਰੇ ਬਹੁਤ ਸਾਰੇ ਪ੍ਰਸੰਗ ਸ਼ਾਮਿਲ ਹਨ। ਰਜ਼ਾ ਦਾ ਲਿਖਿਆ 'ਮਹਾਂਭਾਰਤ' ਸੌੜੀ ਸਿਆਸਤ ਦਾ ਸਮੇਂ ਅਤੇ ਇਤਿਹਾਸ ਨਾਲ ਸੰਵਾਦ ਰਚਾਉਂਦਾ ਹੈ। ਇਹ ਸਿਖਾਉਂਦਾ ਹੈ ਕਿ ਕੌਰਵ ਪੂਰੀ ਤਰ੍ਹਾਂ ਦਿਲਾਂ ਦੇ ਕਾਲੇ ਨਹੀਂ ਤੇ ਪਾਂਡੋਆਂ ਦਾ 'ਸੱਚ' ਵੀ ਮੌਕਾ ਆਉਣ 'ਤੇ ਕਾਇਰਤਾ ਵਿਚ ਵਟਦੇ ਦੇਰ ਨਹੀਂ ਲਾਉਂਦਾ। ਫਿਲਮ ਇਸੇ ਤਰ੍ਹਾਂ ਦੀ ਕਹਾਣੀ ਨੂੰ ਜਾਂ ਤਾਂ ਪੂਰੀ ਤਰ੍ਹਾਂ ਚੰਗੇ ਜਾਂ ਫਿਰ ਮਾੜੇ ਕਿਰਦਾਰਾਂ ਦੀਆਂ ਇਕਹਿਰੀਆਂ ਪਰਤਾਂ ਵਿਚ ਪੇਸ਼ ਕਰਦੀ ਹੈ।

ਫਿਲਮ ਵਿਚਲੀ ਸਿਆਸਤ ਦੇ ਮੌਜੂਦਾ ਰਾਜਤੰਤਰ ਨਾਲ ਸਬੰਧਾਂ ਬਾਰੇ ਚਰਚਾ ਤੋਂ ਪਹਿਲਾਂ ਇਸ ਬਾਰੇ ਹੋਈ ਚਰਚਾ ਬਾਰੇ ਦੋ ਟਿੱਪਣੀਆਂ ਅਹਿਮ ਹਨ। ਪਹਿਲੀ, ਫਿਲਮ ਨੂੰ 'ਹਿੰਦੂ ਫਿਲਮ' ਕਿਹਾ ਜਾ ਰਿਹਾ ਹੈ ਅਤੇ ਇਸ ਨੂੰ ਭਾਰਤੀ ਸਿਨੇਮਾ ਵਿਚ ਹੁਣ ਤੱਕ ਹਿੰਦੂ ਧਰਮ ਦੇ ਪ੍ਰਤੀਕਾਂ, ਸੰਕੇਤਾਂ, ਚਿੰਨ੍ਹਾਂ ਅਤੇ ਮਰਿਆਦਾ ਬਾਰੇ ਸਿਰਜੀਆਂ 'ਗੁੰਮਰਾਹਕੁਨ' ਫ਼ਿਲਮਾਂ (ਜਿਨ੍ਹਾਂ ਵਿਚ 'ਪੀ.ਕੇ.' ਅਤੇ ਓ.ਐਮ.ਜੀ. ਆਦਿ ਫਿਲਮਾਂ ਸ਼ਾਮਿਲ ਹਨ ਜੋ ਮੂਲ ਰੂਪ ਵਿਚ ਧਰਮ ਦੀ ਗਲਤ ਵਿਆਖਿਆ ਕਰਨ ਵਾਲੇ ਮੱਠਾਂ 'ਤੇ ਉਂਗਲ ਉਠਾਉਂਦੀਆਂ ਹਨ) ਦੇ ਢੁਕਵੇਂ ਤੋੜ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਦੂਜਾ, ਫਿਲਮ ਦੇ ਵਿਆਕਰਣ ਅਤੇ ਸਿਨੇਮਈ ਮੁਹਾਵਰੇ 'ਤੇ ਵਿਚਾਰ ਪ੍ਰਗਟਾਉਣ ਵਾਲੇ ਕਾਲਮਨਵੀਸਾਂ ਅਤੇ ਲੇਖਕਾਂ ਨੂੰ ਭੰਡਣ, ਧਮਕਾਉਣ ਅਤੇ ਸਬਕ ਸਿਖਾਉਣ ਦੀਆਂ ਧਮਕੀਆਂ ਦਾ ਨਾ ਟੁੱਟਣ ਵਾਲਾ ਸਿਲਸਿਲਾ ਚੱਲਿਆ। ਮਸਲਨ, ਕਈ ਸਾਲਾਂ ਤੋਂ ਫਿਲਮਾਂ ਉਤੇ ਆਲੋਚਨਾਤਮਕ ਢੰਗ ਨਾਲ ਲਿਖਣ ਵਾਲੀ 'ਇੰਡੀਅਨ ਐਕਸਪ੍ਰੈਸ' ਦੀ ਕਾਲਮਨਵੀਸ ਸ਼ੁਭਰਾ ਗੁਪਤਾ ਨੂੰ ਆਨਲਾਈਨ ਪ੍ਰੇਸ਼ਾਨ ਕੀਤਾ ਗਿਆ ਅਤੇ ਉਸ ਦੇ ਭਾਰਤੀ ਹੋਣ 'ਤੇ ਸਵਾਲ ਖੜ੍ਹੇ ਕੀਤੇ ਗਏ। ਐਨ.ਡੀ.ਟੀ.ਵੀ. ਦੇ ਫਿਲਮ ਪੱਤਰਕਾਰ ਸੈਬਲ ਬੈਨਰਜੀ ਨੂੰ ਸ਼ਰੇਆਮ ਟੀ.ਵੀ. ਦੀ ਵੈਬਸਾਈਟ 'ਤੇ ਗਾਲਾਂ ਕੱਢੀਆਂ ਗਈਆਂ ਅਤੇ ਕਿਹਾ ਗਿਆ ਕਿ ਬੰਗਾਲੀ ਹੋਣ ਕਾਰਨ ਉਸ ਦੀ ਤੇਲਗੂ ਸਿਨੇਮਾ ਨਾਲ ਖੁੰਦਕ ਹੈ ਜਿਸ ਕਰ ਕੇ ਉਹ ਫਿਲਮ ਦੀ ਸਫਲਤਾ ਪਚਾ ਨਹੀਂ ਸਕਿਆ। ਉਸ ਨੂੰ ਨਕਸਲੀ ਕਿਹਾ ਗਿਆ। ਮੁਲਕ ਵਿਚ ਵਧ ਰਹੀ ਫਿਰਕੂ ਅਸਹਿਣਸ਼ੀਲਤਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮੁੱਦਿਆਂ 'ਤੇ ਹੁਣੇ ਹੁਣੇ ਸਯੁੰਕਤ ਰਾਸ਼ਟਰ ਦੀ ਬੈਠਕ ਵਿਚ ਸੌ ਮੁਲਕਾਂ ਦੇ ਨੁਮਾਇੰਦਿਆਂ ਤੋਂ ਤਾੜਨਾ ਕਰਾ ਕੇ ਮੁੜੀ ਮੋਦੀ ਸਰਕਾਰ ਦਾ ਪ੍ਰਚਾਰ-ਤੰਤਰ ਜੋ ਮਰਜ਼ੀ ਕਹੇ, ਮੁਲਕ ਦੀਆਂ ਘੱਟ-ਗਿਣਤੀਆਂ, ਦਲਿਤਾਂ ਅਤੇ ਹਾਸ਼ੀਏ 'ਤੇ ਪਏ ਵਰਗਾਂ ਨੂੰ ਇਸ ਸਰਕਾਰ ਨੇ ਭਾਰਤੀ ਸ਼ਹਿਰੀ ਦੀ ਪ੍ਰੀਭਾਸ਼ਾ ਵਿਚੋਂ ਬਾਹਰ ਧੱਕਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਫਿਲਮ ਦੇ ਬਹੁਤ ਸਾਰੇ ਫਰੇਮਾਂ ਵਿਚ ਕਤਾਰਾਂ ਬੰਨ੍ਹ ਕੇ ਖਲੋਤੇ ਅਜਿਹੇ ਬੇਨਾਮ ਤੇ ਬੇਪਛਾਣ ਚਿਹਰਿਆਂ ਦੀ ਭੀੜ ਹੈ ਜਿਨ੍ਹਾਂ ਦੀ ਹੋਂਦ ਰਾਜੇ ਦੀ ਮਰਜ਼ੀ ਦੀ ਡੋਰ ਦੇ ਹੱਥ ਹੈ। ਇਨ੍ਹਾਂ ਨੂੰ ਫਿਲਮ ਵਿਚ ਕੀੜੇ-ਮਕੌੜਿਆਂ ਵਾਂਗ ਮਰਦੇ ਦੇਖਿਆ ਜਾ ਸਕਦਾ ਹੈ, ਪਰ ਹੈਰਾਨੀ ਹੈ ਕਿ ਦਰਸ਼ਕ ਦਾ ਧਿਆਨ ਉਸ ਸਮੇਂ ਵੀ ਢਹਿ ਰਹੀਆਂ ਸ਼ਾਨਦਾਰ ਇਮਾਰਤਾਂ ਉਤੇ ਹੀ ਹੁੰਦਾ ਹੈ। ਬੰਦੇ ਦੇ ਮਰਨ ਨੂੰ ਸਾਧਾਰਨਤਾ ਦੀ ਪੁੱਠ ਚਾੜ੍ਹਦਾ ਇਹ ਆਧੁਨਿਕ ਸਿਨੇਮਾ ਕੀ ਸਿਰਜ ਰਿਹਾ ਹੈ, ਇਹ ਸਵਾਲ ਤਾਂ ਪੁੱਛਿਆ ਹੀ ਜਾਣਾ ਬਣਦਾ ਹੈ। ਇਹ ਸਾਰੇ ਦਾ ਸਾਰਾ ਸਿਰਫ ਇਤਫਾਕ ਨਹੀਂ ਹੋ ਸਕਦਾ!




ਫਿਲਮ ਦਾ ਸਭ ਤੋਂ ਮਹੱਤਵਪੂਰਨ ਸੰਵਾਦ ਹੈ: ਮੇਰਾ ਵਚਨ ਹੀ ਮੇਰਾ ਸ਼ਾਸਨ ਹੈ। ਕਿਸੇ ਵੀ ਮੁਲਕ ਦਾ ਗੈਰਤਮੰਦ ਸ਼ਹਿਰੀ ਜਿਹੜਾ ਜਮਹੂਰੀ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਕਰਦਾ ਹੈ, ਇਸ ਸੰਵਾਦ 'ਤੇ ਸਵਾਲ ਖੜ੍ਹੇ ਕਰੇਗਾ। ਇਸ ਸੰਵਾਦ ਦੀ ਵਿਆਖਿਆ ਬਹੁ-ਪਰਤੀ ਹੈ। ਆਪਣੀ ਮਕਬੂਲ ਕਿਤਾਬ 'ਦੀ ਰਿਪਬਲਿਕ' ਵਿਚ ਸਿਆਸੀ ਚਿੰਤਕ ਪਲੂਟੋ ਲਿਖਦਾ ਹੈ: "ਆਦਰਸ਼ ਰਾਜ ਦੀ ਧਾਰਨਾ ਦਾ ਮੂਲ ਤੱਤ ਨਿਆਂ ਹੈ ਜਿਹੜਾ ਸੁਚੱਜੇ ਰਾਜ-ਤੰਤਰ ਦੀ ਭੂਮਿਕਾ ਬੰਨ੍ਹਦਾ ਹੈ। ਨਿਆਂ ਦਾ ਇਹ ਮਹੱਤਵਪੂਰਨ ਤੱਤ ਮੁਲਕ ਦੇ ਖਾਸ ਵਰਗ ਦਾ ਅਧਿਕਾਰ ਨਹੀਂ, ਸਗੋਂ ਸਿਆਸੀ ਪ੍ਰਬੰਧ ਦਾ ਸਿਧੇ-ਅਸਿਧੇ ਰੂਪ ਵਿਚ ਹਿੱਸਾ ਰਹੇ ਨਾਗਰਿਕਾਂ ਦੀ ਭਲਾਈ ਨਾਲ ਸਬੰਧਤ ਹੈ। ਇਸ ਨਾਲ ਨਾਗਰਿਕਾਂ ਵਿਚ ਇਕਜੁਟਤਾ ਦੀ ਭਾਵਨਾ ਆਉਂਦੀ ਹੈ, ਭਲਾਈ ਵੱਲ ਨੀਤੀਆਂ ਕੇਂਦਰਿਤ ਹੁੰਦੀਆਂ ਹਨ। ਅਨਿਆਂ ਤਾਂ ਖਾਨਜੰਗੀ, ਨਫਰਤ ਅਤੇ ਜੰਗਾਂ ਨੂੰ ਜਨਮ ਦਿੰਦਾ ਹੈ, ਜਦਕਿ ਨਿਆਂ ਨਾਲ ਸਹਿਹੋਂਦ ਅਤੇ ਦੋਸਤੀਆਂ ਦੀ ਨਵੀਂ ਫਸਲ ਪੈਦਾ ਹੁੰਦੀ ਹੈ।"

ਇਸ ਫਿਲਮ ਦਾ ਕੇਂਦਰੀ ਨੁਕਤਾ ਵੀ 'ਨਿਆਂ' ਹੀ ਹੈ, ਪਰ ਇਸ 'ਨਿਆਂ' ਦਾ ਫਿਲਮ ਵਿਚ ਦਿਖਾਏ ਸ਼ਹਿਰੀਆਂ ਨਾਲ ਕੋਈ ਲੈਣਾ-ਦੇਣਾ ਨਹੀਂ, ਸਗੋਂ ਸਾਰੀ ਫਿਲਮ ਦਾ ਆਧਾਰ ਸੱਤਾ ਲਈ ਛਿੜੀ ਮਨਹੂਸ ਜੰਗ ਹੈ। ਫਿਲਮ ਦੀ ਕਹਾਣੀ ਇਕ ਪਰਿਵਾਰ ਦੇ ਆਪਸੀ ਕਲੇਸ਼, ਬਦਲੇ, ਹਿੰਸਾ ਅਤੇ ਸੱਤਾ ਦੀ ਕਸ਼ਮਕਸ਼ ਦੀ ਲੜਾਈ ਹੈ। ਫਿਲਮ ਦੇਖਦਿਆਂ ਇਸ ਦੀ ਮਕਬੂਲੀਅਤ ਦੇ ਕਾਰਨਾਂ ਦੀ ਆਪਣੇ-ਆਪ ਹੀ ਸਮਝ ਆ ਜਾਂਦੀ ਹੈ। ਫਿਲਮ ਵਿਚ ਨਵੀਆਂ ਤਕਨੀਕਾਂ ਦਾ ਇੰਨੇ ਖੁੱਲ੍ਹੇ ਦਿਲ ਨਾਲ ਇਸਤੇਮਾਲ ਕੀਤਾ ਗਿਆ ਹੈ ਕਿ ਦਰਸ਼ਕ ਬਚਪਨ ਵਿਚ ਪੜ੍ਹੀਆਂ ਅਮਰ ਚਿੱਤਰ ਕਥਾਵਾਂ ਦੇ ਕਾਰਟੂਨੀ ਸੰਸਾਰ ਵਿਚ ਮੰਤਰ-ਮੁਗਧ ਹੋ ਜਾਂਦਾ ਹੈ। ਨਿਰਦੇਸ਼ਕ ਦਰਸ਼ਕਾਂ ਦੀ ਇਸ ਸਮਾਧੀ ਅਵਸਥਾ ਦੌਰਾਨ ਇਹ ਪਤਾ ਨਹੀ ਲੱਗਣ ਦਿੰਦਾ ਕਿ 'ਨਿਆਂ' ਦੀ ਇਸ ਜੰਗ ਵਿਚ ਉਹ ਤਾਨਾਸ਼ਾਹ ਦੇ ਹੱਕ ਵਿਚ ਭੁਗਤ ਰਹੇ ਹਨ।

ਫਿਲਮ ਦੀ ਖਾਸੀਅਤ ਨਾਇਕ ਦੀ ਸ਼ਖਸੀਅਤ ਵਿਚਲਾ ਦੇਵਤਾਪਣ ਹੈ। ਦਰਸ਼ਕ ਉਹਨੂੰ ਧਾਰਮਿਕ ਵਰਤਾਰੇ ਵਾਂਗ ਗ੍ਰਹਿਣ ਕਰਦੇ ਹਨ ਅਤੇ ਉਸ ਦੇ ਪ੍ਰਵਚਨਾਂ 'ਤੇ ਰੱਜ ਕੇ ਤਾੜੀਆਂ ਮਾਰਦੇ ਹਨ। ਉਸ ਨੂੰ ਹਰ ਹਾਲ 'ਨਿਆਂ' ਦਿਵਾਉਣ ਲਈ ਲਗਾਤਾਰ ਚੱਲ ਰਹੀ ਜੰਗ ਵਿਚ ਨਾਗਰਿਕਾਂ ਨੂੰ ਜ਼ਿੰਦਾ ਜਲਾਉਣ, ਉਨ੍ਹਾਂ ਦੇ ਹੱਥ-ਪੈਰ-ਸਿਰ ਵੱਢਣ, ਅਪਾਹਜ ਕਰਨ, ਉਨ੍ਹਾਂ ਦੀਆਂ ਬਸਤੀਆਂ ਜਲਾਉਣ ਦੀ ਮੂਕ ਰਜ਼ਾਮੰਦੀ ਦਿੰਦੇ ਹਨ। ਇਸ ਵਿਚ ਸ਼ਾਹੀ ਖਾਨਦਾਨ ਦੀ ਦੁਸ਼ਮਣ ਦੂਜੀ ਧਿਰ ਕੌਣ ਹਨ? ਪੰਡੋਰੀਆਂ ਅਤੇ ਰਾਜ ਸੇਵਕਾਂ ਦੀ ਪਛਾਣ ਬਾਰੇ ਕੋਈ ਸਿੱਧਾ ਪ੍ਰਸੰਗ ਨਾ ਹੋਣ ਦੇ ਬਾਵਜੂਦ ਇਹ ਸਪਸ਼ਟ ਹੈ ਕਿ ਇਹ ਹਾਸ਼ੀਏ 'ਤੇ ਪਏ ਉਹ ਲੋਕ ਹਨ ਜਿਨ੍ਹਾਂ ਵਰਗਿਆਂ ਨੂੰ ਅਮਰੀਕਾ 'ਸਾਡੇ ਨਾਲ ਨਹੀਂ ਹੋ ਤਾਂ ਸਾਡੇ ਖਿਲਾਫ ਹੋ' ਦੀਆਂ ਧਮਕੀਆਂ ਦਿੰਦਾ ਹੈ। ਫਿਲਮ ਵਿਚ ਕਟੱਪਾ ਦਾ ਕਿਰਦਾਰ ਸਭ ਤੋਂ ਗੁੰਝਲਦਾਰ ਅਤੇ ਅੰਤਰ-ਵਿਰੋਧਾਂ ਭਰਿਆ ਪਿਆ ਹੈ। ਉਸ ਦੀ ਕਸ਼ਮਕਸ਼ ਅਤੇ ਨੈਤਿਕ ਸੱਚਾਈ ਨੂੰ ਦੇਖਦਿਆਂ ਡਾਕਟਰ ਅੰਬੇਦਕਰ ਦੀ ਯਾਦ ਆਉਂਦੀ ਹੈ ਜਿਨ੍ਹਾਂ ਨੇ ਕਦੇ ਭਾਰਤੀ ਜਨਤਾ ਦੇ ਸਰਬ ਮੁਖੀ ਵਿਕਾਸ ਅਤੇ ਵਿਗਿਆਨਕ ਸੋਚ ਦੇ ਪਸਾਰ ਲਈ ਲੰਮੀ ਜੰਗ ਲੜੀ ਸੀ। ਸ਼ਾਇਦ ਇਹ ਫਿਲਮ ਭਾਰਤੀ ਸੰਵਿਧਾਨ ਦੀ ਮੌਜੂਦਾ ਦੌਰ ਵਿਚ ਸਾਰਥਿਕਤਾ ਤੇ ਨਵੇਂ ਸਿਰਿਉਂ ਝਾਤ ਮਾਰਨ ਦਾ ਬਹਾਨਾ ਬਣ ਜਾਵੇ!


ਪੋਸਟ ਸਕਰਿਪਟ: ਲਗਦਾ ਹੈ, ਆਪਣੀ ਪਹਿਲੀ ਫਿਲਮ 'ਬਾਹੂਬਲੀ- ਦਿ ਬਿਗਨਿੰਗ' ਬਾਰੇ ਲਿਖੇ ਲੇਖ ਫਿਲਮ ਦੇ ਨਿਰਦੇਸ਼ਕ ਨੇ ਬਹੁਤ ਧਿਆਨ ਨਾਲ ਪੜ੍ਹੇ ਹਨ ਅਤੇ ਫਿਲਮ ਵਿਚ ਕੈਮਰੇ ਨੂੰ ਅਵੰਤਿਕਾ ਵਾਂਗ ਦੇਵਸੇਨਾ ਨਾਲ ਬਲਾਤਕਾਰ ਕਰਨ ਤੋਂ ਬਚਾ ਲਿਆ। ਫਿਲਮ ਵਿਚ 'ਉਦਾਰਵਾਦੀ' ਦਰਸ਼ਕਾਂ ਲਈ 'ਔਰਤ ਮਰਦ ਦੀ ਸਹਿਮਤੀ' ਵਾਲਾ ਦ੍ਰਿਸ਼ ਵੀ ਪਾਇਆ ਗਿਆ ਹੈ। ਔਰਤ ਕਿਰਦਾਰਾਂ ਨੂੰ ਮਰਦਾਂ ਦੇ ਬਰਾਬਰ ਦਿਖਾਉਣ ਵਿਚ ਕੋਈ ਕਸਰ ਨਾ ਛੱਡਦਾ ਨਿਰਦੇਸ਼ਕ ਖਪਤਕਾਰੀ ਸਭਿਆਚਾਰ ਦੀ ਨਬਜ਼ ਜ਼ਰੂਰ ਪਛਾਣ ਗਿਆ ਹੈ।

## ਕੀ ਕਹਿੰਦੀ ਹੈ ਕਹਾਣੀ...

ਕਟੱਪਾ (ਸੱਤਿਆਰਾਜ) ਆਪਣੇ ਹੱਥੀ ਫਿਲਮ 'ਬਾਹੂਬਲੀ' ਦੇ ਨਾਇਕ ਅਮਰਿੰਦਰ ਬਾਹੂਬਲੀ (ਪ੍ਰਭਾਸ) ਨੂੰ ਮਾਰਨ ਦੀ ਕਹਾਣੀ ਇਸ ਫਿਲਮ ਵਿਚ ਸੁਣਾਉਂਦਾ ਹੈ। ਕਾਲਕਿਆਂ ਦੀ ਨਸਲ ਖਤਮ ਕਰਨ ਤੋਂ ਬਾਅਦ ਅਮਰਿੰਦਰ ਬਾਹੂਬਲੀ ਨੂੰ ਮਹੇਸ਼ਮਤੀ ਦਾ ਸ਼ਾਸਕ ਥਾਪਿਆ ਜਾਂਦਾ ਹੈ ਅਤੇ ਉਸ ਦਾ ਮਤਰੇਆ ਭਰਾ ਭਲਾਲਾ ਦੇਵਾ (ਰਾਣਾ ਦੁੱਗਾਬੱਟੀ) ਨਵਾਂ ਸੈਨਾਪਤੀ ਬਣਦਾ ਹੈ। ਤਾਜਪੋਸ਼ੀ ਤੋਂ ਪਹਿਲਾਂ ਰਾਜਮਾਤਾ ਸ਼ਿਵਾਗਾਮੀ (ਰਮੱਈਆ ਕ੍ਰਿਸ਼ਨ) ਬਾਹੂਬਲੀ ਲਈ ਢੁਕਵੀਂ ਦੁਲਹਨ ਦੀ ਤਲਾਸ਼ ਸ਼ੁਰੂ ਕਰ ਦਿੰਦੀ ਹੈ। ਉਹ ਅਮਰਿੰਦਰ ਅਤੇ ਕਟੱਪਾ ਨੂੰ ਹੁਕਮ ਦਿੰਦੀ ਹੈ ਕਿ ਤਾਜਪੋਸ਼ੀ ਤੋਂ ਪਹਿਲਾਂ ਉਹ ਇਕ ਵਾਰ ਆਮ ਲੋਕਾਂ ਅਤੇ ਆਸ-ਪਾਸ ਦੇ ਰਾਜਾਂ ਵਿਚ ਜਾ ਕੇ ਸਾਧਾਰਨ ਜ਼ਿੰਦਗੀ ਬਾਰੇ ਆਪਣੀ ਸਮਝ ਪਕੇਰੀ ਕਰ ਲੈਣ।

ਅਮਰਿੰਦਰ ਤੇ ਕਟੱਪਾ ਆਪਣੇ ਗੁਆਂਢੀ ਰਾਜ ਕੁੰਤਲਾ ਦੀ ਯਾਤਰਾ 'ਤੇ ਜਾਂਦੇ ਹਨ ਜਿਥੇ ਅਮਰਿੰਦਰ ਨੂੰ ਕੁੰਤਲਾ ਰਾਜਕੁਮਾਰੀ ਦੇਵਸੇਨਾ (ਅਨੁਸ਼ਕਾ ਸ਼ੈੱਟੀ) ਨਾਲ ਪਿਆਰ ਹੋ ਜਾਂਦਾ ਹੈ। ਦੇਵਸੇਨਾ ਆਹਲਾ ਦਰਜੇ ਦੀ ਯੋਧਾ ਅਤੇ ਬੌਧਿਕ ਬੁਲੰਦੀ ਵਾਲੀ ਕੁੜੀ ਹੈ ਜਿਸ ਲਈ ਮਾਣ-ਸਨਮਾਨ ਦੀ ਕੀਮਤ ਦੁਨੀਆਂ ਦੀ ਹਰ ਸ਼ੈਅ ਨਾਲੋਂ ਉਪਰ ਹੈ। ਉਧਰ ਜਦੋਂ ਭਲਾਲਾ ਦੇਵਾ ਨੂੰ ਪਤਾ ਲੱਗਦਾ ਹੈ ਤਾਂ ਉਹ ਸ਼ਾਜ਼ਿਸ਼ ਤਹਿਤ ਆਪਣੀ ਮਾਂ ਸ਼ਿਵਾਗਾਮੀ ਤੋਂ ਵਚਨ ਲੈ ਲੈਂਦਾ ਹੈ ਕਿ ਉਹ ਉਸ ਦਾ ਅਤੇ ਦੇਵਸੇਨਾ ਦਾ ਵਿਆਹ ਕਰਵਾਏਗੀ। ਜਦੋਂ ਵਿਆਹ ਦਾ ਸੱਦਾ ਪੱਤਰ ਦੇਵਸੇਨਾ ਨੂੰ ਮਿਲਦਾ ਹੈ ਤਾਂ ਉਹ ਇਸ ਨੂੰ ਆਪਣਾ ਅਪਮਾਨ ਸਮਝਦਿਆਂ ਰੱਦ ਕਰ ਦਿੰਦੀ ਹੈ ਜਿਸ ਤੋਂ ਭੜਕ ਕੇ ਸ਼ਿਵਗਾਮੀ ਅਮਰਿੰਦਰ ਨੂੰ ਹੁਕਮ ਦਿੰਦੀ ਹੈ ਕਿ ਉਹ ਦੇਵਸੇਨਾ ਨੂੰ ਬੰਦੀ ਬਣਾ ਕੇ ਦਰਬਾਰ ਵਿਚ ਪੇਸ਼ ਕਰੇ।

ਕੁੰਤਲਾ ਰਾਜ ਦੀ ਪੰਡੋਰੀਆਂ ਤੋਂ ਰੱਖਿਆ ਕਰਨ ਕਾਰਨ ਅਮਰਿੰਦਰ ਤੋਂ ਪ੍ਰਭਾਵਿਤ ਹੋਈ ਦੇਵਸੇਨਾ ਇਸ ਸ਼ਰਤ 'ਤੇ ਉਸ ਨਾਲ ਮਹੇਸ਼ਮਤੀ ਆ ਜਾਂਦੀ ਹੈ ਕਿ ਅਮਰਿੰਦਰ ਉਸ ਦੇ ਮਾਣ-



ਸਨਮਾਣ ਦੀ ਪੂਰੀ ਹਿਫਾਜ਼ਤ ਕਰੇਗਾ। ਇਥੇ ਅਮਰਿੰਦਰ ਆਪਣੀ ਰਾਜਮਾਤਾ ਨਾਲ 'ਵਚਨ' ਅਤੇ 'ਧਰਮ' ਦੇ ਮੁੱਦੇ 'ਤੇ ਟਕਰਾਉ ਵਿਚ ਦੇਵਸੇਨਾ ਦਾ ਪੱਖ ਲੈਂਦਾ ਹੈ ਅਤੇ ਰਾਜ ਦਾ ਮੁਖੀ ਬਣਨ ਤੋਂ ਇਨਕਾਰ ਕਰ ਦਿੰਦਾ ਹੈ। ਇਸ ਤੋਂ ਖਿਝ ਕੇ ਸ਼ਿਵਾਗਾਮੀ ਅਮਰਿੰਦਰ ਨੂੰ ਰਾਜ ਭਵਨ ਦਾ ਤਿਆਗ ਕਰ ਕੇ ਸਾਧਾਰਨ ਲੋਕਾਂ ਵਿਚ ਰਹਿਣ ਦਾ ਹੁਕਮ ਦਿੰਦੀ ਹੈ ਅਤੇ ਭਲਾਲਾ ਦੇਵਾ ਨੂੰ ਨਵਾਂ ਸ਼ਾਸਕ ਥਾਪ ਦਿੰਦੀ ਹੈ।

ਭਲਾਲਾ ਦੇਵਾ ਨੂੰ ਇੰਨੇ ਨਾਲ ਵੀ ਸਬਰ ਨਹੀਂ ਆਉਂਦਾ ਅਤੇ ਉਹ ਆਪਣੇ ਅਪਾਹਿਜ ਪਿਤਾ ਬਜਾਕਾਲਾਲਾ (ਨਾਸਿਰ) ਦੀ ਮਦਦ ਨਾਲ ਸ਼ਿਵਾਗਾਮੀ ਨੂੰ ਇਹ ਯਕੀਨ ਦਿਵਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਕਿ ਅਮਰਿੰਦਰ ਉਸ ਨੂੰ ਮਾਰਨ ਲਈ ਸੁਪਾਰੀ ਦੇ ਚੁੱਕਾ ਹੈ। ਸ਼ਿਵਾਗਾਮੀ ਕਟੱਪਾ ਨੂੰ ਉਸ ਦੀ 'ਖਾਨਦਾਨੀ ਵਫਾਦਾਰੀ' ਦਾ ਵਾਸਤਾ ਦੇ ਕੇ ਅਮਰਿੰਦਰ ਨੂੰ ਚੁਪ-ਚੁਪੀਤੇ ਮਾਰਨ ਦਾ ਹੁਕਮ ਦੇ ਦਿੰਦੀ ਹੈ। ਅਮਰਿੰਦਰ ਨੂੰ ਮਾਰਨ ਤੋਂ ਬਾਅਦ ਜਦੋਂ ਕਟੱਪਾ ਅਤੇ ਸ਼ਿਵਾਗਾਮੀ ਨੂੰ ਇਸ ਸਾਜ਼ਿਸ਼ ਦਾ ਪਤਾ ਲੱਗਦਾ ਹੈ ਤਾਂ ਉਹ ਸੁੰਨ ਹੋ ਜਾਂਦੇ ਹਨ।

ਉਧਰੋਂ ਦੇਵਸੇਨਾ ਜਦੋਂ ਆਪਣੇ ਨਵੇਂ ਜਨਮੇ ਬੱਚੇ ਨੂੰ ਲੈ ਕੇ ਰਾਜ ਭਵਨ ਪਹੁੰਚਦੀ ਹੈ ਤਾਂ ਉਸ ਨੂੰ ਸਚਾਈ ਦਾ ਪਤਾ ਲੱਗਦਾ ਹੈ। ਭਲਾਲਾ ਦੇਵਾ ਇਸ ਬੱਚੇ ਦੇ ਖੂਨ ਦਾ ਪਿਆਸਾ ਹੋ ਜਾਂਦਾ ਹੈ ਤੇ ਮਾਰਨ ਦੌੜਦਾ ਹੈ। ਰਾਜਮਾਤਾ ਉਸ ਦੀ ਜਾਨ ਦੀ ਰੱਖਿਆ ਆਪਣੀ ਜਾਨ 'ਤੇ ਖੇਡ ਕੇ ਕਰਦੀ ਹੈ। ਭਲਾਲਾ ਦੇਵਾ ਅਗਲੇ ਪੱਚੀ ਸਾਲਾਂ ਲਈ ਦੇਵਸੇਨਾ ਨੂੰ ਆਪਣੀ ਬੰਦੀ ਬਣਾ ਲੈਂਦਾ ਹੈ। ਉਹ ਕੁੰਤਲਾ ਸਾਮਰਾਜ ਨੂੰ ਤਬਾਹ ਕਰ ਦਿੰਦਾ ਹੈ ਜਿਹੜਾ ਬਾਅਦ ਵਿਚ ਅਮਰਿੰਦਰ ਦੇ ਪੁੱਤਰ ਮਹਿੰਦਰ ਨੂੰ ਪਾਲਦਾ ਹੈ ਅਤੇ ਉਸ ਨੂੰ ਉਸ ਦਾ ਸਾਮਰਾਜ ਵਾਪਸ ਦਿਵਾਉਂਣ ਵਿਚ ਮਦਦ ਕਰਦਾ ਹੈ। ਅੰਤ ਭਲਾਲਾ ਦੇਵਾ ਦੇਵਸੇਨਾ ਦੁਆਰਾ ਤਿਆਰ ਕੀਤੀ ਚਿਤਾ ਵਿਚ ਜਲ ਕੇ ਭਸਮ ਹੋ ਜਾਂਦਾ ਹੈ



# ਫਿਰ ਛਾਏਗਾ ਮੰਟੋ

ਫਰਾਂਸ ਦੇ ਸੱਤਰਵੇਂ ਕਾਨ ਫਿਲਮ ਮੇਲੇ ਵਿਚ ਉਘੇ ਉਰਦੂ ਲਿਖਾਰੀ ਸਆਦਤ ਹਸਨ ਮੰਟੋ ਦੀ ਚਰਚਾ ਖੂਬ ਹੋਈ ਹੈ। ਅਦਾਕਾਰਾ ਅਤੇ ਫਿਲਮਸਾਜ਼ ਨੰਦਿਤਾ ਦਾਸ ਦੀ ਫਿਲਮ 'ਮੰਟੋ' ਦੀ ਪਹਿਲੀ ਝਲਕ ਇਸ ਮੇਲੇ ਵਿਚ ਦਿਖਾਈ ਗਈ। 'ਮੰਟੋ' ਨੇ ਮੇਲੇ ਵਿਚ ਸਭ ਦਾ ਧਿਆਨ ਖਿੱਚਿਆ।

ਨੰਦਿਤਾ ਦਾਸ ਦਾ ਮੰਨਣਾ ਹੈ ਕਿ ਉਸ ਦੀ ਨਵੀਂ ਫਿਲਮ 'ਮੰਟੋ' ਉਸ ਦੀ ਪਹਿਲੀ ਫਿਲਮ 'ਫਿਰਾਕ' ਦਾ ਹੀ ਵਿਸਥਾਰ ਹੈ। ਇਹ ਫਿਲਮ ਉਸ ਨੇ ਸੰਨ 2008 ਵਿਚ ਬਣਾਈ ਸੀ। ਇਨ੍ਹਾਂ ਦੋਹਾਂ ਫਿਲਮਾਂ ਦੀ ਲਗਾਤਾਰਤਾ ਬਾਰੇ ਉਹ ਕਹਿੰਦੀ ਹੈ ਕਿ ਇਹ ਸਭ ਇਤਫਾਕ ਹੀ ਹੋਇਆ ਹੈ। 'ਫਿਰਾਕ' ਲਈ ਜਿਹੜੀ ਕਹਾਣੀ ਚੁਣੀ ਗਈ ਸੀ, ਉਹ ਨਾਟਕੀ ਵਧੇਰੇ ਸੀ ਅਤੇ ਨਵੀਂ ਫਿਲਮ ਦਾ ਆਧਾਰ ਵੀ ਕੁਝ ਅਜਿਹਾ ਹੀ ਹੈ। ਯਾਦ ਰਹੇ ਕਿ 'ਫਿਰਾਕ' ਗੁਜਰਾਤ ਵਿਚ ਮੁਸਲਾਮਾਂ ਦੇ ਕਤਲੇਆਮ ਦੇ ਪਿਛੋਕੜ ਵਿਚ ਬਣਾਈ ਗਈ ਸੀ ਅਤੇ 'ਮੰਟੋ' ਉਸ ਲਿਖਾਰੀ ਦੀ ਜ਼ਿੰਦਗੀ ਉਤੇ ਆਧਾਰਤ ਹੈ ਜਿਸ ਦੇ ਕੰਮ ਵਿਚ ਮਾਨਵਤਾ ਦੀ ਬਹੁਤ ਡੂੰਘੀ ਛਾਪ ਹੈ। ਉਸ ਨੇ ਕਾਰਖ਼ਾਨਿਆਂ ਦੇ ਮਜ਼ਦੂਰਾਂ, ਦੇਹ ਵਪਾਰ ਕਰਨ ਵਾਲੀਆਂ ਔਰਤਾਂ ਅਤੇ ਸਮਾਜ ਦੇ ਹਾਸ਼ੀਏ ਉਤੇ ਧੱਕੇ ਲੋਕਾਂ ਨੂੰ ਆਪਣੀਆਂ ਲਿਖਤਾਂ ਦਾ ਕੇਂਦਰ ਬਣਾਇਆ ਤੇ ਉਨ੍ਹਾਂ ਨੂੰ ਆਵਾਜ਼ ਦਿੱਤੀ।




ਫਿਲਮ 'ਮੰਟੋ' ਵਿਚ ਨਵਾਜ਼ੂਦੀਨ ਸਿਦੀਕੀ ਮੁਖ ਭੂਮਿਕਾ ਨਿਭਾਅ ਰਿਹਾ ਹੈ ਅਤੇ ਰਸਿਕਾ ਦੁੱਗਲ ਮੰਟੋ ਦੀ ਪਤਨੀ ਸਫੀਆ ਦਾ ਕਿਰਦਾਰ ਨਿਭਾਅ ਰਹੀ ਹੈ। ਇਹ ਫਿਲਮ ਇਸ ਸਾਲ ਦੇ ਅਖ਼ੀਰ ਤੱਕ ਤਿਆਰ ਹੋ ਜਾਵੇਗੀ। ਨੰਦਿਤਾ ਦਾਸ ਨੇ ਦਾਅਵਾ ਕੀਤਾ ਕਿ ਮੰਟੋ ਦੀਆਂ ਕਹਾਣੀਆਂ ਅੱਜ ਵੀ ਉਨੀਆਂ ਹੀ ਢੁੱਕਵੀਆਂ ਹਨ, ਜਿੰਨੀਆਂ ਪਹਿਲਾਂ ਸਨ; ਇਹ ਤਾਂ ਸਗੋਂ ਅੱਜ ਪਹਿਲਾਂ ਨਾਲੋਂ ਵੀ ਵੱਧ ਢੁੱਕਵੀਆਂ ਹਨ। ਯਾਦ ਰਹੇ ਕਿ ਨੰਦਿਤਾ ਦਾਸ ਨੇ ਆਪਣੇ ਕਰੀਅਰ ਦਾ ਆਰੰਭ 1989 ਵਿਚ ਫਿਲਮ 'ਪਰਿਨੀਤੀ' ਨਾਲ ਕੀਤਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਉਸ ਨੇ ਯਾਦਗਾਰੀ ਫਿਲਮਾਂ ਦਿੱਤੀਆਂ ਹਨ। ਇਸ ਤੋਂ ਇਲਾਵਾ ਉਸ ਨੇ ਥੀਏਟਰ ਦੇ ਖੇਤਰ ਵਿਚ ਵੀ ਉਮਦਾ ਕੰਮ ਕੀਤਾ ਹੈ। ***-ਆਮਨਾ ਕੌਰ***

# ਵਿਕਰਮ ਭੱਟ ਦਾ ਪਛਤਾਵਾ

ਫਿਲਮਸਾਜ਼ ਵਿਕਰਮ ਭੱਟ ਅਤੇ ਅਦਾਕਾਰਾ ਸੁਸ਼ਮਿਤਾ ਸੇਨ ਦੀ ਚਰਚਾ ਇਕ ਵਾਰ ਫਿਰ ਹੋ ਰਹੀ ਹੈ। ਇਸ ਵਾਰ ਵਿਕਰਮ ਭੱਟ ਨੇ ਆਪਣਾ ਅਤੀਤ ਫਰੋਲਦਿਆਂ ਕੁਝ ਟਿੱਪਣੀਆਂ ਕੀਤੀਆਂ ਹਨ। ਇਹ ਟਿੱਪਣੀਆਂ ਸੁਸ਼ਮਿਤਾ ਸੇਨ ਅਤੇ ਅਮੀਸ਼ਾ ਪਟੇਲ ਬਾਰੇ ਹਨ ਜਿਨ੍ਹਾਂ ਨਾਲ ਉਹ ਮੁਹੱਬਤ ਕਰਦਾ ਸੀ। ਉਸ ਨੇ ਪਛਤਾਵਾ ਜ਼ਾਹਿਰ ਕੀਤਾ ਹੈ ਕਿ ਉਸ ਦੀਆਂ ਇਨ੍ਹਾਂ ਨਾਦਾਨੀਆਂ ਕਰ ਕੇ ਉਸ ਦੀ ਬਚਪਨ ਦੀ ਦੋਸਤ ਅਤੇ ਪਤਨੀ ਅਦਿਤੀ ਤੇ ਧੀ ਕ੍ਰਿਸ਼ਨਾ ਭੱਟ ਤੋਂ ਉਸ ਨੂੰ ਅਲੱਗ ਹੋਣਾ ਪੈ ਗਿਆ। ਉਸ ਨੇ ਮੰਨਿਆ ਕਿ ਉਸ ਵਕਤ ਉਹ ਬੇਈਮਾਨ ਹੋ ਗੁਜ਼ਰਿਆ ਸੀ। ਹੁਣ ਪੁਲਾਂ ਹੇਠੋਂ ਬਹੁਤ ਪਾਣੀ ਬਹਿ ਚੁੱਕਿਆ ਹੈ। ਸੁਸ਼ਮਿਤਾ ਤੇ ਅਮੀਸ਼ਾ ਹੁਣ ਉਸ ਦੀ ਜ਼ਿੰਦਗੀ ਵਿਚ ਨਹੀਂ ਅਤੇ ਅਦਿਤੀ ਨਾਲ ਉਸ ਦੀ ਕੁਝ ਕੁਝ ਸਾਂਝ ਪੈ ਚੁੱਕੀ ਹੈ। ਉਸ ਦੀ ਧੀ ਕ੍ਰਿਸ਼ਨਾ ਭੱਟ ਉਸ ਦੇ ਪ੍ਰੋਡਕਸ਼ਨ ਹਾਊਸ ਦਾ ਹਿੱਸਾ ਹੈ। ਹਾਲ ਹੀ ਵਿਚ ਵਿਕਰਮ ਨੇ ਨਾਵਲ 'ਏ ਹੈਂਡਫੂਲ ਆਫ਼ ਸਨਸ਼ਾਈਨ' (ਮੁੱਠੀ ਭਰ ਧੁੱਪ) ਲਿਖਿਆ ਹੈ ਜਿਸ ਵਿਚ ਅਜਿਹੇ ਜੋੜੇ ਦੀ ਕਹਾਣੀ ਹੈ ਜੋ ਮੁਹੱਬਤ ਟੁੱਟਣ ਤੋਂ ਬਾਅਦ ਕਈ ਸਾਲਾਂ ਪਿੱਛੋਂ ਮਿਲਦਾ ਹੈ ਅਤੇ ਆਪੋ-ਆਪਣੇ ਸਾਥੀਆਂ ਨੂੰ ਛੱਡ ਕੇ ਨਵੀਂ ਦੁਨੀਆ ਵਸਾਉਣ ਲਈ ਤਾਂਘਦਾ ਹੈ। ਵਿਕਰਮ ਮੁਤਾਬਕ, ਇਹ ਨਾਵਲ ਉਸ ਦੀ ਜ਼ਿੰਦਗੀ 'ਤੇ ਆਧਾਰਤ ਨਹੀਂ; ਹਾਂ! ਜ਼ਿੰਦਗੀ ਦੀ ਕਹਾਣੀ ਤੋਂ ਪ੍ਰੇਰਿਤ ਜ਼ਰੂਰ ਹੈ। ਵਿਕਰਮ ਨੇ ਹੁਣ ਜਦੋਂ ਪਛਤਾਵਾ ਪ੍ਰਗਟਾਇਆ ਹੈ ਤਾਂ ਤਿੰਨਾਂ ਦੇਵੀਆਂ (ਅਦਿਤੀ, ਸੁਸ਼ਮਿਤਾ ਤੇ ਅਮੀਸ਼ਾ) ਵਿਚੋਂ ਕਿਸੇ ਨੇ ਵੀ ਕੋਈ ਟਿੱਪਣੀ ਨਹੀਂ ਕੀਤੀ ਹੈ, ਧੀ ਕ੍ਰਿਸ਼ਨਾ ਭੱਟ ਜ਼ਰੂਰ ਆਪਣੇ ਪਿਤਾ ਦੇ ਹੱਕ ਵਿਚ ਡਟੀ ਹੈ। ਵਿਕਰਮ ਭੱਟ ਕਹਿੰਦਾ ਹੈ ਕਿ ਉਸ ਵਕਤ ਉਹ ਇੰਨਾ ਡਰਪੋਕ ਹੋ ਨਿਬੜਿਆ ਸੀ ਕਿ ਇਕ ਦਿਨ ਉਸ ਨੇ ਖੁਦ ਨੂੰ ਖਤਮ ਕਰਨ ਬਾਰੇ ਵੀ ਸੋਚਿਆ ਸੀ। ਉਨ੍ਹੀਂ ਦਿਨੀਂ ਉਹ ਸਿਰਫ਼ ਸੁਸ਼ਮਿਤਾ ਸੇਨ ਦਾ ਬੁਆਏਫਰੈਂਡ ਸੀ, ਤਲਾਕ ਹੋ ਚੁੱਕਾ ਸੀ, ਉਸ ਦੀ ਫਿਲਮ 'ਗੁਲਾਮ' ਰਿਲੀਜ਼ ਹੋਣੀ ਸੀ। ਇਸ ਦੇ ਨਾਲ ਹੀ ਧੀ ਕ੍ਰਿਸ਼ਨਾ ਭੱਟ ਦਾ ਵਿਛੋੜਾ ਤੰਗ ਕਰ ਰਿਹਾ ਸੀ। ਇਉਂ ਉਸ ਦੀ ਜ਼ਿੰਦਗੀ ਵਿਚ ਬੇਚੈਨੀ ਬਹੁਤ ਵਧੀ ਹੋਈ ਸੀ। ਹੁਣ ਉਹ ਉਸ ਸਮੇਂ ਨੂੰ ਬੀਤੇ ਦੀ ਬਾਤ ਆਖਦਾ ਹੈ। ***-ਗੁਰਜੰਟ ਸਿੰਘ***



***ਸੁਸ਼ਮਿਤਾ ਸੇਨ***



# ਹੁਣ ਕਰਨ ਦਿਓਲ ਦੀ ਵਾਰੀ

## 'ਪਲ ਪਲ ਦਿਲ ਕੇ ਪਾਸ' ਨਾਲ ਫਿਲਮਾਂ ਵਿਚ ਦਾਖਲਾ

ਅਦਾਕਾਰ ਧਰਮਿੰਦਰ ਦੀ ਤੀਜੀ ਪੀੜ੍ਹੀ ਫਿਲਮੀ ਦੁਨੀਆ ਦਾ ਦਰਵਾਜ਼ਾ ਖੜਕਾ ਰਹੀ ਹੈ। ਧਰਮਿੰਦਰ ਦਾ ਪੋਤਾ ਅਤੇ ਸਨੀ ਦਿਓਲ ਦਾ ਪੁੱਤਰ ਕਰਨ ਦਿਓਲ 'ਪਲ ਪਲ ਦਿਲ ਕੇ ਪਾਸ' ਫਿਲਮ ਦੀ ਸ਼ੂਟਿੰਗ ਨਾਲ ਫਿਲਮੀ ਦੁਨੀਆ ਵਿਚ ਦਾਖ਼ਲ ਹੋ ਗਿਆ ਹੈ। ਧਰਮਿੰਦਰ ਨੂੰ ਫਿਲਮੀ ਦੁਨੀਆ ਵਿਚ ਥਾਂ ਬਣਾਉਣ ਲਈ ਸ਼ੁਰੂ ਵਿਚ ਬਹੁਤ ਜੱਦੋ-ਜਹਿਦ ਕਰਨੀ ਪਈ ਸੀ, ਪਰ ਪਹਿਲਾਂ ਸਨੀ ਦਿਓਲ ਅਤੇ ਹੁਣ ਕਰਨ ਦਿਓਲ ਨੂੰ ਸਭ ਕੁਝ ਪਲੇਟ ਵਿਚ ਪਰੋਸਿਆ ਮਿਲ ਗਿਆ ਸੀ। ਸਨੀ ਦਿਓਲ ਨੂੰ ਫਿਲਮੀ ਦੁਨੀਆ ਵਿਚ ਲਿਆਉਣ ਲਈ ਧਰਮਿੰਦਰ ਨੇ ਖੁਦ ਚਾਰਾਜੋਈ ਕੀਤੀ ਸੀ ਅਤੇ ਹੁਣ ਸਨੀ ਦਿਓਲ ਆਪਣੇ ਪੁੱਤਰ ਕਰਨ ਦਿਓਲ ਲਈ ਫਿਲਮ 'ਪਲ ਪਲ ਦਿਲ ਕੇ ਪਾਸ' ਖੁਦ ਡਾਇਰੈਕਟ ਕਰ ਰਿਹਾ ਹੈ। ਫਿਲਮ ਦਾ ਟਾਈਟਲ ਧਰਮਿੰਦਰ ਦੀ 1973 ਵਿਚ ਆਈ ਫਿਲਮ 'ਬਲੈਕਮੇਲ' ਦੇ ਗੀਤ 'ਪਲ ਪਲ ਦਿਲ ਕੇ ਪਾਸ ਤੁਮ ਰਹਿਤੀ ਹੋ' ਦੇ ਮੁਖੜੇ 'ਤੇ ਆਧਾਰਤ ਹੈ। ਇਹ ਗੀਤ ਕਿਸ਼ੋਰ ਕੁਮਾਰ ਦੇ ਸਰਵੋਤਮ ਗੀਤਾਂ ਵਿਚੋਂ ਮੰਨਿਆ ਜਾਂਦਾ ਹੈ।

ਕਰਨ ਦਿਓਲ ਦੀ ਸਫ਼ਲਤਾ ਇਸ ਗੱਲ 'ਤੇ ਨਿਰਭਰ ਹੈ ਕਿ ਉਹ ਅੱਜ ਮਾਹੌਲ ਨਾਲ ਕਿੰਨਾ ਵਰ ਮੇਚ ਸਕਦਾ ਹੈ। ਯਾਦ ਰਹੇ ਕਿ ਧਰਮਿੰਦਰ ਦਾ ਛੋਟਾ ਮੁੰਡਾ ਬੌਬੀ ਦਿਓਲ ਹਰ ਮਦਦ ਦੇ ਬਾਵਜੂਦ ਆਪਣਾ ਖਾਸ ਮੁਕਾਮ ਹਾਸਲ ਨਹੀਂ ਕਰ ਸਕਿਆ। ਸਨੀ ਦਿਓਲ ਵੀ ਆਪਣੀ ਕਰੀਅਰ ਦੇ ਸ਼ੁਰੂਆਤੀ ਦੌਰ ਵਿਚ ਵਧੇਰੇ ਕਰ ਕੇ ਧਰਮਿੰਦਰ 'ਤੇ ਹੀ ਨਿਰਭਰ ਰਿਹਾ ਸੀ। ਜਦੋਂ ਉਸ ਦੇ ਹਮਉਮਰ ਹੀਰੋ ਆਪਣੀ ਲਿਆਕਤ ਅਨੁਸਾਰ ਫਿਲਮਾਂ ਸਾਈਨ ਕਰ ਰਹੇ ਸਨ ਤਾਂ ਸਨੀ ਦਿਓਲ ਲਈ ਫਿਲਮਾਂ ਦੇ ਫੈਸਲੇ ਧਰਮਿੰਦਰ ਕਰਦਾ ਸੀ। ਸਨੀ ਉਦੋਂ ਹੀ ਨਿਖ਼ਰ ਕੇ ਸਾਹਮਣੇ ਆਇਆ, ਜਦੋਂ ਉਸ ਤੋਂ ਧਰਮਿੰਦਰ ਦਾ ਪਰਛਾਵਾਂ ਪਾਸੇ ਹੋਇਆ। ਹੁਣ ਦੇਖਣਾ ਇਹ ਹੈ ਕਿ ਸਨੀ ਦਿਓਲ ਵੀ ਕਰਨ ਦਿਓਲ ਨੂੰ ਕਿਤੇ ਉਸੇ ਰਾਹ ਨਾ ਤੋਰ ਦੇਵੇ! ਉਂਜ ਵੀ ਅੱਜ ਕੱਲ੍ਹ ਨਵੇਂ ਨਾਇਕ ਅਤੇ ਨਿਰਦੇਸ਼ਕ ਨਵੇਂ ਨਵੇਂ ਤਜਰਬੇ ਕਰ ਰਹੇ ਹਨ। ਜੇ ਕਰਨ ਦਿਓਲ ਆਪਣੇ ਆਪ ਨੂੰ ਇਨ੍ਹਾਂ ਨਵੇਂ ਤਜਰਬਿਆਂ ਮੁਤਾਬਕ ਢਾਲਦਾ ਹੈ ਅਤੇ ਫਿਲਮੀ ਦੁਨੀਆ ਵਿਚ ਕੋਈ ਨਵੀਂ ਪਿਰਤ ਪਾਉਂਦਾ ਤਾਂ ਬਿਨਾਂ ਸ਼ੱਕ ਉਹ ਸਫ਼ਲ ਹੋਵੇਗਾ। ਹੁਣ ਤੱਕ ਧਰਮਿੰਦਰ ਦੇ ਪਰਿਵਾਰ ਵਿਚੋਂ ਸਿਰਫ਼ ਅਭੈ ਦਿਓਲ ਹੀ ਅਜਿਹੀ ਵੱਖਰੀ ਪਿਰਤ ਪਾ ਸਕਣ ਦੇ ਸਮਰਥ ਹੋਇਆ ਹੈ। ਅਭੈ ਦਿਓਲ ਸਟਾਰ ਅਦਾਕਾਰ ਭਾਵੇਂ ਨਾ ਬਣਿਆ ਹੋਵੇ, ਪਰ ਉਸ ਨੇ ਆਪਣੀਆਂ ਫਿਲਮਾਂ ਵਿਚ ਜਿਸ ਤਰ੍ਹਾਂ ਰੂਹ ਨਾਲ ਅਦਾਕਾਰੀ ਕੀਤੀ ਹੈ, ਉਸ ਨੇ ਉਸ ਦੀ ਵੱਖਰੀ ਪਛਾਣ ਬਣਾ ਦਿੱਤੀ ਹੈ। ***-ਜਗਜੀਤ ਸਿੰਘ ਸੇਖੋਂ***








***ਕਰਨ ਦਿਓਲ ਤੇ ਸਨੀ ਦਿਓਲ, ਫਿਲਮ 'ਬਲੈਕਮੇਲ' ਦਾ ਪੋਸਟਰ ਜਿਸ ਦੇ ਗੀਤ 'ਪਲ ਪਲ ਦਿਲ ਕੇ ਪਾਸ' ਦੇ ਆਧਾਰ 'ਤੇ ਫਿਲਮ ਦਾ ਨਾਂ ਰੱਖਿਆ ਗਿਆ ਹੈ ਅਤੇ (ਐਨ ਸੱਜੇ) ਕਰਨ ਦਿਓਲ।***

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

## Just Sold

1. 4234 Monet Dr., Stockton, CA 95206
2. 2903 Stallion Way, San Jose, CA 95121
3. 4292 Solar Cir., Union City, CA 94587
4. 950 Wildgrass Ct., Gilroy, CA 95020
5. 32442 Woodland Dr., Union City, CA 94587
6. 1946 Winterpark Way, San Jose, CA 95122
7. 1485 E. Grant Line Rd., Tracy, CA 95304

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

Follow us on zillow.com and trulia.com

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095